**Reo-Bankowned Properties**
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY

**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
➡ਨੌਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Tenth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 34, August 22, 2009 — 20451 N Plum Grove Rd. Palatine, IL 60074 — Ph:847-359-0746, Fax:847-705-9388

## ਸ਼ਾਹਰੁਖ ਖਾਨ ਨੂੰ ਅਮਰੀਕੀ ਝਟਕੇ ਨੇ ਹਿਲਾਈ ਭਾਰਤੀ ਫਿਲਮੀ ਦੁਨੀਆਂ

**ਬਿੰਦਰ ਬਸਰਾ**

ਬਾਲੀਵੁੱਡ ਦੇ ਪ੍ਰਸਿੱਧ ਫਿਲਮ ਸਟਾਰ ਸ਼ਾਹਰੁਖ਼ ਖ਼ਾਨ ਨੂੰ ਅਮਰੀਕਾ ਦੇ ਇਕ ਹਵਾਈ ਅੱਡੇ 'ਤੇ 'ਖ਼ਾਨ' ਹੋਣ ਕਾਰਨ ਜਿਸ ਭਾਰੀ ਜਲਾਲਤ ਦਾ ਸਾਹਮਣਾ ਕਰਨਾ ਪਿਆ, ਉਸ ਨਾਲ ਅਮਰੀਕਾ ਦਾ ਸੁਰੱਖਿਆ ਦੇ ਨਾਂ ਹੇਠ ਕੀਤਾ ਜਾ ਰਿਹਾ ਕਥਿਤ ਨਸਲੀ ਭਿੰਨ-ਭੇਦ ਇਕ ਵਾਰ ਫੇਰ ਸਾਹਮਣੇ ਆਇਆ ਹੈ। ਭਾਵੇਂ ਅਮਰੀਕਾ ਨੇ ਕਿਸੇ ਕਿਸਮ ਦੇ ਨਸਲੀ ਵਿਤਕਰੇ ਤੋਂ ਇਨਕਾਰ ਕੀਤਾ ਹੈ ਪਰ ਇਸ ਤਰ੍ਹਾਂ ਦੀਆਂ ਲਗਾਤਾਰ ਹੋ ਰਹੀਆਂ ਘਟਨਾਵਾਂ ਕਈ ਅਹਿਮ ਸਵਾਲ ਖੜ੍ਹੇ ਕਰਦੀਆਂ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਉਘੇ ਵਿਗਿਆਨੀ ਸ੍ਰੀ ਏ.ਪੀ.ਜੇ. ਅਬਦੁੱਲ ਕਲਾਮ ਅਤੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਨੂੰ ਵੀ ਸੁਰੱਖਿਆ ਜਾਂਚ ਦੇ ਨਾਂ ਹੇਠ ਜਲੀਲ ਕੀਤਾ ਜਾ ਚੁੱਕਾ ਹੈ। ਅਮਰੀਕਾ ਦੀ ਇਸ ਕਾਰਵਾਈ 'ਤੇ ਤੁਰੰਤ ਪ੍ਰਤੀਕਰਮ ਸਿਰਫ ਕੇਂਦਰੀ ਸੂਚਨਾ ਤੇ ਪ੍ਰਸ਼ਾਰਣ ਮੰਤਰੀ ਸ੍ਰੀਮਤੀ ਅੰਬਿਕਾ ਸੋਨੀ ਵਲੋਂ ਕੀਤਾ ਗਿਆ। ਸ਼ਾਹਰੁਖ਼ ਖ਼ਾਨ ਦੇ ਪ੍ਰੇਮੀਆਂ ਦੇ ਤਿੱਖੇ ਪ੍ਰਤੀਕਰਮ ਨੂੰ ਦੇਖਦਿਆਂ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁਲ ਪਟੇਲ ਨੇ ਕਿਹਾ ਕਿ ਭਾਰਤ ਇਸ ਮਸਲੇ ਨੂੰ ਜ਼ੋਰਦਾਰ ਢੰਗ ਨਾਲ ਅਮਰੀਕਾ ਕੋਲ ਉਠਾਏਗਾ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾ-ਬਰਦਾਸ਼ਤਯੋਗ ਹਨ।

ਸ਼ਾਹਰੁਖ਼ ਖ਼ਾਨ ਭਾਰਤ ਦੇ ਆਜ਼ਾਦੀ ਜਸ਼ਨਾਂ ਵਿਚ ਹਿੱਸਾ ਲੈਣ ਲਈ ਨਿਊ ਯਾਰਕ ਤੋਂ ਸ਼ਿਕਾਗੋ ਜਾ ਰਹੇ ਸਨ। ਨਿਊਜਰਸੀ ਦੇ ਨੇਵਾਰਕ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਅਫਸਰਾਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ 2 ਘੰਟੇ ਦੀ ਲੰਮੀ ਚੌੜੀ ਪੁੱਛਗਿੱਛ ਤੋਂ ਬਾਅਦ ਭਾਰਤੀ ਦੂਤਘਰ ਦੇ ਦਖ਼ਲ ਤੋਂ ਬਾਅਦ ਰਿਹਾ ਕੀਤਾ ਗਿਆ। ਅਜਿਹਾ ਖਮਿਆਜ਼ਾ ਉਸ ਨੂੰ 'ਖ਼ਾਨ' ਹੋਣ ਕਾਰਨ ਭੁਗਤਣਾ ਪਿਆ। ਇਸ ਘਟਨਾ 'ਤੇ ਟਿੱਪਣੀ ਕਰਦਿਆਂ ਸ਼ਾਹਰੁਖ਼ ਖ਼ਾਨ ਨੇ ਕਿਹਾ ਕਿ ਉਨ੍ਹਾਂ ਦਾ ਨਾਂ ਕਿਸੇ ਹੋਰ ਵਿਅਕਤੀ ਨਾਲ ਮਿਲਦਾ ਹੋਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਖ਼ਾਨ ਨੇ ਕਿਹਾ ਕਿ ਇਮੀਗ੍ਰੇਸ਼ਨ ਅਧਿਕਾਰੀ ਇਹ ਜਾਨਣਾ ਚਾਹੁੰਦੇ ਸਨ ਕਿ ਉਹ ਅਮਰੀਕਾ ਕਿਉਂ ਆਏ ਹਨ ਅਤੇ ਅਜਿਹੇ ਕੋਈ ਹੋਰ ਸਵਾਲਾਂ ਦਾ ਵੀ ਉਹ ਜਵਾਬ ਚਾਹੁੰਦੇ ਸਨ। ਸ਼ਾਹਰੁਖ਼ ਖ਼ਾਨ ਨੇ ਕਿਹਾ ਕਿ ਉਸ ਨੇ ਅਫਸਰਾਂ ਨੂੰ ਦੱਸਿਆ ਕਿ ਉਹ ਇਕ ਅਦਾਕਾਰ ਹੈ ਅਤੇ ਅਮਰੀਕਾ 'ਚ ਰਹਿੰਦੇ ਆਪਣੇ ਸਬੰਧੀਆਂ ਨਾਲ ਗੱਲ ਕਰਨ ਦੀ ਆਗਿਆ ਦਿੱਤੀ ਜਾਵੇ, ਪਰ

(ਬਾਕੀ ਸਫਾ 8 ਉਤੇ)



*ਸ਼ਾਹਰੁਖ ਇਕ ਪੱਤਰਕਾਰ ਨਾਲ ਗੱਲ ਕਰਦਿਆਂ*

## ਦਰਸ਼ਨੀ ਡਿਊਢੀ ਦੇ ਇਤਿਹਾਸਕ ਦਰਵਾਜ਼ਿਆਂ ਦਾ ਮਸਲਾ ਫਿਰ ਮਘਿਆ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਨਿਊਜ਼ ਸਰਵਿਸ):** ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਵਲੋਂ ਲੰਘੀ 12 ਅਗਸਤ ਨੂੰ ਕੀਤੀ ਗਈ ਆਪਣੀ ਮੀਟਿੰਗ ਵਿਚ ਦਰਸ਼ਨੀ ਡਿਊਢੀ ਦੀ ਕਾਰ ਸੇਵਾ ਸਬੰਧੀ ਪਾਸ ਕੀਤੇ ਗਏ ਇਕ ਮਤੇ ਨੇ ਇਕ ਨਵਾਂ ਵਿਵਾਦ ਖੜਾ ਕਰ ਦਿੱਤਾ ਹੈ। ਮਤੇ ਵਿਚ ਡਿਊਢੀ ਦੇ ਇਤਿਹਾਸਕ ਦਰਵਾਜ਼ਿਆਂ ਦਾ ਜ਼ਿਕਰ ਆਉਣ ਨਾਲ ਇਕ ਵਾਰ ਫਿਰ ਇਹ ਚਰਚਾ ਛਿੜ ਗਈ ਹੈ ਕਿ ਭਾਜਪਾ ਅਤੇ ਆਰ.ਐਸ.ਐਸ. ਦੇ ਪ੍ਰਛਾਵੇਂ ਹੇਠ ਕੰਮ ਕਰ ਰਹੀ ਮੌਜੂਦਾ ਅਕਾਲੀ ਸਰਕਾਰ ਸੋਮਨਾਥ ਦੇ ਮੰਦਰ ਨਾਲ ਸਬੰਧਤ ਇਨ੍ਹਾਂ ਦਰਵਾਜ਼ਿਆਂ ਨੂੰ ਉਤਾਰਨਾ ਚਾਹੁੰਦੀ ਹੈ। ਦਰਸ਼ਨੀ ਡਿਊਢੀ ਦੀ ਕਾਰ ਸੇਵਾ ਸਬੰਧੀ ਮਤਾ ਪਾਸ ਕਰਦਿਆਂ ਜਥੇਦਾਰਾਂ ਨੇ ਦਰਵਾਜ਼ਿਆਂ ਦੇ ਪੁਰਾਣੇ ਹੋਣ ਦਾ ਜ਼ਿਕਰ ਕੀਤਾ ਹੈ। ਜਥੇਦਾਰਾਂ ਦੇ ਇਹ ਮਤਾ ਪਾਸ ਕਰਨ ਦੀ ਦੇਰ ਸੀ ਕਿ ਅਗਲੇ ਦਿਨਾਂ ਵਿਚ ਚੰਡੀਗੜ੍ਹੋਂ ਛਪਦੇ ਇਕ ਅਖਬਾਰ ਨੇ ਆਪਣੇ ਸੰਪਾਦਕੀ ਨੋਟਾਂ ਵਿਚ ਇਹ ਮਸਲਾ ਚੁੱਕ ਲਿਆ ਅਤੇ ਆਖਣਾ ਸ਼ੁਰੂ ਕਰ ਦਿੱਤਾ ਕਿ ਮਹਿਮੂਦ ਗਜ਼ਨਵੀ ਵਲੋਂ ਲੁੱਟ ਕੇ ਲਿਜਾਏ ਜਾ ਰਹੇ ਇਨ੍ਹਾਂ ਦਰਵਾਜ਼ਿਆਂ ਨੂੰ ਸਿੱਖਾਂ ਨੇ ਖੋਹ ਕੇ ਵਾਪਸ ਲਿਆਂਦਾ ਸੀ।

ਉਸ ਸਮੇਂ ਸਿੱਖਾਂ ਨੇ ਇਹ ਦਰਵਾਜ਼ੇ ਮੰਦਰ ਨੂੰ ਵਾਪਸ ਕਰਨ ਦੀ ਵੀ ਪੇਸ਼ਕਸ਼ ਕੀਤੀ ਸੀ, ਪਰ ਮੁਸਲਮਾਨਾਂ ਦੀ ਸੁੱਚ-ਭਿੱਟ ਦੇ ਮੱਦੇਨਜ਼ਰ ਮੰਦਰ ਦੇ ਵਾਲੀਵਾਰਸਾਂ ਨੇ ਇਹ ਦਰਵਾਜ਼ੇ ਵਾਪਸ ਨਹੀਂ ਸਨ ਲਏ। ਇਥੋਂ ਤੱਕ ਵੀ ਕਿਹਾ ਜਾਂਦਾ ਹੈ ਕਿ ਮੁਸਲਮ ਹਮਲਾਵਰਾਂ ਵਲੋਂ ਜਿਹੜੀਆਂ ਹਿੰਦੂ ਔਰਤਾਂ ਉਧਾਲ ਲਈਆਂ ਗਈਆਂ ਸਨ, ਉਨ੍ਹਾਂ ਨੂੰ ਵੀ ਉਨ੍ਹਾਂ ਦੇ ਵਾਰਸਾਂ ਵਲੋਂ ''ਭਿੱਟੇ'' ਜਾਣ ਕਾਰਨ ਵਾਪਸ ਨਹੀਂ ਸੀ ਲਿਆ ਗਿਆ।

(ਬਾਕੀ ਸਫਾ 4 ਉਤੇ)

## ਭਾਰਤ-ਪਾਕਿ ਸਬੰਧਾਂ ਦੀ ਬਣਦੀ-ਵਿਗੜਦੀ ਗਰਾਮਰ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:** ਭਾਰਤ ਅਤੇ ਪਾਕਿਸਤਾਨ ਵਿਚਕਾਰ ਆਪਸੀ ਸਬੰਧਾਂ ਦੀ ਗਰਾਮਰ ਲਗਾਤਾਰ ਬਣ-ਵਿਗੜ ਰਹੀ ਹੈ। ਜਿਥੇ ਅੰਤਰਰਾਸ਼ਟਰੀ ਦਬਾਵਾਂ ਅਤੇ ਰਣਨੀਤਕ ਹਾਲਾਤ ਕਾਰਨ ਦੋਨਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਆਪਸੀ ਸਹਿਚਾਰ ਵਧਾਉਣ ਦੇ ਇਛੁੱਕ ਹਨ, ਉਥੇ ਦੇਸ਼ ਵਿਚ ਬੈਠੀਆਂ ਰਾਜਨੀਤਕ ਅਤੇ ਧਾਰਮਿਕ ਕੱਟੜਪੰਥੀ ਤਾਕਤਾਂ ਤੋਂ ਇਲਾਵਾ ਅਫਸਰਸ਼ਾਹੀ ਦਾ ਇਕ ਵੱਡਾ ਹਿੱਸਾ ਸਰਹੱਦੀ ਕੁੜੱਤਣ ਜਾਰੀ ਰੱਖਣ ਦਾ ਬਾਇਸ ਬਣ ਰਿਹਾ ਹੈ। ਇਸ ਤੋਂ ਵੀ ਅੱਗੇ ਆਪਸੀ ਸਹਿਚਾਰਪੂਰਨ ਸੰਬੰਧਾਂ ਨੂੰ ਸਹੀ ਪਾਸੇ ਤੋਰਨ ਲਈ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸ਼ਾਂਤੀਪਸੰਦ ਅਤੇ ਨਰਮ ਸ਼ਖਸੀਅਤ ਦੀ ਇਕ ਵੱਡੀ ਭੂਮਿਕਾ ਅਦਾ ਕਰ ਰਹੇ ਹਨ, ਪਰ ਕੱਟੜਪੰਥੀਆਂ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾ ਰਹੀ।

ਆਪਣੀ ਸਮਝ ਅਨੁਸਾਰ ਉਹ ਕੁਝ ਮਹੱਤਵਪੂਰਨ ਮੌਕਿਆਂ ਉਪਰ ਆਪਣੇ ਭਾਸ਼ਣਾਂ ਅਤੇ ਬਿਆਨਾਂ ਵਿਚ ਅਕਸਰ ਹੀ ਦੋਨਾਂ ਮੁਲਕਾਂ ਵਿਚਕਾਰ ਚੰਗੇ ਸਬੰਧਾਂ ਅਤੇ ਆਰਥਿਕ ਤੇ ਮਨੁੱਖੀ ਅਦਾਨ-ਪ੍ਰਦਾਨ ਦੀ ਵਕਾਲਤ ਕਰਦੇ ਹਨ ਪਰ ਅਜਿਹੇ ਬਿਆਨਾਂ ਤੋਂ ਅਗਲੇ ਦਿਨਾਂ ਵਿਚ ਉਨ੍ਹਾਂ ਦੇ ਇਨ੍ਹਾਂ ਨਰਮ ਬਿਆਨਾਂ ਨੂੰ ਕੱਟਦੇ ਬਿਆਨ ਵੀ ਉਨ੍ਹਾਂ ਦੇ ਨਾਂ 'ਤੇ ਛਪਣ ਲੱਗਦੇ ਹਨ। 15 ਅਗਸਤ ਵਾਲੇ ਦਿਨ ਦੇਸ਼ ਦੇ ਨਾਂ ਆਪਣੇ ਸੰਦੇਸ਼ ਵਿਚ ਉਨ੍ਹਾਂ ਨੇ ਭਾਰਤ-ਪਾਕਿ ਵਿਚਲੀ ਰਵਾਇਤੀ ਕੁੜੱਤਣ ਨੂੰ ਪਾਸੇ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਦੋ ਕੁ ਦਿਨ ਬਾਅਦ ਹੀ ਉਨ੍ਹਾਂ ਦੇ ਨਾਂ 'ਤੇ ਇਹ ਬਿਆਨ ਖੜਕਦਾ ਆਇਆ ਕਿ ਪਾਕਿਸਤਾਨ ਵਲੋਂ ਭਾਰਤ 'ਤੇ ਨਵੇਂ ਹਮਲੇ ਦੀ ਤਿਆਰੀ ਕੀਤੀ ਜਾ ਰਹੀ ਹੈ।

ਯਾਦ ਰਹੇ ਕੁਝ ਸਮਾਂ ਪਹਿਲਾਂ ਮਿਸਰ ਦੇ ਸ਼ਹਿਰ ਸ਼ਰਮ-ਅਲ-ਸ਼ੇਖ ਵਿਚ ਗੁੱਟ ਨਿਰਲੇਪ ਦੇਸ਼ਾਂ ਦੇ ਇਕ ਸੰਮੇਲਨ ਸਮੇਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਯੂਸਫ ਰਜ਼ਾ ਗਿਲਾਨੀ ਨਾਲ ਇਕ ਮੀਟਿੰਗ ਤੋਂ ਬਾਅਦ ਸਾਂਝੇ ਬਿਆਨ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੋਨਾਂ

(ਬਾਕੀ ਸਫਾ 8 ਉਤੇ)

Bank Owned/Foreclosed Homes
Central Valley Specialist
Your Dream House @ Right Price.
ਤੁਹਾਡੇ ਸੁਪਨਿਆਂ ਦਾ ਘਰ ਸਹੀ ਕੀਮਤ ਉਤੇ
Loan approvals with-in minutes.
Free List of homes available.
Manjit Gill
Real Estate/Loans
Dre#01524555
American Realty & Business Corp
2937 Veneman Ave, Suite B-150 Modesto CA
510-415-2368
209-524-4008
www.gillfinancial.com

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਇੰਡੋ-ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ

ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਬੇ-ਏਰੀਏ ਦਾ

# ਸੱਤਵਾਂ ਸਾਲਾਨਾ ਸਭਿਆਚਾਰਕ ਸਮਾਗਮ



ਸਤਿਗੁਰ ਰਾਮ ਸਿੰਘ ਜੀ

ਬਾਬਾ ਭਗਤ ਸਿੰਘ ਜੀ ਬਿਲਗਾ ਅਤੇ ਕੂਕਾ ਲਹਿਰ ਦੇ ਸ਼ਹੀਦਾਂ ਨੂੰ ਸਮਰਪਿਤ

## 13 ਸਤੰਬਰ, 2009 (ਦਿਨ ਐਤਵਾਰ)

ਦੁਪਹਿਰ 1:00 ਵਜੇ ਤੋਂ 7:00 ਵਜੇ ਤੱਕ

ਹਿੰਦੂ ਟੈਂਪਲ ਐਂਡ ਕਮਿਊਨਿਟੀ ਸੈਂਟਰ, ਸੰਨੀਵੇਲ

420-450 Persian Dr., Sunnyvale CA 94089

## ਮੁੱਖ ਮਹਿਮਾਨ:ਡਾ. ਵੇਦ ਪ੍ਰਕਾਸ਼ ਵੱਟੁਕ



ਬਾਬਾ ਭਗਤ ਸਿੰਘ ਬਿਲਗਾ



ਗਾਇਕ ਗਿੱਲ ਹਰਦੀਪ

### ਸਭਿਆਚਾਰਕ ਪ੍ਰੋਗਰਾਮ

ਪ੍ਰਸਿੱਧ ਲੋਕ ਗਾਇਕ ਗਿੱਲ ਹਰਦੀਪ, ਸੁਖਦੇਵ ਸਾਹਿਲ, ਸੁਲਤਾਨ ਅਖਤਰ, ਰਛਪਾਲ ਫਰਵਾਲਾ, ਰਾਜ ਬਰਾੜ, ਜੇ.ਐਸ. ਕਾਫਿਰ, ਧਰਮਵੀਰ ਥਾਂਦੀ ਅਤੇ ਬੀਬੀ ਆਸ਼ਾ ਸ਼ਰਮਾ। ਪੰਜਾਬ, ਆਂਧਰਾ ਪ੍ਰਦੇਸ਼, ਗੁਜਰਾਤ ਅਤੇ ਮਹਾਂਰਾਸ਼ਟਰ ਦੇ ਗੀਤ ਅਤੇ ਲੋਕਨਾਚ। ਅਜੇ ਭੰਗੜਾ ਅਕੈਡਮੀ ਵਲੋਂ ਗਿੱਧਾ ਤੇ ਭੰਗੜਾ। ਹਿੰਦੀ ਅਤੇ ਪੰਜਾਬੀ ਵਿਚ ਇਨਕਲਾਬੀ ਗੀਤ-ਕਵਿਤਾਵਾਂ ਦੀ ਪੇਸ਼ਕਾਰੀ।

ਦੇਸ਼ ਭਗਤਾਂ ਦੇ ਜੀਵਨ ਸਬੰਧੀ ਪੁਸਤਕ ਅਤੇ ਫੋਟੋ ਪ੍ਰਦਰਸ਼ਨੀ ਵੀ ਲਾਈ ਜਾਵੇਗੀ।




ਲਾਲਾ ਹਰਦਿਆਲ

ਆਪ ਸਭ ਨੂੰ ਪਰਿਵਾਰ ਸਮੇਤ ਇਸ ਸਮਾਗਮ ਵਿਚ ਸ਼ਾਮਿਲ ਹੋਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ।

**ਲੰਗਰ ਦਾ ਖਾਸ ਪ੍ਰਬੰਧ ਹੈ**



ਬਾਬੂ ਮੰਗੂਰਾਮ

ਸਰਪ੍ਰਸਤ: ਸ. ਨਰੰਜਣ ਸਿੰਘ ਸੁੱਜੋਂ, ਸ੍ਰੀ ਮਹਾਰਾਜ ਕੌਲ, ਸ. ਹਰਬੰਸ ਸਿੰਘ ਸੰਧੂ, ਪ੍ਰਿੰ. ਦਰਸ਼ਨ ਸਿੰਘ ਨੱਤ, ਮਾਸਟਰ ਅਵਤਾਰ ਸਿੰਘ

## ਮੇਲਾ ਕਮੇਟੀ

ਦਿਲਬਾਗ ਸਿੰਘ ਸੰਧੂ (ਪ੍ਰਧਾਨ)
707-712-2064
ਬਲਜੀਤ ਸਿੰਘ ਸੰਧੂ (ਮੀਤ ਪ੍ਰਧਾਨ)
510-760-9141
ਬਲਜੋਗ ਸਿੰਘ ਸੰਧੂ (ਮੀਤ ਪ੍ਰਧਾਨ)
707-334-7762

ਪੰਕਜ ਆਂਸਲ (ਜਨਰਲ ਸਕੱਤਰ)
408-515-3178
ਬਲਬੀਰ ਸਿੰਘ ਜੌਹਲ (ਸਕੱਤਰ)
408-592-4044
ਬਲਬੀਰ ਸਰਹਾਲ ਕਾਜ਼ੀਆਂ
510-385-3406

ਨਰਿੰਦਰ ਸਿੰਘ ਸੁੱਜੋਂ (ਖਜ਼ਾਨਚੀ)
510-584-8415
ਇਕੱਤਰ ਸਿੰਘ ਸੋਢੀ (ਖਜ਼ਾਨਚੀ)
510-589-0582

ਸਰਬਜੀਤ ਸਿੰਘ ਸੰਧੂ, ਕੇਵਲ ਸਿੰਘ ਸੰਧੂ, ਗਣੇਸ਼ ਦੱਤ ਲਾਲਾ ਜੀ, ਵਿਛੜੇ ਸਾਥੀ, ਜਗਦੀਸ਼ ਸਿੰਘ ਜੌਹਲ, ਅਮਰੀਕ ਖੁਡਾਲੀਆ, ਅਮਰਜੀਤ ਸਿੰਘ, ਲੈਂਹਬਰ ਸਿੰਘ ਸੰਧੂ, ਮੰਗਲ ਢਿੱਲੋਂ ਸੈਂਟਾ ਰੋਜ਼ਾ, ਪ੍ਰੇਮ ਕੁਮਾਰ, ਗੁਰਦੇਵ ਸਿੰਘ ਗਿੱਲ, ਮਨਜੀਤ ਜੌਹਲ, ਸੁਖਜੀਤ ਸਿੰਘ ਸਹੋਤਾ, ਚਰਨਜੀਤ ਪਰਾਗਪੁਰ, ਪ੍ਰੋ. ਮਲਕੀਤ ਸਿੰਘ ਬਰਾੜ, ਮਨਜੀਤ ਸਿੰਘ ਝਿੱਕਾ।

ਲੰਗਰ ਕਮੇਟੀ:ਹਰਬੰਸ ਸਿੰਘ ਬੋਲਾ, ਰਾਜਵੀਰ ਸਿੰਘ ਲੁਧਿਆਣਾ, ਕੁਲਦੀਪ ਸਿੰਘ, ਸੇਵਾ ਸਿੰਘ, ਗੁਰਿੰਦਰ ਸਿੰਘ ਗੈਰੀ।

ਸਪਾਂਸਰਜ਼:ਪ੍ਰੀਤਮ ਸਿੰਘ ਗਰੇਵਾਲ, ਰਾਜ ਭਨੋਟ, ਭੁਪਿੰਦਰ ਸਿੰਘ (ਬੌਬ) ਢਿੱਲੋਂ, ਨਰੈਣਜੀ ਪਟੇਲ, ਥਾਂਦੀ ਇੰਸ਼ੋਰੈਂਸ ਬਰੋਕਰ, ਕਿਰਪਾਲ ਸਿੰਘ ਅਟਵਾਲ, ਗੁਰਜੀਤ ਸਿੰਘ ਬੈਂਸ, ਸੁਰਿੰਦਰ ਸਿੰਘ ਪੁਰੇਵਾਲ, ਮਹਿੰਗਾ ਸਿੰਘ ਰਾਜਾਸਾਂਸੀ, ਸੋਹਣ ਸਿੰਘ ਧਨੋਤਾ, ਰਾਜਾ ਸਵੀਟਸ, ਕੈਸ਼ ਫੈਬਰਿਕ, ਤੰਦੂਰ ਰੈਸਟੋਰੈਂਟ, ਡਾ. ਯਤਨ ਕੁਮਾਰ, ਅਜੀਤ ਸਿੰਘ ਬੌਬ ਲਿੱਕਰ, ਬਲਜੀਤ ਸਿੰਘ ਪਲਾਹੀ, ਬਲਬੀਰ ਸਿੰਘ ਜੀਤਾ ਬ੍ਰਦਰਜ਼, ਅਮੋਲਕ ਸਿੰਘ ਗਾਖਲ-ਗਾਖਲ ਬ੍ਰਦਰਜ਼, ਬੇ-ਏਰੀਆ ਸਪੋਰਟਸ ਕਲੱਬ, ਰਾਜ ਕੁਮਾਰ, ਗੱਜਣ ਸਿੰਘ, ਹਰਿੰਦਰ ਸਿੰਘ ਸਕਾਈਲਾਰਕ ਲਿਮੋਜ਼ੀਨ, ਨਿਊ ਇੰਡੀਆ ਬਾਜ਼ਾਰ, ਰਾਜ ਜੋਤ ਰੈਸਟੋਰੈਂਟ, ਜਸਵੀਰ ਸਿੰਘ ਗਿੱਲ, ਗੁਰਦੀਪ ਸਿੰਘ ਸੰਧੂ, ਗੁਰਿੰਦਰ ਸਿੰਘ ਭੁੱਲਰ, ਗੁਰਜੀਤ ਸਿੰਘ ਜੀਤੀ, ਕਲਭੂਸ਼ਨ ਕੁਮਾਰ ਹੈਪੀ, ਜਸਵੀਰ ਸਿੰਘ ਪੱਪੂ ਮੁੱਲਾਂਪੁਰੀਆ, ਭਿੰਦਰ ਸੰਧੂ, ਸੁਰਿੰਦਰ ਉਪਲ ਸੈਂਟਾ ਰੋਜ਼ਾ, ਰੇਡੀਓ ਗੀਤ ਸੰਗੀਤ, ਲਖਬੀਰ ਸਿੰਘ ਸਹੋਤਾ, ਕਾਲਾ ਟਰੇਸੀ, ਹਰਦੇਵ ਸਿੰਘ ਅਤੇ ਦਵਿੰਦਰ ਸਿੰਘ ਚਾਨਾ, ਮਾਸਟਰ ਦੀਪਕ, ਅਜੀਤ ਗਰੇਵਾਲ, ਸੁੱਚਾ ਸਿੰਘ, ਚਰਨਜੀਤ ਪਰਾਗਪੁਰ, ਬਲਬੀਰ ਪਰਾਗਪੁਰ, ਕੁਲਵਿੰਦਰ ਸਿੰਘ ਸਾਪਰਾ, ਰਣਬੀਰ ਸਿੰਘ ਰਾਣਾ, ਬਲਕਾਰ ਸਿੰਘ, ਮਦਨ ਸਿੰਘ, ਬਲਵਿੰਦਰ ਗਿੱਲ, ਕੁਲਬੀਰ ਦੁਸਾਂਝ, ਕੇਵਲ ਸਿੰਘ, ਹਰਜਿੰਦਰ ਅਟਵਾਲ, ਅਸ਼ਵਨੀ ਭਾਖੜੀ ਲਾਅ ਫਰਮ, ਚਰਨਜੀਤ ਸੰਧੂ, ਰਾਮ ਕੁਮਾਰ, ਹਰਦੇਵ ਸਿੰਘ ਤੱਖਰ, ਸੰਜੇ ਅਗਰਵਾਲ, ਰਮੇਸ਼ ਸ਼ਰਮਾ, ਮਹਿੰਦਰ ਸੇਠੀ, ਅਨਿਲ ਸੂਦ, ਦੀਪਕ ਬੇਆਲਾ, ਸੁਰਜੀਤ ਸੇਨ ਗੁਪਤਾ, ਬੋਧ ਰਾਜ ਸੈਣੀ, ਸੰਗਮ ਰੈਸਟੋਰੈਂਟ, ਨਿਊ ਇੰਡੀਆ ਚਾਟ ਕੈਫੇ, ਸੁਰਜੀਤ ਸੰਧੂ, ਬਲਬੀਰ ਸੂਬੇਦਾਰ, ਤੀਰਥ ਗਾਖਲ-ਕਬੱਡੀ ਕੈਪਟਨ, ਲਖਬੀਰ ਸੰਘਾ, ਕਰਮਜੀਤ ਸੰਧੂ, ਲਖਬੀਰ ਸਿੰਘ, ਅਮਰਜੀਤ ਸਿੰਘ ਤੀਰਖ, ਜਸਕਰਨ ਸਿੰਘ, ਅਮਰਜੀਤ ਸਿੱਧੂ, ਸਰਬਜੋਤ ਸਿੰਘ ਸਵੱਦੀ।

*ਨਾਮਧਾਰੀ ਸਾਧ ਸੰਗਤ ਕੈਲੀਫੋਰਨੀਆ-ਕੇਵਲ ਸਿੰਘ ਫੇਅਰਫੀਲਡ:ਫੋਨ (707)-208-4931*
*ਨਾਮਧਾਰੀ ਸਾਧ ਸੰਗਤ ਲਾਸ ਏਂਜਲਸ-ਪ੍ਰਧਾਨ ਗੁਰਦੇਵ ਸਿੰਘ*
*ਨਾਮਧਾਰੀ ਸਾਧ ਸੰਗਤ ਬੇ-ਏਰੀਆ-ਪ੍ਰਧਾਨ ਬਲਦੇਵ ਸਿੰਘ*

### Directions

Directions from Oakland: Head on I-800 S, Take the exit onto CA-237 W toward Mountain View, Turn right at E Persian Dr., Turn right at Fair Oaks Way/Persian Dr.

Direction from San Francisco: Head on Us-101 S, Take the State Hwy 237 E exit toward Milpitas/Alviso, Merge onto CA-237 E, take the exit toward Fair Oaks Ave, merge onto E Persian Dr., Turn right at Fair Oaks Way/Persian Dr.

Directions from San Jose: Head on US-101 N, take the Fair Oaks Ave exit, turn left at Tasman Dr, turn right at Morse Ave, turn right at E Persian Dr.

# ਗੁਰੂ ਗ੍ਰੰਥ ਸਾਹਿਬ ਦੀਆਂ ਸੌਂਹਾਂ ਖਾਣ ਵਾਲੇ ਸਾਬਕਾ ਸੈਕਟਰੀ ਨੂੰ ਆਖਿਰ ਕਬੂਲ ਕਰਨਾ ਹੀ ਪਿਆ ਕਿ ਉਨ੍ਹਾਂ ਲੋਨ ਵਾਲੀ ਬੈਂਕ ਨੂੰ ਚਿੱਠੀ ਪਾਈ ਹੈ

ਸੈਨ ਹੋਜ਼ੇ: ਗੁਰਦਆਰਾ ਸੈਨ ਹੋਜ਼ੇ ਦੀ ਐਗਜ਼ੈਕਟਿਵ ਕਮੇਟੀ 'ਚ ਹੋਈ ਤਬਦੀਲੀ ਹੋਈ ਨੂੰ ਸਾਲ ਹੋਣ ਲੱਗਾ ਹੈ। ਬੇ-ਏਰੀਆ ਤੋਂ ਛਪਦੇ ਇੱਕ ਪੰਜਾਬੀ ਅਖਬਾਰ ਵਿਚ ਸਾਬਕਾ ਸਟੇਜ ਸਕੱਤਰ ਸ. ਜਸਵੰਤ ਸਿੰਘ ਹੋਠੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਹੁਣ ਮੰਨ ਹੀ ਲਿਆ ਹੈ ਕਿ ਉਨ੍ਹਾਂ ਬੈਂਕ ਨੂੰ ਗੁਰੂ ਘਰ ਦੇ ਲੋਨ ਵਾਲੀ ਚਿੱਠੀ ਪਾਈ ਹੈ ਪਰ ਸੱਚ ਦੱਸਣ ਅਤੇ ਲਿਖਣ ਤੋਂ ਗੁਰੇਜ ਕੀਤਾ ਹੈ ਜੋ ਸੰਗਤਾਂ ਦੀ ਜਾਣਕਾਰੀ ਵਾਸਤੇ ਸੰਖੇਪ ਰੂਪ 'ਚ ਇਸ ਪ੍ਰਕਾਰ ਹੈ:

ਸਫਾ ਨੰਬਰ 1, 2 ਅਤੇ 8 ਤਾਂ ਉਨ੍ਹਾਂ ਨੇ ਇਸ ਅਖਬਾਰ 'ਚ ਲਾ ਹੀ ਦਿੱਤੇ ਹਨ। ਬਾਕੀ ਸਫਿਆਂ 'ਚ ਜੋ ਮਸਾਲਾ ਲਿਖਿਆ ਹੈ ਉਹ ਇਸ ਪ੍ਰਕਾਰ ਹੈ:

ਸਫਾ ਨੰਬਰ 3 'ਤੇ ਲਿਖਿਆ ਹੈ ਕਿ ਇੱਕ ਬਹੁਤ ਪੱਕੇ ਪੈਰਾਂ ਵਾਲੀ ਕੰਪਨੀ ਹਾਲਮਾਰਕ ਨੇ ਇਸ ਪ੍ਰੋਜੈਕਟ ਦਾ ਐਸਟੀਮੇਟ 23 ਮਿਲੀਅਨ ਡਾਲਰ ਦਾ ਦਿੱਤਾ ਹੈ ਅਤੇ ਭੁਪਿੰਦਰ ਸਿੰਘ ਢਿੱਲੋਂ ਇਸਨੂੰ ਕਿਸ ਤਰ੍ਹਾਂ 18 ਮਿਲੀਅਨ ਡਾਲਰ 'ਚ ਬਣਾ ਸਕਦਾ ਹੈ। ਉਹ ਅੱਗੇ ਲਿਖਦੇ ਹਨ ਕਿ ਭੁਪਿੰਦਰ ਸਿੰਘ ਢਿੱਲੋਂ ਨੇ ਪਹਿਲਾਂ ਬਣੀਆਂ ਤਿੰਨ ਬਿਲਡਿੰਗਾਂ ਤੇ 6 ਮਿਲੀਅਨ ਦਾ ਖਰਚਾ ਕਹਿ ਕੇ 12 ਮਿਲੀਅਨ ਡਾਲਰ ਲਵਾ ਦਿੱਤਾ ਸੀ ਅਤੇ ਹੁਣ ਵੀ ਉਸ ਨੇ 18 ਮਿਲੀਅਨ ਡਾਲਰ ਤੋਂ ਕਿਤੇ ਵੱਧ ਖਰਚ ਕਰਵਾ ਦੇਣਾ ਹੈ। ਇਸ ਤੋਂ ਅੱਗੇ ਇਸੇ ਸਫੇ 'ਤੇ ਉਨ੍ਹਾਂ ਲਿਖਿਆ ਹੈ ਕਿ ਭੁਪਿੰਦਰ ਸਿੰਘ ਢਿੱਲੋਂ ਨੇ ਪ੍ਰਧਾਨ ਅਤੇ ਸੈਕਟਰੀ ਦੇ ਹੇਰਾ-ਫੇਰੀ ਨਾਲ ਦਸਤਖਤ ਕਰਵਾ ਕੇ ਲੋਨ ਮਨਜ਼ੂਰ ਕਰਵਾਇਆ ਸੀ ਜਿਸ ਦੀ ਰਹਿੰਦੀ ਰਕਮ ਸੰਗਤ ਜੁਲਾਈ 01-2009 ਤੱਕ ਨਹੀਂ ਦੇ ਸਕਦੀ ਅਤੇ ਗੁਰੂ ਘਰ ਬੈਂਕਰਪਟ (ਦੀਵਾਲੀਆ) ਵੀ ਹੋ ਸਕਦਾ ਹੈ ਜਿਸ ਨਾਲ ਭੁਪਿੰਦਰ ਸਿੰਘ ਢਿੱਲੋਂ ਦੀ ਲੰਬੇ ਚਿਰ ਤੋਂ ਚਲੀ ਆ ਰਹੀ ਖਾਹਿਸ਼ ਪੂਰੀ ਹੋ ਜਾਵੇਗੀ। ਉਨ੍ਹਾਂ ਹੋਰ ਲਿਖਿਆ ਹੈ ਕਿ ਭੁਪਿੰਦਰ ਸਿੰਘ ਢਿੱਲੋਂ ਸੰਗਤ ਦੀ ਭੇਟਾ ਕੀਤੀ ਹੋਈ ਮਾਇਆ ਨਾਲ ਜੂਆ ਖੇਡ ਰਿਹਾ ਹੈ। ਬਾਕੀ ਸਫਿਆਂ 'ਤੇ ਹਾਲਮਾਰਕ ਕੰਪਨੀ ਦੇ ਲਾਏ ਹੋਏ 23 ਮਿਲੀਅਨ ਡਾਲਰ ਦੇ ਐਸਟੀਮੇਟ ਹਨ।

ਹੁਣ ਸੰਗਤ ਹੀ ਅੰਦਾਜ਼ਾ ਲਾਏ ਕਿ ਇਨ੍ਹਾਂ ਲੋਕਾਂ ਵਲੋਂ ਬੈਂਕ ਨੂੰ ਪਾਈ ਚਿੱਠੀ ਦਾ ਮਨੋਰਥ ਕੀ ਹੈ? ਮਨੋਰਥ ਸਿਰਫ ਭਾਨੀ ਮਾਰ ਕੇ ਲੋਨ ਨੂੰ ਰੁਕਵਾਉਣਾ ਅਤੇ ਗੁਰਦਆਰਾ ਸਾਹਿਬ ਦੀ ਬਣ ਰਹੀ ਖੂਬਸੂਰਤ ਬਿਲਡਿੰਗ ਦੇ ਚਲ ਰਹੇ ਕੰਮ ਨੂੰ ਬੰਦ ਕਰਵਾਉਣਾ ਸੀ।

ਯਾਦ ਰਹੇ ਬੈਂਕ ਤੋਂ ਸਾਢੇ 13 ਮਿਲੀਅਨ ਡਾਲਰ ਦਾ ਕੰਸਟਰਕਸ਼ਨ ਲੋਨ ਗੁਰੂ ਘਰ ਦੇ 18 ਮਿਲੀਅਨ ਡਾਲਰ ਦੇ ਪ੍ਰੋਜੈਕਟ ਦੇ ਹਿਸਾਬ ਨਾਲ ਲਿਆ ਹੋਇਆ ਹੈ। ਬੈਂਕ ਨੂੰ ਭੇਜੀਆਂ ਇਹੋ ਜਿਹੀਆਂ ਗਲਤ ਰਿਪੋਰਟਾਂ ਬੈਂਕ ਤੋਂ ਲਏ ਗਏ ਲੋਨ ਨੂੰ ਖਤਰੇ 'ਚ ਪਾ ਸਕਦੀਆਂ ਹਨ ਅਤੇ ਲੋਨ ਬੰਦ ਹੋਣ ਦੇ ਆਸਾਰ ਵਧ ਜਾਂਦੇ ਹਨ। ਅਗਰ ਹੁਣ ਤੱਕ ਲੋਨ ਬੰਦ ਨਹੀਂ ਹੋਇਆ ਤਾਂ ਇਹ ਗੁਰੂ ਦੀ ਆਪਾਰ ਕਿਰਪਾ ਕਰਕੇ ਅਤੇ ਉਸੇ ਸਦਕਾ ਬੌਬ ਢਿੱਲੋਂ ਦੇ ਅਸਰ-ਰਸੂਖ ਕਰਕੇ ਨਹੀਂ ਹੋਇਆ। ਜੇ ਕਿਸੇ ਹੋਰ ਬੈਂਕ ਦਾ ਇਹ ਲੋਨ ਹੁੰਦਾ ਤਾਂ ਸ਼ਾਇਦ ਇਹੋ ਜਿਹੀ ਰਿਪੋਰਟ ਪਹੁੰਚਣ 'ਤੇ ਖਟਾਈ ਵਿਚ ਪੈ ਜਾਣਾ ਸੀ। ਕਿਸੇ ਗੱਲੋਂ ਨਾਰਾਜ਼ ਹੋਏ ਇਹ ਦੋ ਤਿੰਨ ਲੀਡਰ ਜੇ ਨਾ ਟਲੇ ਅਤੇ ਬੈਂਕ ਨੂੰ ਕੋਈ ਨਾ ਕੋਈ ਹੋਰ ਮਸਾਲਾ ਭੇਜਣਾ ਜਾਰੀ ਰੱਖਿਆ ਤਾਂ ਬੈਂਕ ਇਸ ਲੋਨ ਨੂੰ ਬੰਦ ਵੀ ਕਰ ਸਕਦੀ ਹੈ ਅਤੇ ਇਸ ਹੋਏ ਨੁਕਸਾਨ ਦੇ ਜ਼ਿੰਮੇਵਾਰ ਵੀ ਇਹੀ ਹੋਣਗੇ।

ਉਪਰ ਦੱਸੇ ਪੰਜਾਬੀ ਅਖਬਾਰ 'ਚ ਇਨ੍ਹਾਂ ਇਹ ਵੀ ਲਿਖਿਆ ਹੈ ਕਿ ਭੇਜੀ ਗਈ ਚਿੱਠੀ 'ਚ ਬੈਂਕ ਨੂੰ ਲੋਨ ਬੰਦ ਕਰਨ ਲਈ ਕੋਈ ਹਦਾਇਤ ਨਹੀਂ ਦਿੱਤੀ ਸੀ ਤੇ ਫਿਰ ਸੰਗਤਾਂ ਦਾ ਸਵਾਲ ਹੈ ਕਿ ਕੀ 9 ਸਫਿਆਂ ਦੀ ਇਹ ਚਿੱਠੀ ਲੋਨ ਦਾ ਵਿਆਜ ਘਟਾਉਣ ਲਈ ਲਿਖੀ ਗਈ ਸੀ ਜਾਂ ਫਿਰ ਲੋਨ ਦੀ ਮਿਆਦ ਵਧਾਉਣ ਲਈ ਲਿਖੀ ਗਈ ਸੀ।

ਕਈ ਵੀਰਾਂ/ਭੈਣਾਂ ਲਈ ਸ਼ਾਇਦ ਇਹ ਉਦਾਹਰਣ ਤਾਜ਼ੀ ਕਰਨੀ ਪਵੇ। ਬਿੱਕਰ ਸਿੰਘ ਨਾਮ ਦਾ ਇੱਕ ਵਿਅਕਤੀ ਆਪਣੀ ਲੜਕੀ ਦੇ ਰਿਸ਼ਤੇ ਮੁਤੱਲਕ ਲੜਕੇ ਵਾਲਿਆਂ ਦੇ ਪਿੰਡ ਬਾਹਰ ਅੱਡੇ 'ਤੇ ਖੜ੍ਹੇ ਇੱਕ ਬਜ਼ੁਰਗ ਤੋਂ ਲੜਕੇ ਦੇ ਪਰਿਵਾਰ ਬਾਰੇ ਪੁੱਛਗਿੱਛ ਕਰਦਾ ਹੈ ਤਾਂ ਅੱਗੋਂ ਜਵਾਬ ਮਿਲਿਆ ਕਿ ਪਰਿਵਾਰ ਤਾਂ ਠੀਕ ਠਾਕ ਹੈ ਪਰ ਲੜਕਾ ਥੋੜ੍ਹਾ ਅਮਲ ਕਰਦਾ ਹੈ। ਬਿੱਕਰ ਸਿੰਘ ਨੂੰ ਵਾਪਿਸ ਮੁੜਨ ਲਈ ਇੰਨਾ ਇਸ਼ਾਰਾ ਹੀ ਕਾਫੀ ਸੀ ਪਰ ਬਿੱਕਰ ਸਿੰਘ ਕਾਫੀ ਸੋਚ ਸਮਝ ਵਾਲਾ ਸੀ। ਦੂਜੇ ਦਿਨ ਫਿਰ ਉਸ ਨੇ ਉਸੇ ਪਿੰਡ 'ਚ ਜਾ ਕੇ ਹੋਰ ਚਾਰ ਬਜ਼ੁਰਗਾਂ ਨਾਲ ਸਲਾਹ ਕੀਤੀ ਤਾਂ ਅਸਲੀਅਤ ਸਾਹਮਣੇ ਆ ਗਈ ਕਿ ਪਹਿਲੀ ਵਾਰ ਮਿਲਿਆ ਬਜ਼ੁਰਗ ਲੜਕੇ ਵਾਲਿਆਂ ਦੇ ਪਰਿਵਾਰ ਨਾਲ ਖੁੰਦਕ ਰੱਖਣ ਕਰਕੇ ਦਿਲੋਂ ਨਹੀਂ ਸੀ ਚਾਹੁੰਦਾ ਕਿ ਉਸ ਪਰਿਵਾਰ ਦਾ ਰਿਸ਼ਤਾ ਹੋ ਜਾਵੇ।

ਸਾਬਕਾ ਸੈਕਟਰੀ ਜਸਵੰਤ ਸਿੰਘ ਹੋਠੀ ਅਤੇ ਸਾਬਕਾ ਪ੍ਰਧਾਨ ਬਲਵੰਤ ਸਿੰਘ ਚਾਹਲ ਦੇ ਦਸਤਖਤਾਂ ਹੇਠ ਇਹ 9 ਸਫਿਆਂ ਦੀ ਇਹ ਚਿੱਠੀ 1 ਸਤੰਬਰ, 2008 ਨੂੰ ਸ਼ਾਮ ਦੇ 5 ਵਜ ਕੇ 51 ਮਿੰਟ 'ਤੇ (ਸੱਤਾ ਬਦਲੀ ਤੋਂ ਦੂਜੇ ਦਿਨ) ਬੈਂਕ ਨੂੰ ਫੈਕਸ ਕੀਤੀ ਗਈ। 2 ਸਤੰਬਰ, 2008 ਨੂੰ ਬੈਂਕ ਨੂੰ ਬੌਬ ਢਿੱਲੋਂ ਨਾਲ ਸੰਪਰਕ ਕਰਨ 'ਤੇ ਇਹ ਜਾਣਕਾਰੀ ਮਿਲੀ ਕਿ 31 ਅਗਸਤ, 2008 ਐਤਵਾਰ ਵਾਲੇ ਦਿਨ ਐਗਜ਼ੈਕਟਿਵ ਕਮੇਟੀ ਦੀ ਅਦਲਾ-ਬਦਲੀ ਹੋਈ ਹੈ ਅਤੇ ਚਿੱਠੀ ਪਾਉਣ ਵਾਲੇ ਹੁਣ ਐਗਜ਼ੈਕਟਿਵ ਕਮੇਟੀ 'ਚ ਨਹੀਂ ਹਨ। ਇਸ 9 ਸਫਿਆਂ ਦੀ ਚਿੱਠੀ ਬਾਰੇ ਜਦੋਂ ਸ. ਹੋਠੀ ਨੂੰ ਪੁਛਿਆ ਗਿਆ ਤਾਂ ਪਹਿਲਾਂ ਤਾਂ ਉਹ ਸਾਫ ਹੀ ਮੁਕਰ ਗਏ ਕਿ ਉਨ੍ਹਾਂ ਇਹੋ ਜਿਹਾ ਕੋਈ ਕੰਮ ਕੀਤਾ ਹੈ ਫਿਰ ਕਹਿਣ ਲੱਗੇ ਕਿ ਉਨ੍ਹਾਂ ਅਤੇ ਸ. ਬਲਬੰਤ ਸਿੰਘ ਚਾਹਲ ਨੇ ਦਸਤਖਤ ਕਰਕੇ ਇੱਕ ਚਿੱਠੀ ਸ. ਬਲਬੀਰ ਸਿੰਘ ਢਿੱਲੋਂ ਨੂੰ ਦੇ ਦਿੱਤੀ ਸੀ ਅਤੇ ਸ. ਢਿੱਲੋਂ ਨੇ ਉਸ ਦਾ ਕੀ ਕੀਤਾ ਇਹ ਕੋਈ ਪਤਾ ਨਹੀ ਹੈ? ਇੱਕ ਪੰਜਾਬੀ-ਹਿੰਦੀ ਰੇਡੀਓ 'ਤੇ ਤਾਂ ਸ. ਹੋਠੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੌਂਹ ਖਾਹ ਕੇ ਕਹਿ ਦਿੱਤਾ ਸੀ ਕਿ ਉਸਨੇ ਕੋਈ ਐਸੀ ਚਿੱਠੀ ਬੈਂਕ ਨੂੰ ਨਹੀਂ ਭੇਜੀ। ਹੁਣ ਸੱਚ ਸਾਹਮਣੇ ਆ ਰਿਹਾ ਹੈ।



09/02/2008 TUE 18:33 FAX 626 3638980 002/009

FROM : PHONE NO. : Sep. 01 2008 05:51PM P1

ਦੇਗ ਤੇਗ ਫਤਹਿ ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ। ਪੰਥ ਕੀ ਜੀਤ

SIKH GURDWARA - SAN JOSE
3636 Murillo Ave., San Jose, CA 95148
Ph. (408) 274-9373 • Ph. (408) 223-1509
Fax (408) 274-3712

PAGE#1

ATTN: Terry Lou
Via Fax No. 626 363 8980
No. of pages including this page= 9

TOTAL PAGES 9

September 1, 2008

09/02/2008 TUE 18:33 FAX 626 3638980 004/009

FROM : PHONE NO. : Sep. 01 2008 05:52PM P3

Page#3

ਸੰਗਤ ਦੀ ਜਾਣਕਾਰੀ ਵਾਸਤੇ, ਸਫਾ ਨੰਬਰ 3 ਤੋਂ
ਦੂਜੇ ਪਹਿਰੇ ਤੋਂ ਕੁਝ ਲਾਈਨਾ

Now he has started Phase II. He estimated it will cost 7 million a year ago. It doubled in about six months. Now he says it will cost 18 millions. A reputable company was hired (Hallmark) to give us firm bid at 23 million at current prices. Again he said he will build for 18 millions. He does not have any firm assurance from anybody to complete the projects.

ਤੀਜੇ ਪਹਿਰੇ ਤੋਂ ਕੁਝ ਲਾਈਨਾ

He went to a small bank in Los Angeles area and committed 50 million property just for 13 million. He deceptively got signatures of the president and secretary on the loan documents which has bound the Gurdwara. As loan is payable in full by July 1, 2009, there is no way public will be able to collect that kind of capitol in such a short period of time. So his wishes will come true and Gurdwara will be foreclosed through trusty sale. Instead of building, Sangat will lose what they already have. All he knows is, how to spend public money and misappropriately. He is gambling with hard earned money of Sikh Community.

ਗੁਰੂ ਪਿਆਰੀ ਸਾਧ ਸੰਗਤ ਜੀ ਗਲਤ ਪ੍ਰਚਾਰ ਤੋਂ ਬਚੋ। ਗੁਰਦੁਆਰਾ ਸਾਹਿਬ ਦੀ ਬਣ ਰਹੀ ਨਵੀਂ ਖੂਬਸੂਰਤ ਬਿਲਡਿੰਗ ਦੀ ਉਸਾਰੀ ਬੜੇ ਜੋਰ-ਸ਼ੋਰ ਨਾਲ ਚੱਲ ਰਹੀ ਹੈ ਅਤੇ ਇਸ ਸਾਲ ਦੇ ਅਖੀਰ ਤੱਕ ਮੁਕੰਮਲ ਹੋ ਜਾਵੇਗੀ। ਆਉ ਸਾਰੇ ਰੱਲ ਮਿਲ ਕੇ ਗੁਰੂ ਦੇ ਇਸ ਕਾਰਜ 'ਚ ਆਪਣਾ ਯੋਗਦਾਨ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਜਾਰੀ ਕਰਤਾ:ਐਗਜੈਕਟਿਵ ਅਤੇ ਮੀਡੀਆ ਕਮੇਟੀ**
**ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ**

*Advt.*

## ਪ੍ਰਾਪਰਟੀ ਟੈਕਸ ਘਟਾਉਣ ਲਈ ਅਪੀਲ ਹੋ ਸਕਦੀ ਹੈ

ਹੁਣ ਤੱਕ ਤੁਹਾਨੂੰ ਕਾਊਂਟੀ ਅਸੈਸਰ ਵਲੋਂ ਸਾਲ 2009-10 ਲਈ ਤੁਹਾਡੀ ਜਾਇਦਾਦ ਦੀ ਨਵੀਂ ਅਸੈਸਮੈਂਟ ਕੀਮਤ ਦੀ ਚਿੱਠੀ ਆ ਚੁੱਕੀ ਹੋਵੇਗੀ। ਜੇ ਤੁਸੀਂ ਨਵੀਂ ਕੀਮਤ ਨਾਲ ਸਹਿਮਤ ਨਹੀਂ ਹੋ ਅਤੇ ਤੁਹਾਨੂੰ ਇਹ ਜਾਪਦਾ ਹੈ ਕਿ ਕੀਮਤ ਪਹਿਲਾਂ ਦੇ ਮੁਕਾਬਲੇ ਸਗੋਂ ਘਟ ਗਈ ਹੈ ਤਾਂ ਤੁਸੀਂ 15 ਸਤੰਬਰ ਤੋਂ ਪਹਿਲਾਂ ਪਹਿਲਾਂ ਅਪੀਲ ਕਰ ਸਕਦੇ ਹੋ। ਅਪੀਲ ਕਰਨ ਲਈ ਤੁਸੀਂ www.acgov.org/clerk/assessment.htm ਤੋਂ ਜਾ ਕੇ ਫਾਰਮ ਪ੍ਰਿੰਟ ਕਰ ਸਕਦੇ ਹੋ।

ਇਸ ਫਾਰਮ ਉਤੇ ਤੁਹਾਨੂੰ 31 ਮਾਰਚ 2009 ਤੋਂ ਪਹਿਲਾਂ ਵਿਕੇ ਆਪਣੇ ਘਰ ਜਿਹੇ ਹੀ ਤਿੰਨ ਘਰਾਂ ਦਾ ਵੇਰਵਾ ਦੇਣਾ ਪਵੇਗਾ ਤਾਂ ਜੋ ਤੁਸੀਂ ਪ੍ਰਾਪਰਟੀ ਟੈਕਸ ਘੱਟ ਕਰਵਾਉਣ ਲਈ ਅਪੀਲ ਕਰ ਸਕੋ। ਤੁਹਾਨੂੰ ਸਾਬਤ ਕਰਨਾ ਪਵੇਗਾ ਕਿ ਤੁਹਾਡੇ ਘਰ ਵਰਗੇ ਘਰਾਂ ਦੀਆਂ ਕੀਮਤਾਂ ਘਟ ਚੁੱਕੀਆਂ ਹਨ। ਜਿਵੇਂ ਕਿ ਉਪਰ ਲਿਖਿਆ ਹੈ ਪਹਿਲਾਂ ਵਿਕੇ ਤਿੰਨ ਘਰਾਂ ਦਾ ਵੇਰਵਾ ਦੇਣ ਨਾਲ ਇਹ ਸਾਬਤ ਕੀਤਾ ਜਾ ਸਕਦਾ ਹੈ। ਇਹ ਕੰਮ ਤੁਸੀਂ ਖੁਦ ਹੀ ਕਰ ਸਕਦੇ ਹੋ। ਕਿਸੇ ਨੂੰ ਇਸ ਦੇ ਬਦਲੇ ਪੈਸੇ ਦੇਣ ਦੀ ਲੋੜ ਨਹੀਂ ਹੈ। ਜੇ ਕੋਈ ਸਵਾਲ ਹੋਵੇ ਤਾਂ ਫੋਨ 510-304-9292 ਉਤੇ ਫੋਨ ਕਰ ਸਕਦੇ ਹੋ।

-ਜੱਸੀ ਗਿੱਲ

# ਗਲੋਬਲ ਭੰਗੜਾ ਮੁਕਾਬਲੇ 'ਚ ਬੇ-ਏਰੀਆ ਕਲੱਬ ਦੀ ਸਰਦਾਰੀ

**ਓਕਲੈਂਡ:** ਓਰੇਕਲ ਐਰੀਨਾ, ਓਕਲੈਂਡ ਵਿਚ ਮਹਿਤਾ ਐਂਟਰਟੇਨਮੈਂਟ ਅਤੇ ਅਟਵਾਲ ਐਂਟਰਟੇਨਮੈਂਟ ਵਲੋਂ ਕਰਵਾਏ ਗਏ 'ਐਕਸਪਲੋਜ਼ਨ 2009' ਅਤੇ ਗਲੋਬਲ ਭੰਗੜਾ ਮੁਕਾਬਲਿਆਂ ਵਿਚ ਉੱਤਰੀ ਅਮਰੀਕਾ ਦੀਆਂ ਛੇ ਚੋਣਵੀਆਂ ਟੀਮਾਂ ਨੇ ਭਾਗ ਲਿਆ। ਸੋਨੂੰ ਨਿਗਮ, ਸੁਨਿਧੀ ਚੌਹਾਨ ਅਤੇ ਹਾਰਡ ਕੌਰ ਦੇ ਲਾਈਵ ਕਾਨਸਰਟ ਤੋਂ ਠੀਕ ਪਹਿਲਾਂ ਕਰਵਾਏ ਗਏ ਭੰਗੜਾ ਮੁਕਾਬਲਿਆਂ ਵਿਚ ਬੇ-ਏਰੀਆ ਭੰਗੜਾ ਕਲੱਬ ਦੀ ਟੀਮ ਨੂੰ ਪਹਿਲਾ ਸਥਾਨ ਮਿਲਿਆ। ਦੂਜੇ ਨੰਬਰ 'ਤੇ ਐਬਟਸਫੋਰਡ (ਕੈਨੇਡਾ) ਤੇ ਤੀਜੇ ਸਥਾਨ 'ਤੇ ਸ਼ਾਨੇ ਪੰਜਾਬ ਆਰਟਸ ਕਲੱਬ (ਸਰੀ), ਕੈਨੇਡਾ ਦੀ ਟੀਮ ਰਹੀ।

ਮੁਕਾਬਲੇ 'ਚ ਭਾਗ ਲੈਣ ਵਾਲੀਆਂ ਹੋਰ ਟੀਮਾਂ 'ਚ ਲਾਸ ਏਂਜਲਸ ਤੋਂ 'ਅਨਖ ਪੰਜਾਬ ਦੀ', ਸਿਆਟਲ ਤੋਂ 'ਫੋਕਲ ਅਟਰੈਕਸ਼ਨ' ਅਤੇ ਬੇ-ਏਰੀਏ ਤੋਂ ਐਨ ਐਂਡ ਜੇ ਡਾਂਸਰਜ਼ ਦੀ 'ਨੱਚਦੀ ਜਵਾਨੀ' ਟੀਮਾਂ ਸ਼ਾਮਲ ਸਨ। ਭੰਗੜਾ ਅੰਪਾਇਰ ਜੂਨੀਅਰ ਨੇ ਗੈਸਟ ਆਈਟਮ ਪੇਸ਼ ਕੀਤੀ।



ਭੰਗੜੇ ਦੇ ਜਵਾਨਾਂ ਦਾ ਇਕ ਅੰਦਾਜ਼



ਮੰਚ ਸੰਚਾਲਕ ਜਸਵੰਤ ਸ਼ਾਦ

ਸਟੇਜ ਹੋਸਟ ਜਸਵੰਤ ਸਿੰਘ ਸ਼ਾਦ ਨੇ ਆਪਣੀ ਨਪੀ ਤੁਲੀ ਤੇ ਜੋਸ਼ੀਲੀ ਸ਼ਬਦਾਵਲੀ ਨਾਲ ਜਿੱਥੇ ਟੀਮਾਂ ਦੇ ਹੌਸਲੇ ਵਧਾਏ, ਉਥੇ ਨਾਲ ਹੀ ਸਮਾਗਮ ਨੂੰ ਬੜੀ ਤਰਤੀਬ ਨਾਲ ਪੇਸ਼ ਕਰਕੇ ਦਰਸ਼ਕਾਂ ਦੇ ਮਨ ਮੋਹ ਲਏ। ਉਸ ਦਾ ਮੰਚ ਸੰਚਾਲਨ ਸ਼ਲਾਘਾਯੋਗ ਸੀ। ਇਸ ਮੁਕਾਬਲੇ ਦੇ ਪ੍ਰਬੰਧਕਾਂ ਦੇਵ ਅਟਵਾਲ, ਅਮ੍ਰਿਤਪਾਲ ਸਰਾਂ, ਅਮਰਦੀਪ ਤੇ ਦੀਪਕ ਮਹਿਤਾ ਨੇ ਮੁਕਾਬਲੇ ਦੀ ਕਾਮਯਾਬੀ ਲਈ ਪੂਰੀ ਵਾਹ ਲਾਈ।

ਪ੍ਰਬੰਧਕਾਂ ਵਲੋਂ ਫੇਵਰਿਟ ਇੰਡੀਆ ਰੈਸਟੋਰੈਂਟ ਹੇਵਰਡ ਦੇ ਬਿਕਰਮਜੀਤ ਸਿੰਘ ਤੇ ਲਖਬੀਰ ਸਿੰਘ, ਪੰਜਾਬੀ ਢਾਬਾ ਦੇ ਸਿਕੰਦਰ ਗਰੇਵਾਲ, ਬੌਬੀ ਸਿੱਧੂ, ਇੰਡੀਆ ਕਿਚਨ ਫਰੀਮਾਂਟ, ਮਿਨੀ ਰੰਧਾਵਾ ਵੈਲਜ਼ ਫਾਰਗੋ ਬੈਂਕ, ਅਮਰੀਕਾ ਰਿਆਲਟੀ ਦੇ ਰਣਵੀਰ ਅਟਵਾਲ, ਬੰਬੇ ਗਾਰਡਨ ਦੇ ਬਲਕਾਰ ਸਿੰਘ, ਬਿਕਰਮਜੀਤ ਸਿੰਘ ਪੈਨਿਨਸੁਲਾ ਯੈਲੋ ਕੈਬ ਤੇ ਹੋਰ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ। ਇਨ੍ਹਾਂ ਸਪਾਂਸਰਾਂ ਨੇ ਜੇਤੂਆਂ ਨੂੰ ਇਨਾਮ ਵੀ ਵੰਡੇ। ਦਵਿੰਦਰ ਗਰੇਵਾਲ, ਜਤਿੰਦਰ ਗਰੇਵਾਲ, ਬੇਕਰਸਫੀਲਡ ਤੋਂ ਆਏ ਬੱਬੂ ਗੁਰਪਾਲ (ਲੋਕ ਗਾਇਕ), ਅਨੂਪ ਚੀਮਾ (ਗਾਇਕ) ਤੇ ਉਮਰ ਮਿਰਜ਼ਾ ਨੇ ਬਤੌਰ ਜੱਜਾਂ ਦੀ ਡਿਊਟੀ ਨਿਭਾਈ।

## ਮਲੇਸ਼ੀਆ ਦਾ ਸਿੱਖ ਭਾਈਚਾਰਾ ਰਾਜਨੀਤੀ 'ਚ ਸਰਗਰਮ ਹੋਣ ਲੱਗਾ

**ਕੁਆਲਾਲੰਪੁਰ:** "ਮਲੇਸ਼ੀਆ ਵਿਚ ਘੱਟ ਗਿਣਤੀ ਵਜੋਂ ਰਹਿ ਰਹੇ ਸਿੱਖ ਭਾਈਚਾਰੇ ਵਲੋਂ ਦੇਸ਼ ਦੇ ਵਿਕਾਸ ਅਤੇ ਸਭਿਆਚਾਰਕ ਰੀਤੀ-ਰਿਵਾਜਾਂ ਨੂੰ ਕਾਇਮ ਰੱਖਣ ਵਿਚ ਪਾਏ ਜਾ ਰਹੇ ਯੋਗਦਾਨ ਤੋਂ ਸਰਕਾਰ ਬਹੁਤ ਖੁਸ਼ ਹੈ।" ਇਹ ਗੱਲ ਮਲੇਸ਼ੀਆ ਦੇ ਇਕ ਸੂਬੇ, ਪਰਕ ਦੇ ਮੁੱਖ ਮੰਤਰੀ ਅਬਦੁਲ ਕਾਦਿਰ ਜ਼ਾਂਬਰੀ ਨੇ ਕਹੀ।

ਮੁੱਖ ਮੰਤਰੀ ਅਨੁਸਾਰ ਸਿੱਖ ਭਾਈਚਾਰੇ ਦੀ ਭਾਵੇਂ ਸਰਕਾਰ ਅਤੇ ਦੇਸ਼ ਨੂੰ ਚਲਾਉਣ ਵਾਲੇ ਪ੍ਰਸ਼ਾਸਨ ਵਿਚ ਭਾਈਵਾਲੀ ਨਹੀਂ ਹੈ, ਪਰ ਫਿਰ ਵੀ ਇਹ ਭਾਈਚਾਰਾ ਦੇਸ਼ ਦੀ ਉਨਤੀ ਤੇ ਤਰੱਕੀ ਵਿਚ ਬਹੁਤ ਯੋਗਦਾਨ ਪਾ ਰਿਹਾ ਹੈ, ਜੋ ਸਲਾਹੁਣਯੋਗ ਹੈ। ਪਰਕ ਵਿਚ ਰਹਿੰਦੇ ਸਿੱਖਾਂ ਵਲੋਂ ਬਣਾਈ ਸੰਸਥਾ ਯੂਨੀਅਨ ਆਫ ਪਰਕ ਸਿੱਖ ਆਰਗੇਨਾਈਜੇਸ਼ਨ (ਯੂ.ਪੀ.ਐਸ.ਓ.) ਵਲੋਂ ਰੱਖੇ ਰਾਤਰੀ ਭੋਜਨ 'ਤੇ ਪੁੱਜੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਘੱਟ ਗਿਣਤੀਆਂ ਨੂੰ ਪੇਸ਼ ਆਉਂਦੀਆਂ ਔਕੜਾਂ ਨੂੰ ਖਤਮ ਕਰਨ ਲਈ ਯਤਨ ਕਰਨਗੇ।

ਉਹ ਇਸ ਗੱਲੋਂ ਬਹੁਤ ਖੁਸ਼ ਜਾਪੇ ਕਿ ਮਲੇਸ਼ੀਆ ਵਿਚ ਰਹਿੰਦੇ ਸਿੱਖ ਦੇਸ਼ ਖਾਸ ਕਰ ਪਰਕ ਸੂਬੇ ਦੀਆਂ ਸੱਭਿਆਚਾਰਕ ਤੇ ਪ੍ਰੰਪਰਕ ਰੀਤੀ-ਰਿਵਾਜਾਂ ਨੂੰ ਅਪਨਾਉਂਦੇ ਹੋਏ ਆਪਣੀਆਂ ਸੇਵਾਵਾਂ ਦੇ ਰਹੇ ਹਨ। ਪਰਕ ਦੇ ਮੁੱਖ ਮੰਤਰੀ ਨੇ ਸਿੱਖ ਭਾਈਚਾਰੇ ਨੂੰ ਅਪੀਲ ਵੀ ਕੀਤੀ ਕਿ ਉਹ ਇਸੇ ਤਰ੍ਹਾਂ ਆਪਣਾ ਯੋਗਦਾਨ ਪਾਉਂਦੇ ਰਹਿਣ ਅਤੇ ਉਹ ਵੀ ਸਿੱਖ ਭਾਈਚਾਰੇ ਨੂੰ ਕੋਈ ਔਕੜਾਂ ਨਹੀਂ ਆਉਣ ਦੇਣਗੇ। ਪੌਣੇ ਤਿੰਨ ਕਰੋੜ ਦੀ ਵਸੋਂ ਵਾਲੇ ਮੁਲਕ ਮਲੇਸ਼ੀਆ ਵਿਚ ਅੱਠ ਫੀਸਦੀ ਹੀ ਭਾਰਤੀ ਰਹਿੰਦੇ ਹਨ, ਜਿਨ੍ਹਾਂ ਵਿਚੋਂ ਬਹੁ-ਗਿਣਤੀ ਤਾਮਿਲ ਹਨ। ਸਿੱਖ ਬਹੁਤ ਹੀ ਘੱਟ-ਗਿਣਤੀ ਵਿਚ ਰਹਿੰਦੇ ਹਨ, ਪਰ ਫਿਰ ਵੀ ਸਿੱਖ ਭਾਈਚਾਰਾ ਗੁਰਦੁਆਰਿਆਂ ਵਿਚ ਲੰਗਰ ਲਾ ਕੇ, ਦਾਨ ਅਤੇ ਵਿਕਾਸ ਰਾਹੀਂ ਵੱਡਾ ਯੋਗਦਾਨ ਪਾ ਰਿਹਾ ਹੈ।

ਅੱਠ ਸਿੱਖ ਸੰਗਠਨਾਂ ਅਤੇ 38 ਗੁਰਦੁਆਰਿਆਂ ਨੂੰ ਮਿਲਾ ਕੇ ਯੂ.ਪੀ.ਐਸ.ਓ. ਬਣਾਈ ਗਈ ਹੈ। ਪਰਕ ਵਿਚ 28 ਹਜ਼ਾਰ ਦੇ ਕਰੀਬ ਸਿੱਖ ਰਹਿੰਦੇ ਹਨ, ਜਿਨ੍ਹਾਂ ਵਿਚੋਂ 15 ਹਜ਼ਾਰ ਸਿੱਖ ਮੁੱਖ ਮੰਤਰੀ ਨੂੰ ਦਿੱਤੇ ਰਾਤਰੀ ਭੋਜ ਵਿਚ ਸ਼ਾਮਲ ਹੋਏ। ਮੁੱਖ ਮੰਤਰੀ ਅਬਦੁਲ ਕਾਦਿਰ ਇਸ ਸੰਸਥਾ ਨਾਲ ਲੰਬੇ ਸਮੇਂ ਅਤੇ ਸੁਖਾਵੇਂ ਸਬੰਧ ਬਣਾਈ ਰੱਖਣ ਦੇ ਇੱਛੁਕ ਹਨ। ਸਿੱਖ ਆਗੂਆਂ ਨੇ ਮੁੱਖ ਮੰਤਰੀ ਅੱਗੇ ਪੇਸ਼ਕਸ਼ ਵੀ ਰੱਖੀ ਕਿ ਉਨ੍ਹਾਂ ਨੂੰ ਸਰਕਾਰ ਵਿਚ ਨੁਮਾਇੰਦਗੀ ਦੇਣ ਲਈ ਸਿੱਖ ਮਾਮਲਿਆਂ ਬਾਰੇ ਸਲਾਹਕਾਰ ਨਿਯੁਕਤ ਕਰੇ। ਮੁੱਖ ਮੰਤਰੀ ਨੇ ਸਿੱਖਾਂ ਨੂੰ ਇਸ ਮਸਲੇ ਬਾਰੇ ਸੋਚਣ ਦਾ ਭਰੋਸਾ ਦਿੱਤਾ ਹੈ।

# ਭਾਰਤ 'ਚ ਪਹਿਲਾ ਹੈਲੀਕਾਪਟਰ ਸਿਮੂਲੇਟਰ ਟਰੇਨਿੰਗ ਸੈਂਟਰ ਖੁੱਲ੍ਹਾ

**ਨਵੀਂ ਦਿੱਲੀ (ਪੀ.ਐਸ. ਮਰਵਾਹਾ):** ਗਲੋਬਲ ਐਵੀਏਸ਼ਨ ਇੰਕ (ਯੂ.ਐਸ.ਏ.) ਦੀ ਸਹਿਯੋਗੀ ਕੰਪਨੀ ਸ਼ੌਰੀਯ ਬ੍ਰਾਈਟ ਸਿਮ ਨੇ ਭਾਰਤ ਵਿਚ ਪਹਿਲਾ ਤੇ ਇਕੋ ਇਕ ਹੈਲੀਕਾਪਟਰ ਸਿਮੂਲੇਟਰ ਟਰੇਨਿੰਗ ਸੈਂਟਰ ਤਕਰੀਬਨ ਤੀਹ ਕਰੋੜ ਰੁਪਏ ਦੀ ਲਾਗਤ ਨਾਲ ਦਿੱਲੀ ਦੇ ਸਫਦਰਜੰਗ ਹਵਾਈ ਅੱਡੇ 'ਤੇ ਖੋਲ੍ਹਿਆ ਹੈ। ਗਲੋਬਲ ਐਵੀਏਸ਼ਨ ਇੰਕ ਦੇ ਸੀ.ਈ.ਓ. (ਪਾਰਟਨਰ) ਸ੍ਰੀ ਕਰਨ ਸਿੱਧੂ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸੈਂਟਰ ਭਾਰਤ ਵਿਚ ਹੀ ਨਹੀਂ ਬਲਕੇ ਏਸ਼ੀਆ ਵਿਚ ਵੀ ਪਹਿਲਾ ਹੈ ਅਤੇ ਇਸ ਦੀ ਪ੍ਰਵਾਨਗੀ ਭਾਰਤ ਦੇ ਸਿਵਲ ਹਵਾਬਾਜ਼ੀ ਵਿਭਾਗ ਦੇ ਡਾਇਰੈਕਟਰ ਜਨਰਲ ਨੇ ਤਮਾਮ ਜ਼ਰੂਰੀ ਤੇ ਕਾਨੂੰਨੀ ਪੜਤਾਲ ਕਰਨ ਉਪਰੰਤ ਦੇ ਦਿੱਤੀ ਹੈ। ਹੁਣ ਸਿਰਫ ਰਸਮੀ ਉਦਘਾਟਨ ਲਈ ਭਾਰਤ ਸਰਕਾਰ ਦੇ ਸਿਵਲ ਹਵਾਬਾਜ਼ੀ ਮੰਤਰੀ ਜਾਂ ਕਿਸੇ ਉਚ ਅਧਿਕਾਰੀ ਤੋਂ ਤਾਰੀਖ ਮਿਲਣ ਦੀ ਇੰਤਜ਼ਾਰ ਹੈ। ਸ੍ਰੀ ਸਿੱਧੂ ਨੇ ਇਹ ਵੀ ਦੱਸਿਆ ਕਿ ਵਿਦੇਸ਼ਾਂ ਤੋਂ ਇਸ ਪ੍ਰਕਾਰ ਦੀ ਟਰੇਨਿੰਗ ਲੈਣ ਨਾਲੋਂ ਇਥੇ ਤਕਰੀਬਨ 40 ਫੀਸਦੀ ਖਰਚ ਘੱਟ ਆਵੇਗਾ।

ਸ਼ੌਰੀਯ ਫਲਾਈਟ ਸਿਮ ਦੇ ਐਮ.ਡੀ. (ਪਾਰਟਨਰ) ਕੈਪਟਨ ਸੰਦੀਪ ਸਰਾਫ ਨੇ ਇਸ ਸਾਰੇ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਵਿਚ ਇਸ ਵੇਲੇ ਲਗਭਗ 700 ਹੈਲੀਕਾਪਟਰ ਪਾਇਲਟ ਹਨ ਜਿਨ੍ਹਾਂ ਨੂੰ ਇਸ ਸੈਂਟਰ ਤੋਂ ਪੂਰਾ ਫਾਇਦਾ ਹੋਵੇਗਾ। ਇਸ ਦੇ ਨਾਲ ਹੀ ਹੈਲੀਕਾਪਟਰ ਪਾਇਲਟ ਬਣਨ ਦੇ ਚਾਹਵਾਨ ਲੋਕ ਵੀ ਪੀ.ਪੀ.ਐਲ. (ਐਚ) ਤੇ ਸੀ.ਪੀ.ਐਲ. (ਐਚ) ਦੀ ਟਰੇਨਿੰਗ ਲੈ ਸਕਣਗੇ।

ਕੈਪਟਨ ਸੰਦੀਪ ਨੇ ਹੋਰ ਖੁਲਾਸਾ ਕਰਦਿਆਂ ਦੱਸਿਆ ਕਿ ਹੈਲੀਕਾਪਟਰ ਪਾਇਲਟਾਂ ਨੂੰ ਹਰ ਸਾਲ ਕੁਝ ਘੰਟੇ ਸਿਮੂਲੇਟਰ ਲੈਣੀ ਜ਼ਰੂਰੀ ਹੈ ਤਾਂ ਕਿ ਉਹ ਹਰ ਮੌਸਮ ਤੇ ਐਮਰਜੈਂਸੀ ਵਿਚ ਆਉਣ ਵਾਲੀਆਂ ਮੁਸ਼ਕਲਾਂ ਤੋਂ ਜਾਣੂ ਰਹਿਣ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਿਖਲਾਈ ਕੇਂਦਰ ਵਿਚ ਪੀ.ਪੀ.ਐਲ. (ਐਚ) ਅਤੇ ਸੀ.ਪੀ.ਐਲ. (ਐਚ) ਤੋਂ ਇਲਾਵਾ ਇੰਸਟਰੂਮੈਂਟ ਰੇਟਿੰਗ (ਐਚ) ਲਈ ਸਿਮੂਲੇਟਰ/ਐਫ.ਟੀ.ਡੀ. ਦੀ ਕਾਰਗੁਜ਼ਾਰੀ ਪਰਖਣ ਲਈ ਚਲੰਤ ਟਰੇਨਿੰਗ, ਸਿਮੂਲੇਟਰ/ਐਫ.ਟੀ.ਡੀ. ਉਤੇ ਆਈ.ਆਰ. ਰਿਵਿਊਵਲ ਅਤੇ ਸਿਮੂਲੇਟਰ/ਐਫ.ਟੀ.ਡੀ. ਉਤੇ ਟਾਈਪ ਇੰਡੋਰਸਮੈਂਟ/ਟਾਈਪ ਰੇਟਿੰਗ ਦੇਣ ਦਾ ਵੀ ਪ੍ਰੋਗਰਾਮ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਹੈਲੀਕਾਪਟਰ ਸਿਮੂਲੇਟਰ ਦੇ ਸਾਰੇ ਟਰੇਨਿੰਗ ਯੰਤਰ ਅਮਰੀਕਾ ਦੀ ਫੈਡਰਲ ਏਵੀਏਸ਼ਨ ਏਜੰਸੀ ਤੋਂ ਮਾਨਤਾਪ੍ਰਾਪਤ ਹਨ। ਜਿਹੜੇ ਪਾਇਲਟਾਂ ਨੂੰ ਇਸ ਟਰੇਨਿੰਗ ਖਾਤਰ ਪਹਿਲਾਂ ਅਮਰੀਕਾ ਜਾਣਾ ਪੈਂਦਾ ਸੀ ਉਹ ਘੱਟ ਖਰਚ ਅੰਦਰ ਹੀ ਇਹ ਟਰੇਨਿੰਗ ਭਾਰਤ ਅੰਦਰ ਲੈ ਸਕਣਗੇ। ਭਵਿੱਖ ਦੀਆਂ ਯੋਜਨਾਵਾਂ ਬਾਰੇ ਗੱਲ ਕਰਦਿਆਂ ਕੈਪਟਨ ਸੰਦੀਪ ਨੇ ਆਖਿਆ ਕਿ ਅਸੀਂ ਛੇਤੀ ਹੀ ਕਰੀਬ ਇਕ ਸੌ ਕਰੋੜ ਰੁਪਏ ਦੀ ਲਾਗਤ ਨਾਲ ਫਿਕਸਡ ਵਿੰਗ ਸਿਮੂਲੇਟਰ ਲਾਉਣ ਦੀ ਯੋਜਨਾ ਤਿਆਰ ਕਰ ਰਹੇ ਹਾਂ ਅਤੇ ਇਸ ਬਾਰੇ ਗਲੋਬਲ ਐਵੀਏਸ਼ਨ ਇੰਕ ਦੇ ਸੀ.ਈ.ਓ. (ਪਾਰਟਨਰ) ਸ੍ਰੀ ਕਰਨ ਸਿੱਧੂ ਬੋਇੰਗ ਅਤੇ ਏਅਰਬਸ ਕੰਪਨੀਆਂ ਨਾਲ ਗੱਲਬਾਤ ਚਲਾ ਰਹੇ ਹਨ। ਭਾਰਤ ਵਿਚ ਸਾਰੀਆਂ ਏਅਰਲਾਈਨਾਂ ਦੇ ਤਕਰੀਬਨ 80 ਫੀਸਦ ਹਵਾਈ ਜਹਾਜ਼ ਇਨ੍ਹਾਂ ਦੋਹਾਂ ਕੰਪਨੀਆਂ ਦੇ ਹੀ ਬਣੇ ਹੋਏ ਹਨ। ਇਨ੍ਹਾਂ ਜਹਾਜ਼ਾਂ ਦੇ ਪਾਇਲਟ ਆਉਣ ਵਾਲੇ ਸਮੇਂ ਵਿਚ ਆਪਣੀ ਟਰੇਨਿੰਗ ਭਾਰਤ ਅੰਦਰ ਹੀ ਲੈ ਸਕਣਗੇ।

## ਤਸਲੀਮਾ ਦਾ ਵੀਜ਼ਾ ਵਧਿਆ

**ਨਵੀਂ ਦਿੱਲੀ:** ਸਰਕਾਰ ਨੇ ਵਾਦ-ਵਿਵਾਦ ਵਾਲੀ ਬੰਗਲਾਦੇਸ਼ੀ ਲੇਖਿਕਾ ਤਸਲੀਮਾ ਦੇ ਵੀਜ਼ੇ ਦੀ ਮਿਆਦ ਹੋਰ 6 ਮਹੀਨਿਆਂ ਲਈ ਵਧਾ ਦਿੱਤੀ ਹੈ। ਤਸਲੀਮਾ ਜੋ 6 ਅਗਸਤ ਨੂੰ ਹੀ ਭਾਰਤ ਪਰਤੀ ਹੈ, ਦੇ ਵੀਜ਼ੇ ਦੀ ਮਿਆਦ ਹੁਣ 16 ਫਰਵਰੀ 2010 ਤਕ ਲਈ ਹੋਵੇਗੀ। 47 ਸਾਲਾ ਤਸਲੀਮਾ ਦੇ ਵੀਜ਼ੇ ਦੀ ਮਿਆਦ 17 ਅਗਸਤ ਨੂੰ ਖਤਮ ਹੋਣੀ ਸੀ।

## ਦਰਸ਼ਨੀ ਡਿਊਢੀ

(ਸਫਾ ਇਕ ਦੀ ਬਾਕੀ)

ਜਥੇਦਾਰਾਂ ਅਤੇ ਸਥਾਪਤ ਅਕਾਲੀ ਲੀਡਰਾਂ ਦੀ ਆਲੋਚਨਾ ਕਰ ਰਹੀ ਧਿਰ ਦਾ ਆਖਣਾ ਹੈ ਕਿ ਭਾਵੇਂ ਇਹ ਮਸਲਾ ਮੁਰਾਰਜੀ ਦੇਸਾਈ ਵੇਲੇ ਵੀ ਉਠਾਇਆ ਗਿਆ ਸੀ, ਪਰ ਸਿੱਖਾਂ ਨੇ ਦਰਵਾਜ਼ੇ ਵਾਪਸ ਦੇਣੇ ਸਵੀਕਾਰ ਨਹੀਂ ਸਨ ਕੀਤੇ। ਹੁਣ ਵੀ ਭਾਵੇਂ ਇਹ ਦਰਵਾਜ਼ੇ ਮੰਦਰ ਨੂੰ ਲਗਾਏ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ, ਪਰ ਅਕਾਲੀ ਦਲ ਦੀ ਭਾਈਵਾਲ ਭਾਜਪਾ ਅਤੇ ਨਜ਼ਦੀਕੀ ਆਰ.ਐਸ.ਐਸ. ਦੀਆਂ ਧਿਰਾਂ ਇਸ ਇਤਿਹਾਸਕ ਦਾਗ ਨੂੰ ਦਰਬਾਰ ਸਾਹਿਬ ਤੋਂ ਹਟਾਉਣਾ ਚਾਹੁੰਦੀਆਂ ਹਨ।

ਇਸ ਦੌਰਾਨ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਸ. ਸਿਮਰਨਜੀਤ ਸਿੰਘ ਮਾਨ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਕਿਸੇ ਵੀ ਬਹਾਨੇ ਇਹ ਦਰਵਾਜ਼ੇ ਦਰਬਾਰ ਸਾਹਿਬ ਤੋਂ ਹਟਾਏ ਨਹੀਂ ਜਾਣੇ ਚਾਹੀਦੇ। ਉਨ੍ਹਾਂ ਨੇ ਇਕ ਬਿਆਨ ਵਿਚ ਕਿਹਾ ਕਿ ਦਰਬਾਰ ਸਾਹਿਬ ਨੂੰ ਸਦੀਆਂ ਤੋਂ ਲੱਗੇ ਸ੍ਰੀ ਸੋਮਨਾਥ ਮੰਦਰ ਦੇ ਇਹ ਦਰਵਾਜ਼ੇ ਉਸ ਵੇਲੇ ਦੇ ਹਿੰਦੁਸਤਾਨ ਦੀ 'ਬੁਜ਼ਦਿਲੀ' ਅਤੇ ਸਿੱਖ ਕੌਮ ਦੀ 'ਬਹਾਦਰੀ ਅਤੇ ਵਡੱਪਣ' ਦਾ ਪ੍ਰਤੀਕ ਹਨ। ਇਸ ਲਈ ਆਰ.ਐਸ.ਐਸ. ਦੇ ਸੰਗਠਨ ਅਤੇ ਹੋਰ ਫਿਰਕੂ ਜਮਾਤਾਂ ਵਲੋਂ ਇਨ੍ਹਾਂ ਦਰਵਾਜ਼ਿਆਂ ਨੂੰ ਚੋਰੀ ਛਿਪੇ ਜਾਂ ਕਿਸੇ ਬਹਾਨੇ ਨਾਲ ਉਥੋਂ ਹਟਾਉਣ ਦੀ ਦੂਸਰੀ ਤੀਸਰੀ ਵਾਰ ਸਾਜ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਾਜ਼ਿਸ਼ ਨੂੰ ਸਿੱਖ ਕੌਮ ਕਿਸੇ ਵੀ ਕੀਮਤ 'ਤੇ ਪੂਰਾ ਨਹੀਂ ਹੋਣ ਦੇਵੇਗੀ।

# ਪੰਜਾਬ ਭਾਜਪਾ 'ਚ ਧੜੇਬੰਦੀ ਹੋਰ ਤਿੱਖੀ ਹੋਣ ਦੇ ਆਸਾਰ ਬਣੇ

** ਅਵਿਨਾਸ਼ ਰਾਏ ਖੰਨਾ ਅਤੇ ਸ. ਹਰਜੀਤ ਸਿੰਘ ਗਰੇਵਾਲ ਦੀ ਅਗਵਾਈ ਵਾਲੇ ਧੜੇ ਵਲੋਂ ਸ੍ਰੀ ਵਿਜੇ ਸਾਂਪਲਾ ਨੂੰ ਪ੍ਰਦੇਸ਼ ਭਾਜਪਾ ਦੀ ਪ੍ਰਧਾਨਗੀ ਲਈ ਉਮੀਦਵਾਰ ਵਜੋਂ ਪੇਸ਼ ਕੀਤੇ ਜਾਣ ਦੀ ਸੰਭਾਵਨਾ * ਨਵਜੋਤ ਸਿੱਧੂ ਵਾਲਾ ਵਿਵਾਦ ਜਿਉਂ ਦਾ ਤਿਉਂ।*

**ਚੰਡੀਗੜ੍ਹ :** ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ ਹੋਣ ਨਾਲ ਇਸ ਵਿਚਲੀ ਧੜੇਬੰਦੀ ਨੂੰ ਹੋਰ ਬਲ ਮਿਲਣਾ ਦੇ ਆਸਾਰ ਹਨ। ਭਾਜਪਾ ਦੇ ਸੂਬਾ ਪ੍ਰਧਾਨਾਂ ਦੀਆਂ ਚੋਣਾਂ ਨਵੰਬਰ ਮਹੀਨੇ ਤੱਕ ਪੂਰੀਆਂ ਕੀਤੀਆਂ ਜਾਣੀਆਂ ਹਨ, ਕਿਉਂਕਿ ਭਾਜਪਾ ਦੇ ਕੌਮੀ ਪ੍ਰਧਾਨ ਦੀ ਚੋਣ ਲਈ ਪ੍ਰਕਿਰਿਆ ਦਾ ਕੰਮ ਦਸੰਬਰ 2009 ਤੱਕ ਪੂਰਾ ਕੀਤਾ ਜਾਣਾ ਹੈ।

ਪੰਜਾਬ ਭਾਜਪਾ ਦੇ ਪ੍ਰਧਾਨ ਸ੍ਰੀ ਰਜਿੰਦਰ ਭੰਡਾਰੀ ਜਿਨ੍ਹਾਂ ਨੂੰ ਸਨਅਤ ਮੰਤਰੀ ਸ੍ਰੀ ਮਨੋਰੰਜਨ ਕਾਲੀਆ ਤੋਂ ਇਲਾਵਾ ਸੀਨੀਅਰ ਭਾਜਪਾ ਆਗੂਆਂ ਸ੍ਰੀ ਬਲਰਾਮਜੀ ਦਾਸ ਟੰਡਨ, ਸ੍ਰੀ ਮਦਨ ਮੋਹਨ ਮਿੱਤਲ ਸਮੇਤ ਕਈ ਸੀਨੀਅਰ ਆਗੂਆਂ ਦਾ ਸਮਰਥਨ ਹਾਸਲ ਹੈ।

ਉਨ੍ਹਾਂ ਭਾਵੇਂ ਖੁਦ ਪ੍ਰਦੇਸ਼ ਭਾਜਪਾ ਦੇ ਪ੍ਰਧਾਨਗੀ ਦੇ ਅਹੁਦੇ ਲਈ ਆਪਣੀ ਦਾਅਵੇਦਾਰੀ ਪੇਸ਼ ਨਹੀਂ ਕੀਤੀ ਜਾ ਰਹੀ, ਪਰ ਇਸ ਅਹਿਮ ਅਹੁਦੇ 'ਤੇ ਪਕੜ ਕਾਇਮ ਰੱਖਣ ਦੀ ਚਾਰਾਜੋਈ ਇਸ ਧੜੇ ਵਲੋਂ ਕੀਤੀ ਜਾ ਰਹੀ ਹੈ।

ਭਾਜਪਾ ਸੂਤਰਾਂ ਅਨੁਸਾਰ ਇਸ ਧੜੇ ਵਲੋਂ ਪੰਜਾਬ ਸਟੇਟ ਦੇਵ ਰੱਤੀ ਅਤੇ ਲੁਧਿਆਣਾ ਤੋਂ ਪਾਰਟੀ ਦੇ ਸਰਗਰਮ ਆਗੂ ਕਮਲ ਸ਼ਰਮਾ ਸਮੇਤ ਕੋਈ ਅੱਧੀ ਦਰਜਨ ਨਾਮ ਵਿਚਾਰ ਅਧੀਨ ਹਨ, ਜਦੋਂਕਿ ਪ੍ਰਦੇਸ਼ ਭਾਜਪਾ ਦੇ ਸ੍ਰੀ ਅਵਿਨਾਸ਼ ਰਾਏ ਖੰਨਾ ਅਤੇ ਸ. ਹਰਜੀਤ ਸਿੰਘ ਗਰੇਵਾਲ ਦੀ ਅਗਵਾਈ ਵਾਲੇ ਧੜੇ ਵਲੋਂ ਸ੍ਰੀ ਵਿਜੇ ਸਾਂਪਲਾ ਵਰਗੇ ਕਿਸੇ ਸੀਨੀਅਰ ਆਗੂ ਨੂੰ ਪ੍ਰਦੇਸ਼ ਭਾਜਪਾ ਦੀ ਪ੍ਰਧਾਨਗੀ ਲਈ ਉਮੀਦਵਾਰ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਪ੍ਰਦੇਸ਼ ਭਾਜਪਾ ਵਲੋਂ ਇਸ ਮੰਤਵ ਲਈ ਸ਼ੁਰੂ ਕੀਤੀ ਗਈ ਭਰਤੀ ਸਬੰਧੀ ਦੋਵੇਂ ਧੜੇ ਕਾਫੀ ਸਰਗਰਮ ਨਜ਼ਰ ਆ ਰਹੇ ਹਨ, ਕਿਉਂਕਿ ਇਸੇ ਭਰਤੀ ਦੇ ਆਧਾਰ 'ਤੇ ਸਰਕਲ ਅਤੇ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ ਹੋਣੀ ਹੈ।

ਲੇਕਿਨ ਪਤਾ ਲੱਗਾ ਹੈ ਕਿ ਭਾਜਪਾ ਹਾਈਕਮਾਨ ਮਗਰਲੇ ਕੁਝ ਸਮੇਂ ਦੌਰਾਨ ਰਾਜ ਵਿਚ ਅਕਾਲੀ ਦਲ ਅਤੇ ਭਾਜਪਾ ਦਰਮਿਆਨ ਵਾਰ-ਵਾਰ ਪੈਦਾ ਹੁੰਦੀ ਰਹੀ ਟਕਰਾਅ ਵਾਲੀ ਸਥਿਤੀ ਤੋਂ ਦੁਖੀ ਹੈ ਅਤੇ ਉਹ ਵੀ ਸੂਬੇ ਲਈ ਅਜਿਹੀ ਲੀਡਰਸ਼ਿਪ ਦੀ ਚੋਣ ਚਾਹੇਗੀ, ਜੋ ਅਕਾਲੀ ਦਲ ਨਾਲ ਸੁਖਾਵੇਂ ਸਬੰਧ ਰੱਖ ਕੇ ਚੱਲ ਸਕੇ। ਭਾਜਪਾ ਵਿਚ ਕੌਮੀ ਪੱਧਰ 'ਤੇ ਵੀ ਸਾਹਮਣੇ ਆ ਰਹੀ ਧੜੇਬੰਦੀ ਦਾ ਅਸਰ ਪੰਜਾਬ 'ਤੇ ਵੀ ਪੈਣਾ ਲਾਜ਼ਮੀ ਹੈ ਅਤੇ ਪੰਜਾਬ ਭਾਜਪਾ ਦੇ ਆਗੂ ਵੀ ਕੌਮੀ ਪੱਧਰ 'ਤੇ ਉਠ ਰਹੀ ਇਸ ਧੜੇਬੰਦੀ ਵਿਚ ਹਿੱਸੇਦਾਰ ਬਣ ਰਹੇ ਹਨ।

ਪੰਜਾਬ ਤੋਂ ਭਾਜਪਾ ਦੇ ਇਕੋ-ਇਕ ਮੈਂਬਰ ਪਾਰਲੀਮੈਂਟ ਸ. ਨਵਜੋਤ ਸਿੰਘ ਸਿੱਧੂ ਵਲੋਂ ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ ਦੇ ਥਾਪੇ ਗਏ ਚੇਅਰਮੈਨ ਰਜਿੰਦਰ ਮੋਹਨ ਸਿੰਘ ਛੀਨਾ ਦੇ ਵਿਰੋਧ ਵਿਚ ਅਸਤੀਫਾ ਦੇਣ ਦੀ ਧਮਕੀ ਨਾਲ ਜੋ ਸਥਿਤੀ ਪੈਦਾ ਹੋਈ ਸੀ, ਪਾਰਟੀ ਉਸ ਨੂੰ ਅਜੇ ਤੱਕ ਜਿਵੇਂ ਸੁਲਝਾਉਣ ਵਿਚ ਨਾਕਾਮ ਸਾਬਤ ਹੋਈ ਹੈ, ਉਸ ਤੋਂ ਸਪੱਸ਼ਟ ਹੈ ਕਿ ਪ੍ਰਦੇਸ਼ ਭਾਜਪਾ ਵਿਚਲੀ ਗੁਟਬੰਦੀ ਕਾਫੀ ਖਤਰਨਾਕ ਰੂਪ ਧਾਰਨ ਕਰ ਚੁੱਕੀ ਹੈ।

ਸ੍ਰੀ ਅਡਵਾਨੀ ਵਲੋਂ ਪੰਜਾਬ ਭਾਜਪਾ ਦੇ ਆਗੂਆਂ ਨਾਲ ਸੂਬੇ ਵਿਚਲੀ ਸਥਿਤੀ ਅਤੇ ਪਾਰਟੀ ਸੰਗਠਨ ਸਬੰਧੀ ਵੀ ਵਿਚਾਰ-ਵਟਾਂਦਰੇ ਹੋਣ ਦੀ ਸੰਭਾਵਨਾ ਹੈ, ਜਿਨ੍ਹਾਂ ਵਿਚ ਪਾਰਟੀ ਦੀ ਸਟੇਟ ਯੂਨਿਟ ਦੀ ਚੋਣ ਦਾ ਮੁੱਦਾ ਵੀ ਵਿਚਾਰਿਆ ਜਾ ਸਕਦਾ ਹੈ। ਭਾਜਪਾ ਹਾਈਕਮਾਨ ਜੋ ਕਿ ਮਗਰਲੀਆਂ ਪਾਰਲੀਮਾਨੀ ਚੋਣਾਂ ਦੌਰਾਨ ਸੂਬੇ ਵਿਚ ਪਾਰਟੀ ਦੀ ਰਹੀ ਕਾਰਗੁਜ਼ਾਰੀ ਤੋਂ ਕਾਫੀ ਨਾਖੁਸ਼ ਨਜ਼ਰ ਆ ਰਹੀ ਹੈ, ਜਦੋਂਕਿ ਪਾਰਟੀ ਦੇ ਸਟੇਟ ਯੂਨਿਟ ਵਲੋਂ ਭਾਜਪਾ ਦੇ ਹੋ ਰਹੇ ਨੁਕਸਾਨ ਲਈ ਮੌਜੂਦਾ ਰਾਜ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਅਤੇ ਸਰਕਾਰੀ ਪੱਧਰ 'ਤੇ ਭਾਜਪਾ ਵਰਕਰਾਂ ਦੀ ਕੋਈ ਸੱਦ-ਪੁੱਛ ਨਾ ਹੋਣ ਕਾਰਨ ਪਾਰਟੀ ਵਰਕਰਾਂ ਵਿਚਲੀ ਨਾਖੁਸ਼ੀ ਨੂੰ ਵੀ ਇਸ ਹਾਰ ਦਾ ਇਕ ਕਾਰਨ ਦੱਸਿਆ ਜਾ ਰਿਹਾ ਹੈ।

## ਗਰਭ-ਸੁੱਖ ਦਾ ਅਹਿਸਾਸ ਕਰਵਾਏਗਾ ਬਿਸਤਰਾ!

**ਲੰਡਨ :** ਕੰਮ ਕਾਰਨ ਅਤਿਅੰਤ ਥੱਕ ਜਾਣ ਵਾਲੀਆਂ ਮਾਵਾਂ ਲਈ ਇਹ ਇਕ ਸੁਪਨੇ ਦੇ ਪੂਰੇ ਹੋਣ ਵਰਗਾ ਹੈ, ਕਿਉਂਕਿ ਇਕ ਅਜਿਹਾ ਬਿਸਤਰਾ ਵਿਕਸਿਤ ਕੀਤਾ ਗਿਆ ਹੈ, ਜੋ ਕਿ ਨਿੱਕੇ ਬੱਚਿਆਂ ਨੂੰ ਮਾਂ ਦੇ ਗਰਭ ਜਿਹਾ ਅਹਿਸਾਸ ਦਿਵਾਉਂਦਾ ਹੈ ਤੇ ਉਨ੍ਹਾਂ ਨੂੰ ਜਲਦੀ ਨੀਂਦ ਲਿਆਉਣ ਵਿਚ ਮਦਦ ਕਰਦਾ ਹੈ।

ਬ੍ਰਿਟੇਨ ਨਿਵਾਸੀ 6 ਬੱਚਿਆਂ ਦੀ ਮਾਂ ਲਿੰਡਾ ਹਰਡਿੰਗ ਨੇ ਦਿ ਇਜ਼ੀ ਡ੍ਰੀਮ ਮੈਟਰੇਸ ਨਾਂ ਦੇ ਇਸ ਬਿਸਤਰੇ ਦੀ ਕਾਢ ਕੱਢੀ ਹੈ।

# ਗੁਰਦੁਆਰਾ ਫਰੀਮਾਂਟ ਵਿਚ ਬੱਚਿਆਂ ਲਈ ਗੁਰਮਤਿ ਕੈਂਪ

**ਫਰੀਮਾਂਟ:** ਅਮਰੀਕਾ ਵਿਚ ਜੰਮੇ ਪਲੇ ਸਿੱਖ ਬੱਚਿਆਂ ਨੂੰ ਸਿੱਖੀ ਅਤੇ ਪੰਜਾਬੀ ਜੀਵਨ ਸ਼ੈਲੀ ਬਾਰੇ ਸਿੱਖਿਅਤ ਕਰਨ ਲਈ ਗੁਰਦੁਆਰਾ ਫਰੀਮਾਂਟ ਵਿਚ ਸਮਰ ਕੈਂਪ ਲਾਇਆ ਗਿਆ। ਇਹ ਕੈਂਪ ਗੁਰਦੁਆਰਾ ਸਾਹਿਬ ਵਿਖੇ 6 ਜੁਲਾਈ ਤੋਂ 14 ਅਗਸਤ ਤੱਕ ਚੱਲਿਆ ਜਿਸ ਵਿਚ 3 ਤੋਂ 15 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੇ ਹਿੱਸਾ ਲਿਆ। ਕੈਂਪ ਦੀ ਸਮਾਪਤੀ ਉਪਰੰਤ 16 ਅਗਸਤ ਨੂੰ ਆਖੰਠ ਪਾਠ ਦੇ ਭੋਗ ਪਾਏ ਗਏ। ਭਾਈ ਸੋਢੀ ਨੇ ਕਥਾ ਕੀਤੀ ਅਤੇ ਖਾਲਸਾ ਸਕੂਲ ਫਰੀਮਾਂਟ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਤੋਂ ਇਲਾਵਾ ਵਾਰਾਂ ਅਤੇ ਕਵਿਤਾਵਾਂ ਦਾ ਗਾਇਨ ਕੀਤਾ। ਸੰਥਿਆ ਕਲਾਸ ਦੇ ਵਿਦਿਆਰਥੀ ਅਜੈਪਾਲ ਸਿੰਘ ਨੇ ਤਬਲੇ ਉਤੇ ਸਾਥ ਦਿੱਤਾ।

ਕੈਂਪ ਦੇ ਵਾਲੰਟੀਅਰਾਂ ਕੁਲਜੀਤ ਸਿੰਘ, ਜਸਕੀਰਤ ਸਿੰਘ, ਕਰਮਜੀਤ ਸਿੰਘ, ਜਸਪ੍ਰੀਤ ਸਿੰਘ, ਦਲਜੀਤ ਸਿੰਘ, ਪਰਦੀਪ ਸਿੰਘ ਅਤੇ ਨਗੁਰਭੇਜ ਸਿੰਘ ਦਾ ਗੁਰੂ ਘਰ ਦੀ ਤਰਫੋਂ ਮੁੱਖ ਗ੍ਰੰਥੀ ਭਾਈ ਗੁਰਪ੍ਰੀਤ ਸਿੰਘ ਨੇ ਸਨਮਾਨ ਕੀਤਾ। ਦਸਤਾਰ ਮੁਕਾਬਲੇ ਦੇ ਜੇਤੂਆਂ ਨੂੰ ਦਸਤਾਰਾਂ ਦੇ ਕੇ ਸਨਮਾਨਿਆ ਗਿਆ। ਕੈਂਪ ਵਿਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀ ਹਰਵਿੰਦਰ ਸਿੰਘ ਕੰਗ ਨੇ ਸਮਰ ਕੈਂਪ ਦੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਸਬੰਧੀ ਚਾਨਣਾ ਪਾਇਆ।

ਕੈਂਪ ਦੌਰਾਨ ਬੱਚਿਆਂ ਨੂੰ ਸਿਖਲਾਈ ਦੇਣ ਵਾਲੇ ਅਧਿਆਪਕਾਂ ਵਿਚੋਂ ਬਹੁਤੇ 22 ਤੋਂ 25 ਸਾਲ ਤੱਕ ਦੇ ਨੌਜਵਾਨ ਸਨ ਜਿਹੜੇ ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਐਸੋਸੀਏਸ਼ਨ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਤੋਂ ਸਨ।



ਸਿੱਖ ਨੌਜਵਾਨਾਂ ਨੂੰ ਅਪਣੇ ਧਰਮ, ਸਭਿਆਚਾਰ ਅਤੇ ਮਾਂ ਬੋਲੀ ਪ੍ਰਤੀ ਸੁਚੇਤ ਕਰਕੇ ਅਪਣੇ ਵਿਰਸੇ ਨਾਲ ਜੋੜੀ ਰੱਖਣ ਲਈ ਸਰਗਰਮ ਜੈਕਾਰਾ ਜਥੇਬੰਦੀ ਨੇ ਕੈਂਪ ਵਿਚ ਯੋਗਦਾਨ ਪਾਇਆ।

ਇਸਦੇ ਸਰਗਰਮ ਵਰਕਰ ਗੁਰਜੀਤ ਸਿੰਘ ਦੀ ਅਗਵਾਈ ਹੇਠ 10 ਦੇ ਕਰੀਬ ਵਾਲੰਟੀਅਰਾਂ ਨੇ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ ਸਮੇਂ ਮਰਿਯਾਦਾ ਦੇ ਪਾਲਣ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਵਿਚਲੀਆਂ ਚੰਗੀਆਂ ਅਤੇ ਮਾੜੀਆਂ ਲਗਦੀਆਂ ਗੱਲਾਂ ਬਾਰੇ ਅਪਣੇ ਵਿਚਾਰ ਲਿਖਤੀ ਤੌਰ ਉੱਤੇ ਪ੍ਰਗਟ ਕਰਨ ਲਈ ਵੀ ਪ੍ਰੇਰਿਆ।

ਨਿਊਯਾਰਕ ਦੀ ਜਥੇਬੰਦੀ ਸਿੱਖ ਕੁਲੀਸ਼ਨ ਨੇ ਸਿੱਖ ਹੱਕਾਂ ਬਾਰੇ ਇੱਕ ਸੈਮੀਨਾਰ 13 ਅਗਸਤ ਨੂੰ ਲਾਇਆ ਜਿਸ ਵਿਚ ਕੁਲੀਸ਼ਨ ਦੇ ਨੁਮਾਇੰਦੇ ਭਵਪ੍ਰੀਤ ਸਿੰਘ ਨੇ ਸਿੱਖ ਬੱਚਿਆਂ ਨੂੰ ਅਮਰੀਕੀ ਸਕੂਲਾਂ ਵਿਚ ਅਪਣੀ ਪਹਿਚਾਣ ਅਤੇ ਪਹਿਰਾਵੇ ਸਬੰਧੀ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਜਥੇਬੰਦੀ ਨੇ ਸਿੱਖ ਮਸਲਿਆਂ ਅਤੇ ਹੱਕਾਂ ਦੀ ਰਾਖੀ ਲਈ ਪਿੱਛੇ ਜਿਹੇ ਹੀ ਫਰੀਮਾਂਟ ਸ਼ਹਿਰ ਵਿਖੇ ਅਪਣਾ ਦਫ਼ਤਰ ਖੋਲ੍ਹ ਕੇ ਪੱਛਮੀਂ ਤੱਟ ਵਿਚ ਆਪਣੀਆਂ ਸਰਗਰਮੀਆਂ ਤੇਜ ਕੀਤੀਆਂ ਹਨ। ਇਸੇ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਹਰਜੋਤ ਸਿੰਘ ਖਾਲਸਾ ਨੇ ਕੈਂਪ ਦੇ ਪ੍ਰਬੰਧਕਾਂ, ਅਧਿਆਪਕਾਂ, ਵਾਲੰਟੀਅਰਾਂ, ਬੱਚਿਆਂ ਅਤੇ ਮਾਪਿਆਂ ਵਲੋਂ ਦਿੱਤੇ ਸਹਿਯੋਗ ਬਦਲੇ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਭਵਿੱਖ ਵਿੱਚ ਵੀ ਜਾਰੀ ਰੱਖੇ ਜਾਣਗੇ।

# ਕੌਮਾਂਤਰੀ ਕਬੱਡੀ ਖਿਡਾਰੀ ਦੇ ਕਾਤਲ ਗ੍ਰਿਫਤਾਰ

**ਬਟਾਲਾ:** ਪਿਛਲੇ ਦਿਨੀਂ ਸਾਥੋਂ ਅਚਾਨਕ ਵਿਛੜੇ ਇੰਟਰਨੈਸ਼ਨਲ ਕਬੱਡੀ ਖਿਡਾਰੀ ਸ਼ਿੰਦੇ ਅਮਲੀ ਦੇ ਕਾਤਲਾਂ ਨੂੰ ਇੰਗਲੈਂਡ ਪੁਲਸ ਨੇ ਹਿਰਾਸਤ 'ਚ ਲੈ ਲਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇੰਟਰਨੈਸ਼ਨਲ ਕਬੱਡੀ ਖਿਡਾਰੀ ਪੱਪੂ ਕੰਡੀਲਾ ਅਤੇ ਸ਼ੱਬਾ ਧਾਰੋਵਾਲੀਆ ਨੇ ਦੱਸਿਆ ਕਿ ਸ਼ਿੰਦੇ ਅਮਲੀ ਨੂੰ ਗੋਲੀ ਮਾਰੀ ਗਈ ਸੀ, ਉਸ ਦਿਨ ਅਸੀਂ ਇੰਗਲੈਂਡ ਵਿਚ ਹੀ ਮੌਜੂਦ ਸੀ। ਉਨ੍ਹਾਂ ਦੱਸਿਆ ਕਿ ਸ਼ਿੰਦੇ ਅਮਲੀ ਦਾ ਵੂਲਮੈਨ ਹੈਮਟਨ ਵਿਚ ਇਕ ਸ਼ਾਨਦਾਰ ਕਲੱਬ ਸੀ, ਜਿਥੇ ਉਹ ਪੰਜਾਬੋਂ ਗਏ ਗੱਭਰੂ ਮੁੰਡਿਆਂ ਨੂੰ ਕਬੱਡੀ ਦੇ ਗੁਰ ਸਿਖਾਉਣ ਦੇ ਨਾਲ-ਨਾਲ ਉਨ੍ਹਾਂ ਦੀ ਰੋਟੀ ਦਾ ਜੁਗਾੜ ਵੀ ਕਰਦਾ ਸੀ। ਕੁਝ ਦਿਨ ਪਹਿਲਾਂ ਕਰੀਬ 7,8 ਨੌਜਵਾਨ ਦੋ ਗੱਡੀਆਂ ਵਿਚ ਸਵਾਰ ਹੋਕੇ ਆਏ ਅਤੇ ਉਨ੍ਹਾਂ ਨੇ ਸ਼ਿੰਦੇ ਅਮਲੀ ਦੀ ਛਾਤੀ ਵਿਚ ਗੋਲੀਆਂ ਮਾਰੀਆਂ, ਜਿਸਦੇ ਨਾਲ ਉਸਦੀ ਮੌਕੇ 'ਤੇ ਮੌਤ ਹੋ ਗਈ।

ਸ਼ੱਬੇ ਅਤੇ ਪੱਪੂ ਦੇ ਦੱਸੇ ਮੁਤਾਬਕ ਇੰਗਲੈਂਡ ਦੀ ਪੁਲਸ ਨੇ ਛਾਣਬੀਨ ਦੌਰਾਨ ਪਾਇਆ ਕਿ ਸ਼ਿੰਦੇ ਅਮਲੀ ਨੂੰ ਗੋਲੀਆਂ ਮਾਰਨ ਵਾਲੇ 8 ਦੇ ਕਰੀਬ ਮੁੰਡੇ ਪੰਜਾਬੀ ਸਨ ਜਦਕਿ ਉਨ੍ਹਾਂ ਨਾਲ ਇਕ ਪ੍ਰੋਫੈਸ਼ਨਲ ਸ਼ੂਟਰ ਵੀ ਸੀ, ਜਿਸਨੇ ਮੁੰਡਿਆਂ ਦੇ ਕਹਿਣ 'ਤੇ ਸ਼ਿੰਦੇ ਨੂੰ ਗੋਲੀ ਮਾਰੀ। ਇਸ ਕਤਲ ਕਾਂਡ ਵਿਚ ਇਕ ਪੰਜਾਬਣ ਲੜਕੀ ਵੀ ਗ੍ਰਿਫਤਾਰ ਕੀਤੀ ਗਈ ਹੈ, ਜਿਹੜੀ ਕਿ ਖੁਦ ਕਾਰ ਚਲਾ ਕੇ ਮੁੰਡਿਆਂ ਨੂੰ ਨਾਲ ਲੈ ਕੇ ਆਈ ਸੀ। ਉਨ੍ਹਾਂ ਕਿਹਾ ਕਿ ਸ਼ਿੰਦੇ ਅਮਲੀ ਦਾ ਅਜੇ ਸਸਕਾਰ ਨਹੀਂ ਕੀਤਾ ਗਿਆ ਅਤੇ ਕੁਝ ਦਿਨ ਦੀ ਹੋਰ ਜਾਂਚ ਤੋਂ ਬਾਅਦ ਉਸਦਾ ਪੂਰੇ ਆਤਮ ਸਨਮਾਨ ਅਤੇ ਰੀਤੀ ਰਿਵਾਜ਼ਾਂ ਨਾਲ ਸਸਕਾਰ ਕੀਤਾ ਜਾਵੇਗਾ। ਪੱਪੂ ਅਤੇ ਸ਼ੱਬੇ ਨੇ ਮਨੋਹਰ ਸਿੰਘ ਗਿੱਲ ਕੇਂਦਰੀ ਖੇਡ ਮੰਤਰੀ, ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਸਮੇਤ ਸਮੁੱਚੀ ਲੀਡਰਸ਼ਿਪ ਨੂੰ ਅਪੀਲ ਕੀਤੀ ਹੈ ਕਿ ਸ਼ਿੰਦਾ ਅਮਲੀ ਇਕ ਨਾਮਵਰ ਖਿਡਾਰੀ ਸੀ ਜਿਸ ਕਰਕੇ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਉਸਦੀ ਯਾਦਗਾਰ ਬਣਾਉਣ ਦੇ ਨਾਲ ਨਾਲ ਹੋਰ ਵੀ ਜੋ ਸੰਭਵ ਸਹਾਇਤਾ ਹੋਵੇ, ਜ਼ਰੂਰ ਕਰੇ।


PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538



ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.
Farmers offers more discounts than anybody else.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

Call me today to insure that your assets are protected.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal
(209)345-0183
khundal@farmersagent.com
CA insurance License # 0F96503

1900 Standiford Ave.
Modesto, Ca 95350

FARMERS INSURANCE GROUP
Symbol of Superior Service
FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜ਼ੂਰਸ਼ੁਦਾ ਹੈ।





ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ
Truck Insurance at very competitive rates.
ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ



Real Estate and Home Loans
For buying or selling your home
Call Aman Hundal at: 209-918-6464

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ
ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੋਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21
M&M and Associates

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

# ਚੈਂਬਰ ਦੀ ਪਿਕਨਿਕ 'ਚ ਲੈਫਟੀਨੈਂਟ ਗਵਰਨਰ ਜੌਹਨ ਗਰਮੈਂਡੀ ਨੇ ਹਾਜ਼ਰੀ ਲਵਾਈ

**ਸੈਕਰਾਮੈਂਟੋ:** ਇੰਡਸ ਵੈਲੀ ਅਮੈਰਿਕਨ ਚੈਂਬਰ ਆਫ ਕਾਮਰਸ, ਸੈਕਰਾਮੈਂਟੋ ਵਲੋਂ ਇਥੇ ਐਲਕ ਗਰੂਵ ਦੇ ਇਕ ਵੱਡੇ ਪਾਰਕ ਵਿਚ ਕੀਤੀ ਗਈ ਪਿਕਨਿਕ ਵਿਚ ਕੈਲੀਫੋਰਨੀਆ ਦੇ ਲੈਫਟੀਨੈਂਟ ਗਵਰਨਰ ਜੌਹਨ ਗਰਮੈਂਡੀ, ਯੂਬਾ ਸਿਟੀ ਦੇ ਡਿਪਟੀ ਮੇਅਰ ਕਾਸ਼ ਗਿੱਲ ਅਤੇ ਸਿੱਖ ਆਗੂ ਦੀਦਾਰ ਸਿੰਘ ਬੈਂਸ ਉਚੇਚੇ ਹਾਜ਼ਰੀ ਲਵਾਉਣ ਲਈ ਪਹੁੰਚੇ। ਮਰਹੂਮ ਆਗੂ ਲਾਹੌਰੀ ਰਾਮ ਦਾ ਪਰਿਵਾਰ ਵੀ ਇਸ ਮੌਕੇ ਹਾਜ਼ਰ ਸੀ।

ਇਸ ਪਿਕਨਿਕ ਦੌਰਾਨ ਜਿਥੇ ਬੱਚਿਆਂ ਲਈ ਵੱਖ ਵੱਖ ਤਰ੍ਹਾਂ ਦੀਆਂ ਖੇਡਾਂ ਦਾ ਬੰਦੋਬਸਤ ਸੀ ਉਥੇ ਵੱਡਿਆਂ ਲਈ ਬਾਸਕਟਬਾਲ ਅਤੇ ਵਾਲੀਬਾਲ ਦਾ ਬੰਦੋਬਸਤ ਸੀ। ਪਿਕਨਿਕ ਦਾ ਅਰੰਭ ਸਵੇਰੇ ਨਾਸ਼ਤੇ ਨਾਲ ਹੋਇਆ ਜਿਸ ਵਿਚ ਇਕ ਕਿਸਾਨ ਰਾਜ ਸ਼ਰਮਾ ਨੇ ਵੱਖ ਵੱਖ ਤਰ੍ਹਾਂ ਦੇ ਫਲ ਖੁੱਲ੍ਹੇ ਖਾਣ ਨੂੰ ਪਰੋਸੇ ਹੋਏ ਸਨ। ਬਾਰਾਂ ਕੁ ਵਜੇ ਜਿੰਮੀ ਰੈਸਟੋਰੈਂਟ ਯੂਬਾ ਸਿਟੀ ਨੇ ਭੱਠੀਆਂ ਤਪਾ ਲਈਆਂ ਅਤੇ ਫਿਰ ਛੋਲੇ-ਭਠੂਰਿਆਂ ਅਤੇ ਚਾਹ ਦੀ ਸਪਲਾਈ ਚੱਲ ਸੋ ਚੱਲ ਰਹੀ।

ਇਸ ਮੌਕੇ ਬੋਲਦਿਆਂ ਲੈਫਟੀਨੈਂਟ ਗਰਮੈਂਡੀ ਨੇ ਮਰਹੂਮ ਲਾਹੌਰੀ ਰਾਮ ਨਾਲ ਆਪਣੀ ਵੀਹ ਸਾਲਾਂ ਦੀ ਦੋਸਤੀ ਬਾਰੇ ਦੱਸਿਆ। ਚੈਂਬਰ ਵਲੋਂ ਉਨ੍ਹਾਂ ਦਾ ਸ੍ਰੀ ਲਾਹੌਰੀ ਰਾਮ ਦੀ ਯਾਦ ਵਿਚ ਬਣਾਏ ਇਕ ਯਾਦਗਾਰੀ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਕਾਸ਼ ਗਿੱਲ ਅਤੇ ਦੀਦਾਰ ਸਿੰਘ ਬੈਂਸ ਨੇ ਵੀ ਚੈਂਬਰ ਵਲੋਂ ਅਜਿਹੇ ਪ੍ਰੋਗਰਾਮ ਮਨਾਏ ਜਾਣ ਦੀ ਸਰਾਹਨਾ ਕੀਤੀ।

ਪਿਕਨਿਕ ਦੇ ਇਸ ਗੇੜ ਵਿਚ ਕੁਝ ਸ਼ੁਗਲ ਮੇਲੇ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ ਜਿਨ੍ਹਾਂ ਵਿਚ ਰੱਸਾਕਸ਼ੀ ਅਤੇ ਬਜ਼ੁਰਗਾਂ ਦੀ ਦੌੜ ਵੀ ਸ਼ਾਮਲ ਹੈ। ਪੰਜਾਹ ਸਾਲ ਤੋਂ ਵੱਧ ਉਮਰ ਦੀ ਦੌੜ ਵਿਚ ਸਵਰਨ ਸਿੰਘ ਫੌਜੀ ਪਹਿਲੇ ਨੰਬਰ 'ਤੇ ਰਿਹਾ। ਪਿਕਨਿਕ ਵਿਚ ਹਾਜ਼ਰੀ ਭਰਨ ਵਾਲੀਆਂ ਹੋਰ ਸ਼ਖਸੀਅਤਾਂ ਵਿਚ ਮਨਜੀਤ ਕੌਰ ਸਿਵੀਆ, ਸੁਖਚੈਨ ਸਿੰਘ, ਜੇ.ਪੀ. ਸਿੰਘ, ਜਾਵੇਦ ਅਖਤਰ, ਕੁਲਦੀਪ ਸਿੰਘ ਬੈਂਸ, ਸੁਰਿੰਦਰ ਬਿੰਦਰਾ, ਰਛਪਾਲ ਸਿੰਘ ਫਰਵਾਲਾ, ਸਰਪੰਚ ਜਰਨੈਲ ਸਿੰਘ, ਗੁਰਪਾਲ ਸਿੰਘ, ਕਮਲ ਬੰਗਾ, ਊਸ਼ਾ ਆਹੂਜਾ, ਅਰਚਨਾ, ਮਨਜੀਤ ਕੌਰ ਸਟਾਕਟਨ, ਨਵਦੀਪ ਸਿੱਧੂ, ਡਾ. ਗੈਰੀ ਸਿੱਧੂ, ਕਮਲ ਜੱਜ, ਦਲਬੀਰ ਚੰਦ, ਜਸਬੀਰ ਸਿੰਘ ਧਾਮੀ, ਪੂਨਮ ਮਲਹੋਤਰਾ ਅਤੇ ਸੰਤੋਸ਼ ਸਿੰਘ ਸਿੱਧੂ ਦੇ ਨਾਂ ਸ਼ਾਮਲ ਹਨ।

# ਗਦਰ ਪੰਜਾਬੀ ਕਾਨਫਰੰਸ ਮੇਰੇ ਲਈ ਇਕ ਵੱਖਰਾ ਅਹਿਸਾਸ-ਡਾ. ਜਸਪਾਲ ਸਿੰਘ


*ਡਾ. ਜਸਪਾਲ ਸਿੰਘ*

**ਸੈਕਰਾਮੈਂਟੋ:** ਅਮਰੀਕਾ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਮੈਂ ਕਈ ਵਾਰ ਜਾ ਚੁੱਕਾ ਹਾਂ ਪਰ ਗਦਰ ਲਹਿਰ ਦੇ ਸ਼ਹੀਦਾਂ ਦੀ ਯਾਦ ਵਿਚ ਹੋ ਰਹੀ ਪਹਿਲੀ ਗਦਰ ਯਾਦਗਾਰੀ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣਾ ਮੇਰੇ ਲਈ ਇਕ ਬਿਲਕੁਲ ਵੱਖਰੀ ਤਰ੍ਹਾਂ ਦਾ ਅਹਿਸਾਸ ਹੋਵੇਗਾ। ਇਹ ਪ੍ਰਗਟਾਵਾ 22 ਅਗਸਤ ਨੂੰ ਇਥੇ ਹੋ ਰਹੀ ਗਦਰ ਕਾਨਫਰੰਸ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਲਈ ਪਹੁੰਚ ਰਹੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ।

ਡਾ. ਜਸਪਾਲ ਸਿੰਘ ਨੇ ਕਿਹਾ ਕਿ ਜਿਸ ਧਰਤੀ ਤੋਂ ਗਦਰ ਲਹਿਰ ਅਰੰਭ ਹੋਈ ਸੀ ਉਸੇ ਧਰਤੀ ਉਤੇ 97 ਸਾਲ ਬਾਅਦ ਹੋ ਰਿਹਾ ਇਹ ਸਮਾਗਮ ਗਦਰ ਲਹਿਰ ਪ੍ਰਤੀ ਇਕ ਸੱਚੀ ਸ਼ਰਧਾਂਜਲੀ ਹੋਵੇਗਾ।

# ਗਗਨਦੀਪ ਮਹਿਰੋਕ ਨੇ ਜਿਤਿਆ ਸੋਨੇ ਦਾ ਤਮਗਾ

**ਸਟਾਕਟਨ:** ਇਥੋਂ ਦੇ ਸ੍ਰੀ ਦਸ਼ਮੇਸ਼ ਦਰਬਾਰ ਖਾਲਸਾ ਸਕੂਲ ਦੀ 10 ਵਰ੍ਹਿਆਂ ਦੀ ਬੱਚੀ ਗਗਨਦੀਪ ਮਹਿਰੋਕ ਨੇ ਹੇਮਕੁੰਟ ਫਾਊਂਡੇਸ਼ਨ ਕਮੇਟੀ ਦੇ ਇਕੀਵੇਂ ਕੌਮਾਂਤਰੀ ਸਮਾਗਮ ਦੌਰਾਨ ਸੋਨੇ ਦਾ ਤਮਗਾ ਜਿਤ ਕੇ ਨਾ ਸਿਰਫ ਆਪਣਾ ਸਗੋਂ ਆਪਣੇ ਮਾਤਾ-ਪਿਤਾ ਦਾ ਨਾਂ ਵੀ ਰੌਸ਼ਨ ਕਰ ਵਿਖਾਇਆ ਹੈ। ਗਗਨਦੀਪ ਜਿਸ ਨੂੰ ਉਸ ਦੇ ਮਾਪੇ ਪਿਆਰ ਨਾਲ ਗਿੰਨੀ ਆਖ ਕੇ ਬੁਲਾਉਂਦੇ ਹਨ, ਭਾਵੇਂ ਉਮਰ ਪੱਖੋਂ ਹਾਲੇ ਬਾਲੜੀ ਹੈ ਪਰ ਜਿਸ ਵਿਸ਼ਵਾਸ ਅਤੇ ਧੀਰਜ ਨਾਲ ਉਹ ਮਾਈਕ ਉਤੇ ਗੱਲ ਕਰਦੀ ਹੈ ਉਸ ਨਾਲ ਸਰੋਤਾ ਪ੍ਰਭਾਵਿਤ ਹੋਏ ਬਿਨਾ ਰਹਿ ਨਹੀਂ ਸਕਦਾ। ਆਪਣੀ ਇਸੇ ਕਲਾ ਦੇ ਜੌਹਰ ਉਹ ਹੁਣੇ ਹੁਣੇ ਲਾਸ ਏਂਜਲ ਵਿਚ 6 ਤੋਂ 9 ਅਗਸਤ ਦੌਰਾਨ ਹੋਏ ਪੰਜਾਬੀ ਸਕੂਲੀ ਬੱਚਿਆਂ ਦੇ ਕੌਮਾਂਤਰੀ ਭਾਸ਼ਣ ਮੁਕਾਬਲਿਆਂ ਵਿਚ ਦਿਖਾ ਕੇ ਪਰਤੀ ਹੈ। ਉਸ ਨੂੰ ਇਹ ਮੁਕਾਬਲਾ ਜਿੱਤਣ ਲਈ ਤਿੰਨ ਪੜਾਵਾਂ ਵਿਚੋਂ ਲੰਘਣਾ ਪਿਆ। ਪਹਿਲਾ ਪੜਾਅ ਸਥਾਨਕ ਲੋਡਾਈ ਸਕੂਲ ਦੇ ਬੱਚਿਆਂ ਦਾ ਸੀ, ਦੂਜਾ ਗਦਰੀ ਬਾਬਾ ਜੋ ਸਟਾਕਨ ਵਿਚ ਹੋਇਆ ਅਤੇ ਤੀਸਰਾ ਕੌਮਾਂਤਰੀ ਮੁਕਾਬਲਾ ਜੋ ਲਾਸ ਏਂਜਲਸ ਵਿਚ ਹੋਇਆ।


*ਸੋਨ ਤਮਗਾ ਜੇਤੂ ਗਗਨਦੀਪ ਕੌਰ (ਖੱਬਿਓਂ ਦੂਜੀ) ਗਦਰੀ ਬਾਬਾ ਜੋਨ ਦੇ ਜਸਪ੍ਰੀਤ ਸਿੰਘ, ਸਰੀਨ ਕੌਰ ਅਤੇ ਹਰਮਨਪ੍ਰੀਤ ਸਿੰਘ ਨਾਲ*

ਲਾਸ ਏਂਜਲਸ ਵਿਚ ਹੋਏ ਮੁਕਾਬਲੇ ਵਿਚ ਅਮਰੀਕਾ ਅਤੇ ਇੰਗਲੈਂਡ ਦੀਆਂ ਟੀਮਾਂ ਨੇ ਹਿੱਸਾ ਲਿਆ, ਇਸ ਦਾ ਪ੍ਰਬੰਧ ਹੇਮਕੁੰਟ ਫਾਊਂਡੇਸ਼ਨ ਵਲੋਂ ਕੀਤਾ ਗਿਆ ਸੀ। ਇਸ ਮੁਕਾਬਲੇ ਵਿਚ ਛੇ ਤੋਂ 25 ਸਾਲ ਦੇ ਬੱਚਿਆਂ ਨੇ ਭਾਗ ਲਿਆ। ਕੁਲ 19 ਜੋਨ ਸਨ ਅਤੇ ਹਰ ਜੋਨ ਵਿਚ ਚਾਰ ਬੱਚੇ। ਇਨ੍ਹਾਂ ਜੋਨਾਂ ਦੀ ਅੱਗੋਂ ਤਕਸੀਮ ਜੋਨਾਂ ਅਨੁਸਾਰ ਕੀਤੀ ਗਈ ਸੀ। ਇਸ ਵਿਚ ਗਦਰੀ ਬਾਬਾ ਜੋਨ ਸਟਾਕਟਨ ਦੀ ਤਰਫੋਂ ਚਾਰ ਬੱਚੇ ਸਰੀਨ ਕੌਰ (6-8 ਸਾਲ), ਗਗਨਦੀਪ ਕੌਰ (9-11 ਸਾਲ), ਹਰਮਨਪ੍ਰੀਤ ਸਿੰਘ (11-13 ਸਾਲ) ਅਤੇ ਜਸਪ੍ਰੀਤ ਸਿੰਘ (14-17 ਸਾਲ) ਸ਼ਾਮਲ ਹੋਏ।

## ਜਸਪ੍ਰੀਤ ਸਿੰਘ ਨੇ ਦੋ ਹੋਰਨਾਂ ਨੂੰ ਸਿਟੀਜ਼ਨਸ਼ਿਪ ਦੁਆਈ

**ਸੈਕਰਾਮੈਂਟੋ:** ਇਮੀਗਰੇਸ਼ਨ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਨੇ 2 ਹੋਰ ਵਿਅਕਤੀਆਂ ਵਿਪਨਦੀਪ ਕੌਰ ਗਿੱਲ ਅਤੇ ਹਰਨਾਮ ਸਿੰਘ ਨੂੰ ਅਮਰੀਕਨ ਸਿਟੀਜ਼ਨਸ਼ਿਪ ਦੁਆਈ ਹੈ। ਪੰਜਾਬ ਟਾਈਮਜ਼ ਨੂੰ ਇਹ ਜਾਣਕਾਰੀ ਦਿੰਦਿਆਂ ਵਕੀਲ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਦੋਹਾਂ ਦੇ ਹੀ ਕੇਸ ਬਹੁਤ ਜ਼ਿਆਦਾ ਉਲਝ ਚੁੱਕੇ ਸਨ ਅਤੇ ਦੋਹਾਂ ਨੂੰ ਹੀ ਇਕ ਵਾਰ ਪਹਿਲਾਂ ਸਿਟੀਜ਼ਨਸ਼ਿਪ ਤੋਂ ਨਾਂਹ ਹੋ ਚੁੱਕੀ ਸੀ।

ਜਸਪ੍ਰੀਤ ਸਿੰਘ ਆਪਣੇ ਮੁਅੱਕਲਾਂ ਦੇ ਨਾਲ ਇੰਟਰਵਿਊ ਵਿਚ ਵੀ ਗਏ। ਸ੍ਰੀ ਜਸਪ੍ਰੀਤ ਸਿੰਘ ਹੁਣ ਤੱਕ ਪੰਦਰਾਂ ਸੌ ਤੋਂ ਵੱਧ ਲੋਕਾਂ ਨੂੰ ਰਾਜਸੀ ਸ਼ਰਣ ਦੁਆ ਚੁੱਕੇ ਹਨ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

**ਪੰਜਾਬੀਆਂ ਦੇ ਹੱਕ 'ਚ ਬੋਲ ਕੇ ਮੈਂ ਕੀ ਗੁਨਾਹ ਕੀਤਾ-ਡਾ. ਹਰਸ਼ਿੰਦਰ ਕੌਰ**

-ਪੰਜਾਬੀਆਂ ਦੇ ਹੱਕ 'ਚ ਬੋਲਣਾ ਹੀ ਤਾਂ ਸਭ ਤੋਂ ਵੱਡਾ ਗੁਨਾਹ ਹੈ।

*__ਇੰਗਲੈਂਡ ਦੇ ਸਿੱਖਾਂ ਵਲੋਂ ਸੌਦਾ ਸਾਧ ਦੀ ਗ੍ਰਿਫਤਾਰੀ ਦੀ ਮੰਗ__

-ਮੰਗ ਤਾਂ ਅਮਰੀਕਾ ਦੇ ਸਿੱਖ ਵੀ ਕਰੀ ਜਾਂਦੇ ਆ, ਪਰ ਸੌਦਾ ਸਾਧ ਨੂੰ ਬਚਾਉਣ ਵਾਲੇ ਜਥੇਦਾਰਾਂ ਨੂੰ ਘੇਰਨ ਦੀ ਬਜਾਏ ਗੁਰਦੁਆਰੇ ਸੱਦ ਸੱਦ ਕੇ ਸਨਮਾਨ ਵੀ ਕਰੀ ਜਾਂਦੇ ਆ।

*__ਭਾਰਤ ਨੂੰ 20-30 ਟੁਕੜਿਆਂ 'ਚ ਤੋੜ ਦੇਣਾ ਚਾਹੀਦਾ-ਚੀਨੀ ਸਲਾਹਕਾਰ__

-ਅਮੀਰੀ-ਗਰੀਬੀ, ਜਾਤ-ਪਾਤ ਤੇ ਊਚ-ਨੀਚ ਦਾ ਪਾੜਾ ਜੇ ਏਦਾਂ ਈ ਵਧਦਾ ਰਿਹਾ ਤਾਂ ਇਹ ਕੰਮ ਆਪੇ ਹੀ ਹੋ ਜਾਣੈ। ਤੁਸੀਂ ਕਲੰਕ ਕਾਹਨੂੰ ਲਵਾਉਣੈ ਚੀਨੀਓ।

*__ਸ਼੍ਰੋਮਣੀ ਕਮੇਟੀ ਨੇ ਹਰਿਆਣਾ ਦੇ 19 ਲੱਖ ਸਿੱਖਾਂ ਨੂੰ ਘਮਿਆਰੇ ਬਣਾਇਆ__

-ਪੰਜਾਬ ਵਾਲਾ ਡੇਢ ਕਰੋੜ ਵੀ ਨਾਲ ਈ ਜੋੜ ਲਓ।

*__ਵਰਲਡ ਪੁਲਿਸ ਗੇਮਜ਼ ਵੈਨਕੂਵਰ ਵਿਚ ਧੂਮ ਧੜੱਕੇ ਨਾਲ ਸਮਾਪਤ__

-ਝੂਠੇ ਪੁਲਿਸ ਮੁਕਾਬਲੇ ਬਣਾਉਣ ਤੇ ਰਿਸ਼ਵਤ ਦੇ ਨਵੇਂ ਰਿਕਾਰਡ ਕਾਇਮ ਕਰਨ ਦੀ ਓਵਰਆਲ ਟਰਾਫੀ ਤਾਂ ਪੰਜਾਬ ਪੁਲਿਸ ਨੇ ਹੀ ਜਿੱਤੀ ਹੋਊ।

*__ਕੇਂਦਰ ਦੀਆਂ ਮਾੜੀਆਂ ਨੀਤੀਆਂ ਕਾਰਨ ਅਸੀਂ ਸ਼ਹੀਦਾਂ ਦੇ ਸੁਪਨੇ ਪੂਰੇ ਨਹੀਂ ਕਰ ਸਕੇ-ਸ. ਪ੍ਰਕਾਸ਼ ਸਿੰਘ ਬਾਦਲ__

-ਚਲੋ ਛੱਡੋ ਸ਼ਹੀਦਾਂ ਨੂੰ, ਤੁਹਾਡੇ ਪਰਿਵਾਰਕ ਸੁਪਨੇ ਤਾਂ ਪੂਰੇ ਹੋਈ ਜਾਂਦੇ ਆ।

*__ਪ੍ਰਦੂਸ਼ਣ ਫੈਲਾਉਣ ਵਾਲੀਆਂ ਫੈਕਟਰੀਆਂ ਦੀ ਹੁਣ ਖੈਰ ਨਹੀਂ__

-ਲੱਗਦੈ ਫੈਕਟਰੀਆਂ ਵਾਲੇ 'ਮਹੀਨਾ' ਭਰਨੋਂ ਖੁੰਜ ਗਏ।


HOME LOANS Sacramento and Central Valley

ਜੈਗ ਭੰਗੂ ਜੋ ਇਕ ਹਜ਼ਾਰ ਤੋਂ ਵੱਧ ਹਰ ਕਿਸਮ ਦੇ ਲੋਨ ਕਰ ਚੁੱਕੇ ਹਨ

Attention Home Buyers & Realtors
Get qualified for loan before looking for a house.

Free Credit & Loan pre approval



ਤੁਹਾਡੇ ਸੁਪਨਿਆਂ ਦਾ ਘਰ ਖਰੀਦਣ ਲਈ ਲੋਨ ਚੰਗੀਆਂ ਸ਼ਰਤਾਂ ਲੈਣ ਲਈ ਮੈਂ ਤੁਹਾਡੀ ਮਦਦ ਕਰ ਸਕਦਾ ਹਾਂ

ਰੀਫਾਇਨਾਂਸ ਕਰਵਾਓ ਅਤੇ ਆਪਣੀ ਵਿਆਜ ਦਰ ਤੇ ਕਿਸ਼ਤ ਘਟਾਓ

Purchase home with 3.5% Down FHA

Loan can be approved even if your bank/loan officer said NO

Low credit score ... We can do the loan

ਜੈਗ ਭੰਗੂ
408-598-9605
916-759-1923

Realtors get your client pre approved ...Call for details

ਘਰਾਂ ਦੀ ਖਰੀਦ ਲਈ ਬੇ-ਏਰੀਆ, ਸੈਕਰਾਮੈਂਟੋ ਅਤੇ ਸੈਂਟਰਲ ਵੈਲੀ ਲਈ ਲੋਨ ਉਪਲਬਧ ਹੈ।

CA DRE Lic 01364174

Self Employed OK
First Time Home Buyers OK
Loan Available For Bank Owned Properties

Direct Mortgage Lender Rates Are LOW Now

DIRECT LENDERS AND MAJOR BANKS LOAN AVAILABLE

# ਰੁਲਦਾ ਸਿੰਘ ਦੇ ਸਸਕਾਰ ਵੇਲੇ ਕੋਈ ਵੱਡਾ ਅਕਾਲੀ ਲੀਡਰ ਨਾ ਪੁੱਜਾ

**ਚੰਡੀਗੜ੍ਹ :** ਰੁਲਦਾ ਸਿੰਘ ਦੇ ਅੰਤਿਮ ਸਸਕਾਰ 'ਚ ਬੀਤੀ 16 ਅਗਸਤ ਨੂੰ ਭਾਜਪਾ ਦੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਸਿਰਫ ਪਟਿਆਲੇ ਦੇ ਦੋ ਲੀਡਰਾਂ ਤੋਂ ਸਿਵਾਏ ਹੋਰ ਕੋਈ ਵੀ ਲੀਡਰ ਨਾ ਬਹੁੜਿਆ। ਹਾਲਾਂਕਿ ਅਕਾਲੀ ਦਲ ਦੇ ਬਹੁਤ ਸਾਰੇ ਲੀਡਰ, ਜਿਨ੍ਹਾਂ ਵਿਚ ਪ੍ਰੇਮ ਸਿੰਘ ਚੰਦੂਮਾਜਰਾ ਸ਼ਾਮਲ ਹਨ, ਸ਼ਹਿਰ ਵਿਚ ਹੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਅਕਾਲੀਆਂ ਦੀ ਇਸ ਗੈਰ-ਹਾਜ਼ਰੀ ਸਬੰਧੀ ਵੱਖ-ਵੱਖ ਤਰ੍ਹਾਂ ਦੀ ਚਰਚਾ ਰਹੀ, ਜਿਸ ਵਿਚ ਸਭ ਤੋਂ ਵਧ ਤਾਂ ਇਹ ਚਰਚਾ ਰਹੀ ਕਿ ਅਕਾਲੀ ਆਗੂਆਂ ਨੇ ਕਥਿਤ ਰੂਪ ਵਿਚ ਖਾੜਕੂਆਂ ਤੋਂ ਡਰਦਿਆਂ ਹੀ ਇਸ ਰਸਮ ਵਿਚ ਪਹੁੰਚਣ ਤੋਂ ਗੁਰੇਜ਼ ਕੀਤਾ, ਕਿਉਂਕਿ ਘਟਨਾ ਵਾਲੇ ਦਿਨ ਰੁਲਦਾ ਸਿੰਘ ਨੂੰ ਗੋਲੀਆਂ ਮਾਰੇ ਜਾਣ ਵਾਲੀ ਕਾਰਵਾਈ ਦੀ ਆਲੋਚਨਾ ਸਬੰਧੀ ਮੀਡੀਆ ਵਿਚ ਬਿਆਨ ਦਾਗਣ ਵਾਲੇ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸਾਬਕਾ ਐਮ.ਪੀ. ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ ਅਗਲੇ ਹੀ ਦਿਨ ਬੱਬਰ ਖਾਲਸਾ ਵਲੋਂ ਜਾਰੀ ਕੀਤੀ ਗਈ ਈ-ਮੇਲ ਜ਼ਰੀਏ ਚਿਤਾਵਨੀ ਮਿਲੀ ਸੀ ਕਿ ਉਹ ਅਜਿਹੀਆਂ ਕਾਰਵਾਈਆਂ ਤੋਂ ਗੁਰੇਜ਼ ਕਰੇ। ਲੋਕਾਂ ਵਿਚ ਇਸ ਗੱਲ ਦੀ ਵਧ ਚਰਚਾ ਰਹੀ ਕਿ ਅਕਾਲੀ ਨੇਤਾ ਖਾੜਕੂਆਂ ਤੋਂ ਡਰਦੇ ਹੋਏ ਆਪਣੀ ਭਾਈਵਾਲ ਪਾਰਟੀ ਦੇ ਇਸ ਪ੍ਰਮੁੱਖ ਆਗੂ ਦੇ ਅੰਤਿਮ-ਸਸਕਾਰ ਦੀ ਰਸਮ 'ਤੇ ਨਹੀਂ ਪੁੱਜੇ।



ਰੁਲਦਾ ਸਿੰਘ

ਯਾਦ ਰਹੇ ਆਰ.ਐਸ.ਐਸ. ਪੰਜਾਬ ਦੇ ਆਗੂ ਰੁਲਦਾ ਸਿੰਘ ਨੇ ਬੀਤੀ 15 ਅਗਸਤ ਨੂੰ ਪੀ.ਜੀ.ਆਈ. 'ਚ ਦਮ ਤੋੜ ਦਿੱਤਾ ਸੀ। ਜ਼ਿਕਰਯੋਗ ਹੈ ਕਿ ਉਨ੍ਹਾਂ ਉਪਰ ਪਿਛਲੇ ਦਿਨੀਂ ਪਟਿਆਲਾ ਵਿਚ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਹਮਲਾ ਕੀਤਾ ਗਿਆ ਸੀ ਅਤੇ ਉਹ ਫਾਇਰਿੰਗ 'ਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ। ਗੰਭੀਰ ਹਾਲਤ ਵਿਚ ਪੀ.ਜੀ.ਆਈ. ਚੰਡੀਗੜ੍ਹ ਵਿਖੇ ਦਾਖ਼ਲ ਕਰਵਾਏ ਜਾਣ ਤੋਂ ਬਾਅਦ ਉਹ ਜ਼ੇਰੇ ਇਲਾਜ ਸਨ। ਡਾਕਟਰਾਂ ਵਲੋਂ ਉਨ੍ਹਾਂ 'ਤੇ ਲੱਗੀਆਂ ਤਿੰਨ ਗੋਲੀਆਂ ਕੱਢ ਲਈਆਂ ਗਈਆਂ ਸਨ, ਪਰ ਦਿਮਾਗ ਵਾਲੇ ਪਾਸੇ ਲੱਗੀ ਗੋਲੀ ਨਾ ਨਿਕਲਣ ਕਾਰਨ ਉਨ੍ਹਾਂ ਦੀ ਹਾਲਤ ਲਗਾਤਾਰ ਗੰਭੀਰ ਬਣੀ ਹੋਈ ਸੀ। ਉਹ ਲਗਾਤਾਰ ਬੇਹੋਸ਼ੀ ਦੀ ਹਾਲਤ ਵਿਚ ਰਹੇ। ਡਾਕਟਰਾਂ ਭਾਰੀ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬਚਾਉਣ ਵਿਚ ਸਫਲ ਨਾ ਹੋ ਸਕੇ ਅਤੇ ਬੀਤੀ 15 ਅਗਸਤ ਨੂੰ ਪੀ.ਜੀ.ਆਈ. 'ਚ ਦਮ ਤੋੜਨ ਤੋਂ ਬਾਅਦ ਉਨ੍ਹਾਂ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਰੁਲਦਾ ਸਿੰਘ ਰਾਸ਼ਟਰੀ ਸਿੱਖ ਸੰਗਤ ਪੰਜਾਬ ਦੇ ਮੁੱਖੀ ਸਨ ਅਤੇ ਇਹ ਸੰਗਠਨ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦਾ ਹੀ ਇਕ ਅੰਗ ਮੰਨਿਆ ਜਾਂਦਾ ਸੀ ਅਤੇ ਪਿਛਲੇ ਸਾਲਾਂ 'ਚ ਸਿੱਖ ਸੰਗਤ ਵਲੋਂ ਸਿੱਖ ਗੁਰੂਆਂ ਨਾਲ ਸਬੰਧਤ ਕੁਝ ਪ੍ਰੋਗਰਾਮ ਆਪਣੇ ਤਰੀਕੇ ਨਾਲ ਕਰਨ ਕਰਕੇ ਇਹ ਸੰਗਠਨ ਸਿੱਖ ਗਰਮਦਲੀਆਂ ਦੇ ਵਿਰੋਧ ਕਾਰਨ ਵਿਵਾਦਾਂ ਵਿਚ ਰਿਹਾ। ਜ਼ਿਕਰਯੋਗ ਹੈ ਕਿ ਰੁਲਦਾ ਸਿੰਘ 'ਤੇ ਹਮਲੇ ਦੀ ਜ਼ਿੰਮੇਵਾਰੀ ਬੱਬਰ ਖਾਲਸਾ ਵਲੋਂ ਲਈ ਗਈ ਹੈ, ਪਰ ਪੁਲਸ ਅਜੇ ਤੱਕ ਇਸ ਹਮਲੇ ਵਿਚ ਸ਼ਾਮਲ ਦੋਸ਼ੀਆਂ ਨੂੰ ਫੜਨ 'ਚ ਸਫਲ ਨਹੀਂ ਹੋ ਸਕੀ। ਭਾਵੇਂ ਕਿ ਪੁਲਸ ਵਲੋਂ ਕੁਝ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਕੇ ਜਾਂਚ ਪੜਤਾਲ ਦਾ ਕੰਮ ਜਾਰੀ ਰੱਖਿਆ ਜਾ ਰਿਹਾ ਹੈ।

ਰੁਲਦਾ ਸਿੰਘ ਦੀ ਮੌਤ 'ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਦੇਸ਼ ਭਾਜਪਾ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ ਵਲੋਂ ਗਹਿਰੇ ਦੁੱਖ ਵਿਚ ਪ੍ਰਗਟਾਵੇ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

# ਖਾਲੜਾ ਮਿਸ਼ਨ ਵਲੋਂ ਪ੍ਰਧਾਨ ਮੰਤਰੀ ਦੇ ਨਾਂ ਖੁੱਲ੍ਹਾ ਖ਼ਤ

**ਜਲੰਧਰ :** ਭਾਰਤ ਦੀ ਆਜ਼ਾਦੀ ਦੇ ਮਨਾਏ ਜਾ ਰਹੇ ਜਸ਼ਨਾਂ ਮੌਕੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਾਂ ਖੁੱਲ੍ਹੀ ਚਿੱਠੀ ਲਿਖ ਕੇ ਕਈ ਮੁੱਦੇ ਉਨ੍ਹਾਂ ਦੇ ਧਿਆਨ 'ਚ ਲਿਆਂਦੇ। ਆਰਗੇਨਾਈਜੇਸ਼ਨ ਨੇ ਕਿਹਾ ਹੈ ਕਿ ਮੁਲਕ ਦਾ ਰਾਜ ਪ੍ਰਬੰਧ ਲੋਕਾਂ ਨੂੰ ਇਨਸਾਫ ਦੇਣ ਤੋਂ ਅੱਖਾਂ ਮੀਟ ਰਿਹਾ ਹੈ। ਰਾਜਨੀਤਕ ਪੱਧਰ 'ਤੇ ਪੰਜਾਬ, ਕਸ਼ਮੀਰ, ਮਨੀਪੁਰ, ਨਾਗਾਲੈਂਡ ਨੂੰ ਦਰਪੇਸ਼ ਔਕੜਾਂ ਅਤੇ ਨਕਸਲਵਾਦ ਵਰਗੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਬਜਾਏ, ਹਰ ਮਾਮਲਾ ਜ਼ੁਲਮ ਤੇ ਤਸ਼ੱਦਦ ਨਾਲ ਠੰਡਾ ਕਰਨ ਦੀ ਨੀਤੀ 'ਤੇ ਚੱਲਿਆ ਜਾ ਰਿਹਾ ਹੈ।

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੀ ਸਰਪ੍ਰਸਤ ਪਰਮਜੀਤ ਕੌਰ, ਦਲਬੀਰ ਸਿੰਘ ਅਤੇ ਪ੍ਰਧਾਨ ਹਰਮਨਦੀਪ ਸਿੰਘ ਨੇ ਕਿਹਾ ਕਿ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਦੌਰਾਨ ਜਾਨਾਂ ਤੋਂ ਹੱਥ ਧੋ ਬੈਠੇ ਲੋਕਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਨਾ ਦਿੱਤੀਆਂ ਗਈਆਂ ਅਤੇ ਨਾ ਹੀ ਪੰਜਾਬ ਅੰਦਰ ਹੋਏ ਝੂਠੇ ਮੁਕਾਬਲਿਆਂ ਤੇ ਫੌਜੀ ਹਮਲੇ ਦੀ ਪੜਤਾਲ ਕਰਵਾਈ ਗਈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਭਾਰਤ ਸਰਕਾਰ ਵਲੋਂ ਪਾਕਿਸਤਾਨ ਨੂੰ 26/11 ਦੇ ਮੁੰਬਈ ਹਮਲੇ ਦੇ ਦੋਸ਼ੀਆਂ ਦੀਆਂ ਲਾਸ਼ਾਂ ਵਾਪਸ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਥਿਤੀ ਦਾ ਦੁਖਦਾਈ ਪੱਖ ਦੇਖੋ ਕਿ ਜੂਨ 1984 ਦੇ ਹਮਲੇ ਅਤੇ ਝੂਠੇ ਪੁਲਿਸ ਮੁਕਾਬਲਿਆਂ ਦਾ ਸ਼ਿਕਾਰ ਹੋਏ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਵਾਰਸ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਪ੍ਰਾਪਤ ਕਰਨ 'ਚ ਅਸਫਲ ਰਹੇ ਹਨ।

ਖੁੱਲ੍ਹੀ ਚਿੱਠੀ ਵਿਚ ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਦਾ ਪਾਣੀ ਖੋਹਿਆ ਗਿਆ, ਬਿਜਲੀ ਖੋਹੀ ਗਈ ਅਤੇ ਸੂਬੇ ਦੀ ਰਾਜਧਾਨੀ ਵੀ ਕੇਂਦਰ ਨੇ ਹਾਲੇ ਤੱਕ ਆਪਣੇ ਕਬਜ਼ੇ ਵਿਚ ਰੱਖੀ ਹੋਈ ਹੈ। ਪੰਜਾਬ ਦੀਆਂ ਉਪਜਾਊ ਜ਼ਮੀਨਾਂ ਦੇਸੀ ਤੇ ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕੀਤੀਆਂ ਜਾ ਰਹੀਆਂ ਹਨ। ਪੰਜਾਬ ਅੰਦਰ ਹਰ ਕਿਸਾਨ 'ਤੇ 41576 ਰੁਪਏ ਦਾ ਕਰਜ਼ਾ ਹੈ, ਜਿਸ ਦੀ ਮਾਰ ਕਾਰਨ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ ਦੇਸ਼ ਦੇ 90 ਫੀਸਦੀ ਲੋਕ ਪੀਣ ਵਾਲੇ ਸਾਫ ਪਾਣੀ ਤੋਂ ਵਾਂਝੇ ਹਨ। ਪੂਰੇ ਮੁਲਕ ਵਿਚ ਪਿਛਲੇ 9 ਸਾਲਾਂ 'ਚ ਦੇਸ਼ ਅੰਦਰ ਦੋ ਲੱਖ ਦੇ ਕਰੀਬ ਕਿਸਾਨ ਆਤਮ ਹੱਤਿਆਵਾਂ ਕਰ ਚੁੱਕੇ ਹਨ। ਆਮ ਲੋਕਾਂ ਦੀਆਂ ਅਜਿਹੀਆਂ ਔਕੜਾਂ ਤੋਂ ਉਲਟ ਮੁਲਕ ਦੇ 100 ਦੇ ਕਰੀਬ ਪਰਿਵਾਰਾਂ ਨੇ ਦੇਸ਼ ਦੇ 70 ਫੀਸਦੀ ਸਰਮਾਏ 'ਤੇ ਕਬਜ਼ਾ ਕੀਤਾ ਹੋਇਆ ਹੈ।

ਆਗੂਆਂ ਨੇ ਮੰਗ ਕੀਤੀ ਕਿ ਸਾਰੇ ਦੇਸ਼ ਅੰਦਰ ਲਾਪਤਾ ਕੀਤੇ ਗਏ ਲੋਕਾਂ ਦੀ ਪੜਤਾਲ ਲਈ ਕੌਮੀ ਕਮਿਸ਼ਨ ਸਥਾਪਤ ਕੀਤਾ ਜਾਵੇ, ਪੰਜਾਬ ਮਸਲੇ ਦਾ ਹੱਲ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਅਤੇ ਕਸ਼ਮੀਰ ਸਮੱਸਿਆ ਦਾ ਹੱਲ ਕੀਤਾ ਜਾਵੇ, ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਸਮੇਤ ਸਾਰੇ ਰਾਜਸੀ ਕੈਦੀ ਰਿਹਾਅ ਕੀਤੇ ਜਾਣ।

## ਇਕ ਹੋਰ ਕਮੇਟੀ ਮੈਂਬਰ ਨੇ ਕਲਗੀ ਨੂੰ ਜਾਅਲੀ ਆਖਿਆ

**ਅੰਮ੍ਰਿਤਸਰ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਵਾਦਗ੍ਰਸਤ ਕਲਗੀ ਦੀ ਅਸਲੀਅਤ ਸਮੇਂ ਦੇ ਨਾਲ-ਨਾਲ ਸਾਹਮਣੇ ਆਉਣੀ ਸ਼ੁਰੂ ਹੋ ਗਈ ਹੈ। ਕਲਗੀ ਦੀ ਪ੍ਰਮਾਣਿਕਤਾ ਦੀ ਜਾਂਚ ਕਰ ਰਹੀ 8 ਮੈਂਬਰੀ ਕਮੇਟੀ ਦੇ ਇਕ ਸੀਨੀਅਰ ਮੈਂਬਰ ਅਤੇ ਵੱਖ-ਵੱਖ ਪੰਥਕ ਵਿਸ਼ਿਆਂ 'ਤੇ ਆਪਣੀ ਵੱਖਰੀ ਰਾਏ ਰੱਖਣ ਵਾਲੇ ਸ. ਤਰਲੋਚਨ ਸਿੰਘ ਨੇ ਵੀ ਇਸ ਕਲਗੀ ਨੂੰ ਸ਼ੱਕ ਦੇ ਘੇਰੇ ਵਿਚ ਲਿਆਂਦਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਤੇ ਪ੍ਰਸਿੱਧ ਲੇਖਕ ਡਾ. ਸੁਖਦਿਆਲ ਸਿੰਘ ਤੋਂ ਬਾਅਦ ਸ. ਤਰਲੋਚਨ ਸਿੰਘ ਦਾ ਬਿਆਨ 'ਜਥੇਦਾਰਾਂ' ਵਲੋਂ ਮੰਗਵਾਈ ਗਈ ਕਲਗੀ ਦੀ ਪ੍ਰਮਾਣਿਕਤਾ ਬਾਰੇ ਖ਼ਦਸ਼ਿਆਂ ਨੂੰ ਜਨਮ ਦੇ ਰਿਹਾ ਹੈ। ਸ. ਤਰਲੋਚਨ ਸਿਘ ਨੇ ਦੱਸਿਆ ਕਿ ਉਹ ਕਦੇ ਵੀ ਕਲਗੀ ਸਬੰਧੀ ਕਿਸੇ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ, ਕਿਉਂਕਿ ਜਦ ਇਹ ਕਲਗੀ ਭਾਰਤ ਪੁੱਜੀ ਸੀ, ਉਨ੍ਹਾਂ ਉਦੋਂ ਹੀ ਮਹਿਸੂਸ ਕੀਤਾ ਕਿ ਇਹ ਕਲਗੀ ਗੁਰੂ ਗੋਬਿੰਦ ਸਿੰਘ ਦੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੀ ਕਲਗੀ ਲਾਹੌਰ ਦਰਬਾਰ ਵਿਚੋਂ ਅੰਗਰੇਜ਼ ਲੈ ਕੇ ਗਏ ਸਨ। ਉਨ੍ਹਾਂ ਮੰਨਿਆ ਕਿ 1975 ਵਿਚ ਉਨ੍ਹਾਂ ਅਤੇ ਡਾ. ਐਸ.ਐਸ. ਰੰਧਾਵਾ ਨੇ ਵੀ ਕਲਗੀ ਦੀ ਆਪਣੀ ਪੱਧਰ 'ਤੇ ਖੋਜ ਕੀਤੀ ਸੀ। ਖੋਜ ਵਿਚ ਉਨ੍ਹਾਂ ਨਾਲ ਡਬਲਿਊ.ਸੀ. ਆਰਚਰ ਵੀ ਸਨ, ਜਿਨ੍ਹਾਂ ਗੁਰੂ ਸਾਹਿਬ ਦੇ ਸ਼ਸ਼ਤਰਾਂ ਦੀ ਖੋਜ ਕੀਤੀ ਸੀ। ਉਨ੍ਹਾਂ ਦੱਸਿਆ ਕਿ ਇਸ ਖੋਜ ਤੋਂ ਬਾਅਦ ਉਹ ਇਸ ਸਿੱਟੇ 'ਤੇ ਪੁੱਜੇ ਸਨ ਕਿ ਗੁਰੂ ਸਾਹਿਬ ਦੀ ਕਲਗੀ ਗੁਆਚ ਚੁਕੀ ਹੈ, ਪਰ ਜੋ ਕਲਗੀ ਪੇਸ਼ ਕੀਤੀ ਜਾ ਰਹੀ ਹੈ, ਉਹ ਦਾਅਵੇ ਨਾਲ ਕਹਿ ਸਕਦੇ ਹਨ ਕਿ ਇਹ ਕਲਗੀ ਫ਼ਰਜ਼ੀ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਇਤਿਹਾਸਕ ਕਲਗੀ ਨਹੀਂ।

## ਪ੍ਰੇਮਿਕਾ ਨੂੰ ਮਿਲਣ ਗਏ ਨੌਜਵਾਨ ਦੀ ਡਾਂਗਾਂ ਮਾਰ ਕੇ ਹੱਤਿਆ

**ਫਿਲੌਰ :** ਥਾਣਾ ਨੂਰਮਹਿਲ 'ਚ ਆਉਂਦੇ ਪਿੰਡ ਭੰਡਾਲਾ 'ਚ ਪ੍ਰੇਮਿਕਾ ਨੂੰ ਰਾਤ ਨੂੰ ਮਿਲਣ ਗਏ ਨੌਜਵਾਨ ਨੂੰ ਲੜਕੀ ਦੇ ਚਾਚੇ ਨੇ ਡਾਂਗਾਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਤੇ ਲਾਸ਼ ਨੂੰ ਬੋਰੀ 'ਚ ਪਾ ਕੇ ਨੂਰਮਹਿਲ-ਜਲੰਧਰ ਰੋਡ 'ਤੇ ਵੇਈਂ 'ਚ ਸੁੱਟ ਦਿੱਤਾ। ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਲੜਕੀ ਦੇ ਚਾਚੇ ਨੂੰ ਹਿਰਾਸਤ 'ਚ ਲੈ ਲਿਆ ਹੈ।

ਪੁਲਸ ਅਨੁਸਾਰ ਰਾਕੇਸ਼ ਕੁਮਾਰ ਦੇ ਕੁਲਬੀਰ ਕੌਰ (ਕਾਲਪਨਿਕ ਨਾਂ) ਨਾਲ ਪ੍ਰੇਮ ਸਬੰਧ ਸਨ। ਬੀਤੀ ਰਾਤ ਰਾਕੇਸ਼ ਚੋਰੀ-ਛਿਪੇ ਆਪਣੀ ਪ੍ਰੇਮਿਕਾ ਨੂੰ ਮਿਲਣ ਉਸ ਦੇ ਘਰ ਚਲਿਆ ਗਿਆ। ਉਸ ਨੂੰ ਲੜਕੀ ਦੇ ਚਾਚਾ ਬਲਵਿੰਦਰ ਸਿੰਘ ਨੇ ਦੇਖ ਲਿਆ ਅਤੇ ਉਸ ਨੇ ਗੁੱਸੇ ਵਿਚ ਆ ਕੇ ਰਾਕੇਸ਼ ਦੇ ਸਿਰ 'ਤੇ ਡਾਂਗਾਂ ਨਾਲ ਕਈ ਵਾਰ ਕੀਤੇ, ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਡੀ.ਐਸ.ਪੀ. ਸੰਦੀਪ ਸ਼ਰਮਾ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਪੁਲਸ ਨੇ ਲਾਸ਼ ਨੂੰ ਕਢਵਾਇਆ ਤੇ ਜਾਂਚ ਕਰਦੇ ਹੋਏ ਘਟਨਾ ਵਾਲੀ ਜਗ੍ਹਾ 'ਤੇ ਪਹੁੰਚ ਕੇ ਦੋਸ਼ੀ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।

ਉਸ ਕੋਲੋਂ ਪੁੱਛਗਿੱਛ ਕਰਨ 'ਤੇ ਸਾਰਾ ਮਾਮਲਾ ਸਾਹਮਣੇ ਆ ਗਿਆ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਕੇ ਮਾਮਲਾ ਦਰਜ ਕਰ ਲਿਆ ਹੈ।

## Matrimonials

ਰਾਮਗੜ੍ਹੀਆ ਸਿੱਖ, 27 ਸਾਲ, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਸੰਪਰਕ ਕਰੋ:ਫੋਨ 708-649-9192, 708-699-3800

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538, jaswinder_kaur_in@yahoo.com

Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com

Brother invites correspondence for Punjabi Hindu, 32, 5'11", well settled, down to earth, small educated family. Caste no bar. Issueless divorcee can also contact. Repond to 414-803-7420 or unitedlending@gmail.com






**Punjab Times**
**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤ-ਪਾਕਿ ਸਬੰਧਾਂ ਦੀ ਬਣਦੀ ਵਿਗੜਦੀ ਗਰਾਮਰ

ਮੁਲਕਾਂ ਵਿਚਕਾਰ ਆਪਸੀ ਗੱਲਬਾਤ ਨੂੰ ਮੁੰਬਈ ਅਤਿਵਾਦੀ ਹਮਲਿਆਂ ਦੇ ਦੋਸ਼ੀਆਂ ਵਿਰੁਧ ਕਾਰਵਾਈ ਤੋਂ ਦੂਰ ਰੱਖਣ ਦੀ ਗੱਲ ਆਖ ਦਿੱਤੀ ਸੀ। ਇਸ ਬਿਆਨ ਤੋਂ ਪਿੱਛੋਂ ਭਾਰਤੀ ਜਨਤਾ ਪਾਰਟੀ ਸਮੇਤ ਸਮੁੱਚੀ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਦਾ ਵਿਰੋਧ ਕੀਤਾ ਸੀ ਅਤੇ ਪਾਰਲੀਮੈਂਟ ਵਿਚ ਵੀ ਇਸ ਮਸਲੇ ਉੱਪਰ ਕਾਫੀ ਰੌਲਾ ਰੱਪਾ ਪਿਆ। ਇਸ ਤੋਂ ਇਲਾਵਾ ਸਮੁੱਚੇ ਰੂਪ ਵਿਚ ਭਾਰਤੀ ਜਨਤਾ ਪਾਰਟੀ, ਖੱਬੇ ਪੱਖੀਆਂ ਅਤੇ ਹੋਰ ਸੱਜੇ ਪੱਖੀ ਸੰਗਠਨਾਂ ਨੇ ਪ੍ਰਧਾਨ ਮੰਤਰੀ ਦਾ ਤਕੜਾ ਵਿਰੋਧ ਕੀਤਾ ਸੀ। ਇਸ ਵਿਰੋਧ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨੂੰ ਆਖਣਾ ਪਿਆ ਸੀ ਕਿ ਮੁੰਬਈ ਹਮਲਿਆਂ ਦੇ ਦੋਸ਼ੀ ਅਤਿਵਾਦੀਆਂ ਖ਼ਿਲਾਫ ਕਾਰਵਾਈ ਦੇ ਮਾਮਲੇ ਵਿਚ ਸਰਕਾਰ ਆਪਣੇ ਪੁਰਾਣੇ ਪੈਂਤੜੇ ਉੱਪਰ ਹੀ ਖੜੀ ਹੈ। ਉਨ੍ਹਾਂ ਇਹ ਗੱਲ ਵੀ ਵਾਰ-ਵਾਰ ਕਹੀ ਸੀ ਕਿ ਪਾਕਿਸਤਾਨ ਵਲੋਂ ਉਪਰੋਕਤ ਹਮਲੇ ਦੇ ਦੋਸ਼ੀਆਂ ਖ਼ਿਲਾਫ ਕੀਤੀ ਜਾਣ ਵਾਲੀ ਕਾਰਵਾਈ ਉੱਪਰ ਸਰਕਾਰ ਵਲੋਂ ਨੇੜਿਓਂ ਨਜ਼ਰ ਰੱਖੀ ਜਾਵੇਗੀ। ਪ੍ਰਧਾਨ ਮੰਤਰੀ ਨੇ ਇਹ ਗੱਲਾਂ ਵੀ ਉਸ ਸਮੇਂ ਦੁਹਰਾਈਆਂ ਸਨ ਕਿ ਪਾਕਿਸਤਾਨ ਨਾਲ ਗੱਲਬਾਤ ਜਾਰੀ ਰੱਖਣ ਦੇ ਮਾਮਲੇ ਵਿਚ ਅਸੀਂ ਵਾਜਪਾਈ ਸਰਕਾਰ ਵਲੋਂ ਪਾਈਆਂ ਪੈੜਾਂ ਉੱਪਰ ਹੀ ਅੱਗੇ ਤੁਰ ਰਹੇ ਹਾਂ।

ਕਾਂਗਰਸ ਨੇ ਭਾਰਤੀ ਜਨਤਾ ਪਾਰਟੀ ਨੂੰ ਇਹ ਚੇਤਾ ਵੀ ਕਰਵਾਇਆ ਸੀ ਕਿ ਜਦੋਂ ਵਾਜਪਾਈ ਬੱਸ ਡਿਪਲੋਮੈਸੀ ਦੌਰਾਨ ਪਾਕਿਸਤਾਨ ਗਏ ਸਨ ਅਤੇ ਪਾਕਿਸਤਾਨ ਨਾਲ ਸ਼ਾਂਤੀ ਵਾਰਤਾਵਾਂ ਕਰ ਰਹੇ ਸਨ ਤਾਂ ਐਨ ਉਸੇ ਵਕਤ ਪਾਕਿਸਤਾਨੀ ਫੌਜ ਨੇ ਕਾਰਗਿਲ ਵਿਚ ਘੁਸਪੈਠ ਕਰ ਲਈ ਸੀ। ਕੁਝ ਨਿਰਪੱਖ ਪੱਤਰਕਾਰਾਂ ਅਨੁਸਾਰ ਵੀ ਭਾਰਤ ਪਾਕਿ ਗੱਲਬਾਤ ਦੇ ਮਾਮਲੇ ਵਿਚ ਜਿੰਨੇ ਤਿੱਖੇ ਕਦਮ ਵਾਜਪਾਈ ਸਰਕਾਰ ਵਲੋਂ ਚੁੱਕੇ ਗਏ ਸਨ, ਮਨਮੋਹਨ ਸਿੰਘ ਸਰਕਾਰ ਉਸ ਦੇ ਪਾਸਕੂੰ ਵੀ ਨਹੀਂ ਹੈ। ਫਿਰ ਵੀ ਮੁੰਬਈ ਹਮਲਿਆਂ ਨੂੰ ਪਾਸੇ ਰੱਖ ਕੇ ਦੋਨਾਂ ਮੁਲਕਾਂ ਵਿਚਕਾਰ ਆਪਸੀ ਗੱਲਬਾਤ ਅੱਗੇ ਤੋਰਨ ਦੇ ਮਾਮਲੇ ਨੂੰ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਜੋਟੀਦਾਰ ਦੇਸ਼ ਨਾਲ ਗੱਦਾਰੀ ਦਾ ਨਾਮ ਦਿੰਦੇ ਰਹੇ ਹਨ। ਉਂਝ ਵਾਜਪਾਈ ਸਰਕਾਰ ਵੇਲੇ ਪਾਕਿਸਤਾਨ ਨਾਲ ਜਿਨ੍ਹਾਂ ਕੀਮਤਾਂ 'ਤੇ ਗੱਲਬਾਤ ਜਾਰੀ ਰੱਖੀ ਗਈ, ਉਸ ਨੂੰ ਚੇਤੇ ਕਰਵਾਉਣ 'ਤੇ ਅਡਵਾਨੀਕੇ ਕੁਝ ਕੁ ਸ਼ਰਮਸਾਰ ਜ਼ਰੂਰ ਹੋਏ, ਪਰ ਉਨ੍ਹਾਂ ਸ਼ਾਂਤੀ ਵਾਰਤਾਵਾਂ ਦੇ ਮਾਮਲੇ ਵਿਚ ਸਰਕਾਰ ਦਾ ਵਿਰੋਧ ਹਾਲਾਂ ਵੀ ਤਿਆਗਿਆ ਨਹੀਂ ਹੈ।

ਹਾਲ ਹੀ ਵਿਚ 15 ਅਗਸਤ ਵਾਲੇ ਦਿਨ ਲਾਲ ਕਿਲੇ ਤੋਂ ਪ੍ਰਧਾਨ ਮੰਤਰੀ ਵਲੋਂ ਦਿੱਤੇ ਗਏ ਆਪਣੇ ਭਾਸ਼ਣ ਵਿਚ ਪਾਕਿਸਤਾਨ ਦਾ ਨਾਮ ਤੱਕ ਨਹੀਂ ਸੀ ਲਿਆ ਗਿਆ ਅਤੇ ਗੁਆਂਢੀਆਂ ਨਾਲ ਸਹਿਚਾਰਪੂਰਨ ਸਬੰਧਾਂ ਦੀ ਗੱਲ ਹੀ ਕੀਤੀ ਗਈ ਸੀ। ਉਂਝ ਭਾਵੇਂ ਅਤਿਵਾਦ ਅਤੇ ਨਕਸਲਵਾਦ ਨਾਲ ਸਖ਼ਤੀ ਨਾਲ ਨਜਿੱਠਣ ਦਾ ਵਾਅਦਾ ਪ੍ਰਧਾਨ ਮੰਤਰੀ ਨੇ ਜ਼ਰੂਰ ਕੀਤਾ ਸੀ। ਅਜਿਹੀ ਹਾਲਤ ਵਿਚ ਯੂ.ਪੀ.ਏ. ਸਰਕਾਰ ਅਤੇ ਖਾਸ ਕਰਕੇ ਡਾ. ਮਨਮੋਹਨ ਸਿੰਘ ਵਲੋਂ ਪਾਕਿਸਤਾਨ ਖ਼ਿਲਾਫ ਨਰਮ ਪਹੁੰਚ ਅਪਨਾਉਣ ਦੀ ਗੱਲ ਅੰਦਰਖਾਤੇ ਇਕ ਵਾਰ ਫਿਰ ਸੁਲਘਣ ਲੱਗੀ ਸੀ। ਭਾਵੇਂ ਇਸ ਸਬੰਧ ਵਿਚ ਮੀਡੀਆ ਜਾਂ ਵਿਰੋਧੀ ਰਾਜਨੀਤਕ ਪਾਰਟੀਆਂ ਨੇ ਕੋਈ ਚਰਚਾ ਨਹੀਂ ਸੀ ਕੀਤੀ। ਇਸ ਅੰਦਰੂਨੀ ਦਬਾਅ ਨੂੰ ਮਹਿਸੂਸ ਕਰਦਿਆਂ ਹੀ ਲੰਘੀ 17 ਅਗਸਤ ਨੂੰ ਪ੍ਰਧਾਨ ਮੰਤਰੀ ਨੇ ਪੋਚਾਫੇਰੂ ਬਿਆਨ ਦੇ ਦਿੱਤਾ ਕਿ ਪਾਕਿਸਤਾਨ ਵਿਚ ਬੈਠੇ ਅਤਿਵਾਦੀ ਦੇਸ਼ ਉੱਪਰ ਮੁੜ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਹਨ ਅਤੇ ਸਰਕਾਰ ਨੇ ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਸਮੁੰਦਰੀ ਕੰਢਿਆਂ ਦੀ ਸੁਰੱਖਿਆ ਸਖ਼ਤ ਕਰ ਦਿੱਤੀ ਹੈ। ਉਨ੍ਹਾਂ ਇੱਥੋਂ ਤੱਕ ਕਹਿ ਦਿੱਤਾ ਕਿ ਅਤਿਵਾਦੀ ਹਮਲਿਆਂ ਦਾ ਖ਼ਦਸ਼ਾ ਪਹਿਲਾਂ ਨਾਲੋਂ ਵੀ ਵਧ ਗਿਆ ਹੈ।

ਇਸ ਦੌਰਾਨ ਉਨ੍ਹਾਂ ਨੇ ਕਸ਼ਮੀਰ ਸਮੇਤ ਉੱਤਰ ਪੂਰਬੀ ਸੂਬਿਆਂ, ਸ਼ੋਪੀਆਂ ਅਤੇ ਬਾਰਾਮੂਲਾ ਵਰਗੇ ਮਾਮਲਿਆਂ ਦਾ ਵੀ ਜ਼ਿਕਰ ਕੀਤਾ ਅਤੇ ਉੱਤਰ ਪੂਰਬੀ ਸੂਬਿਆਂ ਵਿਚ ਬਗਾਵਤ ਨੂੰ ਦਬਾਉਣ ਦੀ ਜ਼ਿੰਮੇਵਾਰੀ ਫੌਜ ਦੀ ਥਾਂ ਪੁਲਿਸ ਨੂੰ ਦੇਣ ਦੀ ਵੀ ਚਰਚਾ ਕੀਤੀ। ਇਸ ਦੌਰਾਨ ਪਾਕਿਸਤਾਨ ਨੇ ਪ੍ਰਧਾਨ ਮੰਤਰੀ ਦੇ ਤਾਜ਼ਾ ਬਿਆਨ ਦਾ ਤੁਰੰਤ ਪ੍ਰਤੀਕਰਮ ਕੀਤਾ। ਪਾਕਿਸਤਾਨ ਦੇ ਸੂਚਨਾ ਮੰਤਰੀ ਸ੍ਰੀ ਬੁਖਾਰੀ ਨੇ ਆਖਿਆ ਹੈ ਕਿ ਅਸੀਂ ਸਮਝਦੇ ਹਾਂ ਕਿ ਡਾ. ਮਨਮੋਹਨ ਸਿੰਘ ਦਾ ਬਿਆਨ ਬੇਲੋੜਾ ਹੈ। ਬਿਹਤਰ ਹੁੰਦਾ ਜੇ ਉਹ ਬਿਆਨ ਨਾ ਹੀ ਦਿੰਦੇ, ਕਿਉਂਕਿ ਪਾਕਿਸਤਾਨ ਅਤੇ ਭਾਰਤ, ਦੋਵਾਂ ਦੇਸ਼ਾਂ ਦੇ ਆਗੂਆਂ ਦਰਮਿਆਨ ਮੀਟਿੰਗਾਂ ਤੋਂ ਬਾਅਦ ਅਮਨ ਵਾਰਤਾ ਦੇ ਕਦਮ ਸਹੀ ਦਿਸ਼ਾ ਵਿਚ ਅੱਗੇ ਵਧ ਰਹੇ ਹਨ। ਉਨ੍ਹਾਂ ਹੋਰ ਕਿਹਾ ਕਿ ਅਸੀਂ ਤਾਂ ਖੁਦ ਅਤਿਵਾਦ ਤੋਂ ਪੀੜਤ ਹਾਂ ਅਤੇ ਅਤਿਵਾਦ ਨੂੰ ਖਤਮ ਕਰਨ ਲਈ ਵਿਸ਼ਵ ਤਾਕਤਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ।

ਅਸਲ ਵਿਚ ਭਾਰਤ ਅਤੇ ਪਾਕਿਸਤਾਨ ਦੇ ਸਬੰਧਾਂ ਦੇ ਮਾਮਲੇ ਵਿਚ ਕੁੜਿੱਤਣ ਬੜੀ ਪੁਰਾਣੀ ਹੈ ਅਤੇ ਇਸ ਦਾ ਮੂਲ ਕਾਰਨ ਕਸ਼ਮੀਰ ਮਸਲਾ ਹੈ। ਇਸ ਤੋਂ ਵੀ ਅੱਗੇ ਦੋਨਾਂ ਦੇਸ਼ਾਂ ਨੇ ਜਿਸ ਕਿਸਮ ਦੀ ਭਿਆਨਕ ਫਿਰਕੂ ਹਿੰਸਾ ਵਿਚੋਂ ਜਨਮ ਲਿਆ ਹੈ, ਉਸੇ ਦੀ ਲਗਾਤਾਰਤਾ ਵਜੋਂ ਦੋਨਾਂ ਦੇ ਸਬੰਧਾਂ ਵਿਚਾਲੇ ਜੰਗ ਅਤੇ ਕੁੜਿੱਤਣ ਜਾਰੀ ਰਹਿ ਰਹੀ ਹੈ। ਇਸ ਕਲੇਸ਼ ਲਈ ਮੁੱਖ ਰੂਪ ਵਿਚ ਜ਼ਿੰਮੇਵਾਰ ਦੋਵਾਂ ਮੁਲਕਾਂ ਦੀਆਂ ਕੱਟੜਪੰਥੀ ਤਾਕਤਾਂ ਹਨ, ਜਿਹੜੀਆਂ ਸੰਸਾਰ ਦੀ ਮੌਜੂਦਾ ਰਾਜਨੀਤਕ ਅਤੇ ਰਣਨੀਤਕ ਸਥਿਤੀ ਨੂੰ ਧਿਆਨ ਵਿਚ ਨਹੀਂ ਰੱਖ ਰਹੀਆਂ। ਅਮਨ ਵਾਰਤਾਵਾਂ ਦੀ ਦਿਸ਼ਾ ਵਿਚ ਅੱਗੇ ਵਧਣ ਲਈ ਦੋਨਾਂ ਹੀ ਮੁਲਕਾਂ ਦੇ ਆਗੂਆਂ ਨੂੰ ਆਪੋ-ਆਪਣੇ ਮੁਲਕਾਂ ਦੀ ਹੋਂਦ ਇਕ ਦੂਜੇ ਦੇ ਵਿਰੋਧ ਵਿਚੋਂ ਤਲਾਸ਼ਣ ਦਾ ਪੁਰਾਣਾ ਪੈਂਤੜਾਂ ਹੁਣ ਤਿਆਗਣਾ ਹੋਵੇਗਾ। ਇਸੇ ਵਿਚੋਂ ਹੀ ਨਵੇਂ ਦੱਖਣੀ ਏਸ਼ੀਆ ਦੀ ਨੁਹਾਰ ਜਨਮ ਲੈ ਸਕੇਗੀ।

# ਸ਼ਾਹਰੁਖ ਨੂੰ ਅਮਰੀਕੀ ਝਟਕੇ ਨੇ ਹਿਲਾਈ ਫਿਲਮੀ ਦੁਨੀਆਂ

ਉਨ੍ਹਾਂ ਨੂੰ ਮੋਬਾਇਲ ਫੋਨ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਇਸ ਘਟਨਾ 'ਤੇ ਬੇਇੱਜ਼ਤ ਹੋਇਆ ਮਹਿਸੂਸ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮੰਦਭਾਗੀ ਘਟਨਾ ਹੈ ਅਤੇ ਮੇਰੇ ਨਾਲ ਇਸ ਤਰ੍ਹਾਂ ਦਾ ਵਿਵਹਾਰ ਸਿਰਫ ਇਸ ਲਈ ਕੀਤਾ ਗਿਆ ਕਿਉਂਕਿ ਮੇਰੇ ਨਾਂ ਨਾਲ 'ਖ਼ਾਨ' ਜੁੜਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਧਿਕਾਰੀਆਂ ਦਾ ਵਤੀਰਾ ਬਹੁਤ ਹੀ ਗੈਰ-ਪੇਸ਼ੇਵਾਰਾਨਾ ਸੀ।

ਅਟਲਾਂਟਾ ਸ਼ਹਿਰ ਸਥਿਤ ਤਾਜ ਮਹਿਲ ਹੋਟਲ ਵਿਚ ਸ਼ਾਹਰੁਖ਼ ਨੇ ਕਿਹਾ ਕਿ ਮੈਨੂੰ ਇਸ ਕਾਰਵਾਈ ਨਾਲ ਬਹੁਤ ਤਕਲੀਫ ਹੋਈ ਹੈ। ਕਿੰਗ ਖ਼ਾਨ ਨੇ ਸਮਾਰੋਹ ਵਿਚ ਦੋ ਘੰਟੇ ਦੇਰੀ ਨਾਲ ਆਉਣ ਲਈ ਆਪਣੇ ਪ੍ਰਸ਼ੰਸਕਾਂ ਤੋਂ ਮਾਫੀ ਮੰਗੀ ਅਤੇ ਕਿਹਾ ਕਿ ਮੈਂ ਕਦੇ ਨਹੀਂ ਸੋਚਿਆ ਸੀ ਕਿ ਅਮਰੀਕਾ ਆਉਣ ਦਾ ਮੇਰਾ ਅਨੁਭਵ ਅਜਿਹਾ ਹੋਵੇਗਾ। ਸ੍ਰੀ ਖ਼ਾਨ ਨੇ ਕਿਹਾ ਕਿ ਮੈਂ ਫਿਰ ਕਦੇ ਅਮਰੀਕਾ ਨਹੀਂ ਆਉਣਾ ਚਾਹਾਂਗਾ, ਪਰ ਮੇਰੇ ਪ੍ਰਸ਼ੰਸਕਾਂ ਦਾ ਪਿਆਰ ਮੈਨੂੰ ਫੇਰ ਖਿੱਚ ਲਿਆਵੇਗਾ।

ਇਸ ਦੌਰਾਨ ਯੂ.ਐਸ. ਕਸਟਮ ਅਧਿਕਾਰੀ ਅਤੇ ਬਾਰਡਰ ਸੁਰੱਖਿਆ ਬੁਲਾਰੇ ਐਲਮਰ ਕਾਮਚੋ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ ਕਿ ਨੇਵਾਰਕ ਹਵਾਈ ਅੱਡੇ 'ਤੇ ਅਭਿਨੇਤਾ ਸ਼ਾਹਰੁਖ਼ ਖ਼ਾਨ ਨੂੰ ਉਨ੍ਹਾਂ ਦੀ ਏਸ਼ਿਆਈ ਪਛਾਣ ਕਰਕੇ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਖ਼ਾਨ ਦਾ ਸਾਮਾਨ ਨਾ ਪੁੱਜਣ ਕਰਕੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ। ਉਸ ਤੋਂ ਲੰਬੀ ਪੁੱਛਗਿੱਛ ਦਾ ਕਾਰਨ ਦੱਸਦਿਆਂ ਸ੍ਰੀ ਕਾਮਚੋ ਨੇ ਕਿਹਾ ਕਿ ਏਅਰਲਾਈਨ ਨੇ ਉਸ ਦਾ ਸਾਮਾਨ ਮੁਹੱਈਆ ਕਰਨ 'ਚ ਦੇਰੀ ਕੀਤੀ।

ਭਾਵੇਂ ਕਸਟਮ ਅਧਿਕਾਰੀਆਂ ਨੇ ਅਭਿਨੇਤਾ ਸ਼ਾਹਰੁਖ਼ ਖ਼ਾਨ ਨਾਲ ਕਿਸੇ ਕਿਸਮ ਦੀ ਜਲਾਲਤ ਤੋਂ ਇਨਕਾਰ ਕੀਤਾ ਹੈ, ਪਰ ਇਹ ਕੋਈ ਅਜਿਹੀ ਪਹਿਲੀ ਘਟਨਾ ਨਹੀਂ। ਇਸ ਤੋਂ ਪਹਿਲਾਂ ਵੀ ਇਕ ਅਭਿਨੇਤਾ ਨੀਲ ਨੀਤਿਨ ਮੁਕੇਸ਼, ਜੋ ਆਪਣੀ ਫਿਲਮ ਨਿਊ ਯਾਰਕ ਦੀ ਸ਼ੂਟਿੰਗ ਲਈ ਅਮਰੀਕਾ ਜਾ ਰਿਹਾ ਸੀ, ਨਾਲ ਅਜਿਹਾ ਵਾਪਰ ਚੁੱਕਾ ਹੈ। ਅਮਰੀਕੀ ਅਧਿਕਾਰੀਆਂ ਦੇ ਬਹਾਨੇ ਮੁਤਾਬਕ ਸ੍ਰੀ ਮੁਕੇਸ਼ ਦਾ ਰੰਗ ਬਹੁਤ ਗੋਰਾ ਹੈ ਅਤੇ ਉਹ ਭਾਰਤੀ ਨਹੀਂ ਹੋ ਸਕਦਾ। ਇਸ ਤੋਂ ਇਲਾਵਾ ਪ੍ਰਸਿੱਧ ਫਿਲਮ 'ਸਲਮਡਾਗ ਮਿਲੇਨੀਅਰ' ਦੇ ਅਭਿਨੇਤਾ ਇਰਫਾਨ ਖ਼ਾਨ ਨੂੰ ਵੀ ਦੋ ਵਾਰ ਅਮਰੀਕਾ ਦੇ ਬੂਏ ਅੱਡੇ 'ਤੇ ਰੋਕਿਆ ਗਿਆ। ਕਮਲ ਹਸਨ ਨੂੰ ਵੀ ਉਸ ਦੇ ਨਾਂ ਦੀ ਵਜ੍ਹਾ ਕਰਕੇ ਪਿਛਲੇ ਸਾਲ ਟੋਰਾਂਟੋ ਵਿਚ ਪੁੱਛਗਿੱਛ ਲਈ ਗ੍ਰਿਫ਼ਤਾਰ ਕੀਤਾ ਗਿਆ ਅਤੇ ਕਬੀਰ ਖ਼ਾਨ ਨੇ ਵੀ ਮੰਨਿਆ ਕਿ ਉਸ ਨਾਲ ਅਮਰੀਕਾ ਵਿਚ ਇਹੋ ਜਿਹਾ ਵਿਹਾਰ ਕਈ ਵਾਰ ਹੋ ਚੁੱਕਾ ਹੈ।

ਸ਼ਾਹਰੁਖ਼ ਖ਼ਾਨ ਦੇ ਮਾਮਲੇ ਨੂੰ ਅਮਰੀਕਾ ਕੋਲ ਜ਼ੋਰਦਾਰ ਢੰਗ ਨਾਲ ਉਠਾਉਣ ਬਾਰੇ ਆਏ ਕੇਂਦਰੀ ਹਵਾਬਾਜ਼ੀ ਮੰਤਰੀ ਸ੍ਰੀ ਪ੍ਰਫੁਲ ਪਟੇਲ ਅਤੇ ਸ੍ਰੀਮਤੀ ਅੰਬਿਕਾ ਸੋਨੀ ਦੇ ਬਿਆਨਾਂ ਤੋਂ ਇਲਾਵਾ ਸ਼ਾਹਰੁਖ਼ ਦੇ ਪ੍ਰਸ਼ੰਸਕਾਂ 'ਚ ਵੀ ਭਾਰੀ ਰੋਸ ਹੈ। ਸਟੂਡੈਂਟ ਫੈਡਰੇਸ਼ਨ ਆਫ ਇੰਡੀਆ (ਐਸ.ਐਫ.ਆਈ.) ਨੇ ਐਤਵਾਰ ਨੂੰ ਹੈਦਰਾਬਾਦ 'ਚ ਇਸ ਕਾਰਵਾਈ ਵਿਰੁਧ ਰੋਸ ਪ੍ਰਦਰਸ਼ਨ ਕੀਤਾ। ਉਧਰ ਕ੍ਰਿਕਟ ਖਿਡਾਰੀ ਹਰਭਜਨ ਸਿੰਘ ਨੇ ਕਿਹਾ ਕਿ ਇਹ ਇਕ ਆਮ ਜਿਹੀ ਗੱਲ ਹੈ ਅਤੇ ਮੀਡੀਆ ਜਾਣ-ਬੁੱਝ ਕੇ ਇਸ 'ਤੇ ਹੰਗਾਮਾ ਖੜ੍ਹਾ ਕਰ ਰਿਹਾ ਹੈ।

ਹਵਾਈ ਅੱਡਿਆਂ ਅਤੇ ਹੋਰ ਜਨਤਕ ਥਾਵਾਂ 'ਤੇ ਚੌਕਸੀ ਰੱਖਣੀ ਕੋਈ ਮਾੜੀ ਗੱਲ ਨਹੀਂ ਹੈ, ਪ੍ਰੰਤੂ ਸੁਰੱਖਿਆ ਦੇ ਨਾਂ 'ਤੇ ਇਕ ਖਾਸ ਵਰਗ ਨੂੰ ਨਿਸ਼ਾਨਾ ਬਣਾਉਣਾ ਮਨੁੱਖਤਾ ਖਿਲਾਫ ਅਪਰਾਧ ਹੈ। ਅਮਰੀਕਾ ਦਾ ਨਸਲਵਾਦ ਜਿਹੜਾ ਰੁਖ਼ ਅਖਤਿਆਰ ਕਰ ਰਿਹਾ ਹੈ, ਇਸ ਦੀ ਪਿੱਠ ਭੂਮੀ 'ਚ ਨਿਊ ਯਾਰਕ 'ਚ ਹੋਏ 9-11 ਦੇ ਦਹਿਸ਼ਤਵਾਦੀ ਹਮਲੇ ਨੂੰ ਦੇਖਿਆ ਜਾ ਰਿਹਾ ਹੈ। ਇਸ ਤੋਂ ਪਿੱਛੋਂ ਅਮਰੀਕਾ ਨੇ ਹਵਾਈ ਅੱਡਿਆਂ 'ਤੇ ਖਾਸ ਚੌਕਸੀ ਰੱਖਣੀ ਸ਼ੁਰੂ ਕਰ ਦਿੱਤੀ, ਜਿਸ ਦੇ ਸਿੱਟੇ ਵਜੋਂ ਅਮਰੀਕਾ 'ਚ ਮੁੜ ਅਜਿਹੀ ਕੋਈ ਅਤਿਵਾਦੀ ਕਾਰਵਾਈ ਨਹੀਂ ਹੋਈ ਪਰ ਸੁਰੱਖਿਆ ਦੇ ਨਾਂ 'ਤੇ ਕਿਸੇ ਨੂੰ ਜਾਣ-ਬੁੱਝ ਕੇ ਪ੍ਰੇਸ਼ਾਨ ਕਰਨਾ, ਕਿਸੇ ਵੀ ਪੱਖੋਂ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਭਾਰਤ ਦੇ ਸਾਬਕਾ ਰਾਸ਼ਟਰਪਤੀ ਸ੍ਰੀ ਕਲਾਮ ਨਾਲ ਵਾਪਰੀ ਘਟਨਾ ਦਾ ਜੇ ਭਾਰਤ ਸਰਕਾਰ ਨੇ ਸਖ਼ਤ ਨੋਟਿਸ ਲਿਆ ਹੁੰਦਾ ਤਾਂ ਸ਼ਾਇਦ ਸ਼ਾਹਰੁਖ਼ ਖ਼ਾਨ ਨੂੰ ਅਜਿਹੀ ਜਲਾਲਤ ਨਾ ਸਹਿਣੀ ਪੈਂਦੀ। ਸਲੀਕੇ ਨਾਲ ਅਤੇ ਜਲੀਲ ਕਰਨ ਦੇ ਮਕਸਦ ਨਾਲ ਜਾਂਚ ਕਰਨ 'ਚ ਬਹੁਤ ਫਰਕ ਹੈ।

ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦਾ ਪ੍ਰਸ਼ਾਸਨ ਜਦੋਂ ਇਸਲਾਮਿਕ ਸੰਸਾਰ ਨਾਲ ਸਬੰਧ ਸੁਧਾਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਉਦੋਂ ਅਜਿਹੇ ਮਸਲੇ ਦਾ ਸਾਹਮਣੇ ਆਉਣਾ ਅਜਿਹੀ ਕੋਸ਼ਿਸ਼ ਨੂੰ ਭਾਰੀ ਸੱਟ ਮਾਰ ਸਕਦਾ ਹੈ।

# ਲੰਮੀ ਹੋ ਗਈ ਔੜ ਕਾਰਨ ਨਰਮਾ ਅਗੇਤਾ ਖਿੜਨ ਲੱਗਿਆ

**ਨਥਾਣਾ :** ਇਸ ਵਾਰ ਲੰਬੀ ਔੜ ਕਾਰਨ ਨਰਮਾ ਬੇਮੌਸਮਾਂ ਖਿੜਨਾ ਸ਼ੁਰੂ ਹੋ ਗਿਆ ਹੈ। ਇਸ ਨਰਮੇ ਦੀ ਚੁਗਾਈ ਕਰਨਾ ਕਿਸਾਨਾਂ ਲਈ ਮਜਬੂਰੀ ਬਣ ਗਿਆ ਹੈ। ਜਿਸ ਕਾਰਨ ਨਰਮੇ ਦੀ ਪੈਦਾਵਾਰ ਘੱਟ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਪ੍ਰਾਪਤ ਜਾਣਕਾਰੀ ਅਨੁਸਾਰ ਬੀ.ਟੀ. ਕਾਟਨ ਦੀਆਂ ਕੁਝ ਕਿਸਮਾਂ ਨੂੰ ਛੱਡ ਕੇ ਬਹੁ ਗਿਣਤੀ ਕਿਸਮਾਂ ਅਜਿਹੀਆਂ ਹਨ, ਜਿਹੜੀਆਂ ਲੰਬੀ ਔੜ ਦਾ ਟਾਕਰਾ ਕਰਨ ਤੋਂ ਅਸਮਰੱਥ ਹਨ। ਖੇਤੀ ਮਾਹਿਰਾਂ ਮੁਤਾਬਕ ਕਈ ਸਾਲਾਂ ਦੌਰਾਨ ਨਰਮੇ ਦੀ ਫਸਲ 15 ਸਤੰਬਰ ਤੋਂ ਬਾਅਦ ਖਿੜਨੀ ਸ਼ੁਰੂ ਹੁੰਦੀ ਸੀ, ਜਦੋਂ ਕਿ ਇਸ ਵਾਰ ਕੁਝ ਥਾਵਾਂ 'ਤੇ ਇਹ 15 ਅਗਸਤ ਤੋਂ ਵੀ ਪਹਿਲਾਂ ਖਿੜਨਾ ਸ਼ੁਰੂ ਹੋ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਰ ਬਾਰਸ਼ ਘੱਟ ਪੈਣ ਕਰਕੇ ਨਰਮੇ ਦੇ ਬੂਟੇ ਮਧਰੇ ਕੱਦ ਦੇ ਰਹਿ ਗਏ ਹਨ। ਪਹਿਲਾਂ ਇਨ੍ਹਾਂ ਬੂਟਿਆਂ ਦਾ ਕੱਦ ਪੰਜ ਤੋਂ ਛੇ ਫੁੱਟ ਤੱਕ ਹੋ ਜਾਂਦਾ ਸੀ, ਜਦੋਂਕਿ ਇਸ ਵਾਰ ਇਹ ਬੂਟੇ ਤਿੰਨ ਤੋਂ ਸਾਢੇ ਤਿੰਨ ਫੁੱਟ ਲੰਬਾਈ ਤੱਕ ਹੀ ਰਹੇ ਹਨ। ਇਸ ਸਾਲ ਬਾਰਸ਼ਾਂ ਨਾ ਹੋਣ ਕਰਕੇ ਝੋਨੇ ਦੀ ਫਸਲ ਵੀ ਟਿਊਬਵੈਲਾਂ ਦੇ ਰਹਿਮੋ ਕਰਮ 'ਤੇ ਹੀ ਰਹੀ ਹੈ। ਬਿਜਲੀ ਸੰਕਟ ਕਾਰਨ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਡੀਜ਼ਲ ਫੂਕਣਾ ਪਿਆ ਹੈ, ਇਸੇ ਕਰਕੇ ਕਿਸਾਨਾਂ ਨੇ ਸਿੰਜਾਈ ਖਾਤਰ ਨਰਮੇ ਨਾਲੋਂ ਝੋਨੇ ਦੀ ਫਸਲ ਨੂੰ ਵਧੇਰੇ ਤਰਜੀਹ ਦਿੱਤੀ ਹੈ। ਉਂਜ ਵੀ ਨਰਮੇ ਦੀ ਫਸਲ ਕੁਦਰਤੀ ਬਾਰਸ਼ਾਂ 'ਤੇ ਨਿਰਭਰ ਰਹਿੰਦੀ ਹੈ।

ਪਿਛਲੇ ਮਹੀਨੇ ਲੱਗੀ ਔੜ ਸਮੇਂ ਨਰਮੇ ਦੀਆਂ ਮਹਾਈਕੋ ਕੰਪਨੀ ਦੀਆਂ ਆਰ.ਸੀ.ਐਚ. 6301, ਆਰ.ਸੀ.ਐਚ. 6302 ਅਤੇ ਆਰ.ਸੀ.ਐਚ 6304 ਤੋਂ ਇਲਾਵਾ ਅੰਕੁਰ ਬੀ.ਜੀ.-2 ਅਤੇ ਅੰਕੁਰ 2226 ਨੂੰ ਅਗੇਤੇ ਫੁੱਲ ਪੈ ਗਏ ਸਨ। ਫਿਰ ਇਕ ਵਾਰ ਬਾਰਸ਼ ਪੈਣ ਨਾਲ ਭਾਵੇਂ ਇਨ੍ਹਾਂ ਫੁੱਲਾਂ ਤੋਂ ਟੀਂਡੇ ਤਾਂ ਬਣ ਗਏ, ਪਰ ਉਹ ਟੀਂਡੇ ਸਾਈਜ਼ ਵਿਚ ਆਮ ਟੀਂਡਿਆਂ ਨਾਲੋਂ ਕਾਫੀ ਛੋਟੇ ਰਹਿ ਗਏ। ਪਰ ਹੁਣ ਲੰਬੀ ਔੜ ਨਾਲ ਇਹ ਟੀਂਡੇ ਅਗੇਤੇ ਹੀ ਖਿੜ ਪਏ ਹਨ।

ਬੀ.ਟੀ. ਨਰਮੇ ਦੀਆਂ 'ਰਾਸ਼ੀ 134' ਅਤੇ 'ਬੰਨੀ' ਕਿਸਮਾਂ ਹੀ ਅਜਿਹੀਆਂ ਹਨ, ਜਿਨ੍ਹਾਂ ਦੇ ਬੂਟੇ ਲੰਬਾ ਕੱਦ ਕਰਦੇ ਹਨ ਅਤੇ ਇਹ ਕਿਸਮਾਂ ਸੋਕੇ ਦੀ ਸਥਿਤੀ ਦਾ ਟਾਕਰਾ ਕਰਨ ਦੇ ਸਮਰੱਥ ਹਨ। ਇਸੇ ਕਰਕੇ ਇਹ ਕਿਸਮਾਂ ਨਰਮਾ ਉਤਪਾਦਕਾਂ ਲਈ ਲਾਹੇਵੰਦ ਹਨ। ਨਰਮੇ ਦੀਆਂ ਇਨ੍ਹਾਂ ਕਿਸਮਾਂ ਦੀ ਬਿਜਾਈ ਵਾਲੇ ਖੇਤਾਂ ਵਿਚ ਹੁਣ ਫੁੱਲ ਲੱਗੇ ਹਨ ਅਤੇ ਬਾਅਦ ਵਿਚ ਲੱਗਣ ਵਾਲੇ ਟੀਂਡੇ ਮਜ਼ਬੂਤ ਹੋਣਗੇ, ਜਿਸ ਨਾਲ ਚੰਗੀ ਪੈਦਾਵਾਰ ਦੀ ਆਸ ਕੀਤੀ ਜਾ ਸਕਦੀ ਹੈ।

ਇਸ ਸਮੇਂ ਨਰਮੇ ਦੀ ਚੁਗਾਈ ਕਰਨ ਵਾਲੇ ਮਜ਼ਦੂਰ ਦਿਹਾੜੀ ਮੁਤਾਬਕ ਕੰਮ ਕਰਦੇ ਹਨ। ਪੈਦਾਵਾਰ ਥੋੜੀ ਹੋਣ ਕਰਕੇ ਇਹ ਚੁਗਾਈ ਕਾਫੀ ਮਹਿੰਗੀ ਪੈ ਰਹੀ ਹੈ। ਇਸ ਕਾਰਨ ਹੁਣ ਅਗੇਤੇ ਖਿੜੇ ਨਰਮੇ ਦੀ ਚੁਗਾਈ ਕਰਨਾ ਕਿਸਾਨਾਂ ਦੀ ਮਜਬੂਰੀ ਬਣੀ ਹੋਈ ਹੈ। ਭਾਵੇਂ ਇਸ ਸਮੇਂ ਨਰਮੇ ਦੀ ਫਸਲ ਤਿੰਨ ਹਜ਼ਾਰ ਰੁਪਏ ਕੁਇੰਟਲ ਤੱਕ ਵਿਕ ਰਹੀ ਹੈ।

ਫਿਰ ਵੀ ਮਜ਼ਦੂਰੀ ਮੁਤਾਬਕ ਕਿਸਾਨਾਂ ਨੂੰ ਆਰਥਿਕ ਘਾਟਾ ਝੱਲਣਾ ਪੈ ਰਿਹੈ। ਅਗਲੇ ਮਹੀਨੇ ਖਿੜਨ ਵਾਲੇ ਨਰਮੇ ਸਮੇਂ ਕਿਸਾਨਾਂ ਨੂੰ ਵਜ਼ਨ ਨਾਲ ਚੁਗਾਈ ਸਸਤੀ ਪਵੇਗੀ, ਉਥੇ ਪੈਦਾਵਾਰ ਚੰਗੀ ਹੋਣ ਨਾਲ ਆਰਥਿਕ ਲਾਭ ਹੋਵੇਗਾ। ਕਿਸਾਨਾਂ ਅਤੇ ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਲੰਬੀ ਔੜ ਕਾਰਨ ਇਸ ਵਾਰ ਨਰਮੇ ਦੀ ਖੇਤੀ ਵਧੇਰੇ ਲਾਹੇਵੰਦ ਸਾਬਤ ਨਹੀਂ ਹੋ ਰਹੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਸਿਆਸਤਦਾਨਾਂ ਦੀ ਰਾਖੀ ਕਰਦਿਆਂ ਹੰਭ ਜਾਂਦੀ ਪੰਜਾਬ ਪੁਲਿਸ

## 10,000 ਤੋਂ ਵਧ ਪੁਲਿਸ ਕਰਮਚਾਰੀ ਸਿਆਸਤਦਾਨਾਂ ਤੇ ਅਫਸਰਾਂ ਦੀ ਸੁਰੱਖਿਆ ਲਈ ਤਾਇਨਾਤ

**ਚੰਡੀਗੜ੍ਹ :** ਪੁਲਿਸ ਨੂੰ ਜਨਤਾ ਦੀ ਸੇਵਕ ਕਿਹਾ ਜਾਂਦਾ ਹੈ, ਪਰ ਪੰਜਾਬ ਪੁਲਿਸ ਦੇ ਰੁਝੇਵੇਂ ਹੀ ਇੰਨੇ ਜ਼ਿਆਦਾ ਹਨ ਕਿ ਉਸ ਨੂੰ ਜਨਤਾ ਦੀਆਂ ਮੁਸ਼ਕਿਲਾਂ ਹੱਲ ਕਰਨ ਲਈ ਬੜਾ ਘੱਟ ਸਮਾਂ ਮਿਲਦਾ ਹੈ। ਵੀ.ਆਈ.ਪੀ. ਡਿਊਟੀਜ਼ ਨੇ ਪੁਲਿਸ ਨੂੰ ਏਨਾ ਉਲਝਾਇਆ ਹੋਇਆ ਹੈ ਕਿ ਲੋਕਾਂ ਦੀ ਫਰਿਆਦ ਤਾਂ ਕੀ ਸੁਣਨੀ, ਤਫ਼ਤੀਸ਼ੀ ਅਫਸਰਾਂ ਕੋਲ ਫੌਜਦਾਰੀ ਮਾਮਲਿਆਂ ਦੀ ਤਫਤੀਸ਼ ਲਈ ਵੀ ਢੁਕਵਾਂ ਸਮਾਂ ਨਹੀਂ।

ਪੰਜਾਬ ਪੁਲਿਸ ਵਲੋਂ ਕਰਵਾਏ ਗਏ ਇਕ ਹਾਲੀਆ ਅਧਿਐਨ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਪੁਲਿਸ ਆਮ ਜਨਤਾ ਦੀਆਂ ਸਮੱਸਿਆਵਾਂ ਸੁਣਨ ਲਈ ਇਕ ਦਿਨ 'ਚ ਸਿਰਫ 47 ਮਿੰਟਾਂ ਦਾ ਸਮਾਂ ਦਿੰਦੀ ਹੈ। ਲੋਕਾਂ ਦੀਆਂ ਸ਼ਿਕਾਇਤਾਂ ਦੀ ਪੜਤਾਲ ਲਈ ਪੁਲਿਸ ਕੋਲ ਮਸਾਂ 20 ਮਿੰਟਾਂ ਦਾ ਸਮਾਂ ਹੁੰਦਾ ਹੈ। ਫੌਜਦਾਰੀ ਮਾਮਲਿਆਂ ਦੀ ਤਫਤੀਸ਼, ਜੋ ਕਿ ਅਤਿਅੰਤ ਜ਼ਿੰਮੇਵਾਰੀ ਵਾਲਾ ਕਾਰਜ ਹੈ, ਲਈ ਪੁਲਿਸ ਕਰਮਚਾਰੀਆਂ ਕੋਲ 24 ਘੰਟਿਆਂ 'ਚੋਂ 47 ਮਿੰਟ ਹੀ ਬਚਦੇ ਹਨ।

ਪੰਜਾਬ ਪੁਲਿਸ ਦਾ ਇਹ ਅਧਿਐਨ ਲੁਧਿਆਣਾ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਥਾਣਿਆਂ 'ਚ ਤਾਇਨਾਤ ਫੋਰਸ ਦੇ 24 ਘੰਟਿਆਂ ਦੇ ਕੰਮ ਦੇ ਮੁਲਾਂਕਣ ਉਤੇ ਆਧਾਰਿਤ ਹੈ।

ਇਹ ਅਧਿਐਨ ਤਤਕਾਲੀਨ ਡੀ.ਜੀ.ਪੀ. ਐਨ.ਪੀ.ਐਸ. ਔਲਖ ਦੀ ਪਹਿਲਕਦਮੀ 'ਤੇ ਸਾਲ 2008 ਦੇ ਆਖਰੀ ਮਹੀਨਿਆਂ ਵਿਚ ਕਰਵਾਇਆ ਗਿਆ ਸੀ। ਸੀਨੀਅਰ ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਸ ਤੋਂ ਪਹਿਲਾਂ ਕਦੇ ਪੰਜਾਬ ਪੁਲਿਸ ਦੇ ਕੰਮਾਂ ਦਾ ਬਾਰੀਕੀ ਨਾਲ ਮੁਲਾਂਕਣ ਨਹੀਂ ਕੀਤਾ ਗਿਆ। ਅਧਿਐਨ ਤਤਕਾਲੀਨ ਜ਼ਿਲ੍ਹਾ ਪੁਲਿਸ ਮੁਖੀਆਂ ਵਲੋਂ ਐਸ.ਪੀ.ਓਜ਼ ਤੋਂ ਲੈ ਕੇ ਥਾਣਾ ਮੁਖੀ ਦੇ ਦੋ ਮਹੀਨਿਆਂ ਦੇ ਕੰਮ ਦੇ ਆਧਾਰ 'ਤੇ ਕੀਤਾ ਗਿਆ ਸੀ। ਅਧਿਐਨ ਅਨੁਸਾਰ ਪੰਜਾਬ ਪੁਲਿਸ ਦੇ



ਕਰਮਚਾਰੀਆਂ 'ਤੇ ਡਿਊਟੀ ਦਾ ਬੋਝ ਇਸ ਹੱਦ ਤੱਕ ਹੈ ਕਿ ਐਸ.ਐਚ.ਓ. ਨੂੰ ਰੋਜ਼ਾਨਾ 18 ਘੰਟੇ ਹੋਰਨਾਂ ਥਾਣੇਦਾਰਾਂ ਨੂੰ 17 ਘੰਟੇ ਤੇ ਸਿਪਾਹੀਆਂ ਨੂੰ 15 ਘੰਟੇ ਡਿਊਟੀ ਦੇਣੀ ਪੈਂਦੀ ਹੈ। ਪੁਲਿਸ ਮੁਲਾਜ਼ਮਾਂ ਨੂੰ ਅਜੇ ਤੱਕ ਹਫ਼ਤਾਵਾਰੀ ਛੁੱਟੀ ਦੀ ਸਹੂਲਤ ਵੀ ਨਹੀਂ ਮਿਲੀ।

ਪੰਜਾਬ ਪੁਲਿਸ ਦੇ ਸਿਪਾਹੀ ਤੋਂ ਲੈ ਕੇ ਐਸ.ਐਚ.ਓ. ਤੱਕ ਦੇ ਮੁਲਾਜ਼ਮਾਂ ਨੂੰ ਇਕ ਦਿਨ 'ਚ 366 ਮਿੰਟ (6 ਘੰਟੇ 6 ਮਿੰਟ) ਵੀ.ਆਈ.ਪੀ. ਡਿਊਟੀ (ਵਧੇਰੇ ਕਰਕੇ ਸਿਆਸਤਦਾਨਾਂ ਦੀ ਸੇਵਾ) ਅਤੇ ਅਮਨ-ਕਾਨੂੰਨ ਵਿਵਸਥਾ ਲਈ ਕੱਢਣੇ ਪੈਂਦੇ ਹਨ। ਅਧਿਐਨ ਮੁਤਾਬਕ ਪੰਜਾਬ ਦੇ ਹਰੇਕ ਜ਼ਿਲ੍ਹੇ ਦੇ ਪੁਲਿਸ ਕਰਮਚਾਰੀਆਂ ਨੂੰ ਵੀ.ਆਈ.ਪੀ. ਅਤੇ ਲਾਅ ਐਨਫੋਰਸਮੈਂਟ ਡਿਊਟੀ ਤਕਰੀਬਨ ਬਰਾਬਰ ਸਮੇਂ 'ਚ ਹੀ ਦੇਣੀ ਪੈ ਰਹੀ ਹੈ। ਕਪੂਰਥਲਾ ਜ਼ਿਲ੍ਹਾ ਛੋਟਾ ਹੋਣ ਦੇ ਬਾਵਜੂਦ ਪੁਲਿਸ ਨੂੰ 329.71 ਮਿੰਟ ਇਹ ਡਿਊਟੀ ਕਰਨੀ ਪੈਂਦੀ ਹੈ। ਲੁਧਿਆਣਾ ਦੇ ਪੁਲਿਸ ਮੁਲਾਜ਼ਮ 392.3 ਮਿੰਟ ਵੀ.ਆਈ.ਪੀ. ਡਿਊਟੀ ਕਰਦੇ ਹਨ ਤੇ ਜਲੰਧਰ ਦੇ ਪੁਲਿਸ ਮੁਲਾਜ਼ਮਾਂ ਨੂੰ 375 ਮਿੰਟ ਡਿਊਟੀ ਕਰਨੀ ਪੈ ਰਹੀ ਹੈ।

ਇਸ ਅਧਿਐਨ ਨੇ ਇਸ ਤੱਥ ਤੋਂ ਵੀ ਪਰਦਾ ਉਠਾਇਆ ਹੈ ਕਿ ਕਪੂਰਥਲਾ ਵਰਗੇ ਜ਼ਿਲ੍ਹੇ, ਜਿੱਥੇ ਆਬਾਦੀ ਲੁਧਿਆਣਾ ਵਰਗੇ ਜ਼ਿਲਿਆਂ ਦੇ ਮੁਕਾਬਲਤਨ ਘੱਟ ਹੈ ਤੇ ਅਪਰਾਧ ਦੀ ਦਰ ਵੀ ਘੱਟ ਹੈ, ਵਿਚ ਪੁਲਿਸ ਪ੍ਰਸ਼ਾਸਕੀ ਕੰਮਾਂ 'ਚ ਜ਼ਿਆਦਾ ਰੁੱਝੀ ਰਹਿੰਦੀ ਹੈ।

ਮਿਸਾਲ ਦੇ ਤੌਰ 'ਤੇ ਜਲੰਧਰ ਜ਼ਿਲ੍ਹੇ ਦੀ ਪੁਲਿਸ ਇਕ ਦਿਨ 'ਚ ਔਸਤਨ 40 ਮਿੰਟ ਤੇ ਲੁਧਿਆਣਾ ਜ਼ਿਲੇ ਦੀ ਪੁਲਿਸ 3 ਘੰਟੇ ਪ੍ਰਸ਼ਾਸਕੀ ਕੰਮਕਾਜ ਕਰਦੀ ਹੈ, ਪਰ ਕਪੂਰਥਲਾ ਜ਼ਿਲ੍ਹੇ ਦੀ ਪੁਲਿਸ ਸਾਢੇ ਚਾਰ ਘੰਟੇ ਇਸ ਕੰਮ 'ਤੇ ਲਾਉਂਦੀ ਹੈ। ਦੂਜੇ ਪਾਸੇ ਜਨਤਾ ਦੀ ਆਵਾਜ਼ ਸੁਣਨ ਲਈ 8 ਮਿੰਟ ਤੇ ਤਫਤੀਸ਼ ਲਈ 14 ਮਿੰਟ ਕੱਢਦੀ ਹੈ। ਇਸੇ ਤਰ੍ਹਾਂ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਇਸ ਜ਼ਿਲ੍ਹੇ ਦੀ ਪੁਲਿਸ ਕੋਲ ਔਸਤਨ ਸਿਰਫ 7 ਮਿੰਟ ਦਾ ਸਮਾਂ ਹੁੰਦਾ ਹੈ।

ਇਸ ਅਧਿਐਨ ਅਨੁਸਾਰ ਪੁਲਿਸ 'ਚ ਸਭ ਤੋਂ ਘੱਟ ਵੇਤਨ 'ਤੇ ਕੰਮ ਕਰਨ ਵਾਲੇ ਐਸ.ਪੀ.ਓਜ਼ ਨੂੰ ਦੂਸਰੇ ਰੈਂਕਸ ਦੇ ਮੁਕਾਬਲਤਨ ਜ਼ਿਆਦਾ ਡਿਊਟੀ ਦੇਣੀ ਪੈਂਦੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੁਲਿਸ ਕਰਮਚਾਰੀਆਂ ਦੀ ਵੱਡੀ ਗਿਣਤੀ ਸਿਆਸਤਦਾਨਾਂ, ਸੀਨੀਅਰ ਪੁਲਿਸ ਅਧਿਕਾਰੀਆਂ ਤੇ ਹੋਰਨਾਂ ਅਹਿਮ ਵਿਅਕਤੀਆਂ ਦੀ 'ਆਓ ਭਗਤ' 'ਤੇ ਹੀ ਲੱਗੀ ਰਹਿੰਦੀ ਹੈ ਜਿਸ ਕਰਕੇ ਜਨਤਾ ਦੀਆਂ ਸ਼ਿਕਾਇਤਾਂ ਸੁਣਨ ਜਾਂ ਤਫਤੀਸ਼ ਲਈ ਬਹੁਤ ਘੱਟ ਸਮਾਂ ਮਿਲਦਾ ਹੈ।

ਪੰਜਾਬ ਪੁਲਿਸ ਦੇ ਅਧਿਕਾਰੀ ਅਕਸਰ ਤਰਕ ਦਿੰਦੇ ਹਨ ਕਿ ਨਫਰੀ ਘੱਟ ਹੋਣ ਕਾਰਨ ਮੁਲਾਜ਼ਮਾਂ ਨੂੰ ਵਧ ਸਮਾਂ ਡਿਊਟੀ ਦੇਣੀ ਪੈਂਦੀ ਹੈ। ਹਕੀਕਤ ਇਹ ਹੈ ਕਿ ਪੰਜਾਬ 'ਚ ਪੁਲਿਸ ਫੋਰਸ ਦੀ ਗਿਣਤੀ ਕੌਮੀ ਔਸਤ ਦੇ ਮੁਕਾਬਲੇ ਜ਼ਿਆਦਾ ਹੈ।

ਕੌਮੀ ਪੱਧਰ 'ਤੇ ਇਕ ਲੱਖ ਦੀ ਆਬਾਦੀ ਪਿੱਛੇ 126 ਪੁਲਿਸ ਕਰਮਚਾਰੀ ਹਨ, ਜਦੋਂਕਿ ਪੰਜਾਬ 'ਚ ਇਹ ਗਿਣਤੀ 276 ਹੈ। ਜ਼ਿਕਰਯੋਗ ਹੈ ਕਿ 10,000 ਤੋਂ ਵਧ ਪੁਲਿਸ ਕਰਮਚਾਰੀ ਸਿਆਸਤਦਾਨਾਂ, ਸਿਵਲ ਤੇ ਪੁਲਿਸ ਅਫਸਰਾਂ ਅਤੇ ਹੋਰਨਾਂ ਅਹਿਮ ਵਿਅਕਤੀਆਂ ਦੀ ਸੁਰੱਖਿਆ ਲਈ ਤਾਇਨਾਤ ਹਨ।

## ਗਊ ਭਗਤਾਂ ਨੇ ਟਰਾਲੇ ਨੂੰ ਅੱਗ ਲਾਈ

**ਬਰਨਾਲਾ :** ਲੰਘੀ 16 ਅਗਸਤ ਨੂੰ ਸਵੇਰੇ 7.30 ਵਜੇ ਦੇ ਕਰੀਬ ਗਊਆਂ ਤੇ ਬਲਦਾਂ ਦਾ ਭਰਿਆ ਇਕ ਟਰਾਲਾ ਢਿੱਲਵਾਂ ਰੇਲਵੇ ਫਾਟਕ ਤਪਾ ਨੇੜਿਓਂ ਗਊ ਭਗਤਾਂ ਨੇ ਕਾਬੂ ਕਰ ਲਿਆ ਅਤੇ ਬਾਅਦ ਵਿਚ ਭੜਕੇ ਹੋਏ ਗਊ ਭਗਤਾਂ ਨੇ ਗਊਆਂ ਨੂੰ ਛੁਡਵਾ ਕੇ ਟਰਾਲੇ ਨੂੰ ਅੱਗ ਲਾ ਕੇ ਸਾੜ ਦਿੱਤਾ ਅਤੇ ਟਰਾਲੇ ਵਿਚ ਸਵਾਰ ਵਿਅਕਤੀਆਂ ਨੂੰ ਕੁਟਾਪਾ ਚਾੜ੍ਹ ਕੇ ਤਪਾ ਪੁਲਸ ਦੇ ਹਵਾਲੇ ਕਰ ਦਿੱਤਾ।

ਢਿੱਲਵਾਂ ਫਾਟਕ 'ਤੇ ਉਤਰ ਪ੍ਰਦੇਸ਼ ਦੇ ਐਲ.ਪੀ. ਦਸ ਟਾਇਰਾਂ ਵਾਲੇ ਟਰਾਲੇ ਨੂੰ ਇਕ ਮਹਿੰਦਰਾ ਜੀਪ, ਜਿਸ 'ਤੇ ਗਊ ਰੱਖਿਆ ਵਾਹਨ ਲਿਖਿਆ ਹੋਇਆ ਸੀ, ਨੇ ਆ ਘੇਰਿਆ। ਗਊ ਰੱਖਿਆ ਵਾਹਨ 'ਚੋਂ ਪ੍ਰਧਾਨ ਸਤੀਸ਼ ਕੁਮਾਰ ਪੰਜਾਬ, ਹਿਤੇਸ਼, ਗੁਰਪ੍ਰੀਤ ਸਿੰਘ ਜਨਰਲ ਸਕੱਤਰ ਪੰਜਾਬ, ਗੁਰਦੇਵ ਸਿੰਘ, ਸੋਹਣ ਸਿੰਘ, ਗੌਰਵ, ਰਾਜੇਸ਼ ਗੋਲਡੀ, ਜ਼ਿਲ੍ਹਾ ਪਟਿਆਲਾ ਪ੍ਰਧਾਨ ਵਲੋਂ ਭਰੇ ਹੋਏ ਟਰੱਕ ਨੂੰ ਗਊਸ਼ਾਲਾ ਕੋਲ ਲਿਆ ਕੇ ਗਊਆਂ, ਬਲਦਾਂ ਨੂੰ ਗਊਸ਼ਾਲਾ ਵਿਚ ਉਤਾਰਿਆ ਗਿਆ। ਇਸ ਪਿੱਛੋਂ ਉਨ੍ਹਾਂ ਟਰਾਲੇ ਨੂੰ ਅਗਨੀ-ਭੇਟ ਕਰ ਦਿੱਤਾ।

## ਵਿਦਰਭ ਵਿਚ 5 ਕਿਸਾਨਾਂ ਵਲੋਂ ਖੁਦਕਸ਼ੀ

**ਨਾਗਪੁਰ :** ਵਿਦਰਭਾ ਖੇਤਰ ਦੇ 5 ਕਿਸਾਨਾਂ ਨੇ ਆਜ਼ਾਦੀ ਦਿਹਾੜੇ ਮੌਕੇ ਖੁਦਕਸ਼ੀ ਕਰ ਲਈ। ਇਹ ਜਾਣਕਾਰੀ ਇਕ ਗੈਰ-ਸਰਕਾਰੀ ਸੰਸਥਾ ਨੇ ਦਿੱਤੀ। ਵਿਦਰਭ ਜਨਾਨਦੋਲਕ ਸਮਿਤੀ ਦੇ ਕਿਸ਼ੋਰ ਤਿਵਾੜੀ ਨੇ ਦੱਸਿਆ ਕਿ ਮ੍ਰਿਤਕ ਕਿਸਾਨਾਂ ਵਿਚ ਭੀਕਾ ਰਤਨ ਜਾਧਵ (ਅਕੋਲਾ), ਸੁਨੀਲ ਸੁਭਾਸ਼ ਦੁਮਾਲੇ (ਅਮਰਾਵਤੀ), ਸਾਗਰ ਦੇਰਵਾ (ਇੰਗੋਲੇ ਯਵਾਤਮਲ), ਦੇਵੀਦਾਸ ਸੁਰਿਆਵੰਸ਼ੀ (ਨਾਂਦੇੜ) ਅਤੇ ਕੰਕੜ ਅਪਾਰਾਓ ਹਰਕਡ (ਪਰਭਾਨੀ) ਸ਼ਾਮਲ ਹਨ।

ਸ਼੍ਰੀ ਤਿਵਾੜੀ ਨੇ ਦਾਅਵਾ ਕੀਤਾ ਕਿ ਪਿਛਲੇ 10 ਦਿਨਾਂ ਦੌਰਾਨ ਘੱਟੋ-ਘੱਟ 32 ਕਿਸਾਨ ਖੁਦਕਸ਼ੀ ਕਰ ਚੁੱਕੇ ਹਨ।


Real Estate and Loans Under One Roof

Call: Sam Chahal Tel: 916-612-5773

Multi-Million Dollars Producer-2007-08

Reo-Bankowned Properties

Serving from Bay Area to Sacramento

For Buying and Selling Residential, Commercial property and for Loans in Sacramento area



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell Business & Homes

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 6-8 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਸੋਕੇ ਦੇ ਟਾਕਰੇ ਲਈ ਮੰਤਰੀਆਂ ਦੀ ਉੱਚ ਤਾਕਤੀ ਕਮੇਟੀ ਦਾ ਗਠਨ

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ :** ਸਰਕਾਰ ਨੇ ਬੀਤੀ 13 ਅਗਸਤ ਨੂੰ ਸੋਕੇ ਦੇ ਹਾਲਾਤ ਦਾ ਟਾਕਰਾ ਕਰਨ ਲਈ ਵਿੱਤ ਮੰਤਰੀ ਪ੍ਰਣਬ ਮੁਖਰਜੀ ਦੀ ਅਗਵਾਈ 'ਚ ਮੰਤਰੀਆਂ ਦੇ ਇਕ ਉਚ ਤਾਕਤੀ ਸਮੂਹ ਦਾ ਗਠਨ ਕਰ ਦਿੱਤਾ।

ਮੰਤਰੀਆਂ ਦਾ ਇਹ ਸਮੂਹ ਘੱਟ ਵਰਖਾ ਕਾਰਨ ਪੈਦਾ ਹੋਏ ਹਾਲਾਤ 'ਤੇ ਨਿਗਰਾਨੀ ਰੱਖੇਗਾ ਅਤੇ ਇਸ ਦਾ ਜਾਇਜ਼ਾ ਲਵੇਗਾ। ਇਸ ਤੋਂ ਇਲਾਵਾ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਯੋਜਨਾਵਾਂ 'ਚ ਸੋਧ ਕਰਕੇ ਇਨ੍ਹਾਂ ਨੂੰ ਨਵੇਂ ਤਰੀਕੇ ਨਾਲ ਪੇਸ਼ ਕਰਨ ਦਾ ਫੈਸਲਾ ਵੀ ਲਵੇਗਾ। ਇਸ ਸਮੂਹ ਵਿਚ ਖੇਤੀਬਾੜੀ ਮੰਤਰੀ ਸ਼ਰਦ ਪਵਾਰ, ਗ੍ਰਹਿ ਮੰਤਰੀ ਪੀ. ਚਿਦੰਬਰਮ, ਰੇਲ ਮੰਤਰੀ ਮਮਤਾ ਬੈਨਰਜੀ, ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਅਤੇ ਊਰਜਾ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੂੰ ਸ਼ਾਮਲ ਕੀਤਾ ਗਿਆ ਹੈ।

ਉਧਰ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਸੋਕੇ ਦੇ ਹਾਲਾਤ ਤੋਂ ਚਿੰਤਤ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬੀਤੇ ਸੋਮਵਾਰ ਨੂੰ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਮਿਲੇ। ਉਨ੍ਹਾਂ ਰਾਜ ਸਰਕਾਰਾਂ ਨੂੰ ਸਥਿਤੀ ਦਾ ਅਸਰਦਾਰ ਢੰਗ ਨਾਲ ਟਾਕਰਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਕਾਲੇ ਬਾਜ਼ਾਰ ਨੂੰ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਹਥਿਆਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਇਸ ਮੀਟਿੰਗ ਵਿਚ ਸੋਕੇ ਨਾਲ ਨਿਪਟਣ ਲਈ ਉਪਾਵਾਂ 'ਤੇ ਵਿਚਾਰ-ਵਟਾਂਦਰਾ ਵੀ ਕੀਤਾ ਗਿਆ। ਉਂਝ ਇਸ ਮੀਟਿੰਗ ਵਿਚ ਬਹੁਤੀ ਵਿਚਾਰ ਚਰਚਾ ਸੂਬਿਆਂ ਦੀ ਅੰਦਰੂਨੀ ਸੁਰੱਖਿਆ 'ਤੇ ਹੀ ਕੇਂਦਰਤ ਰਹੀ ਤੇ ਅੱਤਵਾਦ 'ਤੇ ਕਾਬੂ ਮੁੱਖ ਮਸਲਾ ਬਣਿਆ ਰਿਹਾ। ਸੂਤਰਾਂ ਨੇ ਦੱਸਿਆ ਕਿ ਸੂਬਿਆਂ ਦੇ ਮੁੱਖ ਮੰਤਰੀ ਇਥੇ ਅੰਦਰੂਨੀ ਸੁਰੱਖਿਆ 'ਤੇ ਵਿਚਾਰ-ਵਟਾਂਦਰੇ ਬਾਰੇ ਇਕੱਠੇ ਹੋਏ ਸਨ ਅਤੇ ਪ੍ਰਧਾਨ ਮੰਤਰੀ ਇਸ ਮੌਕੇ ਘੱਟ ਵਰਖਾ ਕਾਰਨ ਬਿਜਾਈ ਹੇਠਲਾ ਰਕਬਾ ਘਟਣ ਨਾਲ ਖੇਤੀਬਾੜੀ ਖੇਤਰ 'ਚ ਆਏ ਸੰਕਟ ਨਾਲ ਨਿਪਟਣ ਬਾਰੇ ਚਿੰਤਤ ਵੇਖੇ ਗਏ। ਤਾਜ਼ਾ ਅੰਕੜਿਆਂ ਅਨੁਸਾਰ ਦੇਸ਼ ਦੇ 600 ਜ਼ਿਲ੍ਹਿਆਂ 'ਚੋਂ 161 ਨੂੰ ਸੋਕਾ ਪੀੜਤ ਐਲਾਨਿਆ ਜਾ ਚੁੱਕਾ ਹੈ। ਪ੍ਰਧਾਨ ਮੰਤਰੀ ਨੇ ਪਿਛਲੇ ਹਫਤੇ ਸੂਬਿਆਂ ਦੇ ਮੁੱਖ ਸਕੱਤਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਦਾਲਾਂ, ਖੰਡ ਅਤੇ ਸਬਜ਼ੀਆਂ ਵਰਗੀਆਂ ਜ਼ਰੂਰੀ ਵਸਤਾਂ ਦੀਆਂ ਵਧਦੀਆਂ ਕੀਮਤਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ।

ਇਸੇ ਦੌਰਾਨ ਕੇਂਦਰ ਸਰਕਾਰ ਨੇ ਸੂਬਿਆਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਪਾਣੀ ਦੀ ਕਮੀ ਹਾੜ੍ਹੀ ਦੇ ਸੀਜ਼ਨ 'ਚ ਵੀ ਬਣੀ ਰਹੇਗੀ, ਇਸ ਲਈ ਅਗਲੀਆਂ ਫਸਲਾਂ ਨੂੰ ਧਿਆਨ ਵਿਚ ਰੱਖਿਆ ਜਾਵੇ। ਮੁੱਖ ਸਕੱਤਰਾਂ ਨੂੰ ਲਿਖੇ ਪੱਤਰ 'ਚ ਖੇਤੀਬਾੜੀ ਮੰਤਰਾਲੇ ਨੇ ਕਿਹਾ ਹੈ ਕਿ ਸਾਨੂੰ ਲਗਦਾ ਹੈ ਕਿ ਇਹ ਕਾਫੀ ਜ਼ਰੂਰੀ ਹੈ ਕਿਉਂਕਿ ਹਾੜੀ ਦੇ ਮੌਸਮ ਦੌਰਾਨ ਵੀ ਫਸਲਾਂ ਨੂੰ ਪਾਣੀ ਦੀ ਕਮੀ ਰਹਿਣ ਦੀ ਸੰਭਾਵਨਾ ਹੈ।

ਇਸ ਦੌਰਾਨ ਮਿਲੀਆਂ ਖਬਰਾਂ ਅਨੁਸਾਰ ਉੱਤਰ ਪ੍ਰਦੇਸ਼, ਬਿਹਾਰ ਅਤੇ ਝਾਰਖੰਡ ਵਿਚ ਸੋਕੇ ਵਰਗੇ ਹਾਲਾਤ ਪੈਦਾ ਹੋਣ ਕਾਰਨ ਦੇਸ਼ ਵਿਚ ਝੋਨੇ ਹੇਠਲੇ ਰਕਬੇ 'ਚ 57 ਲੱਖ ਹੈਕਟੇਅਰ ਦੀ ਕਮੀ ਆਈ ਹੈ। ਖੇਤੀਬਾੜੀ ਕਮਿਸ਼ਨਰ ਐਨ.ਬੀ. ਸਿੰਘ ਨੇ ਕਿਹਾ ਕਿ ਝੋਨੇ ਹੇਠਲੇ ਰਕਬੇ 'ਚ ਕਮੀ ਨੂੰ ਦੇਖਦਿਆਂ ਅਸੀਂ ਸੂਬਾ ਸਰਕਾਰਾਂ ਨੂੰ ਖੜੀਆਂ ਫਸਲਾਂ ਬਚਾਉਣ ਲਈ ਯੋਜਨਾਵਾਂ ਬਣਾਉਣ ਦੀ ਹਦਾਇਤ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਝੋਨੇ ਤੋਂ ਇਲਾਵਾ ਦਾਲਾਂ, ਗੰਨੇ ਅਤੇ ਮੂੰਗਫਲੀ ਹੇਠਲੇ ਰਕਬੇ 'ਚ ਵੀ ਕਮੀ ਦਰਜ ਕੀਤੀ ਗਈ ਹੈ, ਜਦਕਿ ਮੱਕੀ ਅਤੇ ਕਪਾਹ ਹੇਠ ਰਕਬਾ ਵਧਿਆ ਹੈ।

ਦਾਲਾਂ ਹੇਠ ਰਕਬੇ ਵਿਚ 6 ਲੱਖ ਹੈਕਟੇਅਰ, ਗੰਨੇ ਦੇ ਰਕਬੇ 'ਚ 1 ਲੱਖ ਹੈਕਟੇਅਰ, ਮੂੰਗਫਲੀ ਹੇਠਲੇ ਰਕਬੇ 'ਚ 6 ਤੋਂ 8 ਲੱਖ ਹੈਕਟੇਅਰ ਦੀ ਕਮੀ ਹੋਈ ਹੈ। ਇਸ ਦੇ ਉਲਟ ਕਪਾਹ ਹੇਠਲੇ ਰਕਬੇ 'ਚ 11 ਲੱਖ ਹੈਕਟੇਅਰ ਦਾ ਵਾਧਾ ਦਰਜ ਕੀਤਾ ਗਿਆ। ਮਾਨਸੂਨ ਬਾਰੇ ਟਿੱਪਣੀ ਕਰਦਿਆਂ ਐਨ.ਬੀ. ਸਿੰਘ ਨੇ ਕਿਹਾ ਕਿ ਦੇਸ਼ ਵਿਚ ਔਸਤ ਨਾਲੋਂ 29 ਫੀਸਦੀ ਵਰਖਾ ਘੱਟ ਹੋਈ। ਪੰਜਾਬ, ਹਰਿਆਣਾ ਅਤੇ ਯੂ.ਪੀ. ਦੇ ਕੁਝ ਹਿੱਸਿਆਂ 'ਚ ਆਮ ਨਾਲੋਂ 43 ਫੀਸਦੀ ਘੱਟ ਵਰਖਾ ਦਰਜ ਕੀਤੀ ਗਈ, ਜਦਕਿ ਉੱਤਰ-ਪੂਰਬ ਦੇ ਕੁਝ ਹਿੱਸਿਆਂ 'ਚ 36 ਫੀਸਦੀ ਘੱਟ ਵਰਖਾ ਹੋਈ।

ਭਾਵੇਂ ਮੌਸਮ ਵਿਭਾਗ ਨੇ ਸਾਰੀਆਂ ਆਸਾਂ 'ਤੇ ਪਾਣੀ ਫੇਰਦੇ ਹੋਏ ਦੇਸ਼ ਵਿਚ ਸੋਕੇ ਦਾ ਐਲਾਨ ਕਰ ਦਿਤਾ ਹੈ। ਪੰਜਾਬ ਸਮੇਤ ਉੱਤਰੀ ਭਾਰਤ ਵਿਚ ਪਿਛਲੇ ਕਈ ਦਿਨਾਂ ਤੋਂ ਬੱਦਲਵਾਈ ਵਾਲਾ ਮੌਸਮ ਬਣਿਆ ਹੋਇਆ ਹੈ ਅਤੇ ਕਈ ਖੇਤਰਾਂ ਵਿਚ ਭਰਵੀਂ ਬਾਰਸ਼ ਹੋਈ ਹੈ।

ਮੌਸਮ ਵਿਭਾਗ ਨੇ ਸਾਲ 2009 ਨੂੰ ਸੋਕੇ ਵਾਲਾ ਸਾਲ ਕਰਾਰ ਦਿੰਦੇ ਹੋਏ ਕਿਹਾ ਕਿ ਅਗਸਤ-ਸਤੰਬਰ ਦੇ ਮਹੀਨੇ 'ਚ 85-90 ਫੀਸਦੀ ਵਰਖਾ ਹੋਣ ਦੀ ਹੀ ਸੰਭਾਵਨਾ ਹੈ। ਉੱਤਰ ਭਾਰਤ ਲਈ ਤਾਂ ਇਹ ਹੋਰ ਵੀ ਮਾੜੀ ਖ਼ਬਰ ਹੈ, ਕਿਉਂਕਿ ਪੂਰੇ ਇਲਾਕੇ 'ਚ ਮਾਨਸੂਨ ਕਮਜ਼ੋਰ ਚੱਲ ਰਹੀ ਹੈ ਅਤੇ ਸਤੰਬਰ ਤਕ ਵਾਪਸ ਚਲੀ ਜਾਵੇਗੀ। ਮੌਸਮ ਵਿਭਾਗ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਅਲ ਨੀਨੋ ਪ੍ਰਭਾਵ ਕਾਰਨ ਦੱਖਣ-ਪੱਛਮੀ ਮਾਨਸੂਨ ਸਮੇਂ ਤੋਂ ਪਹਿਲਾਂ ਵਾਪਸ ਚਲੀ ਜਾਵੇਗੀ, ਜੋ ਕਿ ਅਫ਼ਰੀਕਾ, ਭਾਰਤ ਅਤੇ ਆਸਟ੍ਰੇਲੀਆ 'ਚ ਗੰਭੀਰ ਸੋਕੇ ਦਾ ਕਾਰਨ ਬਣੇਗੀ। ਆਮ ਤੌਰ 'ਤੇ ਦੱਖਣ-ਪੱਛਮੀ ਮਾਨਸੂਨ ਸਤੰਬਰ ਦੇ ਅਖ਼ੀਰ ਵਿਚ ਦੇਸ਼ 'ਚੋਂ ਜਾਂਦੀ ਹੈ। ਪਹਿਲਾਂ ਤਾਂ ਮਾਨਸੂਨ ਦੇਰੀ ਨਾਲ ਆਈ ਅਤੇ ਹੁਣ ਛੇਤੀ ਵਾਪਸ ਚਲੇ ਜਾਣ ਨਾਲ ਇਸ ਦਾ ਅਸਰ ਦੇਸ਼ ਦੇ ਅਰਥਚਾਰੇ 'ਤੇ ਪਵੇਗਾ।

ਖ਼ਰਾਬ ਮਾਨਸੂਨ ਦਾ ਸਭ ਤੋਂ ਵਧ ਅਸਰ ਫਸਲਾਂ ਦੀ ਬਿਜਾਈ 'ਤੇ ਹੋਇਆ। ਦੇਸ਼ ਭਰ 'ਚ ਇਸ ਸਾਲ ਫਸਲਾਂ ਦੀ ਬਿਜਾਈ 20 ਫੀਸਦੀ ਘੱਟ ਹੋਈ। ਆਲ ਇੰਡੀਆ ਰਾਈਸ ਮਿਲਰਜ਼ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਇਸ ਸਾਲ ਚੌਲਾਂ ਦੇ ਉਤਪਾਦਨ 'ਚ 30 ਫੀਸਦੀ ਤੱਕ ਦੀ ਕਮੀ ਆ ਸਕਦੀ ਹੈ। ਘੱਟ ਉਤਪਾਦਨ ਕਾਰਨ ਅਨਾਜ ਦੀਆਂ ਕੀਮਤਾਂ 'ਚ ਤੇਜ਼ੀ ਆ ਸਕਦੀ ਹੈ ਜੋ ਪਹਿਲਾਂ ਹੀ ਕਾਫੀ ਉਪਰ ਚਲ ਰਹੀਆਂ ਹਨ। ਜੂਨ ਮਹੀਨੇ ਵਿਚ 62 ਰੁਪਏ ਕਿਲੋ ਮਿਲਣ ਵਾਲੀ ਅਰਹਰ ਦੀ ਦਾਲ ਜੁਲਾਈ 'ਚ 82 ਰੁਪਏ ਕਿਲੋ ਮਿਲਣ ਲੱਗੀ ਸੀ।

ਉਧਰ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਕਿਹਾ ਕਿ ਦੇਸ਼ ਦੇ 177 ਜ਼ਿਲ੍ਹਿਆਂ 'ਚ ਸੋਕੇ ਵਰਗੇ ਹਾਲਾਤ ਪੈਦਾ ਹੋਣ ਕਾਰਨ ਕੇਂਦਰ ਵਲੋਂ ਇਨ੍ਹਾਂ ਖੇਤਰਾਂ 'ਚ ਹਾਲਾਤ ਦਾ ਜਾਇਜ਼ਾ ਲੈਣ ਲਈ ਮਾਹਿਰਾਂ ਦੀਆਂ ਟੀਮਾਂ ਭੇਜੀਆਂ ਜਾਣਗੀਆਂ। ਸ੍ਰੀ ਪਵਾਰ ਨੇ ਕਿਹਾ ਕਿ ਤਿੰਨ ਸੂਬਿਆਂ ਨੇ 8500 ਕਰੋੜ ਰੁਪਏ ਦੀ ਰਾਹਤ ਮੰਗੀ ਹੈ, ਜਦਕਿ ਕੇਂਦਰ ਵਲੋਂ ਪਹਿਲਾਂ ਹੀ ਆਫਤ-ਰਾਹਤ ਫੰਡ ਵਿਚੋਂ ਫੰਡ ਜਾਰੀ ਕੀਤੇ ਜਾ ਚੁੱਕੇ ਹਨ।

ਜਾਰੀ ਕੀਤੀ ਕੀਤੀ ਗਈ ਰਕਮ ਦਾ ਸਹੀ ਅੰਕੜਾ ਦੱਸੇ ਬਗੈਰ ਪਵਾਰ ਨੇ ਕਿਹਾ ਕਿ ਆਸਾਮ, ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ ਅਤੇ ਮਨੀਪੁਰ ਨੂੰ ਪਹਿਲੀ ਕਿਸ਼ਤ ਭੇਜੀ ਜਾ ਚੁੱਕੀ ਹੈ। ਉੱਤਰ ਪ੍ਰਦੇਸ਼ ਜਿਸ ਦੇ 58 ਸੂਬੇ ਸੋਕਾ ਪੀੜਤ ਐਲਾਨੇ ਗਏ ਹਨ, ਨੇ 7789 ਕਰੋੜ ਰੁਪਏ ਦੀ ਰਾਹਤ ਮੰਗੀ ਹੈ, ਜਦਕਿ ਝਾਰਖੰਡ ਨੇ 890 ਕਰੋੜ ਰੁਪਏ ਰਾਹਤ ਵਜੋਂ ਮੰਗੇ ਹਨ।

ਪਵਾਰ ਨੇ ਦੱਸਿਆ ਕਿ ਪੰਜ ਸੂਬਿਆਂ ਦੇ 129 ਜ਼ਿਲ੍ਹੇ ਪੂਰੀ ਤਰ੍ਹਾਂ ਸੋਕਾ ਪੀੜਤ ਐਲਾਨੇ ਗਏ ਹਨ, ਜਦਕਿ ਤਿੰਨ ਸੂਬਿਆਂ ਦੇ 48 ਜ਼ਿਲ੍ਹਿਆਂ ਵਿਚ ਸੋਕੇ ਵਰਗੇ ਹਾਲਾਤ ਮੰਨੇ ਗਏ ਹਨ।

# ਹੁਣ ਪੰਜਾਬ ਪੁਲਿਸ ਡੇਰਾ ਪ੍ਰੇਮੀਆਂ ਦੀ ਨਾਮ ਚਰਚਾ ਨੂੰ ਦੇਵੇਗੀ ਪੂਰੀ ਸੁਰੱਖਿਆ

**ਬਠਿੰਡਾ ਚੋਣ ਦਾ ਨਤੀਜਾ!**

**ਚੰਡੀਗੜ੍ਹ :** ਬਠਿੰਡਾ ਲੋਕ ਸਭਾ ਹਲਕੇ ਦੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਧਰਮ ਪਤਨੀ ਹਰਸਿਮਰਤ ਕੌਰ ਦੀ ਜਿੱਤ ਤੋਂ ਬਾਅਦ ਪੰਜਾਬ ਸਰਕਾਰ ਨੇ ਡੇਰਾ ਸੱਚਾ ਸੌਦਾ ਪ੍ਰੇਮੀਆਂ ਦੀ ਸੁਰੱਖਿਆ ਲਈ ਵਿਸ਼ੇਸ਼ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ ਅਤੇ ਰਾਜ ਦੇ ਨਵੇਂ ਪੁਲਸ ਮੁਖੀ ਪੀ.ਐਸ. ਗਿੱਲ ਵਲੋਂ ਇਸ ਸਬੰਧ ਵਿਚ ਪੁਲਸ ਅਧਿਕਾਰੀਆਂ ਨੂੰ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ।

ਇਹ ਦਿਸ਼ਾ-ਨਿਰਦੇਸ਼ ਜਾਰੀ ਹੋਣ ਤੋਂ ਬਾਅਦ ਰਾਜ ਵਿਚ ਇਸ ਦੇ ਨਤੀਜੇ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ ਅਤੇ ਪੁਲਸ ਵਲੋਂ ਹੁਣ ਡੇਰਾ ਪ੍ਰੇਮੀਆਂ ਦੇ ਪ੍ਰੋਗਰਾਮਾਂ ਨੂੰ ਪੂਰੀ ਸੁਰੱਖਿਆ ਦੇਣ ਦੇ ਨਾਲ ਇਸ ਦੇ ਵਿਰੋਧ ਕਰਨ ਵਾਲਿਆਂ ਖਿਲਾਫ ਸਖ਼ਤੀ ਕੀਤੀ ਜਾ ਰਹੀ ਹੈ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀਆਂ ਕਾਪੀਆਂ ਸਮੂਹ ਜ਼ਿਲ੍ਹਿਆਂ ਦੇ ਪੁਲਸ ਮੁਖੀਆਂ ਤੋਂ ਇਲਾਵਾ ਵੱਖ-ਵੱਖ ਰੇਂਜਾਂ ਦੇ ਡੀ.ਆਈ.ਜੀ., ਜ਼ੋਨਲ ਆਈ.ਜੀ. ਤੋਂ ਇਲਾਵਾ ਏ.ਡੀ.ਜੀ.ਪੀ. ਅਮਨ ਕਾਨੂੰਨ, ਰੇਲਵੇ ਪੁਲਸ, ਸੁਰੱਖਿਆ ਅਤੇ ਇੰਟੈਲੀਜੈਂਸੀ ਨੂੰ ਭੇਜੀਆਂ ਗਈਆਂ ਹਨ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦਾ ਖੁਲਾਸਾ ਪਿਛਲੇ ਦਿਨੀਂ ਪੰਜਾਬ ਹਰਿਆਣਾ ਹਾਈਕੋਰਟ ਵਿਚ ਜ਼ਿਲ੍ਹਾ ਮਾਨਸਾ ਯੂਥ ਕਾਂਗਰਸ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਵਿੱਕੀ ਵਲੋਂ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਸਮੇਂ ਹੋਇਆ।

ਪੰਜਾਬ ਪੁਲਸ ਵਲੋਂ ਐਡੀਸ਼ਨਲ ਐਡਵੋਕੇਟ ਜਨਰਲ ਰੀਟਾ ਕੋਹਲੀ ਰਾਹੀਂ ਕੋਰਟ ਸਾਹਮਣੇ ਰੱਖੇ ਗਏ, ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਆਨ ਰਿਕਾਰਡ ਲੈ ਕੇ ਮਾਣਯੋਗ ਜਸਟਿਸ ਜੀ.ਐਸ. ਖੇਰ ਅਤੇ ਐਸ.ਡੀ. ਆਨੰਦ ਆਧਾਰਤ ਬੈਂਚ ਵਲੋਂ ਜਨਹਿਤ ਪਟੀਸ਼ਨ ਦਾ ਨਿਪਟਾਰਾ ਕੀਤਾ ਗਿਆ।

ਇਸ ਪਟੀਸ਼ਨ ਵਿਚ ਪੰਜਾਬ ਸਰਕਾਰ ਤੋਂ ਇਲਾਵਾ ਪੰਜਾਬ ਪੁਲਿਸ ਪ੍ਰਮੁੱਖ ਦੇ ਨਾਲ-ਨਾਲ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਮਾਨਸਾ ਨੂੰ ਵੀ ਪਾਰਟੀ ਬਣਾਇਆ ਗਿਆ ਸੀ। ਕੋਰਟ ਵਲੋਂ ਪਟੀਸ਼ਨ ਦੇ ਫੈਸਲੇ ਦੇ ਨਿਪਟਾਰੇ ਤੋਂ ਬਾਅਦ ਹੁਣ ਰਾਜ ਵਿਚ ਡੇਰਾ ਮੁਖੀ ਰਾਮ ਰਹੀਮ ਦੇ ਪੰਜਾਬ ਵਿਚ ਮੁੜ ਆਣ ਕੇ ਪ੍ਰੋਗਰਾਮ ਕਰਨ ਲਈ ਵੀ ਰਾਹ ਪੱਧਰਾ ਹੋ ਗਿਆ ਹੈ। ਇਸ ਤੋਂ ਪਹਿਲਾਂ ਟਕਰਾਅ ਦੀ ਸਥਿਤੀ ਨੂੰ ਦੇਖਦਿਆਂ ਡੇਰਾ ਮੁਖੀ ਦੇ ਪੰਜਾਬ ਵਿਚ ਦਾਖਲੇ ਉਪਰ ਪੰਜਾਬ ਸਰਕਾਰ ਵਲੋਂ ਰੋਕ ਲਗਾਈ ਗਈ ਸੀ। ਪੰਜਾਬ ਪੁਲਸ ਮੁਖੀ ਗਿੱਲ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ 'ਚ ਡੇਰਾ ਸੱਚਾ ਸੌਦਾ ਪ੍ਰੇਮੀਆਂ ਦੀ ਨਾਮ ਚਰਚਾ ਤੇ ਸਤਿਸੰਗ ਆਦਿ ਦੇ ਪ੍ਰੋਗਰਾਮਾਂ ਤੋਂ ਇਲਾਵਾ ਦਿਵਿਯਾ ਜਿਓਤੀ ਜਾਗਰਣ ਸੰਸਥਾ ਨੂਰਮਹਿਲ ਦੇ ਮੁਖੀ ਬਾਬਾ ਆਸ਼ੂਤੋਸ਼ ਅਤੇ ਡੇਰਾ ਬੱਲਾਂ ਦੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ।

ਦਿਸ਼ਾ-ਨਿਰਦੇਸ਼ਾਂ ਵਿਚ ਪੁਲਿਸ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਬਠਿੰਡਾ, ਮਾਨਸਾ, ਸੰਗਰੂਰ, ਬਰਨਾਲਾ, ਜਲੰਧਰ, ਕਪੂਰਥਲਾ ਆਦਿ ਜ਼ਿਲ੍ਹਿਆਂ ਵਿਚ ਇਨ੍ਹਾਂ ਡੇਰਿਆਂ ਨਾਲ ਸਬੰਧਤ ਸ਼ਰਧਾਲੂਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ ਅਤੇ ਇਨ੍ਹਾਂ ਖੇਤਰਾਂ ਵਿਚ ਹੀ ਪਿਛਲੇ ਸਮੇਂ ਵਿਚ ਟਕਰਾਅ ਦੀਆਂ ਘਟਨਾਵਾਂ ਨਾਲ ਲਾਅ ਐਂਡ ਆਰਡਰ ਸਬੰਧੀ ਗੰਭੀਰ ਸਮੱਸਿਆਵਾਂ ਪੈਦਾ ਹੋਈਆਂ ਹਨ, ਜਿਸ ਕਰਕੇ ਇਨ੍ਹਾਂ ਡੇਰਿਆਂ ਵਲੋਂ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਅਤੇ ਇਨ੍ਹਾਂ ਸ਼ਰਧਾਲੂਆਂ ਦੀ ਹੋਰ ਵਧੇਰੇ ਸੁਰੱਖਿਆ ਲਈ ਕਦਮ ਚੁੱਕੇ ਜਾਣ ਦੀ ਲੋੜ ਹੈ। ਗਿੱਲ ਵਲੋਂ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਵਿਸ਼ੇਸ਼ ਹਦਾਇਤ ਕਰਦਿਆਂ ਕਿਹਾ ਗਿਆ ਹੈ ਕਿ ਚੱਲ ਰਹੇ ਸੁਰੱਖਿਆ ਪ੍ਰਬੰਧਾਂ ਦਾ ਰੀਵਿਊ ਕਰਕੇ ਇਨ੍ਹਾਂ ਨੂੰ ਹੋਰ ਪੁਖਤਾ ਕੀਤਾ ਜਾਵੇ। ਵਿਸ਼ੇਸ਼ ਤੌਰ 'ਤੇ ਸਤਿਸੰਗ, ਨਾਮ ਚਰਚਾ, ਸਮਾਗਮਾਂ ਅਤੇ ਮਾਰਚਾਂ ਆਦਿ ਲਈ ਸਖ਼ਤ ਸੁਰੱਖਿਆ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ। ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਥਾਨਕ ਸਥਿਤੀ, ਲਾਅ ਐਂਡ ਆਰਡਰ ਅਤੇ ਇੰਟੈਲੀਜੈਂਸ ਦੀ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

ਦਿਸ਼ਾ-ਨਿਰਦੇਸ਼ਾਂ 'ਚ ਸਬੰਧਤ ਡੇਰਿਆਂ ਵਲੋਂ ਪ੍ਰੋਗਰਾਮ ਲਈ ਇਕ ਨੋਡਲ ਅਧਿਕਾਰੀ ਨਿਯੁਕਤ ਕਰਨ ਲਈ ਕਿਹਾ ਗਿਆ ਹੈ। ਇਸ ਅਧਿਕਾਰੀ ਰਾਹੀਂ ਪ੍ਰੋਗਰਾਮ ਦੇ ਆਯੋਜਕਾਂ ਨਾਲ ਪੁਲਸ ਅਤੇ ਸਿਵਲ ਪ੍ਰਸ਼ਾਸਨ ਵਿਚਕਾਰ ਬੇਹਤਰ ਤਾਲਮੇਲ ਬਣਿਆ ਰਹੇ। ਦਿਸ਼ਾ-ਨਿਰਦੇਸ਼ਾਂ ਨੂੰ ਪੁਲਿਸ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਇਸ ਨਾਮਜ਼ਦ ਅਧਿਕਾਰੀ ਰਾਹੀਂ ਨਾਮ ਚਰਚਾ, ਸਤਿਸੰਗ ਅਤੇ ਹੋਰ ਅਜਿਹੇ ਪ੍ਰੋਗਰਾਮਾਂ ਵਿਚ ਹੋਣ ਵਾਲੇ ਇਕੱਠਾਂ ਦੀ ਅਗਾਊਂ ਜਾਣਕਾਰੀ ਮੁਹਿੰਮ ਤੋਂ ਇਲਾਵਾ ਪ੍ਰੋਗਰਾਮ ਦੇ ਸਮੇਂ, ਥਾਂ, ਮਾਰਚ ਦੇ ਢੰਗ ਤਰੀਕੇ ਅਤੇ ਪ੍ਰਵਚਨ ਕਰਨ ਵਾਲੇ ਮੁੱਖ ਬੁਲਾਰੇ ਦੇ ਭਾਸ਼ਣ ਦੀ ਜਾਣਕਾਰੀ ਪਹਿਲਾਂ ਇਕੱਠੀ ਕੀਤੀ ਜਾਵੇ ਅਤੇ ਇਸ ਦੇ ਆਧਾਰ 'ਤੇ ਹੀ ਉਚਿਤ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ।

## ਡੀ.ਜੀ.ਪੀ. ਵਲੋਂ ਜਾਰੀ ਪੱਤਰ ਅਕਾਲ ਤਖ਼ਤ ਦੇ ਹੁਕਮਨਾਮੇ ਨੂੰ ਚੁਣੌਤੀ ਕਰਾਰ

**ਚੰਡੀਗੜ੍ਹ:** ਪੰਜਾਬ ਦੇ ਪ੍ਰਮੁੱਖ ਸਿੱਖ ਸੰਗਠਨਾਂ ਨੇ ਰਾਜ ਦੇ ਡੀ.ਜੀ.ਪੀ. ਪੀ.ਐਸ. ਗਿੱਲ ਵਲੋਂ ਡੇਰਾ ਪ੍ਰੇਮੀਆਂ ਦੇ ਪ੍ਰੋਗਰਾਮਾਂ ਸਬੰਧੀ ਸੁਰੱਖਿਆ ਮਾਮਲਿਆਂ ਨੂੰ ਲੈ ਕੇ ਪੁਲਿਸ ਅਧਿਕਾਰੀਆਂ ਨੂੰ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਬਾਰੇ ਪੱਤਰ 'ਤੇ ਸਖ਼ਤ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਇਸ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੁਕਮਨਾਮੇ ਨੂੰ ਸਿੱਧੀ ਚੁਣੌਤੀ ਦੱਸਿਆ ਹੈ।

ਸਿੱਖ ਸੰਗਠਨਾਂ ਦੇ ਪ੍ਰਮੁੱਖ ਆਗੂਆਂ ਜਿਨ੍ਹਾਂ 'ਚ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ, ਦਲ ਖਾਲਸਾ ਦੇ ਭਾਈ ਕੰਵਰਪਾਲ ਸਿੰਘ, ਅਕਾਲੀ ਦਲ ਪੰਚ ਪ੍ਰਧਾਨੀ ਦੇ ਹਰਪਾਲ ਸਿੰਘ ਚੀਮਾ ਤੇ ਸੁਰਿੰਦਰਪਾਲ ਸਿੰਘ ਕਿਸ਼ਨਪੁਰਾ, ਸੰਤ ਸਮਾਜ ਦੇ ਪ੍ਰਤੀਨਿਧ ਬਾਬਾ ਮਨਮੋਹਨ ਸਿੰਘ, ਅਕਾਲ ਫੈਡਰੇਸ਼ਨ ਦੇ ਭਾਈ ਨਰਾਇਣ ਸਿੰਘ, ਚੰਡੀਗੜ੍ਹ ਅਕਾਲੀ ਦਲ ਦੇ ਪ੍ਰਧਾਨ ਗੁਰਨਾਮ ਸਿੰਘ, ਮਨੁੱਖੀ ਵਿਕਾਸ ਸੰਗਠਨ ਦੇ ਜਸਟਿਸ ਅਜੀਤ ਸਿੰਘ ਬੈਂਸ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮਨਜੀਤ ਸਿੰਘ ਭੋਮਾ, ਸਰਬਜੀਤ ਸਿੰਘ ਸੋਹਲ, ਕੰਵਰ ਸਿੰਘ ਧਾਮੀ, ਸੂਰਤ ਸਿੰਘ ਖਾਲਸਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਹ ਪੰਜਾਬ ਦੇ ਨਵੇਂ ਪੁਲਿਸ ਮੁਖੀ ਵਲੋਂ ਜਾਰੀ ਕੀਤਾ ਗਿਆ ਮਾੜਾ ਫਰਮਾਨ ਹੈ, ਜੋ ਕਿ ਅਤਿ ਨਿੰਦਣਯੋਗ ਹੈ। ਭਾਈ ਮੋਹਕਮ ਸਿੰਘ ਨੇ ਕਿਹਾ ਡੀ.ਜੀ.ਪੀ. ਗਿੱਲ ਜੰਮੂ ਕਸ਼ਮੀਰ 'ਚੋਂ ਆਏ ਹਨ, ਜਿਸ ਕਰਕੇ ਉਨ੍ਹਾਂ ਨੂੰ ਪੰਜਾਬ ਦੇ ਹਾਲਾਤਾਂ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਪੰਜਾਬ 'ਚ ਡੇਰਾ ਪ੍ਰੇਮੀਆਂ ਦੀਆਂ ਆਮ ਚਰਚਾ ਆਦਿ ਦੇ ਪ੍ਰੋਗਰਾਮਾਂ ਕਾਰਨ ਸਥਿਤੀ ਖਰਾਬ ਹੋਈ ਸੀ ਤੇ ਸਿੱਖ ਵਿਰੋਧੀ ਭੜਕਾਊ ਕਾਰਵਾਈਆਂ ਰੋਕਣ ਲਈ ਹੀ ਅਕਾਲ ਤਖ਼ਤ ਵਲੋਂ ਡੇਰਾ ਪ੍ਰੇਮੀਆਂ ਦੇ ਸਮਾਜਿਕ ਬਾਈਕਾਟ ਦਾ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹੁਣ ਡੇਰਾ ਪ੍ਰੇਮੀਆਂ ਨੂੰ ਸਰਕਾਰ ਵਲੋਂ ਮੁੜ ਸੁਰੱਖਿਆ ਦੇ ਕੇ ਅਜਿਹੇ ਪ੍ਰੋਗਰਾਮਾਂ ਲਈ ਉਤਸ਼ਾਹਿਤ ਕਰਨ 'ਚ ਭੜਕਾਊ ਕਾਰਵਾਈਆਂ ਲਈ ਉਨ੍ਹਾਂ ਨੂੰ ਮੁੜ ਹਮਾਇਤ ਦੇਣਾ ਹੋਵੇਗਾ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਖਿਲਾਫ ਕਈ ਤਰ੍ਹਾਂ ਦੇ ਗੰਭੀਰ ਦੋਸ਼ਾਂ ਤਹਿਤ ਉੱਚ ਅਦਾਲਤਾਂ 'ਚ ਕੇਸ ਚੱਲ ਰਹੇ ਹਨ, ਜਿਸ ਕਰਕੇ ਡੇਰਾ ਪ੍ਰੇਮੀਆਂ ਦੇ ਪ੍ਰੋਗਰਾਮਾਂ ਨੂੰ ਇਸ ਸਥਿਤੀ ਦੇ ਚਲਦਿਆਂ ਖੁੱਲ੍ਹ ਦੇਣਾ ਠੀਕ ਨਹੀਂ। ਆਗੂਆਂ ਨੇ ਕਿਹਾ ਕਿ ਉਹ ਡੇਰਾ ਪ੍ਰੇਮੀਆਂ ਦੇ ਸਿੱਖ ਵਿਰੋਧੀ ਪ੍ਰੋਗਰਾਮਾਂ ਖਿਲਾਫ ਅਕਾਲ ਤਖ਼ਤ ਦੇ ਹੁਕਮਾਂ ਤਹਿਤ ਆਪਣਾ ਪ੍ਰੋਗਰਾਮ ਜਾਰੀ ਰੱਖਣਗੇ।

North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ
ਇੰਜਨ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ



Kashmir S. Thandi
Office: (866) 933-3038
Balhar S. Rana
Cell:916-502-7733

Call For Special Price

4585 Pell Dr. Secramento CA, 95838

### ਸ਼੍ਰੋਮਣੀ ਕਮੇਟੀ ਦੇ ਹੰਗਾਮੀ ਜਨਰਲ ਇਜਲਾਸ ਦਾ ਫ਼ੈਸਲਾ

# ਹਰਿਆਣਾ ਲਈ ਵੱਖਰੀ ਕਮੇਟੀ ਦੀ ਮੰਗ ਰੱਦ, ਹਰਿਆਣਵੀ ਆਗੂ ਅੜੇ

**ਅੰਮ੍ਰਿਤਸਰ :** ਹਰਿਆਣਾ ਦੀ ਕਾਂਗਰਸ ਸਰਕਾਰ ਵਲੋਂ ਉਥੇ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਕਾਰਵਾਈ ਖਿਲਾਫ਼ ਸ਼੍ਰੋਮਣੀ ਕਮੇਟੀ ਵਲੋਂ ਸੱਦੇ ਗਏ ਹੰਗਾਮੀ ਜਨਰਲ ਇਜਲਾਸ ਵਿਚ ਲੰਘੀ 14 ਅਗਸਤ ਨੂੰ ਹਾਜ਼ਰ ਸ਼੍ਰੋਮਣੀ ਕਮੇਟੀ ਮੈਂਬਰਾਂ ਵਲੋਂ ਇਕ ਮਤਾ ਪਾਸ ਕਰਕੇ ਹਰਿਆਣਾ 'ਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਰੱਦ ਕਰ ਦਿੱਤੀ ਗਈ ਹੈ। ਜਨਰਲ ਇਜਲਾਸ ਨੇ ਹਰਿਆਣਾ ਸਰਕਾਰ ਦੀ ਇਸ ਕਾਰਵਾਈ ਨੂੰ ਸਿੱਖ ਜਥੇਬੰਦਕ ਸ਼ਕਤੀ ਨੂੰ ਕਮਜ਼ੋਰ ਕਰਨਾ, ਸਿੱਖਾਂ 'ਚ ਖਾਨਾਜੰਗੀ ਦੇ ਹਾਲਾਤ ਪੈਦਾ ਕਰਨਾ ਅਤੇ ਸ਼੍ਰੋਮਣੀ ਕਮੇਟੀ ਨੂੰ ਵੰਡਣ ਦੀ ਸਾਜਿਸ਼ ਕਰਾਰ ਦਿੰਦਿਆਂ ਇਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਹਰਿਆਣਾ ਤੇ ਕੇਂਦਰ ਸਰਕਾਰਾਂ ਨੂੰ ਤਾੜਨਾ ਕੀਤੀ ਹੈ ਕਿ ਉਹ ਸਿੱਖ ਵਿਰੋਧੀ ਕਾਰਵਾਈ ਤੋਂ ਬਾਜ ਆਉਣ ਨਹੀਂ ਤਾਂ ਇਸ ਦੇ ਸਿੱਟੇ ਦੂਰਰਸ ਅਤੇ ਗੰਭੀਰ ਹੋਣਗੇ। ਦੂਜੇ ਪਾਸੇ ਹਰਿਆਣਾ 'ਚ ਵੱਖਰੀ ਕਮੇਟੀ ਦੀ ਮੰਗ ਕਰ ਰਹੇ ਉਥੋਂ ਦੇ 6 ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਪਣੀ ਮੰਗ 'ਤੇ ਡਟੇ ਰਹਿੰਦਿਆਂ ਆਖਿਆ ਕਿ ਉਹ ਵੱਖਰੀ ਕਮੇਟੀ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣਗੇ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੇ ਸ. ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਲੰਘੀ 14 ਅਗਸਤ ਨੂੰ ਹੋਏ, ਇਸ ਜਨਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ 180 ਮੈਂਬਰਾਂ ਵਿਚੋਂ 130 ਮੈਂਬਰ ਸ਼ਾਮਲ ਹੋਏ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਵੰਤ ਸਿੰਘ ਨੰਦਗੜ੍ਹ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਦੀ ਹਾਜ਼ਰੀ 'ਚ ਇਹ ਜਨਰਲ ਇਜਲਾਸ ਹੋਇਆ। ਇਸ ਵਿਚ ਪਾਸ ਕੀਤੇ ਗਏ ਮਤੇ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਕ ਪੱਤਰਕਾਰ ਸੰਮੇਲਨ ਦੌਰਾਨ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਨੇ ਸਿੱਖ ਸੰਸਥਾਵਾਂ ਨੂੰ ਢਾਹ ਲਾਉਣ ਦੀ ਮੁਹਿੰਮ ਵਿੱਢੀ ਹੋਈ ਹੈ। ਇਸੇ ਤਹਿਤ ਹੀ ਹਰਿਆਣਾ ਵਿਚ ਗੁਰੂਧਾਮਾਂ ਦੇ ਪ੍ਰਬੰਧ ਲਈ ਸ਼੍ਰੋਮਣੀ ਕਮੇਟੀ ਦੇ ਬਰਾਬਰ ਇਕ ਵੱਖਰੀ ਕਮੇਟੀ ਬਣਾਉਣ ਦੀ ਸਾਜਿਸ਼ ਬਣਾਈ ਗਈ ਹੈ।



*ਸ. ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਹਰਿਆਣਾ ਦੀ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਹਰਿਆਣਾ ਦੇ ਸ਼੍ਰੋਮਣੀ ਕਮੇਟੀ ਮੈਂਬਰ ਨਾਅਰੇ ਮਾਰਦੇ ਹੋਏ।*

ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀ ਕਾਂਗਰਸ ਸਰਕਾਰ ਦੇ ਇਸ਼ਾਰੇ 'ਤੇ ਹਰਿਆਣਾ ਕਾਂਗਰਸ ਵਲੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ ਵਿਚ ਵੱਖਰੀ ਕਮੇਟੀ ਬਣਾਉਣ ਦਾ ਵਾਅਦਾ ਕੀਤਾ ਗਿਆ। ਮੁੜ ਬੋਗਸ ਹਲਫਨਾਮੇ ਲੈ ਕੇ ਇਸ ਨੂੰ ਰਾਏ ਸ਼ੁਮਾਰੀ ਦਾ ਨਾਂਅ ਦਿੱਤਾ ਅਤੇ ਹੁਣ ਹਰਿਆਣਾ ਦੇ ਮੁੱਖ ਮੰਤਰੀ ਵਲੋਂ ਹਰਿਆਣਾ ਦਿਵਸ 'ਤੇ ਵੱਖਰੀ ਕਮੇਟੀ ਬਣਾਉਣ ਦਾ ਐਲਾਨ ਕਰਨਾ ਸਿੱਖ ਸੰਸਥਾਵਾਂ ਨੂੰ ਢਾਹ ਲਾਉਣ ਦੀ ਸਾਜਿਸ਼ ਦਾ ਇਕ ਹਿੱਸਾ ਹੈ।

ਉਨ੍ਹਾਂ ਦੱਸਿਆ ਕਿ ਇਜਲਾਸ ਵਲੋਂ ਮਤਾ ਪਾਸ ਕਰਕੇ ਹਰਿਆਣਾ ਦੀ ਕਾਂਗਰਸ ਸਰਕਾਰ ਦੀ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ। ਇਸੇ ਮਤੇ ਰਾਹੀਂ ਕੇਂਦਰ ਤੇ ਹਰਿਆਣਾ ਸਰਕਾਰ ਨੂੰ ਤਾੜਨਾ ਕੀਤੀ ਗਈ ਹੈ ਕਿ ਉਹ ਸਿੱਖ ਵਿਰੋਧੀ ਕਾਰਵਾਈਆਂ ਤੋਂ ਗੁਰੇਜ ਕਰਨ। ਜਨਰਲ ਇਜਲਾਸ ਵਲੋਂ ਹਰਿਆਣਾ 'ਚ ਵੱਖਰੀ ਕਮੇਟੀ ਦੀ ਮੰਗ ਕਰ ਰਹੇ ਸਿੱਖ ਭਰਾਵਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਕਾਰਵਾਈ ਪਿੱਛੇ ਕਾਂਗਰਸ ਦੀ ਸਾਜਿਸ਼ ਨੂੰ ਸਮਝਣ।

ਉਨ੍ਹਾਂ ਦੀ ਇਹ ਕਾਰਵਾਈ ਸ਼੍ਰੋਮਣੀ ਕਮੇਟੀ ਦੀ ਪ੍ਰਾਪਤੀ ਲਈ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਅਜਾਈਂ ਗਵਾਉਣ ਬਰਾਬਰ ਹੈ ਅਤੇ ਇਸ ਲਈ ਇਤਿਹਾਸ ਉਨ੍ਹਾਂ ਨੂੰ ਕਦੇ ਮਾਫ ਨਹੀਂ ਕਰੇਗਾ। ਇਜਲਾਸ ਵਲੋਂ ਹਰਿਆਣਾ ਦੇ ਸਿੱਖ ਆਗੂਆਂ ਨੂੰ ਮਸਲੇ ਦੇ ਹੱਲ ਲਈ ਮਿਲ ਬੈਠਣ ਦੀ ਅਪੀਲ ਕੀਤੀ ਗਈ ਹੈ।

ਇਕ ਸਵਾਲ ਦੇ ਜਵਾਬ ਵਿਚ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਹ ਮਾਮਲਾ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਧਿਆਨ ਵਿਚ ਹੈ, ਪਰ ਉਨ੍ਹਾਂ ਇਸ ਵਾਰ ਹਰਿਆਣਾ ਦੀ ਕਾਂਗਰਸ ਸਰਕਾਰ ਦੀ ਕਾਰਵਾਈ ਨੂੰ ਰੋਕਣ ਦਾ ਕੋਈ ਯਤਨ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਜੇਕਰ ਉਹ ਇਸ ਮਾਮਲੇ 'ਚ ਸੁਹਿਰਦਤਾ ਨਾਲ ਯਤਨ ਕਰਨਾ ਚਾਹੁੰਦੇ ਹਨ ਤਾਂ ਸੰਸਦ ਦੇ ਇਜਲਾਸ 'ਚ ਭਰੋਸਾ ਦੇਣ ਕਿ ਉਹ ਭਵਿੱਖ ਵਿਚ ਇਸ ਤਰ੍ਹਾਂ ਦੀ ਕਾਰਵਾਈ ਨਹੀਂ ਹੋਣ ਦੇਣਗੇ। ਹਰਿਆਣਾ ਦੇ ਸਿੱਖਾਂ ਵਲੋਂ ਵਿਤਕਰਾ ਕਰਨ ਦੇ ਲਾਏ ਗਏ ਦੋਸ਼ਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਰਿਆਣੇ 'ਚ ਇਕ ਮੈਡੀਕਲ ਕਾਲਜ ਸਮੇਤ ਵਿਦਿਅਕ ਅਦਾਰੇ ਖੋਲ੍ਹੇ ਗਏ ਹਨ ਅਤੇ ਹੋਰ ਵੀ ਕਾਰਜ ਜਾਰੀ ਹਨ। ਉਨ੍ਹਾਂ ਇਹ ਦੋਸ਼ ਵੀ ਰੱਦ ਕੀਤਾ ਕਿ ਇਜਲਾਸ 'ਚ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਆਗੂਆਂ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਸ. ਦੀਦਾਰ ਸਿੰਘ ਨਲਵੀ ਅਤੇ ਸ. ਬਲਦੇਵ ਸਿੰਘ ਕਾਇਮਪੁਰੀ ਨੇ ਹਰਿਆਣਾ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਧਰ ਸ. ਦੀਦਾਰ ਸਿੰਘ ਨਲਵੀ ਨੇ ਇਜਲਾਸ ਨੂੰ ਸੰਬੋਧਨ ਕਰਦਿਆਂ ਦੋਸ਼ ਲਾਇਆ ਹੈ ਕਿ ਹਰਿਆਣਾ ਦੇ ਸ਼੍ਰੋਮਣੀ ਕਮੇਟੀ ਮੈਂਬਰ ਪਿਛਲੇ 10 ਸਾਲ ਤੋਂ ਵੱਖਰੀ ਕਮੇਟੀ ਦੀ ਮੰਗ ਕਰ ਰਹੇ ਹਨ, ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਹੁਣ ਇਹ ਮਾਮਲਾ ਸਿਖ਼ਰ 'ਤੇ ਪੁੱਜ ਚੁੱਕਾ ਹੈ ਅਤੇ ਵੱਖਰੀ ਕਮੇਟੀ ਦੀ ਪ੍ਰਾਪਤੀ ਤੱਕ ਇਹ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਉਨ੍ਹਾਂ ਹਰਿਆਣਾ ਦੇ ਸਿੱਖਾਂ ਨੂੰ ਪੇਸ਼ ਆਉਂਦੀਆਂ ਮੁਸ਼ਕਿਲਾਂ ਬਾਰੇ ਵੀ ਜ਼ਿਕਰ ਕੀਤਾ। ਜਦ ਕਿ ਦੂਜੇ ਪਾਸੇ ਹਰਿਆਣਾ ਦੇ ਹੀ ਸ਼੍ਰੋਮਣੀ ਕਮੇਟੀ ਮੈਂਬਰ ਸ. ਬਲਦੇਵ ਸਿੰਘ ਕਾਇਮਪੁਰੀ ਨੇ ਆਖਿਆ ਕਿ ਹਰਿਆਣਾ 'ਚ ਵੱਖਰੀ ਕਮੇਟੀ ਨਾਲ ਸਿੱਖਾਂ ਨੂੰ ਆਰਥਿਕ, ਧਾਰਮਿਕ, ਸਭਿਆਚਾਰਕ, ਵਿਦਿਅਕ ਅਤੇ ਸਿਆਸੀ ਕੁਝ ਵੀ ਲਾਭ ਨਹੀਂ ਹੋਵੇਗਾ। ਸਗੋਂ ਇਸ ਵੱਖਰੀ ਕਮੇਟੀ ਨਾਲ ਕੌਮ ਵੰਡੀ ਜਾਵੇਗੀ ਅਤੇ ਬਰਬਾਦੀ ਹੋਵੇਗੀ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਸ੍ਰੀ ਹੁੱਡਾ ਨੂੰ ਸਿੱਖਾਂ ਨਾਲ ਹਮਦਰਦੀ ਹੈ ਤਾਂ ਪੰਜਾਬੀ ਨੂੰ ਦੂਜਾ ਦਰਜਾ ਦੇਣ ਦੀ ਮੰਗ ਕਿਉਂ ਨਹੀਂ ਪ੍ਰਵਾਨ ਕੀਤੀ ਜਾਂਦੀ। ਉਨ੍ਹਾਂ ਕਾਂਗਰਸ ਸਰਕਾਰ ਨੂੰ ਸਿੱਖ ਧਾਰਮਿਕ ਮਾਮਲਿਆਂ 'ਚ ਦਖ਼ਲਅੰਦਾਜ਼ੀ ਕਰਨ ਤੋਂ ਵਰਜਿਆ। ਇਸ ਦੌਰਾਨ ਜਨਰਲ ਇਜਲਾਸ ਦੀ ਸਮਾਪਤੀ ਉਪਰੰਤ ਹਰਿਆਣਾ 'ਚ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਸ. ਜਗਦੀਸ਼ ਸਿੰਘ ਝੀਂਡਾ, ਸ. ਦੀਦਾਰ ਸਿੰਘ ਨਲਵੀ, ਬੀਬੀ ਰਣਦੀਪ ਕੌਰ ਆਦਿ ਨੇ ਹੇਠਾਂ ਆ ਕੇ ਵੱਖਰੀ ਕਮੇਟੀ ਦੇ ਹੱਕ ਵਿਚ ਨਾਅਰੇ ਵੀ ਲਾਏ। ਸ. ਝੀਂਡਾ ਨੇ ਆਖਿਆ ਹੈ ਕਿ ਉਹ ਪਾਸ ਕੀਤੇ ਮਤੇ ਨਾਲ ਸਹਿਮਤ ਨਹੀਂ ਹਨ ਅਤੇ ਵੱਖਰੀ ਕਮੇਟੀ ਲਈ ਜਦੋ ਜਹਿਦ ਜਾਰੀ ਰੱਖਣਗੇ।

## ਹਰਿਆਣਵੀ ਸਿੱਖਾਂ ਦੀ ਮੰਗ ਜਾਇਜ਼ –ਕੈਪਟਨ

**ਮੋਹਾਲੀ :** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਇਕ ਬਿਆਨ ਵਿਚ ਕਿਹਾ ਹੈ ਕਿ ਹਰਿਆਣਾ ਦੇ ਸਿੱਖਾਂ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਮੰਗ ਜਾਇਜ਼ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਹਰਿਆਣਾ ਦੇ ਗੁਰਦੁਆਰਿਆਂ ਦੀ ਗੋਲਕ 'ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਇਥੇ ਇਕੱਤਰ ਹੁੰਦੀ ਮਾਇਆ ਬਾਦਲ ਪਿਓ-ਪੁੱਤ ਆਪਣੀ ਸਿਆਸਤ ਲਈ ਵਰਤਦੇ ਹਨ। ਉਨ੍ਹਾਂ ਕਿਹਾ ਕਿ ਜੇ ਦਿੱਲੀ ਦੀ ਕਮੇਟੀ ਅਲੱਗ ਹੋ ਸਕਦੀ ਹੈ ਤਾਂ ਹਰਿਆਣਾ ਦੇ ਸਿੱਖ ਆਪਣੀ ਵੱਖਰੀ ਗੁਰਦੁਆਰਾ ਕਮੇਟੀ ਕਿਉਂ ਨਹੀਂ ਬਣਾ ਸਕਦੇ?


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Emirates
Asiana Airlines
KOREAN AIR
SINGAPORE AIRLINES
CATHAY PACIFIC
Lufthansa
CHINA AIRLINES
We Also Offer Notary Service



Editing & Translation
Professional Text Editing in English and Translation Work from Punjabi to English (Academic, Technical and Creative)
Prithvi Raj
prithviraj46@yahoo.com
shaprithvi@gmail.com
Cell (India)-094173-50789



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



NCP College of Nursing
Educate | Grow | Succeed



Start Your Career in Nursing Today!
12- Month Vocational Nursing (LVN) Program
21-Day Nursing Assistant (CNA) Program
Choose which one is right for you...Your career is a call away.
CALL TODAY!
• (LVN) Vocational Nursing Program (Full-time & Part-time classes)
• Required General Science Courses for the LVN Program
• CNA Nursing Assistant Training*
• CNA Acute Care Training*
• NCLEX-PN Test Preparation Workshop
• IV Therapy & Blood Withdrawal Certification Course *
• CPR *
*Offered by Nursing Care Providers, Inc.
For SSF Campus:
257 Longford Drive, Rm#5
South San Francisco, CA 94080
1-800-339-5145
Hayward Campus
21615 Hesperian Blvd. Suite A,
Hayward, CA 94541
1-800-611-4054
100% Pass Rate SSF Campus 5 Consecutive Quarters January 2008 – March 2009
Job Placement
Affordable Payment Plans as Low as $10/month On approved credit
www.ncpcollegeofnursing.com



FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਜਾਂਚ ਕਰ ਰਹੀ ਕਮੇਟੀ ਨੇ 19 ਵਿਅਕਤੀਆਂ ਨੂੰ ਕਲੀਨ ਚਿਟ ਦਿੱਤੀ

## ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 'ਤੇ ਹਮਲੇ ਦਾ ਮਾਮਲਾ

**ਤਲਵੰਡੀ ਸਾਬੋ :** ਛਿਆਨਵੇਂ ਕਰੋੜੀ ਸ਼ੋ੍ਮਣੀ ਅਕਾਲੀ ਬੁੱਢਾ ਦਲ ਨਿਹੰਗ ਸਿੰਘ ਮੁਖੀ ਬਾਬਾ ਬਲਬੀਰ ਸਿੰਘ 'ਤੇ ਜਨਵਰੀ ਮਹੀਨੇ ਵਿਚ ਪਿੰਡ ਭਾਗੀਵਾਂਦਰ ਵਿਖੇ ਹੋਏ ਕਾਤਲਾਨਾ ਹਮਲੇ ਨਾਲ ਸਬੰਧਤ ਦਰਜ ਮਾਮਲੇ ਵਿਚ ਨਾਮਜ਼ਦ ਕੀਤੇ 28 ਵਿਅਕਤੀਆਂ ਵਿਚੋਂ 19 ਨੂੰ ਮਾਮਲੇ ਦੀ ਜਾਂਚ ਕਰ ਰਹੀ ਕਮੇਟੀ ਨੇ ਆਪਣੀ ਰਿਪੋਰਟ ਵਿਚ ਕਲੀਨ ਚਿੱਟ ਦੇ ਦਿੱਤੀ ਹੈ। ਦੱਸਣਯੋਗ ਹੈ ਕਿ ਬੁੱਢਾ ਦਲ ਦੀ ਜਥੇਦਾਰੀ ਨੂੰ ਲੈ ਕੇ ਦਲ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਕ ਧੜਾ ਬਾਬਾ ਬਲਬੀਰ ਸਿੰਘ ਨੂੰ ਆਪਣਾ ਮੁਖੀ ਮੰਨਦਾ ਹੈ ਅਤੇ ਦੂਜਾ ਦਲ ਦੀ ਰਵਾਇਤ ਅਨੁਸਾਰ ਬਾਬਾ ਸੁਰਜੀਤ ਸਿੰਘ ਨੂੰ। ਜਥੇਦਾਰੀ ਦੇ ਮਾਮਲੇ ਨੂੰ ਲੈ ਕੇ ਦੋਵਾਂ ਧੜਿਆਂ ਵਿਚਕਾਰ ਕਈ ਵਾਰ ਖ਼ੂਨੀ ਝੜਪਾਂ ਵੀ ਹੋਈਆਂ। ਪਿੰਡ ਭਾਗੀਵਾਂਦਰ ਵਿਖੇ 13 ਜਨਵਰੀ ਨੂੰ ਵਾਪਰੀ ਘਟਨਾ ਬਾਰੇ ਦਰਸ਼ਨ ਸਿੰਘ ਨਿਹੰਗ ਬੁੱਢਾ ਦਲ ਵਾਸੀ ਲੋਅਰ ਮਾਲ ਰੋਡ ਪਟਿਆਲਾ ਨੇ ਥਾਣਾ ਤਲਵੰਡੀ ਸਾਬੋ ਅੰਦਰ ਕੁਲ 23 ਵਿਅਕਤੀਆਂ ਦੇ ਨਾਮ ਲਿਖਵਾਏ ਸਨ।

ਬਾਬਾ ਬਲਬੀਰ ਸਿੰਘ ਨਿਹੰਗ ਸਿੰਘ ਮੁਖੀ ਦੇ ਕਾਫਲੇ 'ਤੇ 13 ਜਨਵਰੀ 2009 ਨੂੰ ਪਿੰਡ ਭਾਗੀਵਾਂਦਰ ਦੇ ਸ਼ਰਾਬ ਦੇ ਠੇਕੇ ਨੇੜੇ ਕਰੀਬ ਸਾਢੇ ਨੌਂ ਵਜੇ ਸਵੇਰੇ ਹਮਲਾ ਹੋ ਗਿਆ ਸੀ। ਇਸ ਮੌਕੇ ਦੌਰਾਨ ਬਾਬਾ ਬਲਬੀਰ ਸਿੰਘ ਦੀ ਬੁਲਟ ਪਰੂਫ ਗੱਡੀ ਵਿਚ ਤਿੰਨ ਫਾਇਰ ਅਤੇ ਕਾਫਲੇ ਦੀ ਇਕ ਹੋਰ ਗੱਡੀ ਵਿਚ ਬੈਠੇ ਇਕ ਨਿਹੰਗ ਸਿੰਘ ਪਰਮਜੀਤ ਸਿੰਘ ਕਾਲਾ ਦੇ ਸੱਜੇ ਹੱਥ ਵਿਚ ਫਾਇਰ ਲੱਗਾ ਤੇ ਉਹ ਜ਼ਖ਼ਮੀ ਹੋ ਗਿਆ ਸੀ।

ਨਿਹੰਗ ਦਰਸ਼ਨ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ 18 ਵਿਅਕਤੀਆਂ ਤੇ ਪੰਜ ਨਾਂ-ਮਾਲੂਮ ਵਿਅਕਤੀਆਂ ਖਿਲਾਫ ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਆਈ.ਪੀ.ਸੀ. ਦੀ ਧਾਰਾ 307 ਅਤੇ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ। ਨਿਹੰਗ ਮੁਖੀ ਬਲਬੀਰ ਸਿੰਘ 'ਤੇ ਹੋਏ ਕਾਤਲਾਨਾ ਹਮਲੇ ਦੀ ਜਾਂਚ ਲਈ ਪੁਲਿਸ ਅਧਿਕਾਰੀਆਂ ਦੀ ਵਿਸ਼ੇਸ਼ ਜਾਂਚ ਟੀਮ ਤਿਆਰ ਕੀਤੀ ਗਈ। ਇਸ ਦੀ ਚੱਲ ਰਹੀ ਜਾਂਚ ਦੌਰਾਨ ਮਾਮਲੇ ਵਿਚ ਸ਼ਾਮਲ ਬਹੁਤੇ ਵਿਅਕਤੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੇ ਦਿੱਤੀਆਂ ਅਰਜ਼ੀਆਂ ਵਿਚ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਉਕਤ ਮਾਮਲੇ ਵਿਚ ਝੂਠਾ ਫਸਾਇਆ ਗਿਆ ਹੈ ਤੇ ਉਹ ਬੇਗੁਨਾਹ ਹਨ।

ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਅੱਠ ਸਫਿਆਂ ਦੀ ਰਿਪੋਰਟ ਗਵਾਹਾਂ ਤੇ ਹੋਰ ਸਬੂਤਾਂ ਨੂੰ ਬੜੇ ਹੀ ਗਹੁ ਨਾਲ ਸੁਣਿਆ। ਰਿਪੋਰਟ ਵਿਚ ਬਾਬਾ ਦਿਆਲ ਸਿੰਘ ਚੇਲਾ ਬਾਬਾ ਚੇਤ ਸਿੰਘ, ਸਿੰਦਰਪਾਲ ਕੌਰ, ਇੰਦਰਜੀਤ ਸਿੰਘ, ਜਥੇਦਾਰ ਗੁਰਬਖਸ਼ ਸਿੰਘ, ਸੁਖਬੀਰ ਸਿੰਘ, ਬਾਬਾ ਜੋਗਿੰਦਰ ਸਿੰਘ, ਕਾਰਜਕਾਰੀ ਜਥੇਦਾਰ ਸ਼ੋ੍ਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਮਾਨ ਸਿੰਘ ਗੂਹਲਾ ਚੀਕਾ, ਬਾਬਾ ਲਾਭ ਸਿੰਘ ਦਿਆਲਪੁਰਾ, ਜਸਵਿੰਦਰ ਸਿੰਘ ਉਰਫ ਲਾਲੀ ਬਕਰਾਹਾ, ਦਿਆਲ ਸਿੰਘ ਵਗਾਲੀਅਰ, ਸ਼ਿਆਮ ਸਿੰਘ ਸਮਾਣਾ, ਬਾਬਾ ਸਤਨਾਮ ਸਿੰਘ, ਅੰਗਰੇਜ਼ ਸਿੰਘ ਵਾਸੀ ਤਲਵੰਡੀ ਸਾਬੋ ਸ਼ਰਾਬ ਠੇਕੇਦਾਰ ਭਾਗੀਵਾਂਦਰ ਠੇਕਾ, ਕੁਲਵਿੰਦਰ ਸਿੰਘ ਉਰਫ ਕਾਕਾ ਮਾਹੀਨੰਗਲ, ਕੁਲਵੰਤ ਸਿੰਘ ਵਾਸੀ ਤਲਵੰਡੀ ਸਾਬੋ, ਹਰਭਜਨ ਸਿੰਘ ਭਾਗੀਵਾਂਦਰ, ਬਾਬਾ ਸੁਰਜੀਤ ਸਿੰਘ ਮਰੜ (ਬਟਾਲਾ) ਅਤੇ ਪਰਮਜੀਤ ਸਿੰਘ ਉਰਫ ਉਦੈ ਸਿੰਘ ਵਾਸੀ ਪਟਿਆਲਾ ਨੂੰ ਕਲੀਨ ਚਿੱਟ ਦਿੰਦਿਆਂ ਕਿਹਾ ਕਿ ਉਕਤ ਵਿਅਕਤੀਆਂ ਦਾ ਇਸ ਵਾਰਦਾਤ ਨਾਲ ਕੋਈ ਸਬੰਧ ਨਹੀਂ। ਜਾਂਚ ਕਮੇਟੀ ਨੂੰ ਦੂਜੇ ਪਾਸੇ ਆਪਣੀ ਜਾਂਚ ਵਿਚ ਕੁਲਦੀਪ ਸਿੰਘ ਦੀਪੀ ਤਲਵੰਡੀ ਸਾਬੋ, ਬਾਬਾ ਪਰਮਜੀਤ ਸਿੰਘ ਸ਼ਹੀਦ, ਕਿੱਕਰ ਸਿੰਘ ਦਿਆਲਪੁਰਾ ਝੁੱਗੀਆਂ, ਹਰਭਜਨ ਸਿੰਘ ਸਰਦੂਲਗੜ੍ਹ, ਗਿਆਨੀ ਰੋਪੜ ਵਾਲਾ, ਬੂਟਾ ਸਿੰਘ ਮਹਿਲ ਕਲਾਂ, ਬਾਬੂ ਸਿੰਘ ਰਾਮਗੜ੍ਹ ਭੂੰਦੜ, ਜਗਰਾਜ ਸਿੰਘ ਉਰਫ ਗਾਜੀ ਵਾਸੀ ਹੱਸੂ (ਹਰਿਆਣਾ) ਤੇ ਗੁਰਬਖਸ਼ੀਸ਼ ਸਿੰਘ ਉਰਫ ਕਾਕਾ ਵਾਸੀ ਭੂੰਦੜ ਨੂੰ ਉਕਤ ਮਾਮਲੇ ਵਿਚ ਸ਼ਾਮਲ ਕੀਤਾ ਹੈ। ਇਨ੍ਹਾਂ ਵਿਚੋਂ ਹਰਭਜਨ ਸਿੰਘ, ਜਗਰਾਜ ਸਿੰਘ, ਬਾਬੂ ਸਿੰਘ ਤੇ ਕੁਲਦੀਪ ਸਿੰਘ ਦੀਪੀ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਦਕਿ ਬਾਕੀ ਮੁਲਾਜ਼ਮਾਂ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ।

## ਲਿੱਲੀ ਕੁਮਾਰ ਦੇ ਕਤਲ 'ਚ ਫੜੇ ਤਿੰਨ ਵਿਅਕਤੀਆਂ ਨੂੰ ਰਿਹਾਅ ਕਰਨ ਦੇ ਹੁਕਮ

**ਮਾਨਸਾ :** ਡੇਰਾ ਸਿਰਸਾ ਦੇ ਪੈਰੋਕਾਰ ਲਿੱਲੀ ਸ਼ਰਮਾ ਦੇ ਹੋਏ ਕਤਲ ਸਬੰਧੀ ਉਸ ਦੇ ਸਕੇ ਭਰਾ ਬਲੀ ਸਿੰਘ ਵਲੋਂ ਲਿਖਾਈ ਮੁਢਲੀ ਪੁਲਿਸ ਰਿਪੋਰਟ (ਐਫ.ਆਈ.ਆਰ.) ਦਾ ਬੀਤੀ 17 ਅਗਸਤ ਨੂੰ ਉਦੋਂ ਇਕ ਤਰ੍ਹਾਂ ਅੰਤ ਹੋ ਗਿਆ, ਜਦੋਂ ਮਾਨਸਾ ਦੇ ਸੀਨੀਅਰ ਸਬ ਜੱਜ ਸ੍ਰੀ ਬੀ.ਕੇ. ਰਹੇਜਾ ਦੀ ਅਦਾਲਤ ਨੇ ਉਸ ਰਿਪੋਰਟ ਅਨੁਸਾਰ ਗ੍ਰਿਫ਼ਤਾਰ ਕੀਤੇ ਪਿੰਡ ਆਲਮਪੁਰ ਮੰਦਰਾਂ ਦੇ ਤਿੰਨ ਵਿਅਕਤੀਆਂ ਦਲਜੀਤ ਸਿੰਘ ਉਰਫ ਟੈਣੀ, ਡਾ. ਛਿੰਦਾ, ਮਿੱਠੂ ਸਿੰਘ ਨੂੰ ਬਠਿੰਡਾ ਦੀ ਕੇਂਦਰ ਜੇਲ੍ਹ 'ਚੋਂ ਰਿਹਾਅ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ।

ਜ਼ਿਕਰਯੋਗ ਹੈ ਕਿ ਲਿੱਲੀ ਸ਼ਰਮਾ ਦੇ 28 ਜੁਲਾਈ ਨੂੰ ਹੋਏ ਕਤਲ ਤੋਂ ਪਿੱਛੋਂ ਮਾਨਸਾ ਸਦਰ ਪੁਲਿਸ ਵਲੋਂ ਤਿੰਨਾਂ ਵਿਅਕਤੀਆਂ ਨੂੰ ਬਲੀ ਸਿੰਘ ਦੀ ਰਿਪੋਰਟ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਤੋਂ ਪਿੱਛੋਂ ਇਸ ਕਤਲ ਕਾਂਡ ਸਬੰਧੀ ਇਕ ਖਾੜਕੂ ਧਿਰ ਵਲੋਂ ਜ਼ਿੰਮੇਵਾਰੀ ਲੈਣ ਤੋਂ ਪਿੱਛੋਂ ਪੁਲਿਸ ਨੇ ਪਹਿਲਾਂ ਚਾਰ ਵਿਅਕਤੀਆਂ ਅਤੇ ਪਿੱਛੋਂ ਦੋ ਹੋਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਦੋਵੇਂ ਅੱਜ ਕੱਲ੍ਹ ਸਰਦੂਲਗੜ੍ਹ ਪੁਲਿਸ ਪਾਸ ਰਿਮਾਂਡ ਉਤੇ ਹਨ। ਪ੍ਰਾਪਤ ਕੀਤੇ ਵੇਰਵਿਆਂ ਅਨੁਸਾਰ ਬੀਤੇ ਦਿਨੀਂ ਜਦੋਂ ਤਿੰਨਾਂ ਵਿਅਕਤੀਆਂ ਨੂੰ ਸ੍ਰੀ ਰਹੇਜਾ ਦੀ ਅਦਾਲਤ ਵਿਚ ਪੇਸ਼ ਕੀਤਾ ਤਾਂ ਮੁਲਾਜ਼ਮਾਂ ਦੇ ਕਾਨੂੰਨੀ ਸਲਾਹਕਾਰ ਅਜੀਤ ਸਿੰਘ ਨੇ ਦਲੀਲਾਂ ਦੇ ਕੇ ਉਨ੍ਹਾਂ ਨੂੰ ਛੱਡੇ ਜਾਣ ਦੀ ਮੰਗ ਕੀਤੀ। ਸ੍ਰੀ ਰਹੇਜਾ ਨੇ ਉਨ੍ਹਾਂ ਦੀ ਦਲੀਲ ਸੁਣ ਕੇ ਅਤੇ ਦਸਤਾਵੇਜ਼ੀ ਸਬੂਤਾਂ ਨੂੰ ਵੇਖ ਕੇ ਤਿੰਨਾਂ ਨੌਜਵਾਨਾਂ ਨੂੰ ਰਿਹਾਅ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ। ਪਿੱਛੋਂ ਉਨ੍ਹਾਂ ਨੂੰ ਬਠਿੰਡਾ ਦੀ ਕੇਂਦਰੀ ਜੇਲ੍ਹ ਤੋਂ ਰਿਹਾਅ ਕੀਤਾ ਗਿਆ।

ਇਸ ਤੋਂ ਪਹਿਲਾਂ ਤਿੰਨਾਂ ਨੌਜਵਾਨਾਂ ਦੀ ਰਿਹਾਈ ਨੂੰ ਲੈ ਕੇ ਮਾਨਸਾ ਦੀ ਜ਼ਿਲ੍ਹਾ ਅਦਾਲਤ ਵਿਚ ਪੰਥਕ ਧਿਰਾਂ ਪਹੁੰਚੀਆਂ ਹੋਈਆਂ ਸਨ। ਇਨ੍ਹਾਂ ਧਿਰਾਂ 'ਚ ਸ਼ੋ੍ਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਪ੍ਰਧਾਨ ਭਾਈ ਦਲਜੀਤ ਸਿੰਘ ਬਿੱਟੂ, ਏਕ ਨੂਰ ਖਾਲਸਾ ਫੌਜ ਵਲੋਂ ਜਤਿੰਦਰ ਸਿੰਘ ਈਸੜੂ, ਬਲਜਿੰਦਰ ਸਿੰਘ ਸਰਦੂਲਗੜ੍ਹ, ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵਲੋਂ ਐਲਾਨੀ ਪੰਜ ਮੈਂਬਰੀ ਕਮੇਟੀ 'ਚੋਂ ਭਾਈ ਨਿਰੰਜਣ ਸਿੰਘ ਪ੍ਰੇਮੀ, ਚਰਨ ਸਿੰਘ ਮੈਨੇਜਰ ਗੁਰੂਸਰ ਮਹਿਰਾਜ ਸਮੇਤ ਵੱਡੀ ਪੱਧਰ ਉਤੇ ਪੰਥਕ ਧਿਰਾਂ ਮੌਜੂਦ ਸਨ।

ਆਲਮਪੁਰ ਮੰਦਰਾਂ ਦੇ ਇਨ੍ਹਾਂ ਤਿੰਨਾਂ ਨੌਜਵਾਨਾਂ ਉਤੇ ਪੁਲਿਸ ਨੇ ਧਾਰਾ 302 ਤਹਿਤ ਮਾਮਲਾ ਦਰਜ ਕੀਤਾ ਸੀ। ਜ਼ਿਕਰਯੋਗ ਹੈ ਕਿ ਡੇਰਾ ਪੈਰੋਕਾਰ ਲਿੱਲੀ ਸ਼ਰਮਾ ਦਾ ਜੱਦੀ ਪਿੰਡ ਮੰਘਾਣੀਆ ਹੈ ਅਤੇ ਉਹ ਪਿੰਡ ਆਲਮਪੁਰ ਮੰਦਰਾਂ ਵਿਖੇ ਰਹਿੰਦੇ ਸਨ।

ਮੁਲਾਜ਼ਮਾਂ ਦੇ ਕਾਨੂੰਨੀ ਸਲਾਹਕਾਰ ਸ੍ਰੀ ਅਜੀਤ ਸਿੰਘ ਭੰਗੂ ਨੇ ਦੱਸਿਆ ਕਿ ਡੇਰਾ ਪੈਰੋਕਾਰ ਦੇ ਕਤਲ ਲਈ ਹੁਣ ਪੁਲਿਸ ਦੀ ਸ਼ਨਾਖਤ ਉਤੇ ਗ੍ਰਿਫ਼ਤਾਰ ਕੀਤੇ ਗਏ ਅੰਮ੍ਰਿਤਪਾਲ ਸਿੰਘ, ਰਾਜ ਸਿੰਘ, ਤਿੰਦਰ ਸਿੰਘ (ਸਾਰੇ ਵਾਸੀ ਪਿੰਡ ਕੋਟ ਧਰਮੂ) ਗਮਦੂਰ ਸਿੰਘ, ਕਰਨ ਸਿੰਘ (ਵਾਸੀ ਝੰਡੂਕੇ) ਅਤੇ ਮੱਖਣ ਸਿੰਘ ਸਰਦੂਲਗੜ੍ਹ ਦਾ 20 ਅਗਸਤ ਤੱਕ ਪੁਲਿਸ ਰਿਮਾਂਡ ਹਾਸਲ ਕਰ ਲਿਆ ਹੈ। ਉਨ੍ਹਾਂ ਉਪਰ ਹੁਣ 25 ਅਪ੍ਰੈਲ ਨੂੰ ਫਾਇਰਿੰਗ ਕਰਨ ਦਾ ਦੋਸ਼ ਹੈ। ਇਸ ਵਿਚ ਇਕ ਡੇਰਾ ਪੈਰੋਕਾਰ ਜ਼ਖ਼ਮੀ ਹੋ ਗਿਆ ਸੀ।

## ਸਿੱਖ ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢਣ ਲੱਗੀ ਆਸਟ੍ਰੀਆ ਸਰਕਾਰ

**ਪਟਿਆਲਾ :** ਸੱਚਖੰਡ ਬੱਲਾਂ ਡੇਰੇ ਦੇ ਸੰਤਾਂ ਦੇ ਵਿਆਨਾ (ਆਸਟ੍ਰੀਆ) ਵਿਚ ਹੋਏ ਕਤਲ ਤੋਂ ਬਾਅਦ ਹੁਣ ਆਸਟ੍ਰੀਆ ਵਿਚ ਰਹਿੰਦੇ ਸਿੱਖਾਂ 'ਤੇ ਮੁਸ਼ਕਲ ਆ ਗਈ ਹੈ। ਆਸਟ੍ਰੀਆ ਸਰਕਾਰ ਨੇ ਜਿਹੜੇ ਲੋਕਾਂ ਦੇ ਨਾਮ ਦੇ ਅੱਗੇ ਸਿੰਘ ਲਿਖਿਆ ਹੈ, ਉਨ੍ਹਾਂ ਨੂੰ ਦੇਸ਼ ਵਿਚੋਂ ਕੱਢਣਾ ਸ਼ੁਰੂ ਕਰ ਦਿੱਤਾ ਹੈ, ਹਾਲਾਂਕਿ ਗਲਤੀ ਕੁਝ ਲੋਕਾਂ ਨੇ ਹੀ ਕੀਤੀ ਸੀ, ਪਰ ਹੁਣ ਸਜ਼ਾ ਸਾਰੇ ਸਿੱਖਾਂ ਨੂੰ ਮਿਲ ਰਹੀ ਹੈ, ਜਿਸ ਕਾਰਨ ਬਹੁਤ ਸਾਰੇ ਸਿੱਖ ਆਸਟ੍ਰੀਆ ਤੋਂ ਵਾਪਸ ਆ ਗਏ ਹਨ।

ਆਸਟ੍ਰੀਆ ਵਿਚ 8 ਸਾਲ ਲਾ ਕੇ ਅਰਬਨ ਅਸਟੇਟ ਪਟਿਆਲਾ ਪਹੁੰਚੇ ਮਲਕੀਤ ਸਿੰਘ ਨੇ ਬੇਹੱਦ ਉਦਾਸੀ ਵਿਚ ਆਪ ਬੀਤੀ ਸੁਣਾਉਂਦਿਆਂ ਪੱਤਰਕਾਰਾਂ ਨੂੰ ਦੱਸਿਆ ਕਿ ਹੁਣ ਜਦੋਂ ਉਸ ਦੇ ਪੱਕੇ ਹੋਣ ਦਾ ਸਮਾਂ ਆਇਆ ਸੀ ਤਾਂ ਉਸ ਨੂੰ ਆਸਟ੍ਰੀਆ ਤੋਂ ਵਾਪਸ ਭੇਜ ਦਿੱਤਾ ਗਿਆ ਹੈ, ਜਿਸ ਨਾਲ ਉਸ ਦੀ ਪੂਰੀ ਜ਼ਿੰਦਗੀ ਖਰਾਬ ਹੋ ਗਈ ਹੈ। ਮਲਕੀਤ ਸਿੰਘ ਨੇ ਕਿਹਾ ਕਿ ਉਹ ਇਕੱਲਾ ਨਹੀਂ ਸੈਂਕੜੇ ਸਿੱਖ ਜਿਹੜੇ ਕੱਚੇ ਹਨ, ਉਥੇ ਦੀ ਸਰਕਾਰ ਵਲੋਂ ਧੜਾਧੜ ਵਾਪਸ ਭੇਜੇ ਜਾ ਰਹੇ ਹਨ।

ਮਲਕੀਤ ਸਿੰਘ ਨੇ ਕਿਹਾ ਕਿ ਵਿਆਨਾ ਕਾਂਡ ਨਾਲ ਆਸਟ੍ਰੀਆ ਵਿਚ ਸਿੱਖਾਂ ਦਾ ਅਕਸ ਕਾਫੀ ਖਰਾਬ ਹੋਇਆ ਹੈ। ਇਸ ਕਾਂਡ ਨੇ ਸਿੱਖਾਂ ਦਾ ਅਕਸ ਮਾੜੇ ਰੁਖ ਪ੍ਰਭਾਵਤ ਕੀਤਾ ਹੈ, ਜਿਸ ਨਾਲ ਬਹੁਤ ਸਾਰੇ ਸਿੱਖਾਂ ਦਾ ਭਵਿੱਖ ਦਾਅ 'ਤੇ ਲੱਗ ਗਿਆ ਹੈ। ਉਸ ਨੇ ਕਿਹਾ ਕਿ ਉਹ ਉਥੇ ਅਖਬਾਰ ਸੁੱਟਣ ਦਾ ਕੰਮ ਕਰਦਾ ਸੀ, ਕਿਉਂਕਿ ਅਖ਼ਬਾਰ ਸੁੱਟਣ ਦਾ ਕੰਮ ਹੀ ਉਥੇ ਵੱਡੇ ਪੱਧਰ 'ਤੇ ਹੁੰਦਾ ਹੈ, ਜਿਸ ਵਿਚ ਉਹ ਮਹੀਨੇ ਦੇ 50 ਹਜ਼ਾਰ ਰੁਪਏ ਕਮਾ ਲੈਂਦਾ ਸੀ। ਮਲਕੀਤ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਵੀ ਉਥੇ ਸੀ, ਜੋ ਕਿ ਪੱਕਾ ਹੋਣ ਤੋਂ ਬਾਅਦ ਗ੍ਰੀਨ ਕਾਰਡ ਹੋਲਡਰ ਬਣ ਜਾਣਾ ਸੀ, ਪਰ ਹੁਣ ਮੇਰੇ ਬੱਚੇ ਦਾ ਵੀ ਭਵਿੱਖ ਖਰਾਬ ਹੋ ਗਿਆ ਹੈ।

ਉਸ ਨੇ ਕਿਹਾ ਕਿ ਮੈਂ ਤਾਂ ਜ਼ਮੀਨ ਵੇਚ ਕੇ ਆਸਟ੍ਰੀਆ ਗਿਆ ਸੀ, ਪਰ ਹੁਣ ਤਾਂ ਉਹ ਵੀ ਨਹੀਂ ਰਹੀ। ਉਸ ਨੇ ਕਿਹਾ ਕਿ ਸਾਡਾ ਤਾਂ ਸਭ ਕੁਝ ਤਹਿਸ-ਨਹਿਸ ਹੋ ਗਿਆ ਹੈ। ਮਲਕੀਤ ਸਿੰਘ ਨੇ ਕਿਹਾ ਕਿ ਸਿਰਫ ਵਿਆਨਾ ਵਿਚ ਹੀ ਪੱਕੇ ਹੋਣ ਦੇ ਲਾਲਚ ਵਿਚ ਬੈਠੇ ਕਈ-ਕਈ ਸਾਲਾਂ ਤੋਂ ਕੰਮ ਕਰ ਰਹੇ ਲਗਭਗ 5 ਹਜ਼ਾਰ ਸਿੱਖ ਉਥੇ ਹੋਣਗੇ, ਜਿਨ੍ਹਾਂ ਨੂੰ ਕਿ ਹੁਣ ਹੱਥਾਂ-ਪੈਰਾਂ ਦੀ ਪੈ ਗਈ। ਉਨ੍ਹਾਂ ਕਿਹਾ ਕਿ ਹੁਣ ਤਾਂ ਉਥੇ ਜਿਸ ਕਿਸੇ ਦੇ ਨਾਮ ਦੇ ਪਿੱਛੇ ਵੀ ਸਿੰਘ ਲੱਗਦਾ ਸੁਣਿਆ ਜਾਂਦਾ ਹੈ, ਉਸ ਨੂੰ ਪੁਲਸ ਵੀ ਸ਼ੱਕ ਦੀ ਨਜ਼ਰ ਨਾਲ ਦੇਖਦੀ ਹੈ। ਮਲਕੀਤ ਸਿੰਘ ਨੇ ਕਿਹਾ ਕਿ ਹਰ ਰੋਜ਼ ਉਥੋਂ ਬਹੁਤ ਸਾਰੇ ਸਿੱਖ ਭਾਰਤ ਵਿਚ ਆ ਰਹੇ ਹਨ। ਸਿਰਫ ਵਿਆਨਾ ਵਿਚ ਹੀ ਨਹੀਂ, ਬਲਕਿ ਸਾਰੇ ਆਸਟ੍ਰੀਆ ਵਿਚ ਸਿੱਖਾਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ, ਜਿਸ ਕਾਰਨ ਸਿੱਖਾਂ ਦਾ ਮੁੜ ਵਿਸ਼ਵਾਸ ਬਣਾਉਣ ਲਈ ਭਾਰਤ ਸਰਕਾਰ ਨੂੰ ਤੇ ਸ਼ੋ੍ਮਣੀ ਕਮੇਟੀ ਨੂੰ ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਮਲਕੀਤ ਸਿੰਘ ਨੇ ਕਿਹਾ ਕਿ ਕੁਝ ਲੋਕਾਂ ਵਲੋਂ ਕੀਤੀ ਗਲਤੀ ਦੀ ਸਜ਼ਾ ਪੂਰੀ ਕੌਮ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

## ਹਰਿਆਣਾ ਦੀ ਸਿਹਤ ਮੰਤਰੀ ਕਰਤਾਰ ਦੇਵੀ ਦਾ ਦਿਹਾਂਤ



**ਚੰਡੀਗੜ੍ਹ :** ਹਰਿਆਣਾ ਦੀ ਸਿਹਤ ਮੰਤਰੀ ਕਰਤਾਰ ਦੇਵੀ ਦਾ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ। ਸ਼੍ਰੀਮਤੀ ਕਰਤਾਰ ਦੇਵੀ ਨੇ ਆਪਣਾ ਆਖਰੀ ਸਾਹ 16 ਅਗਸਤ ਨੂੰ ਸਵੇਰੇ ਪੀ.ਜੀ.ਆਈ. ਐਮ.ਆਰ. ਹਸਪਤਾਲ ਵਿਖੇ ਲਿਆ। ਉਹ ਕਲਾਨੌਰ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਸਨ। ਪਿਛਲੇ ਮਹੀਨੇ ਸਾਹ ਦੀ ਤਕਲੀਫ ਹੋਣ ਕਾਰਨ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਕੋਲ ਸਿਹਤ ਤੋਂ ਇਲਾਵਾ ਨਿਆਂ ਅਤੇ ਸੁਰੱਖਿਆ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਜਾਤੀਆਂ ਦੀ ਭਲਾਈ ਦਾ ਮਹਿਕਮਾ ਵੀ ਸੀ, ਜੋ ਉਨ੍ਹਾਂ ਦੀ ਬਿਮਾਰੀ ਕਾਰਨ ਰਾਜਪਾਲ ਵਲੋਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਸੌਂਪ ਦਿੱਤੇ ਗਏ ਸਨ।

## ਬਤਰਾ ਤੇ ਹੁੱਡਾ ਦੀ ਅਗਵਾਈ ਵਾਲਾ ਧੜਾ ਕਾਂਗਰਸ 'ਚ ਸ਼ਾਮਲ

**ਚੰਡੀਗੜ੍ਹ :** ਹਰਿਆਣਾ ਜਨਹਿੱਤ ਕਾਂਗਰਸ ਦੇ ਬਾਨੀ ਚੌਧਰੀ ਭਜਨ ਲਾਲ ਨੂੰ ਲੰਘੀ 12 ਅਗਸਤ ਨੂੰ ਉਸ ਵੇਲੇ ਤਕੜਾ ਸਿਆਸੀ ਝਟਕਾ ਲੱਗਾ, ਜਦੋਂ ਉਨ੍ਹਾਂ ਦੀ ਪਾਰਟੀ ਦਾ ਇਕ ਅਹਿਮ ਧੜਾ ਸੁਭਾਸ਼ ਬਤਰਾ ਤੇ ਕ੍ਰਿਸ਼ਨਾ ਮੂਰਤੀ ਹੁੱਡਾ ਦੀ ਅਗਵਾਈ ਹੇਠ ਕਾਂਗਰਸ 'ਚ ਸ਼ਾਮਲ ਹੋ ਗਿਆ।

ਉਨ੍ਹਾਂ ਇਹ ਐਲਾਨ ਲੰਘੀ 12 ਅਗਸਤ ਨੂੰ ਇੱਥੇ ਪ੍ਰਦੇਸ਼ ਕਾਂਗਰਸ ਹੈੱਡਕੁਆਟਰ 'ਚ ਕੀਤੇ ਸਮਾਗਮ ਦੌਰਾਨ ਕੀਤਾ। ਇਸ ਮੌਕੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਫੂਲਚੰਦ ਮੌਲਾਨਾ ਵੀ ਹਾਜ਼ਰ ਸਨ। ਇਨ੍ਹਾਂ ਦੋਵਾਂ ਆਗੂਆਂ ਨੇ ਹਜਕਾਂ ਛੱਡ ਕੇ ਕਾਂਗਰਸ 'ਚ ਸ਼ਾਮਲ ਹੋਏ ਲੋਕਾਂ ਦਾ ਸਵਾਗਤ ਕੀਤਾ ਤੇ ਕਿਹਾ ਕਿ ਕਾਂਗਰਸ 'ਚ ਇਨ੍ਹਾਂ ਦਾ ਪੂਰਾ ਮਾਣ-ਸਨਮਾਨ ਕੀਤਾ ਜਾਏਗਾ।

## ਖਾਧੀ ਰੋਟੀ ਦੇ 13 ਸਾਲ ਬਾਅਦ ਪੈਸੇ ਦਿੱਤੇ

**ਲੰਡਨ :** ਕਈ ਲੋਕ ਰੇਸਤਰਾਂ ਵਿਚ ਜਾ ਕੇ ਉਥੇ ਖਾਣ-ਪੀਣ ਮਗਰੋਂ ਬਿੱਲ ਦੇਣ ਦੀ ਥਾਂ ਅੱਖ ਬਚਾ ਕੇ ਨਿਕਲਣ 'ਚ ਮਾਹਰ ਹੁੰਦੇ ਹਨ, ਇਥੇ ਵੀ ਅਜਿਹਾ ਹੋਇਆ, ਪਰ ਉਸ ਖਾਊ-ਪੀਊ ਨੂੰ ਆਪਣੀ ਗਲਤੀ ਦਾ ਅਹਿਸਾਸ 13 ਸਾਲਾਂ ਮਗਰੋਂ ਹੋਇਆ। 'ਚਲੋ! ਦੇਰ ਆਇਦ-ਦਰੁਸਤ ਆਇਦ।' ਹੋਇਆ ਇੰਜ ਕਿ ਕਿਸੇ ਨੇ ਸਾਊਥ ਵੇਲਜ਼ ਪੁਲਿਸ ਨੂੰ ਇਸ ਮਾਰਚ ਮਹੀਨੇ ਇਕ ਚਿੱਠੀ ਪਾਈ, ਪਰ ਭੇਜਣ ਵਾਲੇ ਨੇ ਆਪਣਾ ਥਹੁ-ਪਤਾ ਨਹੀਂ ਦੱਸਿਆ। ਉਸ ਭਲੇ ਮਾਨਸ ਨੇ ਪੁਲਿਸ ਨੂੰ ਬੇਨਤੀ ਕੀਤੀ, "ਮੈਂ 1996 ਵਿਚ ਸੀਵਿਊ ਪੈਲੇਸ ਤੰਦੂਰੀ 'ਚੋਂ ਖਾ-ਪੀ ਕੇ ਬਿੱਲ ਦਿੱਤੇ ਬਗੈਰ ਐਵੇਂ ਹੀ ਨਿਕਲ ਆਇਆ ਸੀ, ਕ੍ਰਿਪਾ ਕਰਕੇ ਉਸ ਰੇਸਤਰਾਂ ਤਕ ਮੇਰੇ ਵਲੋਂ ਭੇਜੇ 60 ਪੌਂਡ ਪਹੁੰਚਾ ਦੇਣ।" ਇਸ 13 ਸਾਲਾਂ ਦੇ ਅਰਸੇ ਦੌਰਾਨ ਉਸ ਰੇਸਤਰਾਂ ਦੀ ਹੋਂਦ ਮੁੱਕ ਚੁੱਕੀ ਸੀ। ਪੁਲਿਸ ਨੇ ਕਾਫੀ ਯਤਨਾਂ ਮਗਰੋਂ ਰੇਸਤਰਾਂ ਦੇ ਮਾਲਕ ਸਮਸੂਲ ਬਾਰੀ ਨੂੰ ਪੰਜ ਮਹੀਨਿਆਂ ਮਗਰੋਂ ਲੱਭ ਲਿਆ ਤੇ 60 ਪੌਂਡ ਉਸ ਦੇ ਹਵਾਲੇ ਕਰ ਦਿੱਤੇ। ਬਾਰੀ ਦਾ ਵੈਸਟ ਵੇਲਜ਼ ਵਿਚ ਆਪਣਾ ਰੇਸਤਰਾਂ ਹੈ।

48 ਸਾਲਾ ਮਾਲਕ ਨੇ ਕਿਹਾ, "ਪੌਂਡ ਭੇਜਣ ਵਾਲੇ ਨੇ ਆਪਣੀ ਗਲਤੀ ਲਈ ਮੁਆਫੀ ਮੰਗੀ ਹੈ ਤੇ ਮੈਂ ਉਸ ਦਾ ਧੰਨਵਾਦ ਕਰਦਾ ਹਾਂ। ਉਸ ਖੁਦਾ ਦੇ ਬੰਦੇ ਨੇ ਐਨੀ ਮਹਿੰਗਾਈ ਦੇ ਬਾਵਜੂਦ ਮੈਨੂੰ 60 ਪੌਂਡ ਭੇਜਣ ਦਾ ਜਿਗਰਾ ਕੀਤਾ। ਮੇਰੀਆਂ ਸ਼ੁਭਕਾਮਨਾਵਾਂ ਉਸ ਦੇ ਨਾਲ ਹਨ।"



# ਅਕਾਲੀ-ਭਾਜਪਾ ਸਬੰਧਾਂ ਦੇ ਰਾਜ ਖੋਲ੍ਹੇਗੀ ਟੰਡਨ ਦੀ ਜੀਵਨ ਗਾਥਾ

**ਚੰਡੀਗੜ੍ਹ :** ਪੰਜਾਬ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਲਰਾਮਜੀ ਦਾਸ ਟੰਡਨ ਦੀ ਜੀਵਨੀ ਪੰਜਾਬ ਵਿਚ ਕਈ ਮੁੱਦਿਆਂ 'ਤੇ ਨਵੇਂ ਸਿਰੇ ਤੋਂ ਭਖਵੀਂ ਬਹਿਸ ਛੇੜਨ ਅਤੇ ਹੋਰਨਾਂ 'ਤੇ ਪਰਦਾ ਪਾਉਣ ਦਾ ਆਧਾਰ ਬਣ ਸਕਦੀ ਹੈ। ਪੰਜਾਬ ਦੇਸ਼ ਦਾ ਅਹਿਮ ਸੂਬਾ ਹੋਣ ਦੇ ਬਾਵਜੂਦ ਅਜੇ ਤੱਕ ਆਪਣੀ ਰਾਜਧਾਨੀ ਕਿਉਂ ਨਹੀਂ ਲੈ ਸਕਿਆ, ਪੰਜਾਬ ਤੇ ਹਰਿਆਣਾ ਦੀ ਅੱਜ ਤੱਕ ਇਕੋ ਹੀ ਹਾਈਕੋਰਟ ਕਿਉਂ ਹੈ, ਆਦਿ ਰਹੱਸਾਂ ਤੋਂ ਸ੍ਰੀ ਟੰਡਨ ਨੇ ਪਰਦਾ ਉਠਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਰਤੀ ਜਨਤਾ ਪਾਰਟੀ ਵੀ ਹੋਰਨਾਂ ਪਾਰਟੀਆਂ ਵਾਂਗ ਹੀ ਗੁੱਟਬਾਜ਼ੀ ਦਾ ਸ਼ਿਕਾਰ ਹੈ, ਇਸ ਵਲ ਵੀ ਇਸ ਪੁਸਤਕ ਵਿਚ ਇਸ਼ਾਰਾ ਕੀਤਾ ਗਿਆ ਹੈ।

ਸਾਬਕਾ ਮੰਤਰੀ ਦੇ ਪੁੱਤਰ ਸੰਜੇ ਟੰਡਨ ਵਲੋਂ ਆਪਣੇ ਪਿਤਾ ਬਾਰੇ ਬੜੀ ਗੰਭੀਰਤਾ ਨਾਲ ਲਿਖੀ ਪੁਸਤਕ 'ਬਲਰਾਮਜੀ ਦਾਸ ਟੰਡਨ : ਇਕ ਪ੍ਰੇਰਕ ਚਰਿੱਤਰ' ਆਜ਼ਾਦੀ ਦੇ ਅੰਦੋਲਨ ਬਾਰੇ ਬਹੁਤ ਘੱਟ, ਪਰ 1947 ਵਿਚ ਹੋਏ ਫਿਰਕੂ ਦੰਗਿਆਂ ਦੀ ਤਸਵੀਰ ਜ਼ਿਆਦਾ ਵਿਸਥਾਰ ਵਿਚ ਪੇਸ਼ ਕਰਦੀ ਹੈ। ਭਾਰਤੀ ਜਨਤਾ ਪਾਰਟੀ, ਜਿਸ ਦੀ ਕਦੇ ਆਰ.ਐਸ.ਐਸ. ਤੋਂ ਸ਼ੁਰੂਆਤ ਹੋਈ ਸੀ, ਕਿਵੇਂ ਜਨਸੰਘ ਬਣੀ ਤੇ ਫਿਰ ਮੌਜੂਦਾ ਦੌਰ ਵਿਚ ਕਿਵੇਂ ਪੁੱਜੀ, ਇਸ ਘਟਨਾਕ੍ਰਮ ਦੀ ਵੇਰਵੇ ਸਹਿਤ ਜਾਣਕਾਰੀ ਮਿਲਦੀ ਹੈ।

ਬਲਰਾਮਜੀ ਦਾਸ ਟੰਡਨ ਨੇ ਆਪਣੇ ਰਾਜਨੀਤਿਕ ਜੀਵਨ ਦੀ ਸ਼ੁਰੂਆਤ ਆਰ.ਐਸ.ਐਸ. ਵਰਕਰ ਵਜੋਂ ਕੀਤੀ। ਇਸ ਦਾ ਵਿਸਥਾਰ ਵਿਚ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਨੇ ਆਪਣੇ ਰਾਜਨੀਤਿਕ ਜੀਵਨ ਦੀ ਪਹਿਲੀ ਪੌੜੀ ਅੰਮ੍ਰਿਤਸਰ ਮਿਉਂਸਿਪਲ ਕਮੇਟੀ ਦੇ ਮੈਂਬਰ ਦੀ ਚੋਣ ਜਿੱਤ ਕੇ ਚੜ੍ਹੀ ਤੇ ਇਸ ਤੋਂ ਬਾਅਦ ਉਹ ਰਾਜਨੀਤਿਕ ਖੇਤਰ ਵਿਚ ਲਗਾਤਾਰ ਅਗੇ ਵਧਦੇ ਗਏ।

ਇਸ ਵਿਚ ਉਨ੍ਹਾਂ ਦੇ ਵਾਰ ਵਾਰ ਮੰਤਰੀ ਬਣਨ ਤੋਂ ਲੈ ਕੇ ਪੰਜਾਬ ਭਾਜਪਾ ਦੇ ਪ੍ਰਧਾਨ ਬਣਨ ਤੱਕ ਦੇ ਸਫਰ ਦੀ ਰੌਚਕ ਢੰਗ ਨਾਲ ਚਰਚਾ ਕੀਤੀ ਗਈ ਹੈ। ਇਸ ਵਿਚ ਭਾਜਪਾ ਅਤੇ ਅਕਾਲੀਆਂ ਦੇ ਆਪਸੀ ਖੱਟੇ ਮਿੱਠੇ ਰਿਸ਼ਤਿਆਂ ਦਾ ਵਾਰ ਵਾਰ ਜ਼ਿਕਰ ਵੀ ਮਿਲਦਾ ਹੈ। ਨਾਲ ਹੀ ਦਹਿਸ਼ਤਗਰਦੀ ਦੇ ਦੌਰ ਦੀ ਚਰਚਾ ਤਾਂ ਮਿਲਦੀ ਹੈ, ਪਰ ਇਸ ਦੇ ਉਭਾਰ ਦੇ ਕਾਰਨਾਂ ਦਾ ਕਿਤੇ ਜ਼ਿਕਰ ਨਹੀਂ ਹੈ।

ਪੁਸਤਕ ਵਿਚ ਜਨਸੰਘ ਵਲੋਂ 'ਮਹਾਂ ਪੰਜਾਬ' ਬਣਾਉਣ ਦੇ ਅੰਦੋਲਨ ਦੀ ਚਰਚਾ ਕਰਦਿਆਂ ਕਿਹਾ ਗਿਆ ਹੈ ਕਿ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਲਈ ਦੋ ਵਾਰੀ ਅੰਦੋਲਨ ਸ੍ਰੀ ਹਰਿਮੰਦਰ ਸਾਹਿਬ ਤੋਂ ਸ਼ੁਰੂ ਕੀਤਾ ਤਾਂ ਇਸੇ ਡਰ ਵਿਚੋਂ ਜਨਸੰਘ ਨੇ 'ਮਹਾਂ ਪੰਜਾਬ' ਅੰਦੋਲਨ ਸ਼ੁਰੂ ਕਰ ਦਿੱਤਾ। ਇਸ ਅੰਦੋਲਨ ਵਿਚ ਸੰਤਾਲੀ ਦੀ ਵੰਡ ਸਮੇਂ ਹੋਈ ਵੱਢ-ਟੁਕ ਨੂੰ ਆਧਾਰ ਬਣਾਇਆ ਗਿਆ।

## ਪੰਜਾਬੀ ਸੂਬੇ ਲਈ ਮੋਰਚਾ ਹਰਿਮੰਦਰ ਸਾਹਿਬ ਤੋਂ ਸ਼ੁਰੂ ਕਰਨ ਕਰਕੇ ਜਨਸੰਘ ਨੇ ਮਹਾਂ ਪੰਜਾਬ ਦੀ ਮੰਗ ਕੀਤੀ ਸੀ

ਜਨਸੰਘੀ ਆਗੂਆਂ ਨੂੰ ਖਦਸ਼ਾ ਸੀ ਕਿ ਜੇਕਰ ਭਾਸ਼ਾ ਦੇ ਆਧਾਰ 'ਤੇ ਸੂਬਾ ਬਣਦਾ ਹੈ ਤਾਂ ਪਾਕਿਸਤਾਨ ਤੋਂ ਉਜੜ ਕੇ ਆਏ ਹਿੰਦੂ ਕਿਥੇ ਜਾਣਗੇ। ਇਸੇ ਕਰਕੇ ਉਨ੍ਹਾਂ ਨੇ ਵਿਰੋਧ ਦਾ ਪਿੜ ਮੱਲ ਲਿਆ। ਅਕਾਲੀਆਂ ਤੇ ਜਨਸੰਘ ਵਲੋਂ ਧਰਮ ਦੇ ਆਧਾਰ 'ਤੇ ਚੱਲੇ ਅੰਦੋਲਨਾਂ ਕਾਰਨ ਹਿੰਦੂ ਤੇ ਸਿੱਖਾਂ ਵਿਚਾਲੇ ਫਿਰਕਾਪ੍ਰਸਤੀ ਵਧਦੀ ਗਈ। 1966 ਵਿਚ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬੀ ਸੂਬਾ ਬਣਾਉਣ ਦੀ ਹਾਮੀ ਭਰ ਦਿੱਤੀ ਤਾਂ ਜਨਸੰਘ ਨੇ ਇਸ ਦੇ ਵਿਰੋਧ ਵਿਚ ਮੁੜ ਅੰਦੋਲਨ ਸ਼ੁਰੂ ਕਰ ਦਿੱਤਾ।

ਜਨਸੰਘ ਨੇ ਆਪਣਾ ਅੰਦੋਲਨ ਉਸ ਵੇਲੇ ਬੰਦ ਕੀਤਾ, ਜਦੋਂ ਇਸ ਦੇ ਆਗੂ ਬਲਰਾਮਜੀ ਦਾਸ ਟੰਡਨ ਨੂੰ ਦਿੱਲੀ ਵਿਚ ਗੱਲਬਾਤ ਵਿਚ ਸ਼ਾਮਲ ਹੋਣ ਦਾ ਸੱਦਾ ਮਿਲ ਗਿਆ। ਉਨ੍ਹਾਂ ਦੀ ਹਾਜ਼ਰੀ ਵਿਚ ਹੋਈ ਮੀਟਿੰਗ ਵਿਚ ਕੇਂਦਰ ਸਰਕਾਰ ਨੇ ਇਸ ਗੱਲ ਦੀ ਸਹਿਮਤੀ ਦੇ ਦਿੱਤੀ ਕਿ ਪੰਜਾਬ ਤੇ ਹਰਿਆਣਾ ਦਾ ਇਕ ਹੀ ਰਾਜਪਾਲ, ਇਕੋ ਹੀ ਰਾਜਧਾਨੀ, ਇਕੋ ਹੀ ਹਾਈਕੋਰਟ ਅਤੇ ਇਕੋ ਹੀ ਵਿਧਾਨ ਸਭਾ ਹੋਵੇਗੀ। ਇਸੇ ਸਹਿਮਤੀ ਦੇ ਬਖੇੜੇ ਅੱਜ ਪੰਜਾਬ ਭੋਗ ਰਿਹਾ ਹੈ।

ਬਲਰਾਮਜੀ ਦਾਸ ਟੰਡਨ ਨੇ ਪੁਸਤਕ ਵਿਚ ਕਿਹਾ ਹੈ ਕਿ ਅੱਜ ਕੱਲ੍ਹ ਕਦੇ ਕਦੇ ਅਕਾਲੀ ਦਲ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਪੰਜਾਬੀ ਪੜਾਉਣ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਦੀ ਮੰਗ ਕਰਦਾ ਹੈ, ਹਾਲਾਂਕਿ ਅਸਲੀਅਤ ਇਹ ਹੈ ਕਿ ਅਕਾਲੀਆਂ ਨੇ ਇਹ ਇਲਾਕੇ ਖ਼ੁਦ ਥਾਲੀ ਵਿਚ ਪਰੋਸ ਕੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਦਿੱਤੇ।

ਇਸ ਕਿਤਾਬ ਦੇ ਚੰਡੀਗੜ੍ਹ ਵਿਚ ਹੋਏ ਰਿਲੀਜ਼ ਸਮਾਰੋਹ ਵਿਚ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਦੇਸ਼ ਦੀ ਰਾਜਨੀਤੀ, ਪੱਤਰਕਾਰੀ ਅਤੇ ਹੋਰ ਖੇਤਰਾਂ ਵਿਚ ਆਈ ਗਿਰਾਵਟ ਵਾਲੇ ਪ੍ਰਬੰਧ ਨੂੰ ਬਦਲਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਭਾਜਪਾ ਦੇ ਨੇਤਾ ਬਲਰਾਮਜੀ ਦਾਸ ਟੰਡਨ ਦੀ ਜ਼ਿੰਦਗੀ ਰਾਜਸੀ ਆਗੂਆਂ ਲਈ ਮਾਡਲ ਬਣ ਸਕਦੀ ਹੈ।

ਇਸ ਸਬੰਧੀ ਸਮਾਗਮ ਵਿਚ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਕਈ ਹੋਰ ਉੱਘੀਆਂ ਹਸਤੀਆਂ ਵੀ ਹਾਜ਼ਰ ਸਨ।

ਸ੍ਰੀ ਅਡਵਾਨੀ ਨੇ ਰਾਜਧਾਨੀ ਵਿਚ ਆਈ ਗਿਰਾਵਟ ਉੱਪਰ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਰਾਜਨੀਤੀ ਵਿਚ ਕੰਮ ਕਰਨ ਵਾਲੇ ਲੋਕ ਹੁਣ ਆਪਣੇ ਆਪ ਨੂੰ ਰਾਜਸੀ ਨੇਤਾ ਕਹਿਣ ਤੋਂ ਸ਼ਰਮਾਉਂਦੇ ਹਨ, ਜੋ ਕਿ ਚੰਗੀ ਗੱਲ ਨਹੀਂ ਹੈ।

ਉਨ੍ਹਾਂ ਕਿਹਾ ਕਿ ਗੰਧਲੀ ਰਾਜਨੀਤੀ ਨੂੰ ਬਦਲਣ ਦਾ ਏਜੰਡਾ ਹਰ ਰਾਜਸੀ ਆਗੂ ਨੂੰ ਮੂਲ ਮੰਤਰ ਵਜੋਂ ਅਪਨਾਉਣਾ ਚਾਹੀਦਾ ਹੈ। ਸ੍ਰੀ ਅਡਵਾਨੀ ਨੇ ਕਿਹਾ ਕਿ ਦੇਸ਼ ਵਿਚ ਵਿਚਾਰਧਾਰਕ ਗਿਰਾਵਟ ਆਈ ਹੈ। ਉਨ੍ਹਾਂ ਨੇ ਪੱਤਰਕਾਰੀ ਅਤੇ ਇਲੈਕਟ੍ਰੋਨਿਕਸ ਮੀਡੀਆ ਦੀ ਚਰਚਾ ਕਰਦੇ ਹੋਏ ਕਿਹਾ ਕਿ ਚੋਣਾਂ ਵਿਚ ਖਰਚੇ ਵਧਣ ਦਾ ਵੱਡਾ ਕਾਰਨ ਮੀਡੀਆ ਬਣ ਗਿਆ ਹੈ। ਹੁਣ ਵਰਗਾ ਖਰਚਾ ਚੋਣਾਂ ਸਮੇਂ ਪਹਿਲਾਂ ਕਦੇ ਮੀਡੀਆ ਲਈ ਨਹੀਂ ਹੋਇਆ ਸੀ।

ਉਨ੍ਹਾਂ ਕਿਹਾ ਕਿ ਅਖਬਾਰ ਅਤੇ ਚੈਨਲਾਂ ਲਈ ਜਿਥੇ ਰਾਜਸੀ ਪਾਰਟੀਆਂ ਪੈਸਾ ਖਰਚ ਕਰਦੀਆਂ ਹਨ, ਉਥੇ ਉਮੀਦਵਾਰ ਵੀ ਪੈਸਾ ਖਰਚ ਕਰਦਾ ਹੈ। ਸਥਿਤੀ ਤਾਂ ਇਹ ਬਣ ਗਈ ਹੈ ਕਿ ਅਖਬਾਰ ਪੈਸਾ ਲੈ ਕੇ ਥਾਂ ਬੁੱਕ ਕਰ ਲੈਂਦੇ ਹਨ ਅਤੇ ਫਿਰ ਉਮੀਦਵਾਰ ਦੀ ਮਰਜ਼ੀ ਦਾ ਲਿਖਦੇ ਹਨ। ਨਾਲ ਹੀ ਦੂਜੇ ਪੰਨੇ 'ਤੇ ਉਸੇ ਉਮੀਦਵਾਰ ਦੇ ਵਿਰੋਧੀ ਦੀ ਬੁੱਕ ਕਰਵਾਈ ਥਾਂ ਵਿਚ ਅਖ਼ਬਾਰ ਕੁਝ ਹੋਰ ਆਖ ਰਿਹਾ ਹੁੰਦਾ ਹੈ।

ਸ੍ਰੀ ਅਡਵਾਨੀ ਨੇ ਬਲਰਾਮਜੀ ਦਾਸ ਟੰਡਨ ਨਾਲ ਆਪਣੀ ਸਾਂਝ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ 1927 ਦੇ ਨਵੰਬਰ ਮਹੀਨੇ ਦਾ ਉਨ੍ਹਾਂ ਦੋਹਾਂ ਦਾ ਜਨਮ ਹੈ, ਪਰ ਉਹ ਸ੍ਰੀ ਟੰਡਨ ਨਾਲੋਂ ਇਕ ਹਫਤਾ ਵੱਡੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਟੰਡਨ ਪਰਿਵਾਰ ਕੋਲ ਖੁਸ਼ੀ ਅਤੇ ਸਾਰਥਿਕਤਾ ਦੋਵੇਂ ਗੱਲਾਂ ਹਨ।

ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸ੍ਰੀ ਟੰਡਨ ਅਤੇ ਉਨ੍ਹਾਂ ਦੀ ਸਾਂਝ ਦਹਾਕਿਆਂ ਪੁਰਾਣੀ ਹੈ। ਉਨ੍ਹਾਂ ਨੇ ਟੰਡਨ ਪਰਿਵਾਰ ਵਲੋਂ ਰਾਜਨੀਤੀ, ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿਚ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਨੇ ਸ੍ਰੀ ਟੰਡਨ ਬਾਰੇ ਬੜੇ ਭਾਵੁਕ ਅੰਦਾਜ਼ ਨਾਲ ਕਿਹਾ ਕਿ ਸ੍ਰੀ ਟੰਡਨ ਦਾ ਪੰਜਾਬ ਦੇ ਸ਼ਾਂਤੀ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਲਈ ਬਹੁਤ ਵੱਡਾ ਯੋਗਦਾਨ ਹੈ। ਸ੍ਰੀ ਟੰਡਨ ਆਪਣੇ ਆਪ ਵਿਚ ਇਕ ਸੰਸਥਾ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦੇ ਸਿਰ 'ਤੇ ਬਣੀਆਂ ਕੁਲੀਸ਼ਨ ਸਰਕਾਰਾਂ ਨੂੰ ਕਦੇ ਮੁਸ਼ਕਲ ਨਹੀਂ ਆਈ।

## ਪ੍ਰਕਾਸ਼ ਸਿੰਘ ਬਾਦਲ ਨੇ ਫਿਰੋਜ਼ਪੁਰ 'ਚ ਲਹਿਰਾਇਆ ਤਿਰੰਗਾ

**ਫਿਰੋਜ਼ਪੁਰ :** ਰਾਜ ਪੱਧਰੀ 62ਵਾਂ ਆਜ਼ਾਦੀ ਦਿਹਾੜਾ ਲੰਘੀ 15 ਅਗਸਤ ਨੂੰ ਸਥਾਨਕ ਸ਼ਹੀਦ ਭਗਤ ਸਿੰਘ ਸਟੇਡੀਅਮ ਵਿਖੇ ਮਨਾਇਆ ਗਿਆ, ਜਿੱਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੌਮੀ ਝੰਡਾ ਲਹਿਰਾਇਆ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ।

ਇਸ ਤੋਂ ਪਹਿਲਾਂ ਸ. ਬਾਦਲ ਨੇ ਹਿੰਦ-ਪਾਕਿ ਸਰਹੱਦ 'ਤੇ ਸਥਿਤ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਸ਼ਹੀਦਾਂ ਨੂੰ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ।

ਰਾਜ ਪੱਧਰੀ ਇਸ ਸਮਾਗਮ ਮੌਕੇ ਆਪਣੇ ਸੰਬੋਧਨ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼ਹੀਦਾਂ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ ਵਿਚ 80 ਫੀਸਦੀ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਸਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਸ ਗੱਲ ਦਾ ਵੀ ਮਾਣ ਹਾਸਲ ਹੈ ਕਿ ਸਿਰਮੌਰ ਸ਼ਹੀਦ ਅਤੇ ਦੇਸ਼ ਭਗਤ ਵੀ ਪੰਜਾਬੀ ਹੀ ਸਨ। ਇਸ ਤੋਂ ਇਲਾਵਾ ਦੇਸ਼ ਦੀ ਆਜ਼ਾਦੀ ਲਈ ਚੱਲੀਆਂ ਲਹਿਰਾਂ ਵਿਚ ਅਹਿਮ ਲਹਿਰਾਂ ਵੀ ਪੰਜਾਬੀਆਂ ਵਲੋਂ ਸ਼ੁਰੂ ਕੀਤੀਆਂ ਗਈਆਂ, ਜਿਨ੍ਹਾਂ ਵਿਚ ਕੂਕਾ ਲਹਿਰ, ਗਦਰ ਲਹਿਰ ਅਤੇ ਬੱਬਰ ਅਕਾਲੀ ਲਹਿਰ ਆਦਿ ਪ੍ਰਮੁੱਖ ਸਨ। ਮੁੱਖ ਮੰਤਰੀ ਨੇ ਕਿਹਾ ਕਿ ਕੇਵਲ ਆਜ਼ਾਦੀ ਸੰਘਰਸ਼ ਵਿਚ ਹੀ ਨਹੀਂ ਸਗੋਂ ਆਜ਼ਾਦੀ ਉਪਰੰਤ ਵੀ ਦੇਸ਼ ਦੇ ਵਿਕਾਸ ਵਿਚ ਪੰਜਾਬ ਦਾ ਮੋਹਰੀ ਯੋਗਦਾਨ ਹੈ।

ਪੰਜਾਬ ਨੇ ਰਿਕਾਰਡ ਤੋੜ ਅੰਨ ਪੈਦਾ ਕਰਕੇ ਦੇਸ਼ ਦੀ ਭੁੱਖ ਦੂਰ ਕੀਤੀ, ਪਰ ਅਫਸੋਸ ਦੀ ਗੱਲ ਹੈ ਕਿ ਆਜ਼ਾਦੀ ਦੇ 62 ਵਰ੍ਹੇ ਬੀਤਣ ਬਾਅਦ ਵੀ ਦੇਸ਼ ਵਿਚ ਗਰੀਬੀ, ਭੁੱਖਮਰੀ, ਰਿਸ਼ਵਤਖੋਰੀ ਅਤੇ ਬੇਰੁਜ਼ਗਾਰੀ ਆਦਿ ਸਮੱਸਿਆਵਾਂ ਅਜੇ ਵੀ ਜਿਉਂ ਦੀਆਂ ਤਿਉਂ ਹਨ।


ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਲੈਣ ਲਈ ਇਕੋ ਇਕ ਭਰੋਸੇਮੰਦ ਨਾਮ
ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ



Major Singh Chauhan
AGENT
CA Ins. Lic #0D36632
New York Life Insurance Company

Sacramento Office :
120 Hoxsie Ct,
Folsom CA 95630

Fremont Office :
39650 Liberty St. #200
Fremont CA 94538

Bakersfield Office :
PO Box 40728
Bakersfield CA 93384

Cell : 916-337-1683
Off : 916-983-4890
Off : 510-624-4190
Fax : 916-984-0110

mc101048@gmail.com
THE COMPANY YOU KEEP



ਤੁਹਾਡੇ ਆਪਣੇ ਪੰਜਾਬੀ ਭਰਾਵਾਂ ਦੀ ਨੰਬਰ 1 ਕੰਪਨੀ
Easy Pay
CREDIT & DEBIT CARD PROCESSING CORP.
EASY PAY AND MTS IS A REGISTERED ISO/MPS FOR HSBC BANK USA, NATIONAL ASSOCIATION BUFFALO, NY

ਆਪਣੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਉਪਰ ਕਰੈਡਿਟ ਕਾਰਡ ਅਤੇ ਏ.ਟੀ.ਐਮ. ਮਸ਼ੀਨਾਂ ਲਾਉਣ ਲਈ ਸਾਨੂੰ ਇਕ ਵਾਰ ਕਾਲ ਜ਼ਰੂਰ ਕਰੋ। ਜੇਕਰ ਤੁਹਾਡੇ ਕੋਲ ਇਸ ਵੇਲੇ ਕਰੈਡਿਟ ਕਾਰਡ ਅਤੇ ਏ.ਟੀ.ਐਮ. ਮਸ਼ੀਨ ਚੱਲ ਰਹੀ ਹੈ ਤਾਂ ਵੀ ਸਾਨੂੰ ਸਾਡੇ ਸਪੈਸ਼ਲ ਰੇਟਾਂ ਬਾਰੇ ਜ਼ਰੂਰ ਪੁੱਛੋ। ਅਸੀਂ ਤੁਹਾਨੂੰ ਹਰ ਤਰ੍ਹਾਂ ਦੀਆਂ ਕਰੈਡਿਟ ਕਾਰਡ ਅਤੇ ਏ.ਟੀ.ਐਮ. ਮਸ਼ੀਨਾਂ ਬਿਲਕੁਲ ਮੁਫਤ ਵਿੱਚ ਦੇਵਾਂਗੇ।

ਕੋਈ ਲੁਕਵਾਂ ਚਾਰਜ਼ ਨਹੀਂ
ਕੋਈ ਲੀਜ਼ ਨਹੀਂ
ਸਾਨੂੰ ਆਪਣੀ ਕੰਪਨੀ ਵਿੱਚ ਕੰਮ ਕਰਨ ਲਈ ਏਜੰਟਾਂ ਦੀ ਲੋੜ ਹੈ।
24 ਘੰਟੇ ਵਧੀਆ ਅਤੇ ਭਰੋਸੇਯੋਗ ਸਰਵਿਸ
We Surely Beat Any Rates




Special Rates for
Pay At The Pump

MANDEEP SINGH MANN
4401 Belle Terrace
Bakersfield CA 93309
Cell: 661-889-1927
Off : 661-397-7741
Fax : 661-397-7741
E-mail : gurmann@hotmail.com

Designed by : Quik Signs - 661-703-8795 or 661-900-7357

# ਲਗਾਤਾਰ ਗਿਰਾਵਟ ਵਲ ਜਾ ਰਹੀ ਪੰਜਾਬ ਦੀ ਆਰਥਕ ਸਥਿਤੀ

**–ਹਮੀਰ ਸਿੰਘ**

***ਕੇਂਦਰ ਕੋਲ ਧਨ ਦਾ ਦਰਖ਼ਤ ਨਹੀਂ ਲੱਗਿਆ, ਬਲਕਿ ਰਾਜਾਂ ਦਾ ਹੀ ਪੈਸਾ ਲੈ ਕੇ ਮਾਲਕ ਬਣ ਜਾਣਾ ਤੇ ਫਿਰ ਦਿਆਲੂ ਹੋਣ ਦਾ ਢੌਂਗ ਕਰਨਾ, ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਸੋਕੇ ਤੋਂ ਸ਼ੁਰੂ ਕਰਕੇ ਬਹੁਤੀਆਂ ਕੇਂਦਰੀ ਯੋਜਨਾਵਾਂ ਅਜਿਹੀਆਂ ਹਨ, ਜੋ ਪੰਜਾਬ ਦੇ ਮੁਤਾਬਕ ਨਹੀਂ ਤੇ ਪੰਜਾਬ ਦੇ ਲੋਕਾਂ ਨੂੰ ਕੋਈ ਲਾਭ ਨਹੀਂ ਹੁੰਦਾ। ਲੇਕਿਨ ਅਕਾਲੀ ਦਲ 6 ਸਾਲਾਂ ਤੱਕ ਦੀ ਵਾਜਪਾਈ ਸਰਕਾਰ ਵਿਚ ਸੱਤਾ ਸੁੱਖ ਭੋਗਦਾ ਰਿਹਾ ਤਾਂ ਇਸ ਦਿਸ਼ਾ ਵਿਚ ਕੋਈ ਕਦਮ ਕਿਉਂ ਨਹੀਂ ਉਠਾਇਆ। ਇਸ ਸਮੇਂ ਵੀ ਅਕਾਲੀ ਦਲ ਦੇਸ਼ ਵਿਚ ਖੇਤਰੀ ਭਾਵਨਾ 'ਤੇ ਆਧਾਰਤ ਬਣੀਆਂ ਪਾਰਟੀਆਂ ਨਾਲ ਮਿਲ ਕੇ ਸਹੀ ਅਰਥਾਂ ਵਿਚ ਸੰਘਾਤਮ ਢਾਂਚਾ ਪੈਦਾ ਕਰਨ ਲਈ ਕੋਸ਼ਿਸ਼ ਕਰਨ ਦੀ ਬਜਾਏ ਤਾਕਤਾਂ ਦੇ ਕੇਂਦਰੀਕਰਨ ਦੀ ਨੀਤੀ 'ਤੇ ਖੜੀ ਭਾਜਪਾ ਨਾਲ ਮਿਲ ਕੇ ਸੱਤਾ ਵਿਚ ਹੀ ਨਹੀਂ ਬਲਕਿ ਮੁੱਖ ਮੰਤਰੀ ਇਹ ਕਹਿਣ ਤੱਕ ਚਲੇ ਜਾਂਦੇ ਹਨ ਕਿ ਅਕਾਲੀ–ਭਾਜਪਾ ਰਿਸ਼ਤਾ ਤਾਂ ਪਤੀ ਪਤਨੀ ਵਾਲਾ ਹੈ।***

ਪੰਜਾਬ ਵਿਚ ਬਣੀਆਂ ਸਰਕਾਰਾਂ ਨੇ ਪੰਜਾਬੀਆਂ ਨੂੰ ਖੂਬ ਸਬਜ਼ਬਾਗ ਦਿਖਾਏ। ਕਿਸੇ ਨੇ ਕੈਲੇਫੋਰਨੀਆ ਬਣਾਉਣ ਦਾ ਵਾਅਦਾ ਕੀਤਾ ਤੇ ਦੂਸਰੇ ਨੇ ਵਿਕਾਸ ਦੀ ਚਰਮ ਤੱਕ ਪਹੁੰਚਾਉਣ ਦੇ ਸੁਪਨੇ ਦਿਖਾਏ। ਪਰ ਹਾਲਤ ਦਿਨ ਬਦਿਨ ਹੋਰ ਮਾੜੀ ਹੁੰਦੀ ਗਈ ਹੈ।

ਸਰਕਾਰੀ ਸਕੂਲਾਂ ਤੇ ਪੇਂਡੂ ਸਿਹਤ ਪ੍ਰਬੰਧ ਦੀ ਸਥਿਤੀ ਇੰਨੀ ਨਾਜ਼ੁਕ ਹੈ ਕਿ ਇਨ੍ਹਾਂ ਤੋਂ ਸੇਵਾਵਾਂ ਹੁਣ ਸਮਾਜ ਤੇ ਅਤਿ ਦੇ ਗਰੀਬ ਲੋਕ ਹੀ ਲੈ ਰਹੇ ਹਨ। ਜਿਨ੍ਹਾਂ ਦੀਆਂ ਜੇਬਾਂ ਕੋਲ ਪ੍ਰਾਈਵੇਟ ਸਕੂਲਾਂ ਤੇ ਹਸਪਤਾਲਾਂ ਦਾ ਪੇਟ ਭਰਨ ਦੀ ਹੈਸੀਅਤ ਨਹੀਂ ਹੈ। ਮਹਿੰਗੇ ਇਲਾਜ ਦੇ ਚੱਲਦੇ ਹਜ਼ਾਰਾਂ ਗਰੀਬ ਬੇ–ਇਲਾਜ ਮਰਨ ਲਈ ਮਜ਼ਬੂਰ ਹਨ ਤੇ ਬੱਚੇ ਸਿੱਖਿਆ ਤੋਂ ਮਰਹੂਮ ਰਹਿਣ ਲਈ। ਇਹ ਸੰਵਿਧਾਨ ਦੇ ਬੁਨਿਆਦੀ ਅਧਿਕਾਰਾਂ ਵਿਚ ਬਰਾਬਰੀ ਦੇ ਅਧਿਕਾਰ ਦੀਆਂ ਧੱਜੀਆਂ ਉਡਾਉਣ ਲਈ ਕਾਫੀ ਹੈ। ਖੇਤੀ ਖੇਤਰ ਵਿਚ ਸਰਕਾਰ ਦੇ ਆਪਣੇ ਦਸਤਾਵੇਜ਼ਾਂ ਦੇ ਅਨੁਸਾਰ ਕਿਸਾਨ 35 ਹਜ਼ਾਰ ਕਰੋੜ ਰੁਪਏ ਦੇ ਕਰਜਾਈ ਹੋ ਗਏ ਹਨ। ਇਹ ਕਰਜਾ 2004 ਵਿਚ ਸਰਕਾਰ ਨੇ 24500 ਕਰੋੜ ਰੁਪਏ ਦਰਸਾਇਆ ਸੀ। ਖੇਤ ਮਜ਼ਦੂਰਾਂ ਦਾ ਜੀਵਨ ਇਸ ਤੋਂ ਵੀ ਬਦਤਰ ਹੈ। ਬਠਿੰਡਾ ਤੇ ਸੰਗਰੂਰ ਜ਼ਿਲ੍ਹਿਆਂ ਦਾ ਖੇਤੀ ਯੂਨੀਵਰਸਿਟੀ ਲੁਧਿਆਣਾ ਵਲੋਂ ਕੀਤੇ ਸਰਵੇਖਣ ਅਨੁਸਾਰ 2002 ਤੋਂ 2007 ਤੱਕ ਲਗਭਗ 2890 ਕਿਸਾਨ ਤੇ ਖੇਤ ਮਜ਼ਦੂਰ ਖੁਦਕਸ਼ੀ ਕਰ ਚੁੱਕੇ ਹਨ। ਆਰਥਿਕ ਖੇਤਰ ਵਿਚ ਸਰਕਾਰ ਦੀ ਸਥਿਤੀ ਡਾਵਾਂਡੋਲ ਹੈ। ਰਾਜ ਸਰਕਾਰ ਜ਼ਿੰਮੇ 60 ਹਜ਼ਾਰ ਕਰੋੜ ਰੁਪਏ ਦਾ ਕਰਜਾ ਹੈ। ਇਹ ਹਰ ਸਾਲ ਛਾਲਾਂ ਮਾਰ ਕੇ ਵਧ ਰਿਹਾ ਹੈ। ਵਿੱਤ ਮੰਤਰੀ ਨੇ ਆਪਣੇ ਬਜਟ ਭਾਸ਼ਣ ਵਿਚ ਖੁਦ ਮੰਨਿਆ ਹੈ ਕਿ ਪੰਜਾਬ ਕਰਜਾਜਾਲ ਦੇ ਚੱਕਰ ਵਿਚ ਬੁਰੀ ਤਰ੍ਹਾਂ ਫਸ ਚੁੱਕਾ ਹੈ। ਇਸ ਸਥਿਤੀ 'ਚੋਂ ਕੱਢਣ ਲਈ ਉਹ ਕੋਈ ਰਣਨੀਤੀ ਪੇਸ਼ ਕਰਨ ਵਿਚ ਸਫਲ ਨਹੀਂ ਹੋ ਰਹੇ ਹਨ। ਇਸ ਤੋਂ ਇਲਾਵਾ ਬਿਜਲੀ ਵਿਭਾਗ ਲਗਭਗ 16 ਹਜ਼ਾਰ ਕਰੋੜ ਰੁਪਏ ਦਾ ਕਰਜਾਈ ਹੈ।

ਪੰਜਾਬ ਦੀ ਰਾਜਨੀਤੀ ਵਿਚ ਪਰਿਵਾਰਵਾਦ ਦਾ ਦਬਦਬਾ ਦਿਨ ਪ੍ਰਤੀ ਦਿਨ ਵਧ ਰਿਹਾ ਹੈ। ਧਨ ਤੇ ਬਾਹੂਬਲ ਦੇ ਚੱਲਦੇ ਸੰਭਵ ਹੈ ਕਿ ਰਾਜਨੀਤੀ ਵਿਚ ਛੋਟੀਆਂ ਪਾਰਟੀਆਂ ਵੀ ਚੋਣ ਪ੍ਰਕਿਰਿਆ ਵਿਚੋਂ ਪੂਰੀ ਤਰ੍ਹਾਂ ਬਾਹਰ ਧੱਕ ਦਿੱਤੀਆਂ ਜਾਣ। ਅਕਾਲੀ ਦਲ 'ਤੇ ਬਾਦਲ ਪਰਿਵਾਰ ਦਾ ਇਕ ਤਰ੍ਹਾਂ ਕਬਜ਼ਾ ਹੈ। ਪਿਤਾ ਮੁੱਖ ਮੰਤਰੀ, ਬੇਟਾ ਉਪ ਮੁੱਖ ਮੰਤਰੀ, ਨੂੰਹ ਪਾਰਲੀਮੈਂਟ ਮੈਂਬਰ ਤੇ ਪਤਨੀ ਦਰਬਾਰ ਸਾਹਿਬ ਲੰਗਰ ਦੀ ਸੇਵਾ ਦੀ ਕਮਾਨ ਸੰਭਾਲ ਕੇ ਸਾਰੇ ਖੇਤਰਾਂ 'ਤੇ ਛਾਪ ਨੂੰ ਦਰਸਾ ਰਹੇ ਹਨ। ਮੰਤਰੀ ਮੰਡਲ ਵਿਚ ਵੀ ਬੇਟਾ, ਭਤੀਜਾ, ਜਵਾਈ ਸਮੇਤ ਲਗਭਗ ਅੱਧੇ ਕਿਸੇ ਨਾ ਕਿਸੇ ਤਰ੍ਹਾਂ ਰਿਸ਼ਤੇਦਾਰ ਹਨ। ਕਾਂਗਰਸ ਵਿਚ ਵੀ ਅਮਰਿੰਦਰ ਪਰਿਵਾਰ ਇਸ ਸਮੇਂ ਭਾਰੀ ਸਥਿਤੀ ਵਿਚ ਹੈ। ਉਹ ਆਪ ਚੋਣ ਮੁਹਿੰਮ ਦੇ ਇੰਚਾਰਜ ਸਨ।

ਪਤਨੀ ਪਟਿਆਲਾ ਤੇ ਬੇਟਾ ਬਠਿੰਡੇ ਤੋਂ ਚੋਣ ਮੈਦਾਨ ਵਿਚ ਸਨ। ਹੁਣ ਤਾਂ ਪਰਨੀਤ ਕੌਰ ਵਿਦੇਸ਼ ਰਾਜ ਮੰਤਰੀ ਵੀ ਹਨ। ਇਸ ਦੇ ਬਾਵਜੂਦ ਕਿ ਅਮਰਿੰਦਰ ਸਿੰਘ ਦਿਨ ਪ੍ਰਤੀ ਦਿਨ ਦੀ ਰਾਜਨੀਤੀ ਤੋਂ ਪੂਰੀ ਤਰ੍ਹਾਂ ਅਭਿੱਜ ਰਹਿੰਦੇ ਹਨ ਤੇ ਤਿਮਾਹੀ, ਛਿਮਾਹੀ ਹੀ ਚੱਕਰ ਲਗਾਉਂਦੇ ਹਨ। ਫਿਰ ਵੀ ਜ਼ਿਆਦਾਤਰ ਕਾਂਗਰਸੀ ਇਸ ਪਰਿਵਾਰ ਦੀ ਮੇਹਰ 'ਚੋਂ ਹੀ ਆਪਣਾ ਭਵਿੱਖ ਲੱਭਣ ਲੱਗ ਪਏ ਹਨ। ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਹਾਲਾਂਕਿ ਕਿਸੇ ਇਕ ਪਰਿਵਾਰ ਨੂੰ ਜ਼ਿਆਦਾ ਖੁਸ਼ ਹੋਣ ਦੇ ਲਾਇਕ ਨਹੀਂ ਛੱਡਿਆ।

ਸੂਬੇ ਵਿਚ ਅਮਨ ਕਾਨੂੰਨ ਦੀ ਸਥਿਤੀ ਲਗਾਤਰ ਬਦਤਰ ਬਣ ਰਹੀ ਹੈ। ਮਈ 2007 ਤੋਂ ਡੇਰਾ ਸੱਚਾ ਸੌਦਾ ਨਾਲ ਸ਼ੁਰੂ ਹੋਏ ਵਿਵਾਦ ਨੂੰ ਰਾਜਨੀਤਿਕ ਤੇ ਸਮਾਜਿਕ ਤੌਰ 'ਤੇ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਵੋਟਾਂ ਲੈਣ ਵੇਲੇ ਤਾਂ ਸਰਗਰਮੀ ਜ਼ਰੂਰ ਦਿਖਾਈ ਦਿੱਤੀ। ਇਕ ਵਾਰ ਫਿਰ ਡੇਰੇ ਦੇ ਦੋ ਸ਼ਰਧਾਲੂਆਂ ਦੀ ਮੌਤ ਤੋਂ ਬਾਅਦ ਸਥਿਤੀ ਤਣਾਅ ਵਾਲੀ ਹੈ। ਡੇਰਾ ਸੱਚ ਖੰਡ ਬੱਲਾਂ ਵਾਲੇ ਦੋ ਸੰਤਾਂ 'ਤੇ ਵਿਆਨਾ ਵਿਚ ਕੀਤੇ ਹਮਲੇ ਵਿਚ ਇਕ ਦੇ ਮਾਰੇ ਜਾਣ ਤੋਂ ਬਾਅਦ ਦੋਆਬੇ ਵਿਚ ਫੈਲੀ ਹਿੰਸਾ ਨੇ ਸਰਕਾਰ ਦੀ ਲਾਚਾਰੀ ਸਾਹਮਣੇ ਲਿਆ ਦਿੱਤੀ ਸੀ। ਸਰਕਾਰ ਦੇ ਵੱਖ–ਵੱਖ ਡੀਸੀਆਂ ਦੀ ਰਿਪੋਰਟ ਅਨੁਸਾਰ ਤੀਹ ਕਰੋੜ ਤੋਂ ਵਧ ਦਾ ਮਾਲੀ ਨੁਕਸਾਨ ਹੋਇਆ ਤੇ ਇਸ ਵਿਚ ਚਾਰ ਕਰੋੜ ਰੁਪਏ ਦਾ ਨੁਕਸਾਨ ਨਿੱਜੀ ਵਾਹਨਾਂ ਤੇ ਹੋਰ ਜਾਇਦਾਦਾਂ ਦਾ ਸੀ।

ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਲੋਂ ਡੇਰੇ ਦੇ ਸੰਤਾਂ 'ਤੇ ਹਮਲਾ ਕਰਨ ਵਾਲੇ ਨੌਜਵਾਨਾਂ ਦੇ ਕੇਸ ਲੜਨ ਦੇ ਬਿਆਨ ਤੋਂ ਬਾਅਦ ਸਥਿਤੀ ਵਿਚ ਫਿਰ ਉਬਾਲ ਹੈ। ਲੁਧਿਆਣਾ ਵਿਚ ਅਕਾਲੀ ਦਲ ਦੇ ਹੀ ਨਹੀਂ ਬਲਕਿ ਮੁੱਖ ਮੰਤਰੀ ਦੀ ਨੂੰਹ ਦੇ ਚੋਣ ਏਜੰਟ ਵਜੋਂ ਕੰਮ ਕਰ ਚੁੱਕੇ ਨਗਰ ਕੌਂਸਲਰ ਸਮੇਤ ਕਈ ਹੋਰਨਾਂ ਨੇ ਤਹਿਸੀਲਦਾਰ ਨੂੰ ਜਿਸ ਤਰ੍ਹਾਂ ਸ਼ਰੇ ਬਾਜ਼ਾਰ ਨੰਗਾ ਕਰਕੇ ਕੁੱਟਿਆ ਤੇ ਅਫਸਰਾਂ ਵਿਚ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ, ਇਹ ਆਪਣੇ ਆਪ ਵਿਚ ਹੀ ਰਾਜਨੀਤਿਕ ਅਪਰਾਧੀਕਰਨ ਦੀ ਮੂੰਹ ਬੋਲਦੀ ਤਸਵੀਰ ਹੈ।

ਅਫਸਰਾਂ ਦੀ ਹੜਤਾਲ ਤੋਂ ਪੈਦਾ ਦਬਾਅ ਦੇ ਚੱਲਦੇ ਵਿਅਕਤੀ ਫੜੇ ਤਾਂ ਗਏ, ਪਰ ਜਿਸ ਤਰ੍ਹਾਂ ਉਪ ਮੁੱਖ ਮੰਤਰੀ ਦੇ ਵਿਧਾਇਕ ਰਿਸ਼ਤੇਦਾਰ ਲੁਧਿਆਣਾ ਜੇਲ੍ਹ ਵਿਚ ਸਾਰੇ ਨਿਯਮਾਂ ਨੂੰ ਤਾਕ 'ਤੇ ਰੱਖ ਕੇ ਗੱਡੀ ਅੰਦਰ ਲੈ ਗਏ ਤੇ ਹਮਲਾਵਰਾਂ ਨੂੰ ਮਿਲੇ। ਇਸ ਨੇ ਸਪੱਸ਼ਟ ਸੰਕੇਤ ਦੇ ਦਿੱਤਾ ਕਿ ਸਰਕਾਰ ਪੂਰੀ ਤਰ੍ਹਾਂ ਉਨ੍ਹਾਂ ਦੀ ਪਿੱਠ 'ਤੇ ਹੈ। ਅਜਿਹੀਆਂ ਹੋਰ ਕਈ ਘਟਨਾਵਾਂ ਇਨ੍ਹਾਂ ਦਿਨਾਂ ਵਿਚ ਹੀ ਵਾਪਰ ਰਹੀਆਂ ਹਨ। ਕੁੱਲ ਮਿਲਾ ਕੇ ਸਥਿਤੀ ਤਣਾਅਪੂਰਨ ਬਣੀ ਹੋਈ ਹੈ। ਇਨਸਾਫ ਦਾ ਮਾਮਲਾ ਖੰਭ ਲਾ ਕੇ ਉੱਡ ਗਿਆ ਦਿਖਾਈ ਦਿੰਦਾ ਹੈ।

ਸੱਤਾ ਵਿਚ ਭਾਈਵਾਲ ਭਾਜਪਾ ਦੀ ਰਾਜ ਕਾਰਜਕਾਰਨੀ ਦੀ ਮੀਟਿੰਗ ਵਿਚ ਪਾਇਆ ਮਤਾ ਇਸ ਸੱਚਾਈ ਨੂੰ ਸਵੀਕਾਰ ਕਰਦਾ ਹੈ, ਪਰ ਸੱਤਾ ਵਿਚ ਬਣੇ ਰਹਿਣ ਦੀ ਖਾਹਿਸ਼ ਇਸ ਮੁੱਦੇ 'ਤੇ ਠੋਸ ਸਟੈਂਡ ਲੈਣ ਦੇ ਰਸਤੇ ਦਾ ਰੋੜਾ ਹੈ। ਬਾਦਲ ਸਰਕਾਰ ਇਨ੍ਹਾਂ ਦਿਨਾਂ ਵਿਚ ਆਰਥਿਕ ਸਥਿਤੀ ਦੀ ਖਰਾਬੀ, ਕਿਸਾਨਾਂ ਦੀ ਦਸ਼ਾ ਤੇ ਹੋਰ ਮਾਮਲਿਆਂ ਲਈ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾ ਰਹੀ ਹੈ। ਬਿਨਾਂ ਸ਼ੱਕ ਇਕ ਹੱਦ ਤੱਕ ਇਹ ਗੱਲ ਠੀਕ ਵੀ ਹੈ, ਕਿਉਂਕਿ ਇਹ ਵੱਡੇ ਪੱਧਰ 'ਤੇ ਕੇਂਦਰ ਰਾਜ ਸਬੰਧਾਂ ਨੂੰ ਮੁੜ ਪਰਿਭਾਸ਼ਿਤ ਕਰਨ ਦਾ ਮੁੱਦਾ ਹੈ। ਪੰਜਾਬ ਦੇ ਕਾਂਗਰਸੀ ਤਾਂ ਇਸ ਮੁੱਦੇ ਦੀ ਹਕੀਕਤ ਨੂੰ ਸਮਝ ਕੇ ਰਾਜ ਦੇ ਹਿੱਤ ਵਿਚ ਕੋਈ ਠੋਸ ਸਟੈਂਡ ਲੈਣ ਦੀ ਬਜਾਏ ਕੇਂਦਰ ਵਲੋਂ ਦਿੱਤੀਆਂ ਕੁਝ ਗਰਾਂਟਾਂ ਦਾ ਢੰਡੋਰਾ ਪਿੱਟ ਰਹੇ ਹਨ।

ਇਹ ਕੋਈ ਖੈਰਾਤ ਨਹੀਂ ਹੈ, ਕਿਉਂਕਿ ਕੇਂਦਰ ਕੋਲ ਧਨ ਦਾ ਦਰਖ਼ਤ ਨਹੀਂ ਲੱਗਿਆ, ਬਲਕਿ ਰਾਜਾਂ ਦਾ ਹੀ ਪੈਸਾ ਲੈ ਕੇ ਮਾਲਕ ਬਣ ਜਾਣਾ ਤੇ ਫਿਰ ਦਿਆਲੂ ਹੋਣ ਦਾ ਢੌਂਗ ਕਰਨਾ, ਕਿਸੇ ਵੀ ਤਰ੍ਹਾਂ ਵਾਜਬ ਨਹੀਂ ਹੈ। ਸੋਕੇ ਤੋਂ ਸ਼ੁਰੂ ਕਰਕੇ ਬਹੁਤ ਕੇਂਦਰੀ ਯੋਜਨਾਵਾਂ ਅਜਿਹੀਆਂ ਹਨ, ਜੋ ਪੰਜਾਬ ਦੇ ਮੁਤਾਬਕ ਨਹੀਂ ਤੇ ਪੰਜਾਬ ਦੇ ਲੋਕਾਂ ਨੂੰ ਕੋਈ ਲਾਭ ਨਹੀਂ ਹੁੰਦਾ। ਲੇਕਿਨ ਅਕਾਲੀ ਦਲ 6 ਸਾਲਾਂ ਤੱਕ ਦੀ ਵਾਜਪਾਈ ਸਰਕਾਰ ਵਿਚ ਸੱਤਾ ਸੁੱਖ ਭੋਗਦਾ ਰਿਹਾ ਤਾਂ ਇਸ ਦਿਸ਼ਾ ਵਿਚ ਕੋਈ ਕਦਮ ਕਿਉਂ ਨਹੀਂ ਉਠਾਇਆ।

ਇਸ ਸਮੇਂ ਵੀ ਅਕਾਲੀ ਦਲ ਦੇਸ਼ ਵਿਚ ਖੇਤਰੀ ਭਾਵਨਾ 'ਤੇ ਆਧਾਰਤ ਬਣੀਆਂ ਪਾਰਟੀਆਂ ਨਾਲ ਮਿਲ ਕੇ ਸਹੀ ਅਰਥਾਂ ਵਿਚ ਸੰਘਾਤਮ ਢਾਂਚਾ ਪੈਦਾ ਕਰਨ ਲਈ ਕੋਸ਼ਿਸ਼ ਕਰਨ ਦੀ ਬਜਾਏ ਤਾਕਤਾਂ ਦੇ ਕੇਂਦਰੀਕਰਨ ਦੀ ਨੀਤੀ 'ਤੇ ਖੜੀ ਭਾਜਪਾ ਨਾਲ ਮਿਲ ਕੇ ਸੱਤਾ ਵਿਚ ਹੀ ਨਹੀਂ ਬਲਕਿ ਮੁੱਖ ਮੰਤਰੀ ਇਹ ਕਹਿਣ ਤੱਕ ਚਲੇ ਜਾਂਦੇ ਹਨ ਕਿ ਅਕਾਲੀ–ਭਾਜਪਾ ਰਿਸ਼ਤਾ ਤਾਂ ਪਤੀ ਪਤਨੀ ਵਾਲਾ ਹੈ।

ਜਿਨ੍ਹਾਂ ਕੁਦਰਤੀ ਨਿਆਮਤਾਂ ਦੇ ਚੱਲਦੇ ਪੰਜਾਬ ਦੀ ਧਾਕ ਸੀ, ਉਹ ਕੁਦਰਤੀ ਸ੍ਰੋਤ ਹੀ ਜਾਂ ਤਾਂ ਨਾ–ਕਾਫੀ ਹੋ ਗਏ ਹਨ ਅਤੇ ਰਹਿੰਦੇ ਇਸ ਕਦਰ ਪ੍ਰਦੂਸ਼ਿਤ ਹੋ ਗਏ ਹਨ ਕਿ ਜੀਵਨ ਜੀਣ ਦੇ ਲਾਇਕ ਵੀ ਨਹੀਂ ਰਹੇ। ਆਰਥਿਕ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ ਤੇ ਰਾਜਨੀਤੀ ਕੇਵਲ ਤੇ ਕੇਵਲ ਵੋਟ ਬੈਂਕ ਬਣਾਉਣ ਤੱਕ ਸੀਮਤ। ਇਹੀ ਕਾਰਨ ਹੈ ਕਿ ਪਰਿਵਾਰਵਾਦ ਦੀ ਰਾਜਨੀਤੀ ਸਰਪੱਟ ਦੌੜ ਰਹੀ ਹੈ ਅਤੇ ਆਮ ਲੋਕ ਤਾਂ ਕੀ ਛੋਟੇ ਰਾਜਨੀਤਿਕ ਦਲ ਵੀ ਦਰਕਿਨਾਰ ਹੋਏ ਮਹਿਸੂਸ ਕਰ ਰਹੇ ਹਨ।

ਪੰਜਾਬ ਵਿਚ ਵਾਤਾਵਰਣਿਕ ਸਥਿਤੀ ਇਹ ਹੈ ਕਿ ਮਾਲਵਾ ਬੈਲਟ ਕੈਂਸਰ ਦੀ ਲਪੇਟ ਵਿਚ ਹੈ। ਰਾਜ ਸਰਕਾਰ ਕੋਲ ਅਜੇ ਤੱਕ ਅਜਿਹਾ ਕੋਈ ਅੰਕੜਾ ਨਹੀਂ ਹੈ ਕਿ ਕਿੰਨੇ ਲੋਕ ਅੱਜ ਤੱਕ ਕੈਂਸਰ ਨਾਲ ਮਰ ਚੁੱਕੇ ਹਨ ਤੇ ਕਿੰਨੇ ਇਸ ਦੀ ਗ੍ਰਿਫ਼ਤ ਵਿਚ ਆ ਚੁੱਕੇ ਹਨ। ਪੀ.ਜੀ.ਆਈ. ਨੇ 2005 ਵਿਚ ਜਾਰੀ ਇਕ ਰਿਪੋਰਟ ਵਿਚ ਸਵੀਕਾਰ ਕੀਤਾ ਸੀ ਕਿ ਤਲਵੰਡੀ ਸਾਬੋ ਬਲਾਕ ਵਿਚ ਹੀ ਇਕ ਲੱਖ ਪਿੱਛੇ 107 ਵਿਅਕਤੀ ਇਸ ਰੋਗ ਤੋਂ ਪੀੜਤ ਹਨ। ਚਾਰ ਸਾਲ ਬੀਤ ਜਾਣ ਤੋਂ ਬਾਅਦ ਕੋਈ ਠੋਸ ਨਵਾਂ ਸਰਵੇਖਣ ਨਹੀਂ ਤੇ ਨਾ ਹੀ ਸਥਿਤੀ ਜਾਨਣ ਦੀ ਕੋਸ਼ਿਸ਼ ਹੋਈ। ਚੋਣਾਂ ਵਿਚ ਕੈਂਸਰ ਹਸਪਤਾਲ ਸਥਾਪਤ ਕਰਨ ਦਾ ਵਾਅਦਾ ਹੋਇਆ।

ਇਸ 'ਤੇ ਅਮਲ ਵੀ ਹੋ ਜਾਵੇ ਤਾਂ ਜਿਵੇਂ ਕਿਹਾ ਜਾਂਦਾ ਹੈ ਕਿ ਚੋਰ ਨੂੰ ਨਹੀਂ ਚੋਰ ਦੀ ਮਾਂ ਨੂੰ ਮਾਰਨਾ ਕਿਸੇ ਬੁਰਾਈ ਨੂੰ ਜੜੋਂ ਉਖਾੜਨ ਦਾ ਆਧਾਰ ਬਣਦਾ ਹੈ, ਲੇਕਿਨ ਸਾਡੇ ਕੈਂਸਰ ਦਾ ਕਾਰਨ ਕੀ ਹੈ, ਇਸ ਬਾਰੇ ਵਿਭਾਗ ਆਪਣੀ ਆਪਣੀ ਬੋਲੀ ਬੋਲ ਰਹੇ ਹਨ। ਸਰਕਾਰ ਦੀ ਜਦੋਂ ਕੋਈ ਇਕ ਰਾਇ ਹੀ ਨਹੀਂ ਤਾਂ ਬਿਮਾਰੀ ਦਰ ਕਰਨ ਦਾ ਉਪਰਾਲਾ ਕਿਵੇਂ ਕਾਮਯਾਬ ਹੋ ਸਕਦਾ ਹੈ।

ਬੁੱਢੇ ਨਾਲੇ ਦਾ ਗੰਦਾ ਪਾਣੀ ਸਤਲੁਜ ਵਿਚ ਨਾ ਪਵੇ, ਰਾਜ ਸਰਕਾਰ ਸਾਲਾਂ ਬੱਧੀਂ ਹਾਈਕੋਰਟ ਵਿਚ ਮਾਮਲੇ ਨੂੰ ਲਟਕਾਉਣ ਦੀ ਕੋਸ਼ਿਸ਼ ਵਿਚ ਹੈ। ਪਾਣੀ ਪੀਣ ਦੇ ਯੋਗ ਨਹੀਂ ਤਾਂ ਸਰਕਾਰ ਨੇ ਨਿੱਜੀ ਕੰਪਨੀ ਰਾਹੀਂ ਆਰ.ਓ. ਪ੍ਰਣਾਲੀ ਲਗਾਉਣ ਦਾ ਕੰਮ ਸ਼ੁਰੂ ਕਰਵਾਇਆ ਹੈ, ਪਰ ਇਸ ਦੀ ਆਪਣੀ ਸਾਇੰਸ ਤੇ ਟੈਕਨਾਲੋਜੀ ਕੌਂਸਲ ਨੇ ਕਈ ਸਵਾਲ ਖੜੇ ਕੀਤੇ ਹਨ।

ਪਾਣੀ ਦੇ ਸ਼ੁੱਧੀਕਰਨ ਤੋਂ ਬਾਅਦ, ਜੋ ਬਚਿਆ ਪਾਣੀ ਧਰਤੀ ਵਿਚ ਬੋਰ ਕਰਕੇ ਪਾਇਆ ਜਾਂਦਾ ਹੈ ਇਹ ਇੰਨਾ ਸੰਘਣਾ ਹੁੰਦਾ ਹੈ ਕਿ ਨਿਚਲੇ ਪਾਣੀ ਦੀ ਸਥਿਤੀ ਬਹੁਤ ਖਰਾਬ ਕਰ ਦਿੰਦਾ ਹੈ। ਜਦਕਿ ਪਾਣੀ ਤਾਂ ਖੁੱਲ੍ਹੇ ਪਲਾਟਾਂ ਵਿਚ ਵਾਸ਼ਪੀਕਰਨ ਰਾਹੀਂ ਉਡਾਉਣਾ ਚਾਹੀਦਾ ਹੈ, ਪਰ ਸਾਡਾ ਆਰਜੀ ਕੰਮ ਇਕ ਨਵੀਂ ਸਮੱਸਿਆ ਨੂੰ ਜਨਮ ਦੇ ਸਕਦਾ ਹੈ।

ਕੈਂਸਰ ਤੋਂ ਇਲਾਵਾ ਵੀ ਕਈ ਹੋਰ ਨਾਮੁਰਾਦ ਬਿਮਾਰੀਆਂ ਤੋਂ ਪੀੜਤ ਤੇ ਨਸ਼ੇ ਵਿਚ ਗ੍ਰੱਸਦੇ ਜਾ ਰਹੇ ਪੰਜਾਬੀ ਜਵਾਨ ਹੁਣ ਫੌਜ ਵਿਚ ਜਾਣ ਦੇ ਵੀ ਕਾਬਲ ਨਹੀਂ ਰਹੇ।


ਤੂਰ ਟਰੈਵਲ

License CST#2097338-40

1. Cathay Pacific
2. Asiana Airlines
3. China Airlines
4. Lufthansa
5. Singapore Airlines
6. British Airways

*ਅਸੀਂ ਸਾਰੀਆਂ ਏਅਰਲਾਈਨਾਂ ਨਾਲ ਕੰਮ ਕਰਦੇ ਹਾਂ ਤੇ ਸਸਤੇ ਰੇਟ 'ਤੇ ਟਿਕਟਾਂ ਵੇਚਦੇ ਹਾਂ।
*ਅਸੀਂ ਦਿੱਲੀ ਏਅਰ–ਪੋਰਟ ਤੋਂ ਪੰਜਾਬ ਲਈ ਬੱਸ ਦੀਆਂ ਟਿਕਟਾਂ ਵੀ ਬੁੱਕ ਕਰਦੇ ਹਾਂ।



Serving the community for the past 18 years.

Also Lowest Domestic Fares Canada & USA

ਨੋਟ: ਹਫਤੇ ਦੇ ਸੱਤੇ ਦਿਨ ਕੰਮ ਕਰਦੇ ਹਾਂ।

*ਨੋਟਰੀ ਪਬਲਿਕ ਸਰਵਿਸ ਕਰਦੇ ਹਾਂ।
*ਇੰਡੀਅਨ ਪਾਸਪੋਰਟ, Power of Attorney ਜਾਂ ਕੋਈ ਵੀ ਜ਼ਰੂਰੀ ਕਾਗਜ਼ਾਤ ਬਣਵਾਉਣ ਲਈ ਮਿਲੋ।
*Immigration Consultant: Petition, Affidavit of Support, Citizenship and more.

ਮਿਲੋ:ਲਾਲੀ ਤੂਰ
Ph:209-832-1220
Fax:209-832-1330
2208 Babcock Ln Tracy, CA 95377
E-mail:lallytoor@yahoo.com

Moved from Turlock



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



For Honest and Reliable
Real Estate Services

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।

Specializing in Bank Repo. And short sales.

Nand S. Brar
Broker Associate
DRE Lic No: 01816328



(916) 501–3974
(916) 344–5453

WestCo Realty
A REAL ESTATE & INVESTMENT GROUP

Email : nandsbrar@gmail.com, www.westcorealty.com

## ਗਿਆਨੀ ਗੁਰਦੇਵ ਸਿੰਘ ਝਾਮਪੁਰ ਦਾ ਦੇਹਾਂਤ

**ਫਰੀਮਾਂਟ:** ਰੇਡੀਓ 'ਆਤਮਿਕ ਅਨੰਦ' ਦੇ ਹੋਸਟ ਗੁਰਜੀਤ ਸਿੰਘ ਝਾਮਪੁਰ ਦੇ ਪਿਤਾ ਗਿਆਨੀ ਗੁਰਦੇਵ ਸਿੰਘ ਝਾਮਪੁਰ ਲੰਘੀ 16 ਅਗਸਤ ਨੂੰ ਪਿੰਡ ਝਾਮਪੁਰ ਵਿਖੇ ਅਕਾਲ ਚਲਾਣਾ ਕਰ ਗਏ। ਉਹ 85 ਵਰ੍ਹਿਆਂ ਦੇ ਸਨ। ਉਹ ਧਾਰਮਿਕ ਖਿਆਲਾਂ ਵਾਲੇ ਸਨ।


ਗਿਆਨੀ ਗੁਰਦੇਵ ਸਿੰਘ

ਗਿਆਨੀ ਗੁਰਦੇਵ ਸਿੰਘ ਝਾਮਪੁਰ ਦੇ ਦੇਹਾਂਤ 'ਤੇ ਸਾਬਕਾ ਮੰਤਰੀ ਡਾ. ਹਰਬੰਸ ਲਾਲ, ਅਕਾਲੀ ਦਲ (ਅ) ਦੇ ਨੁਮਾਇੰਦੇ, ਲੰਬੜਦਾਰਾ ਯੂਨੀਅਨ ਦੇ ਸੂਬਾ ਪ੍ਰਧਾਨ ਤਿਰਲੋਚਨ ਸਿੰਘ ਮਾਨ, ਯੂਨੀਅਨ ਦੇ ਪ੍ਰੈਸ ਸਕੱਤਰ ਹਰਬੰਸ ਸਿੰਘ ਈਸ਼ਰਹੇਲ, ਸਰਦਾਰਾ ਸਿੰਘ ਸੰਧਾਰੀ ਮਾਜਰਾ, ਲਾਇਨਜ਼ ਕਲੱਬ ਆਮਖਾਸ ਬਾਗ ਸਰਹਿੰਦ ਅਤੇ ਪੰਜਾਬੀ ਸੱਥ ਸਰਹਿੰਦ ਸਮੇਤ ਅਨੇਕਾਂ ਪੰਚਾਇਤਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਸ੍ਰੀ ਗੁਰਜੀਤ ਸਿੰਘ ਝਾਮਪੁਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ 209-609-4031 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਗੁਰੂ ਮਾਨਿਓ ਗ੍ਰੰਥ' ਟੈਲੀਫਿਲਮ ਦਾ ਨਿਰਮਾਣ ਸ਼ਲਾਘਾਯੋਗ-ਰਾਣਾ ਗੁਰਜੀਤ

**ਸੈਕਰਾਮੈਂਟੋ:** ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਨੂੰ ਲੈ ਕੇ ਬਣਾਈ ਜਾ ਰਹੀ ਟੈਲੀਫਿਲਮ ਗੁਰੂ ਮਾਨਿਓ ਗ੍ਰੰਥ ਇਕ ਸ਼ਲਾਘਾਯੋਗ ਉਦਮ ਹੈ ਅਤੇ ਇਸ ਨੂੰ ਬਣਾਉਣ ਵਾਲੀ ਸਾਰੀ ਟੀਮ ਅਤੇ ਇਸ ਦੇ ਨਿਰਮਾਤਾ ਵਧਾਈ ਦੇ ਪਾਤਰ ਹਨ। ਇਹ ਵਿਚਾਰ ਇਥੇ ਐਤਵਾਰ ਨੂੰ ਫਿਲਮ ਦੀ ਸ਼ੂਟਿੰਗ ਤੋਂ ਬਾਅਦ ਜਲੰਧਰ ਤੋਂ ਸਾਬਕਾ ਲੋਕ ਸਭਾ ਮੈਂਬਰ ਰਾਣਾ ਗੁਰਜੀਤ ਸਿੰਘ ਨੇ ਪ੍ਰਗਟ ਕੀਤੇ। ਰਾਣਾ ਗੁਰਜੀਤ ਸਿੰਘ ਇਨ੍ਹੀਂ ਦਿਨੀਂ ਆਪਣੇ ਪਰਿਵਾਰ ਸਮੇਤ ਅਮਰੀਕਾ-ਕੈਨੇਡਾ ਦੇ ਦੌਰੇ 'ਤੇ ਹਨ। ਸ੍ਰੀ ਰਾਣਾ ਆਪਣੇ ਇਸ ਪਰਿਵਾਰਕ ਦੌਰੇ ਦੌਰਾਨ ਉਚੇਚੇ ਤੌਰ 'ਤੇ ਸਮਾਂ ਕੱਢ ਕੇ ਅਟਾਰਨੀ ਜਸਪ੍ਰੀਤ ਸਿੰਘ ਨੂੰ ਮਿਲਣ ਆਏ ਸਨ। ਉਨ੍ਹਾਂ ਦੇ ਨਿਕਟਵਰਤੀ ਵਿਕਰਮ ਪਾਸੀ ਵੀ ਉਨ੍ਹਾਂ ਦੇ ਨਾਲ ਸਨ ਜੋ ਕਿ ਗੁਰੂ ਮਾਨਿਓ ਗ੍ਰੰਥ ਟੈਲੀਫਿਲਮ ਵਿਚ ਨਾਇਕ ਦੀ ਭੂਮਿਕਾ ਨਿਭਾ ਰਹੇ ਹਨ। ਰਾਣਾ ਗੁਰਜੀਤ ਸਿੰਘ ਦੇ ਨਾਲ ਉਨ੍ਹਾਂ ਦੇ ਭਰਾ ਅਜੀਤ ਸਿੰਘ, ਉਨ੍ਹਾਂ ਦੀ ਧਰਮ ਪਤਨੀ ਅਤੇ ਕਪੂਰਥਲਾ ਤੋਂ ਵਿਧਾਇਕ ਰਾਜਬੰਸ ਕੌਰ ਰਾਣਾ, ਸਾਬਕਾ ਵਿਧਾਇਕ ਸੁੱਖੀ ਸੁਖਜਿੰਦਰ ਕੌਰ ਰਾਣਾ, ਉਨ੍ਹਾਂ ਦੇ ਸਪੁੱਤਰ ਕਰਨ ਰਾਣਾ ਵੀ ਸਨ। ਸ੍ਰੀ ਰਾਣਾ ਨੇ ਜਸਪ੍ਰੀਤ ਸਿੰਘ ਅਤੇ ਵਿਕਰਮ ਪਾਸੀ ਨਾਲ ਫਿਲਮ ਪ੍ਰੋਜੈਕਟ ਬਾਰੇ ਲੰਮਾ ਸਮਾਂ ਵਿਚਾਰ-ਵਟਾਂਦਰਾ ਕੀਤਾ।

ਇਸ ਮੌਕੇ ਅਟਾਰਨੀ ਜਸਪ੍ਰੀਤ ਸਿੰਘ ਨੇ ਅਮਰੀਕਾ ਵਿਚ ਰਹਿੰਦੇ ਪਰਵਾਸੀ ਭਾਰਤੀਆਂ ਨੂੰ ਖਾਸ ਕਰਕੇ ਪਾਸਪੋਰਟ ਦੇ ਮਾਮਲੇ ਵਿਚ ਪੇਸ਼ ਆਉਂਦੀਆਂ ਸਮੱਸਿਆਵਾਂ ਬਾਰੇ ਵੀ ਵਿਚਾਰ ਕੀਤਾ। ਉਨ੍ਹਾਂ ਦੱਸਿਆ ਕਿ ਸਿਆਸੀ ਸ਼ਰਣ ਲੈਣ ਵਾਲੇ ਵਿਅਕਤੀਆਂ ਨੂੰ ਭਾਰਤ ਦੀ ਅੰਬੈਸੀ ਵਲੋਂ ਪਾਸਪੋਰਟ ਨਹੀਂ ਦਿੱਤੇ ਜਾਂਦੇ। ਸ੍ਰੀ ਰਾਣਾ ਨੇ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਵਿਦੇਸ਼ ਮੰਤਰੀ ਪਾਸ ਉਠਾਉਣਗੇ। ਉਨ੍ਹਾਂ ਕਿਹਾ ਕਿ ਨਵੰਬਰ ਮਹੀਨੇ ਉਹ ਦੁਬਾਰਾ ਅਮਰੀਕਾ ਆਉਣਗੇ ਅਤੇ ਇਸ ਸਬੰਧੀ ਕੋਈ ਨਾ ਕੋਈ ਹੱਲ ਲੈ ਕੇ ਆਉਣਗੇ।

ਲੰਘੇ ਐਤਵਾਰ ਨੂੰ ਐਲਕ ਗਰੂਵ ਵਿਚ ਗੁਰੂ ਮਾਨਿਓ ਗ੍ਰੰਥ ਫਿਲਮ ਦੀ ਸ਼ੂਟਿੰਗ ਵਿਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦਾ ਸਪੁੱਤਰ ਹਰਿੰਦਰ ਸਿੰਘ ਚੰਦੂਮਾਜਰਾ ਵੀ ਸ਼ਾਮਲ ਹੋਇਆ। ਉਹ ਅੱਜ ਕੱਲ੍ਹ ਅਮਰੀਕਾ ਦੇ ਦੌਰੇ 'ਤੇ ਹੈ। ਇਸ ਤੋਂ ਇਲਾਵਾ ਇਸ ਇਲਾਕੇ ਦੇ ਤੀਹ ਤੋਂ ਵੱਧ ਪਤਵੰਤੇ ਸੱਜਣ ਸ਼ੂਟਿੰਗ ਵਿਚ ਸ਼ਾਮਲ ਹੋਏ।

## ਗਦਰੀ ਬਾਬਿਆਂ ਦੀ ਯਾਦ 'ਚ ਧਾਰਮਿਕ ਸਮਾਗਮ 6 ਨੂੰ

**ਸੈਕਰਾਮੈਂਟੋ:** ਗਦਰੀ ਬਾਬਿਆਂ ਦੀ ਦੇਸ਼ ਅਤੇ ਕੌਮ ਪ੍ਰਤੀ ਕੁਰਬਾਨੀ ਨੂੰ ਯਾਦ ਕਰਨ ਲਈ ਇਕ ਧਾਰਮਿਕ ਸਮਾਗਮ ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ 6 ਸਤੰਬਰ ਨੂੰ ਹੋਵੇਗਾ। ਇਸ ਸਬੰਧੀ ਫੈਸਲਾ ਅਟਾਰਨੀ ਜਸਪ੍ਰੀਤ ਸਿੰਘ ਦੀ ਅਗਵਾਈ ਹੇਠ ਇਲਾਕੇ ਦੇ ਕੁਝ ਪਤਵੰਤੇ ਸੱਜਣਾਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਇਸ ਸਮਾਗਮ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਅਰੰਭ 4 ਸਤੰਬਰ ਨੂੰ ਸਵੇਰੇ 10 ਵਜੇ ਹੋਵੇਗਾ ਅਤੇ ਭੋਗ 6 ਸਤੰਬਰ ਨੂੰ ਪਵੇਗਾ। ਇਸ ਮੌਕੇ ਬੁਲਾਰਿਆਂ ਵਲੋਂ ਗਦਰੀ ਬਾਬਿਆਂ ਦੀ ਦੇਣ ਨੂੰ ਯਾਦ ਕੀਤਾ ਜਾਏਗਾ।

## ਵਿਚਾਰ-ਗੋਸ਼ਟੀ 22 ਨੂੰ

**ਹੇਵਰਡ, ਕੈਲੀਫੋਰਨੀਆ (ਚਰਨਜੀਤ ਸਿੰਘ ਪੰਨੂ):** ਸਿੰਘ ਸਭਾ ਇੰਟਰਨੈਸ਼ਨਲ ਕੈਨੇਡਾ ਵਲੋਂ ਸਨਿਚਰਵਾਰ 22 ਅਗਸਤ ਨੂੰ ਸ਼ਾਪਿੰਗ ਸੈਂਟਰ ਹੇਵਰਡ (31083 ਮਿਸ਼ਨ ਬੁਲੇਵਾਰਡ, ਹੇਵਰਡ) ਵਿਚ ਸਵੇਰੇ 9 ਤੋਂ ਦੁਪਹਿਰ 2 ਵਜੇ ਤੱਕ ਸਿੱਖ ਕੌਮ ਨੂੰ ਦਰਪੇਸ਼ ਧਾਰਮਿਕ ਮਸਲਿਆਂ ਸਬੰਧੀ ਵਿਚਾਰ ਗੋਸ਼ਟੀ ਹੋਵੇਗੀ। ਇਸ ਮੌਕੇ ਸ. ਗੁਰਚਰਨ ਸਿੰਘ ਜਿਊਣਵਾਲਾ ਅਤੇ ਭਾਈ ਪਰਮਿੰਦਰ ਸਿੰਘ ਵਿਚਾਰ ਪ੍ਰਗਟ ਕਰਨਗੇ। ਪੰਥ ਦੇ ਗੰਭੀਰ ਮਸਲਿਆਂ 'ਤੇ ਵੀ ਵਿਚਾਰ ਪੇਸ਼ ਕੀਤੇ ਜਾਣਗੇ।

ਇਸ ਸਬੰਧੀ ਅਵਤਾਰ ਸਿੰਘ ਮਿਸ਼ਨਰੀ ਨੇ ਦੱਸਿਆ ਕਿ ਸਿੰਘ ਸਭਾ ਇੰਟਰਨੈਸ਼ਨਲ ਦੀਆਂ ਸਹਿਯੋਗੀ ਸਥਾਨਕ ਜਥੇਬੰਦੀਆਂ ਵਲੋਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਪਰੀਮ ਮੰਨਣ ਵਾਲੇ ਵਿਦਵਾਨਾਂ ਨੂੰ ਇਸ ਵਿਚਾਰ-ਗੋਸ਼ਟੀ ਵਿਚ ਹਿੱਸਾ ਲੈਣ ਲਈ ਖੁੱਲ੍ਹਾ ਸੱਦਾ ਹੈ। ਹੋਰ ਜਾਣਕਾਰੀ ਲਈ ਫੋਨ 510-432-5827, 510-774-5909 ਅਤੇ 408-209-7072 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਰੈਡਿਟ ਰਿਪੋਰਟ ਫਰੀਜ਼ ਜਾਂ ਜਾਮ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪ੍ਰਿੰਸੀਪਲ ਰਾਜ ਸਿੰਘ

ਹੋਰ ਤਾਂ ਹੋਰ ਇਹ ਕੰਪਨੀਆਂ ਕਈ ਵਾਰੀ ਤੁਹਾਡੇ ਸਕੋਰਾਂ ਵਿਚ 125 ਸਕੋਰਾਂ ਤੱਕ ਦਾ ਅਸਚਰਜਨਕ ਤੇ ਅਚੰਭੇ ਕਰਨ ਵਾਲਾ ਵਾਧਾ ਕਰਕੇ ਤੁਹਾਨੂੰ ਹੈਰਾਨ ਕਰ ਦਿੰਦੀਆਂ ਹਨ।

ਠੀਕ ਇਸੇ ਪ੍ਰਕਾਰ ਇਨ੍ਹਾਂ ਕੰਪਨੀਆਂ ਨੇ ਤੁਹਾਡੇ ਟੈਲੀਫੂਨ ਬਿਲਾਂ ਦੀ ਅਦਾਇਗੀ, ਬਿਜਲੀ ਦੇ ਬਿਲਾਂ ਦੀ ਅਦਾਇਗੀ, ਕੁਦਰਤੀ ਗੈਸ ਦੇ ਬਿਲਾਂ ਦੀ ਅਦਾਇਗੀ ਦੇ ਸਬੂਤ ਵੀ ਬਿਊਰੋ ਨੂੰ ਭੇਜ ਕੇ ਤੁਹਾਡੇ ਫਾਈਕੋ ਸਕੋਰਾਂ ਦਾ ਵਾਧਾ ਕਰ ਦੇਣਾ ਹੁੰਦਾ ਹੈ। ਹਾਂ, ਇਕ ਗੱਲ ਹੋਰ ਇਨ੍ਹਾਂ ਸਾਰੇ ਬਿਲਾਂ ਦੀ ਅਦਾਇਗੀ ਹਮੇਸ਼ਾ ਚੈਕਾਂ ਰਾਹੀਂ ਹੀ ਕਰੋ। ਬਾਕੀ ਇਕ ਗੱਲ ਤੁਹਾਡੇ ਨਾਲ ਹੋਰ ਸਾਂਝੀ ਕਰਕੇ ਇਸ ਚੈਪਟਰ ਨੂੰ ਬੰਦ ਕਰਦਾ ਹਾਂ। ਉਹ ਗੱਲ ਇਹ ਹੈ ਕਿ ਅਮਰੀਕਾ ਵਿਚ ਇਸ਼ਤਿਹਾਰਬਾਜ਼ੀ ਏਨੀ ਹੈ ਕਿ ਜਿੰਨਾ ਮਰਜ਼ੀ ਝੂਠ ਬੋਲ ਲਉ।

ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ, ਅਦਾਰੇ ਤੇ ਵਿਅਕਤੀਗਤ ਲੋਕ ਤੁਹਾਨੂੰ ਤਰ੍ਹਾਂ ਤਰ੍ਹਾਂ ਦੇ ਫਾਇਦਿਆਂ ਜਾਂ ਰਿਆਇਤਾਂ ਦਾ ਹੋਕਾ ਦੇ ਕੇ ਉਸ ਕੰਮ ਲਈ ਉਕਸਾ ਲੈਂਦੇ ਹਨ, ਪਰ ਜੇ ਤੁਸੀਂ ਉਸ ਗੱਲ ਨੂੰ ਬਾਰੀਕੀ ਨਾਲ ਵੇਖੋਗੇ ਤਾਂ ਤੁਹਾਨੂੰ ਫਾਇਦਾ ਤਾਂ ਕੀ ਸਗੋਂ ਨੁਕਸਾਨ ਉਠਾਉਣਾ ਪੈ ਜਾਣਾ ਹੈ ਜਾਂ ਫਿਰ ਨਾ ਕੋਈ ਫਾਇਦਾ ਤੇ ਨਾ ਹੀ ਕੋਈ ਲਾਭ ਹੋਣਾ ਹੈ। ਭਾਵ ਪਰਨਾਲਾ ਉਥੇ ਦਾ ਉਥੇ ਹੀ ਰਹਿਣਾ ਹੈ। ਹਾਂ, ਹੁਸ਼ਿਆਰ ਹੋ ਜਾਵੋ, ਜਦੋਂ ਵੀ ਕੋਈ ਮਸ਼ਹੂਰੀ ਪੜ੍ਹਦੇ ਹੋ ਤਾਂ ਮੋਟੇ ਤੇ ਬਰੀਕ ਅੱਖਰਾਂ ਵਿਚ ਲਿਖੀਆਂ ਗੱਲਾਂ ਨੂੰ ਬਾਰੀਕੀ ਨਾਲ ਘੋਖ ਲਉ।

ਮੰਨ ਲਉ ਤੁਸੀਂ ਕਰੈਡਿਟ ਕਾਰਡ ਲਏ ਹੋਏ ਹਨ। ਇਨ੍ਹਾਂ ਨੇ ਆਪਣੇ ਫਾਇਦੇ ਤਾਂ ਮੋਟੇ ਅੱਖਰਾਂ ਵਿਚ ਲਿਖੇ ਹੁੰਦੇ ਹਨ, ਪਰ ਜਿਹੜੀਆਂ ਸ਼ਰਤਾਂ ਦੀ ਤੁਸੀਂ ਸੁਭਾਵਕ ਗਲਤੀ ਕਰਨੀ ਹੁੰਦੀ ਹੈ ਜਾਂ ਉਲੰਘਣਾ ਕਰਨੀ ਹੁੰਦੀ ਹੈ, ਇਨ੍ਹਾਂ ਸ਼ਰਤਾਂ ਨੂੰ ਵੀ ਇਨ੍ਹਾਂ ਨੇ ਬਾਰੀਕ ਬਾਰੀਕ ਅੱਖਰਾਂ ਵਿਚ ਲਿਖਿਆ ਹੁੰਦਾ ਹੈ। ਇਨ੍ਹਾਂ ਸ਼ਰਤਾਂ ਦੀ ਕੀਤੀ ਹੋਈ ਕੁਤਾਹੀ ਜਾਂ ਉਲੰਘਣਾ ਕਰਕੇ ਤੁਹਾਨੂੰ 20% ਤੋਂ 35% ਤੱਕ ਦੀ ਵਾਧੂ ਚੱਟੀ ਭਰਨੀ ਪੈ ਸਕਦੀ ਹੈ।

## ਪੈਸਾ-ਟਕਾ

ਹੁਣ ਕਿਸੇ ਲੋਨ ਅਫਸਰ ਨੇ ਤੁਹਾਨੂੰ ਉਕਸਾਉਣ ਲਈ ਲਿਖਿਆ ਹੁੰਦਾ ਹੈ ਸਿਰਫ 11/2% ਦੀ ਦਰ 'ਤੇ ਲੋਨ ਲਉ। ਇਹ ਗੱਲ ਉਸ ਨੇ ਆਪਣੇ ਇਸ਼ਤਿਹਾਰ ਵਿਚ ਮੋਟੇ ਅੱਖਰਾਂ ਵਿਚ ਲਿਖੀ ਹੁੰਦੀ ਹੈ। ਬਾਕੀ ਸਾਰੀਆਂ ਕੈਲਕੁਲੇਸ਼ਨਾਂ ਬਾਰੀਕ ਅੱਖਰਾਂ ਵਿਚ ਲਿਖੀਆਂ ਹੁੰਦੀਆਂ ਹਨ ਤੇ ਤੁਸੀਂ ਝੱਟਪਟ ਕਰਜ਼ਾ ਲੈਣ ਲਈ ਤਿਆਰ ਹੋ ਜਾਵੋਗੇ।

ਹੁਣ ਇਸ ਲੋਨ ਦੀ ਛਾਣਬੀਣ ਕਰੋਗੇ ਤਾਂ ਤੁਹਾਡੇ ਹੋਸ਼ ਉੱਡ ਜਾਣੇ ਹਨ। ਜਦੋਂ ਤੁਸੀਂ ਵੇਖਣਾ ਹੈ ਕਿ ਮੂਲ ਦੀ ਰਕਮ ਨੇ ਹਰੇਕ ਮਹੀਨੇ ਵਧੀ ਜਾਣਾ ਹੈ, ਭਾਵ ਦਾੜ੍ਹੀ ਨਾਲੋਂ ਮੁੱਛਾਂ ਨੇ ਹੀ ਵਧ ਜਾਣਾ ਹੈ ਤੇ ਤੁਸੀਂ ਹੁਣ ਫਿਰ ਘੇਸਲ ਵੱਟ ਕੇ ਚੁੱਪ ਕਰ ਜਾਣਾ ਹੁੰਦਾ ਹੈ। ਠੀਕ ਇਸੇ ਪ੍ਰਕਾਰ ਹੋਰ ਮਸ਼ਹੂਰੀਆਂ ਹੁੰਦੀਆਂ ਹਨ, ਜਿਵੇਂ ਬੈਂਕਰਪਸੀ ਓ.ਕੇ., ਮਾੜੇ ਕਰੈਡਿਟ ਸਕੋਰ ਓ.ਕੇ., ਜ਼ੀਰੋ ਡਾਊਨ ਓ.ਕੇ.। ਪਰ ਹੁਣ ਤੁਹਾਨੂੰ ਤਾਂ ਗਿਆਨ ਹੋ ਗਿਆ ਕਿ ਘਟੀਆ ਤੇ ਮਾੜੇ ਕਰੈਡਿਟ ਸਕੋਰ ਤੁਹਾਡੇ ਲਈ ਓ.ਕੇ. ਨਹੀਂ ਹਨ। ਹਾਂ ਕਰਜ਼ੇ ਮਿਲ ਜਾਣਗੇ, ਪਰ ਬਣਦੇ ਵਿਆਜ ਦੀਆਂ ਮੋਟੀਆਂ ਰਕਮਾਂ ਤਾਂ ਇਸ਼ਤਿਹਾਰ ਦੇਣ ਵਾਲਿਆਂ ਨੇ ਨਹੀਂ ਦੇਣੀਆਂ ਹੁੰਦੀਆਂ ਤੇ ਹਮੇਸ਼ਾ ਜੇਬ ਤਾਂ ਤੁਹਾਡੀ ਹੀ ਢਿੱਲੀ ਹੋਈ ਜਾਣੀ ਹੈ। ਹੁਣ ਘਰ ਜਾਂ ਬਿਜਨੈਸ ਖਰੀਦਣ ਵੇਲੇ ਤੁਹਾਨੂੰ ਪਤਾ ਲੱਗ ਗਿਆ ਹੈ ਕਿ ਫਾਈਕੋ ਸਕੋਰਾਂ ਦਾ ਕਿੰਨਾ ਮਹੱਤਵ ਸੀ।

-ਸਮਾਪਤ


**Declare your independence with Solar**

*Go Solar Today and Save Tomorrow!*



With a Grid-Tie System you'll reduce or eliminate your electricity bill, protect against future rate increases, and receive free electricity after your system pays for itself

**Call:1800-780-0032**

**SUPER TRAVEL**

**847-676-9090**

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

**ਡਾਇਮੰਡ ਹੇਅਰ ਕਟਿੰਗ ਸਲੂਨ**

ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜ਼ਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜ਼ਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



For men, women & Children

TONY
26655 Mission Blvd.
Hayward, CA 94544

Make-up
Hair cut
Perm
Hair styler



Color
Facial, Threading
Bridal Make-up
Body Art (Henna)

*Wednesday thru Monday 10 am to 7pm, Sunday 11 am to 6.00 pm Tuesday closed*

**Ph: 510-582-2472 Cell: (510) 825-0820**

**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

**Refinance, Home Loan, SBA Loan**
**(All at Best Rates)**

**RAJ SINGH**

**Cell:510-452-7370**

Notary Free

ਤੀਹ ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।

MISSIONPEAK BROKERS, INC.

46560 Fremont Blvd.
Suite #111 Fremont,
CA 94538
singhrajpaul@yahoo.com

# ਪੰਜਾਬ ਟਾਈਮਜ਼

ਸਨਿਚਰਵਾਰ, 22 ਅਗਸਤ, 2009

*ਵੱਡੀ ਗੱਲ ਇਹ ਨਹੀਂ ਕਿ ਤੁਸੀਂ ਕਿਥੇ ਖੜੇ ਹੋ,*
*ਸਗੋਂ ਇਹ ਹੈ ਕਿ ਤੁਸੀਂ ਕਿਸ ਦਿਸ਼ਾ ਵਲ ਵਿਚਰ ਰਹੇ ਹੋ।*


## ਸੰਪਾਦਕੀ

# ਦੇਸ਼ ਦੀਆਂ ਸਮੱਸਿਆਵਾਂ

15 ਅਗਸਤ ਵਾਲੇ ਦਿਨ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਬਹੁਤ ਸਾਰੀਆਂ ਮਹੱਤਵਪੂਰਨ ਗੱਲਾਂ ਕਹੀਆਂ ਹਨ। ਉਨ੍ਹਾਂ ਆਪਣੇ ਇਕ ਭਾਸ਼ਣ ਵਿਚ ਇਕ ਪਾਸੇ ਤਾਂ ਪਾਣੀ ਦੇ ਸੰਕਟ ਨੂੰ ਵੇਖਦਿਆਂ ਦੇਸ਼ ਦੇ ਲੋਕਾਂ ਨੂੰ ਪਾਣੀ ਬਚਾਉਣ ਦਾ ਸੱਦਾ ਦਿੱਤਾ। ਦੂਜੇ ਪਾਸੇ ਉਨ੍ਹਾਂ ਇਕ ਹੋਰ ਹਰੀ ਕ੍ਰਾਂਤੀ ਦਾ ਸੱਦਾ ਵੀ ਦਿੱਤਾ। ਉਨ੍ਹਾਂ ਦਾ ਆਖਣਾ ਸੀ ਕਿ ਦੇਸ਼ ਵਿਚ ਖੁਰਾਕ ਦੀਆਂ ਵਧਦੀਆਂ ਲੋੜਾਂ ਦੇ ਮੱਦੇਨਜ਼ਰ ਇਕ ਨਵੀਂ ਹਰੀ ਕ੍ਰਾਂਤੀ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨੇ ਅਤਿਵਾਦ, ਨਕਸਲਵਾਦ ਅਤੇ ਫਿਰਕੂਪੁਣੇ ਨਾਲ ਸਖ਼ਤੀ ਨਾਲ ਨਜਿੱਠਣ ਦਾ ਵੀ ਵਾਅਦਾ ਕੀਤਾ। ਪ੍ਰਧਾਨ ਮੰਤਰੀ ਦੇ ਇਸ ਵਾਰ ਦੇ ਭਾਸ਼ਣ ਵਿਚ ਜਿਹੜੀ ਸਭ ਤੋਂ ਮਹੱਤਵਪੂਰਨ ਗੱਲ ਵਾਪਰੀ, ਉਹ ਇਹ ਸੀ ਕਿ ਉਨ੍ਹਾਂ ਦਾ ਇਹ ਭਾਸ਼ਣ ਰਵਾਇਤੀ ਤੌਰ 'ਤੇ ਪਾਕਿਸਤਾਨ ਦੇ ਵਿਰੋਧ ਉੱਪਰ ਕੇਂਦਰਿਤ ਨਹੀਂ ਸੀ। ਪਾਕਿਸਤਾਨ ਨਾਲ ਰਿਸ਼ਤਿਆਂ ਦੇ ਸੰਦਰਭ ਵਿਚ ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਚਲਵੀਂ ਜਿਹੀ ਗੱਲ ਕੀਤੀ ਅਤੇ ਕਿਹਾ ਕਿ ਅਸੀਂ ਆਪਣੇ ਗੁਆਂਢੀਆਂ ਨਾਲ ਅਮਨ-ਸ਼ਾਂਤੀ ਨਾਲ ਰਹਿਣਾ ਚਾਹੁੰਦੇ ਹਾਂ। ਅਤਿਵਾਦ ਦੇ ਸੰਦਰਭ ਵਿਚ ਉਨ੍ਹਾਂ ਕਿਹਾ ਕਿ ਮੁੰਬਈ ਵਿਚ ਪਿਛਲੇ ਸਾਲ ਨਵੰਬਰ ਵਿਚ ਹੋਏ ਭਿਆਨਕ ਅਤਿਵਾਦੀ ਹਮਲੇ ਤੋਂ ਬਾਅਦ ਸਾਡੀ ਸਰਕਾਰ ਨੇ ਇਸ ਵਿਰੁਧ ਕਾਫੀ ਸਾਰੇ ਕਦਮ ਚੁੱਕੇ ਹਨ। ਅਤਿਵਾਦੀ ਗਤੀਵਿਧੀਆਂ ਦੇ ਮੁਕਾਬਲੇ ਲਈ ਦੇਸ਼ ਦੀਆਂ ਸੁਰੱਖਿਆ ਏਜੰਸੀਆਂ ਨੂੰ ਲਗਾਤਾਰ ਸਮਰੱਥ ਬਣਾਇਆ ਜਾ ਰਿਹਾ ਹੈ। ਉਨ੍ਹਾਂ ਯਕੀਨ ਪ੍ਰਗਟ ਕੀਤਾ ਕਿ ਦੇਸ਼ ਦੇ ਲੋਕਾਂ ਦੇ ਸਹਿਯੋਗ ਨਾਲ ਜਲਦੀ ਹੀ ਇਸ ਮੁਲਕ ਵਿਚੋਂ ਅਤਿਵਾਦ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ।

ਇਸ ਸਭ ਕੁਝ ਤੋਂ ਇਲਾਵਾ ਡਾ. ਮਨਮੋਹਨ ਸਿੰਘ ਨੇ ਦੇਸ਼ ਵਿਚ ਹਾਲ ਹੀ ਵਿਚ ਫੈਲੀ ਭਿਆਨਕ ਬਿਮਾਰੀ ਸਵਾਈਨ ਫਲੂ ਦਾ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਤੇ ਕਿਹਾ ਕਿ ਦੇਸ਼ ਵਾਸੀਆਂ ਨੂੰ ਇਸ ਬਿਮਾਰੀ ਤੋਂ ਘਬਰਾਉਣ ਦੀ ਲੋੜ ਨਹੀਂ ਹੈ। ਸਰਕਾਰ ਇਸ ਨੂੰ ਕਾਬੂ ਕਰਨ ਦੇ ਸਮਰੱਥ ਹੈ। ਉਂਝ ਉਨ੍ਹਾਂ ਮੰਨਿਆ ਕਿ ਇਸ ਬਿਮਾਰੀ ਨੂੰ ਲੈ ਕੇ ਦੇਸ਼ ਵਿਚ ਹਾਲਤ ਗੰਭੀਰ ਹੈ। ਇਸ ਵਾਰ ਸਮੁੱਚੇ ਦੇਸ਼ ਵਿਚ ਕਮਜ਼ੋਰ ਰਹੀ ਮਾਨਸੂਨ ਦੇ ਸਿੱਟੇ ਵਜੋਂ ਵਧ ਰਹੀਆਂ ਕੀਮਤਾਂ ਅਤੇ ਕਾਲਾ ਬਾਜ਼ਾਰੀ ਉਪਰ ਡਾ. ਮਨਮੋਹਨ ਸਿੰਘ ਨੇ ਵਿਸ਼ੇਸ਼ ਤੌਰ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ। ਉਨ੍ਹਾਂ ਕਿਹਾ ਕਿ ਪੈਦਾ ਹੋਈ ਹਾਲਤ ਦੇ ਮੱਦੇਨਜ਼ਰ ਦੇਸ਼ ਦੇ ਸਨਅਤਕਾਰਾਂ ਅਤੇ ਵਪਾਰੀਆਂ ਨੂੰ ਸਰਕਾਰ ਦਾ ਸਹਿਯੋਗ ਦੇਣਾ ਚਾਹੀਦਾ ਹੈ। ਜ਼ਰੂਰੀ ਵਸਤਾਂ ਦੀ ਪੈਦਾ ਹੋ ਰਹੀ ਥੁੜ ਦੇ ਹੱਲ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਮੈਂ ਸਾਰੀਆਂ ਸੂਬਾ ਸਰਕਾਰਾਂ ਨੂੰ ਇਹੋ ਅਪੀਲ ਕਰਦਾ ਹਾਂ ਕਿ ਜ਼ਰੂਰੀ ਵਸਤਾਂ ਦੀ ਜਮ੍ਹਾਂਖੋਰੀ ਅਤੇ ਕਾਲਾ ਬਾਜ਼ਾਰੀ ਨੂੰ ਰੋਕਣ ਲਈ ਆਪਣੇ ਕਾਨੂੰਨੀ ਅਧਿਕਾਰਾਂ ਦੀ ਤਾਕਤ ਨਾਲ ਵਰਤੋਂ ਕਰਨ। ਇੰਝ ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਪ੍ਰਮੁੱਖ ਤੌਰ 'ਤੇ ਭ੍ਰਿਸ਼ਟਾਚਾਰ, ਅਤਿਵਾਦ, ਨਕਸਲਵਾਦ ਅਤੇ ਫਿਰਕੂ ਹਿੰਸਾ ਨੂੰ ਨਜਿੱਠਣ ਦੀ ਰੂਪ ਰੇਖਾ ਉਲੀਕੀ। ਚਲਦਿਆਂ ਚਲਦਿਆਂ ਉਨ੍ਹਾਂ ਦੇਸ਼ ਵਿਚੋਂ ਭਰੂਣ ਹੱਤਿਆ ਦਾ ਖ਼ਾਤਮਾ ਕਰਨ ਅਤੇ ਪਾਰਲੀਮੈਂਟ ਵਿਚ ਔਰਤਾਂ ਨੂੰ ਪੰਜਾਹ ਫੀਸਦੀ ਰਾਖਵਾਂ ਦੇਣ ਦੀ ਵੀ ਚਰਚਾ ਕੀਤੀ। ਕਰੀਬ ਪੌਣੇ ਦੋ ਘੰਟੇ ਲੰਮੇ ਆਪਣੇ ਭਾਸ਼ਣ ਵਿਚ ਡਾ. ਮਨਮੋਹਨ ਸਿੰਘ ਨੇ ਲਗਭਗ ਉਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਜ਼ਿਕਰ ਕੀਤਾ, ਜਿਹੜੀਆਂ ਦੇਸ਼ ਨੂੰ ਸਤਾ ਰਹੀਆਂ ਹਨ। ਸਰਕਾਰ ਵਿਰੋਧੀ ਤਾਕਤਾਂ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸ਼ਹਿਰੀਆਂ ਨੂੰ ਸਰਕਾਰ ਵਿਰੁਧ ਰੋਸ ਪ੍ਰਗਟ ਕਰਨ ਦਾ ਅਧਿਕਾਰ ਹੈ, ਪਰ ਸਰਕਾਰੀ ਜਾਇਦਾਦ ਦੀ ਤਬਾਹੀ ਅਤੇ ਖੂਨ ਖ਼ਰਾਬੇ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਅਲਾਮਤਾਂ ਖਿਲਾਫ ਸਰਕਾਰ ਸਖ਼ਤੀ ਨਾਲ ਪੇਸ਼ ਆਵੇਗੀ। ਉਨ੍ਹਾਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਯਕੀਨ ਦੁਆਇਆ ਕਿ ਦੇਸ਼ ਦਾ ਕੋਈ ਵੀ ਨਾਗਰਿਕ ਭੁੱਖਾ ਨਹੀਂ ਮਰਨ ਦਿੱਤਾ ਜਾਵੇਗਾ।

ਪ੍ਰਧਾਨ ਮੰਤਰੀ ਵਲੋਂ ਕਹੀਆਂ ਗਈਆਂ ਉਪਰੋਕਤ ਸਾਰੀਆਂ ਗੱਲਾਂ ਦੇਖਣ ਸੁਣਨ ਨੂੰ ਬੜੀਆਂ ਖੂਬਸੂਰਤ ਜਾਪਦੀਆਂ ਹਨ, ਪਰ ਇਨ੍ਹਾਂ ਵਿਚੋਂ ਕਈ ਸਮੱਸਿਆਵਾਂ ਬਾਰੇ ਜਦੋਂ ਅਸੀਂ ਥੋੜ੍ਹਾ ਡੂੰਘਾਈ ਨਾਲ ਸੋਚਦੇ ਹਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੇ ਹੱਲ ਏਨੇ ਆਸਾਨ ਨਹੀਂ ਹਨ। ਮਿਸਾਲ ਦੇ ਤੌਰ 'ਤੇ ਦੇਸ਼ ਦੇ ਲੋਕਾਂ ਦੀ ਅਨਾਜ ਦੀ ਲੋੜ ਨੂੰ ਪੂਰਿਆਂ ਕਰਨ ਲਈ ਅਤੇ ਖੇਤੀ ਆਰਥਿਕਤਾ ਨੂੰ ਉਗਾਸਾ ਦੇਣ ਲਈ, ਪ੍ਰਧਾਨ ਮੰਤਰੀ ਨੇ ਦੂਜੀ ਹਰੀ ਕ੍ਰਾਂਤੀ ਦੀ ਗੱਲ ਕੀਤੀ ਹੈ। ਇਸ ਦੇ ਨਾਲ ਹੀ ਦੂਜੇ ਪਾਸੇ ਉਨ੍ਹਾਂ ਪਾਣੀ ਬਚਾਓ ਦਾ ਸੱਦਾ ਵੀ ਦਿੱਤਾ ਹੈ। ਇਨ੍ਹਾਂ ਵਿਸ਼ਿਆਂ ਉਪਰ ਮੁਹਾਰਤ ਰੱਖਣ ਵਾਲੇ ਲੋਕ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹਨ ਕਿ ਇਹ ਪਹਿਲੀ ਹਰੀ ਕ੍ਰਾਂਤੀ ਹੀ ਸੀ, ਜਿਸ ਨੇ ਦੇਸ਼ ਵਿਚ ਵੱਡੀ ਪੱਧਰ 'ਤੇ ਪਾਣੀ ਦੀ ਕਮੀ ਨੂੰ ਪੈਦਾ ਕੀਤਾ। ਦੇਸ਼ ਵਿਚ, ਖਾਸ ਕਰਕੇ ਪੰਜਾਬ ਤੇ ਹਰਿਆਣਾ ਵਿਚ ਪਾਣੀ ਦੀ ਵਧੇਰੇ ਖਪਤ ਵਾਲੀਆਂ ਫਸਲਾਂ ਪ੍ਰਚਲਿਤ ਕੀਤੀਆਂ। ਵਿਸ਼ੇਸ਼ ਤੌਰ 'ਤੇ ਸੱਤਰਵਿਆਂ ਤੋਂ ਬਾਅਦ ਪੰਜਾਬ ਵਿਚ ਲਾਗੂ ਕੀਤੀ ਗਈ ਹਰੀ ਕ੍ਰਾਂਤੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਪਾਣੀਆਂ ਦੀ ਧਰਤੀ ਸਮਝਿਆ ਜਾ ਰਿਹਾ ਇਹ ਪ੍ਰਦੇਸ ਸਾਫ-ਸੁਥਰੇ ਪਾਣੀ ਦੀ ਲੋੜ ਨੂੰ ਹੁਣ ਤਰਸਣ ਲੱਗਿਆ ਹੈ। ਵਧੇਰੇ ਪਾਣੀ ਦੀ ਖਪਤ ਵਾਲੀਆਂ ਫਸਲਾਂ ਖਾਸ ਕਰਕੇ ਝੋਨੇ ਕਾਰਨ ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ ਅਤੇ ਜ਼ਮੀਨ ਉਪਰਲਾ ਪਾਣੀ ਸਨਅਤਾਂ ਤੇ ਸ਼ਹਿਰੀ ਰਹਿੰਦ-ਖੂੰਹਦ ਨੇ ਪ੍ਰਦੂਸ਼ਿਤ ਕਰ ਦਿੱਤਾ ਹੈ। ਹਰੀ ਕ੍ਰਾਂਤੀ ਦੇ ਨਾਲ ਹੀ ਪਾਣੀ ਦੇ ਬਚਾਓ ਦਾ ਸੱਦਾ ਵੀ ਸਵਾਗਤਯੋਗ ਹੈ, ਪਰ ਜਾਪਦਾ ਇਹ ਹੈ ਕਿ ਪ੍ਰਧਾਨ ਮੰਤਰੀ ਦੇ ਸਲਾਹਕਾਰਾਂ ਨੂੰ ਪਾਣੀ ਦੇ ਬਚਾਓ ਅਤੇ ਕਥਿਤ ਹਰੀਆਂ ਕ੍ਰਾਂਤੀਆਂ ਵਿਚਕਾਰ ਹਾਲੇ ਸੁਮੇਲ ਬਿਠਾਉਣ ਦੀ ਜਾਚ ਨਹੀਂ ਆਉਂਦੀ। ਇਸੇ ਤਰ੍ਹਾਂ ਦੇਸ਼ ਦੇ ਗਰੀਬ ਲੋਕਾਂ ਤੱਕ ਅਨਾਜ ਪੁੱਜਦਾ ਕਰਨ ਦੇ ਵਾਅਦਿਆਂ ਨੂੰ ਪੂਰਨ ਦੇ ਮਾਮਲੇ ਵਿਚ ਵੀ ਬਹੁਤ ਸਾਰੀਆਂ ਗੁੰਝਲਾਂ ਹਨ। ਗਰੀਬੀ ਅਤੇ ਥੁੜ੍ਹ ਦਾ ਬਹੁਤ ਵੱਡਾ ਕਾਰਨ ਇਹ ਹੈ ਕਿ ਇਸ ਮੁਲਕ ਦੀ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। ਆਬਾਦੀ 'ਤੇ ਰੋਕ ਲਾਉਣੀ ਤੇ ਭ੍ਰਿਸ਼ਟਾਚਾਰ ਉੱਪਰ ਕਾਬੂ ਪਾਉਣ ਦੀ ਜ਼ਰੂਰਤ ਵੀ ਹੈ। ਇਸੇ ਤਰ੍ਹਾਂ ਅਤਿਵਾਦ, ਨਕਸਲਵਾਦ ਅਤੇ ਸੱਤਾ ਵਿਰੋਧ ਨੂੰ ਨਜਿੱਠਣ ਲਈ ਵੀ ਉਨ੍ਹਾਂ ਸਮੱਸਿਆਵਾਂ ਉਪਰ ਕਾਬੂ ਪਾਉਣਾ ਜ਼ਰੂਰੀ ਹੈ, ਜਿਹੜੀਆਂ ਇਨ੍ਹਾਂ ਬਿਮਾਰੀਆਂ ਨੂੰ ਪੈਦਾ ਕਰਦੀਆਂ ਹਨ। ਇਸ ਮਕਸਦ ਲਈ ਦੇਸ਼ ਦੇ ਘੱਟ-ਗਿਣਤੀ ਧਰਮਾਂ ਨੂੰ ਇਨਸਾਫ, ਗਰੀਬ, ਪਛੜੇ ਅਤੇ ਕਬਾਇਲੀ ਲੋਕਾਂ ਲਈ ਵਿਕਾਸ ਅਤੇ ਵਿਆਪਕ ਪੱਧਰ 'ਤੇ ਲੋਕਾਂ ਲਈ ਰੁਜ਼ਗਾਰ ਦੇ ਪ੍ਰਬੰਧ ਕਰਨੇ ਜ਼ਰੂਰੀ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ...ਰੁਲਦੇ ਤੁਰ ਗਏ!

*ਨੇਕੀ ਬਦੀ ਦਾ ਚੱਲਦਾ ਜੰਗ ਮੁੱਢੋਂ,*
*ਅੰਤ ਜਿੱਤਦੇ ਨੇਕ ਤੇ ਬਦ ਹਰ ਗਏ।*
*ਚਾਹੁੰਦੇ ਵਾਰ ਕਰਨਾ ਜੋ ਨਿਰਵੈਰ ਉਤੇ,*
*ਆਸਾ ਹੋਈ ਨਾ ਪੂਰੀ ਨਿਰਾਸ ਮਰ ਗਏ।*
*ਦਾਗ਼ੀ ਚੰਦ ਨੂੰ ਸੀਗੇ ਬਣਾਉਣ ਚੱਲੇ,*
*ਖੋਤੇ ਉਨ੍ਹਾਂ ਦੀ ਅਕਲ ਦੇ ਖੇਤ ਚਰ ਗਏ।*
*ਪੂਰੀ ਪੈਂਦੀ ਨਾ ਦਿਲਾਂ ਦੇ ਖੋਟਿਆਂ ਦੀ,*
*ਬੇਈਮਾਨ ਡੁੱਬੇ ਤੇ ਈਮਾਨ ਤਰ ਗਏ।*
*ਆਢਾ ਸੱਚ ਦੇ ਨਾਲ ਜੋ ਲਾਉਣ ਵਾਲੇ,*
*ਜਨਮ ਆਪਣਾ ਐਵੇਂ ਬੇਕਾਰ ਕਰ ਗਏ।*
*ਰੁਲ਼ਦੇ ਸਿੱਖਾਂ ਨੂੰ ਦੇਖਣਾ ਚਾਹੁਣ ਵਾਲੇ,*
*ਰੁਲ਼ਦੇ ਖੁਦ ਉਹ ਦੁਨੀਆਂ ਤੋਂ ਕੂਚ ਕਰ ਗਏ!*

# ਸੁਖਬੀਰ ਬਾਦਲ ਕੋਲ ਆਪਣੀ ਪ੍ਰਸੰਗਿਕਤਾ ਸਾਬਤ ਕਰਨ ਦਾ ਇਹ ਮੌਕਾ

ਬੀ.ਕੇ. ਚੰਮ

ਸੁਖਬੀਰ ਸਿੰਘ ਬਾਦਲ ਦੇ ਵਿਧਾਇਕ ਬਣਨ ਤੋਂ ਬਾਅਦ ਮੁੱਖ ਮੰਤਰੀ ਦੇ ਅਹੁਦੇ 'ਤੇ ਵਾਪਸੀ ਨਾਲ ਕੀ ਪੰਜਾਬ ਦੇ ਸਭ ਮੋਰਚਿਆਂ 'ਤੇ ਤੇਜ਼ੀ ਨਾਲ ਆ ਰਹੀ ਗਿਰਾਵਟ ਕਾਰਨ ਉਸ ਦੀ ਇਕ ਨਾਕਾਮ ਸੂਬੇ ਵਜੋਂ ਬਣ ਰਹੇ ਅਕਸ ਦੀ ਪ੍ਰਕਿਰਿਆ ਵਿਚ ਤਬਦੀਲੀ ਆਵੇਗੀ? ਇਹ ਸਵਾਲ ਇਸ ਕਾਰਨ ਉਭਰਦਾ ਹੈ ਕਿ ਪੰਜਾਬ ਦੇ ਸਾਹਮਣੇ ਇਸ ਵੇਲੇ ਜੋ ਚੁਣੌਤੀਆਂ ਹਨ, ਉਹ ਬੇਹੱਦ ਔਖੀਆਂ ਅਤੇ ਬੇਮਿਸਾਲ ਹਨ। ਸੁਖਬੀਰ ਸਿੰਘ ਬਾਦਲ ਦੀ ਉਪ-ਮੁੱਖ ਮੰਤਰੀ ਵਜੋਂ ਪਹਿਲੇ 5 ਮਹੀਨਿਆਂ ਦੀ ਕਾਰਗੁਜ਼ਾਰੀ ਦਾ ਰਿਕਾਰਡ ਕੋਈ ਉਤਸ਼ਾਹਜਨਕ ਨਹੀਂ ਰਿਹਾ। ਉਨ੍ਹਾਂ ਦਾ ਇਹ ਕਾਰਜਕਾਲ ਵੱਡੀਆਂ-ਵੱਡੀਆਂ ਯੋਜਨਾਵਾਂ ਦਾ ਐਲਾਨ ਕਰਨ ਵਾਲਾ ਤਾਂ ਰਿਹਾ ਹੈ, ਪਰ ਅਸਲੀਅਤ ਪੱਖੋਂ ਹੋਇਆ ਕੁਝ ਵੀ ਨਹੀਂ। ਉਂਝ ਕੋਈ ਵੀ ਇਸ ਗੱਲ ਦਾ ਪਹਿਲਾਂ ਤੋਂ ਹੀ ਅਨੁਮਾਨ ਨਹੀਂ ਲਗਾ ਸਕਦਾ ਕਿ ਸੁਖਬੀਰ ਦੇ ਦੂਜੇ ਕਾਰਜਕਾਲ ਵਿਚ ਹਾਲਾਤ ਕੀ ਹੋਣਗੇ ਅਤੇ ਇਸ ਕਾਰਜਕਾਲ ਵਿਚ ਲੋੜੀਂਦੇ ਕੰਮਾਂ ਨੂੰ ਕਰਨ ਲਈ ਉਹ ਆਪਣੀ ਯੋਗਤਾ ਅਤੇ ਸਮਰੱਥਾ ਦਾ ਕਿੱਥੋਂ ਤੱਕ ਪ੍ਰਦਰਸ਼ਨ ਕਰਨਗੇ। ਉਨ੍ਹਾਂ ਕੋਲ ਆਪਣੇ ਐਲਾਨੇ ਨਿਸ਼ਾਨਿਆਂ ਦੀ ਪੂਰਤੀ ਲਈ ਮੌਕੇ ਅਤੇ ਸੋਮੇ ਹਨ। ਉਹ ਪੜ੍ਹੇ-ਲਿਖੇ ਅਤੇ ਸਿਖਲਾਈ ਪ੍ਰਾਪਤ ਤੇ ਨਾਲ ਹੀ ਅਗਾਂਹਵਧੂ ਸੋਚ ਰੱਖਣ ਵਾਲੇ ਅਜਿਹੇ ਨੌਜਵਾਨ ਹਨ, ਜਿਨ੍ਹਾਂ ਵਿਚ ਪ੍ਰਬੰਧ, ਸੰਗਠਨ ਅਤੇ ਉਦਮਸ਼ੀਲਤਾ ਦਾ ਹੁਨਰ ਹੈ। ਉਨ੍ਹਾਂ ਆਪਣੇ ਇਨ੍ਹਾਂ ਗੁਣਾਂ ਦਾ ਪ੍ਰਦਰਸ਼ਨ ਵਿਧਾਨ ਸਭਾ ਚੋਣਾਂ ਅਤੇ ਉਪ-ਚੋਣਾਂ ਮੌਕੇ ਵੀ ਕੀਤਾ ਹੈ, ਜਿਸ ਕਾਰਨ ਅਕਾਲੀ ਦਲ ਨੂੰ ਚੋਣ ਸਫਲਤਾ ਮਿਲਣ 'ਚ ਮਦਦ ਮਿਲੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਪੁੱਤਰ ਹੋਣ ਦੇ ਨਾਤੇ ਉਨ੍ਹਾਂ ਨੂੰ ਸਿਆਸੀ ਖੇਤਰ ਵਿਚ ਕਿਸੇ ਤਰ੍ਹਾਂ ਦੀ ਕੋਈ ਚੁਣੌਤੀ ਨਹੀਂ ਅਤੇ ਉਨ੍ਹਾਂ ਨੂੰ ਆਪਣੀ ਪਾਰਟੀ, ਜਿਸ ਦੇ ਉਹ ਪ੍ਰਧਾਨ ਵੀ ਹਨ, ਦੀ ਮੁਕੰਮਲ ਹਮਾਇਤ ਪ੍ਰਾਪਤ ਹੈ। ਵੱਖ-ਵੱਖ ਖੇਤਰਾਂ ਵਿਚ ਆਪਣੇ ਉਕਤ ਗੁਣਾਂ ਦੀ ਸਹੀ ਢੰਗ ਨਾਲ ਵਰਤੋਂ ਨਾ ਕਰਨ ਕਾਰਨ ਹੀ ਮੁੱਖ ਰੂਪ ਵਿਚ ਉਨ੍ਹਾਂ ਦੀ ਪ੍ਰੇਰਣਾਹੀਣ ਕਾਰਗੁਜ਼ਾਰੀ ਜ਼ਿੰਮੇਵਾਰ ਹੈ। ਇਸ ਨਾਂਹ-ਪੱਖੀ ਕਾਰਗੁਜ਼ਾਰੀ ਨੇ ਹੀ ਉਨ੍ਹਾਂ ਦੀ, ਉਨ੍ਹਾਂ ਦੀ ਪਾਰਟੀ ਅਤੇ ਅਕਾਲੀ-ਭਾਜਪਾ ਸਰਕਾਰ ਦੀ ਭਰੋਸੇਯੋਗਤਾ ਨੂੰ ਢਾਅ ਲਗਾਈ ਹੈ। ਇਸ ਪਿਛੋਕੜ ਵਿਚ ਉਨ੍ਹਾਂ ਦੇ ਸਾਹਮਣੇ ਜੋ ਕੰਮ ਅਤੇ ਚੁਣੌਤੀਆਂ ਹਨ, ਉਹ ਕਾਫੀ ਗੁੰਝਲਦਾਰ ਅਤੇ ਔਖੀਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਆਪਣੀ ਦੂਜੀ ਪਾਰੀ ਦੀ ਅਸਲੀਅਤ ਨੂੰ ਮਹਿਸੂਸ ਕਰਦਿਆਂ ਸੰਜਮ ਭਰੇ ਢੰਗ ਨਾਲ ਸ਼ੁਰੂਆਤ ਕੀਤੀ ਹੈ। ਉਦਾਹਰਣ ਲਈ ਉਨ੍ਹਾਂ ਇਸ ਗੱਲ ਨੂੰ ਮੰਨਿਆ ਹੈ ਕਿ ਬੀਤੇ ਉਪ-ਮੁੱਖ ਮੰਤਰੀ ਦੇ ਕਾਰਜਕਾਲ ਵਿਚ ਉਨ੍ਹਾਂ ਕੋਲ ਆਪਣੀਆਂ ਪਹਿਲਕਦਮੀਆਂ ਵਲ ਧਿਆਨ ਕੇਂਦਰਿਤ ਕਰਨ ਲਈ ਢੁਕਵਾਂ ਸਮਾਂ ਨਹੀਂ ਸੀ। ਉਨ੍ਹਾਂ ਦੀ ਇਹ ਗੱਲ ਅੰਸ਼ਿਕ ਤੌਰ 'ਤੇ ਠੀਕ ਹੈ। ਉਹ ਬੇਸ਼ੱਕ ਹੀ ਉਪ-ਮੁੱਖ ਮੰਤਰੀ ਦੇ ਅਹੁਦੇ 'ਤੇ 5 ਮਹੀਨੇ ਹੀ ਰਹੇ ਹਨ, ਪਰ ਸੂਬੇ ਵਿਚ ਅਕਾਲੀ-ਭਾਜਪਾ ਸਰਕਰਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਉਨ੍ਹਾਂ ਸੂਬੇ 'ਚ ਇਕ ਸੰਵਿਧਾਨਕ ਸੱਤਾ ਕੇਂਦਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ, ਜਿਸ ਵਿਚ ਮੁੱਖ ਮੰਤਰੀ ਦੀਆਂ ਤਾਕਤਾਂ ਦੀ ਵਰਤੋਂ ਕਰਨੀ ਵੀ ਸ਼ਾਮਲ ਸੀ।

ਉਹ ਆਪਣਾ ਧਿਆਨ ਪ੍ਰਸ਼ਾਸਨਿਕ ਸੁਧਾਰਾਂ ਅਤੇ ਨਿਰਧਾਰਤ ਨਿਸ਼ਾਨਿਆਂ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਵਲ ਦੇਣਗੇ। ਇਸ ਤੋਂ ਇਲਾਵਾ ਉਹ ਸੋਮਿਆਂ ਨੂੰ ਵਧਾਉਣ ਅਤੇ 5 ਸਾਲ ਵਿਚ ਸਿਰਫ ਵਧੀਆ ਢੰਗ ਨਾਲ ਮਾਲੀਆ ਜੁਟਾਉਣ ਨੂੰ ਦੁਗਣਾ ਕਰਨ ਲਈ ਵੀ ਕੰਮ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਾਲ ਦਸੰਬਰ ਤੱਕ ਤੁਹਾਨੂੰ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ 'ਚ ਜ਼ਮੀਨੀ ਪੱਧਰ 'ਤੇ ਵੱਡਾ ਫ਼ਰਕ ਦੇਖਣ ਨੂੰ ਮਿਲੇਗਾ। ਕਿਸੇ ਨੂੰ ਵੀ ਉਮੀਦ ਕਰਨੀ ਚਾਹੀਦੀ ਹੈ ਕਿ ਇਹ ਸਭ ਉਨ੍ਹਾਂ ਦੇ ਪਿਛਲੇ ਉਪ-ਮੁੱਖ ਮੰਤਰੀ ਕਾਲ ਵਾਂਗ ਨਹੀਂ ਹੋਵੇਗਾ, ਜਦੋਂਕਿ ਉਨ੍ਹਾਂ ਸਵੈ-ਭਰੋਸੇ ਨਾਲ ਆਪਣੀਆਂ ਵੱਡੀਆਂ ਯੋਜਨਾਵਾਂ ਦੇ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ 3 ਸਾਲ ਦਾ ਸਮਾਂ ਮਿੱਥਿਆ ਸੀ, ਪਰ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਲਈ ਢਾਈ ਸਾਲ ਬੀਤ ਜਾਣ ਤੋਂ ਬਾਅਦ ਵੀ ਅਜੇ ਤੱਕ ਉਹ ਯੋਜਨਾਵਾਂ ਕਾਗਜ਼ਾਂ ਵਿਚ ਹੀ ਹਨ ਅਤੇ ਜ਼ਮੀਨੀ ਪੱਧਰ 'ਤੇ ਉਨ੍ਹਾਂ 'ਚ ਅਜੇ ਤਕ ਕੁਝ ਵੀ ਨਹੀਂ ਹੋਇਆ ਹੈ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਵਾਰ ਉਹ ਆਪਣੀ ਵਧੀਆ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕਰਨਗੇ। ਪ੍ਰਸ਼ਾਸਨ ਦੇ ਕੰਮਕਾਜ ਨੂੰ ਵਧੀਆ ਕਰਨ, ਯੋਜਨਾਵਾਂ ਦੇ ਸਮਾਂਬੱਧ ਲਾਗੂ ਕਰਨ ਦੇ ਨਾਲ-ਨਾਲ ਸਭ ਤੋਂ ਵੱਡੀ ਚੁਣੌਤੀ ਪੰਜਾਬ ਦੀ ਲਗਭਗ ਦਿਵਾਲੀਏਪਨ ਦੇ ਕੰਢੇ 'ਤੇ ਪਹੁੰਚੀ ਹੋਈ ਆਰਥਿਕ ਹਾਲਤ ਨੂੰ ਮੁੜ ਤੋਂ ਲੀਹ 'ਤੇ ਲਿਆਉਣਾ ਹੈ।

ਅਜਿਹਾ ਨਹੀਂ ਹੈ ਕਿ ਪੰਜਾਬ ਦੀ ਆਰਥਿਕ ਹਾਲਤ ਦੇ ਮਾੜਾ ਹੋਣ ਲਈ ਮੌਜੂਦਾ ਸਰਕਾਰ ਹੀ ਇਕੱਲੀ ਜ਼ਿੰਮੇਵਾਰ ਹੈ। ਇਸ ਤੋਂ ਪਹਿਲਾਂ ਦੀਆਂ ਸਭ ਸਰਕਾਰਾਂ, ਜਿਨ੍ਹਾਂ ਵਿਚ ਕਾਂਗਰਸ ਅਤੇ ਅਕਾਲੀ ਗਠਜੋੜ ਸਰਕਾਰਾਂ ਸ਼ਾਮਲ ਹਨ, ਨੇ ਇਸ ਆਰਥਿਕ ਮਾੜੀ ਹਾਲਤ ਵਿਚ ਆਪਣਾ ਯੋਗਦਾਨ ਪਾਇਆ ਹੈ। ਭਾਵੇਂ ਬੇਅੰਤ ਸਿੰਘ ਸਰਕਾਰ ਅਤੇ ਕੈਪਟਨ ਅਮਰਿੰਦਰ ਸਿੰਘ ਦੀਆਂ ਕਾਂਗਰਸ ਸਰਕਾਰਾਂ ਦੇ ਦੌਰ ਵਿਚ ਅੰਸ਼ਿਕ ਤੌਰ 'ਤੇ ਸੂਬੇ ਵਿਚ ਵਿੱਤੀ ਸੋਮੇ ਜੁਟਾਉਣ ਲਈ ਕੁਝ ਯਤਨ ਕੀਤੇ ਗਏ ਸਨ, ਪਰ ਮੌਜੂਦਾ ਸਰਕਾਰ ਢੁਕਵੇਂ ਸੋਮੇ ਜੁਟਾਏ ਬਿਨਾਂ ਹੀ ਸਬਸਿਡੀਆਂ ਦੇਣ ਲੱਗ ਪਈ ਹੈ। ਇਹ ਸੂਬੇ ਦੇ ਖਜ਼ਾਨੇ ਦੇ ਦਿਵਾਲੀਏਪਨ ਦੇ ਕੰਢੇ ਤੱਕ ਪਹੁੰਚਣ ਦਾ ਮੁੱਖ ਕਾਰਨ ਹੈ। ਆਪਣੀਆਂ ਨਾਕਾਮੀਆਂ 'ਤੇ ਪਰਦਾ ਪਾਉਣ ਲਈ ਸੱਤਾਧਾਰੀ ਨੇਤਾ, ਖਾਸ ਕਰਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸੂਬੇ ਦੀ ਵਿੱਤੀ ਹਾਲਤ ਲਈ ਕੇਂਦਰੀ ਨੂੰ ਹੀ ਮੁਕੰਮਲ ਰੂਪ ਵਿਚ ਜ਼ਿੰਮੇਵਾਰ ਠਹਿਰਾਉਂਦੇ ਹਨ। ਜੇ ਉਹ ਇਹ ਸੋਚਦੇ ਹਨ ਕਿ ਸੂਬਿਆਂ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਲਈ ਜ਼ਿੰਮੇਵਾਰੀ ਮੁਕੰਮਲ ਰੂਪ ਵਿਚ ਕੇਂਦਰ ਸਰਕਾਰ ਦੀ ਹੈ ਤਾਂ ਫਿਰ ਉਹ ਪੰਜਾਬ ਦੇ ਹਿੱਤਾਂ ਵਿਚ ਸੂਬੇ ਦਾ ਰਾਜ ਪ੍ਰਬੰਧ ਕੇਂਦਰ ਸਰਕਾਰ ਨੂੰ ਕਿਉਂ ਨਹੀਂ ਸੌਂਪ ਦਿੰਦੇ? ਬਿਨਾਂ ਜ਼ਿੰਮੇਵਾਰੀ ਤੋਂ ਸੱਤਾ ਹਾਸਲ ਕਰਨ ਦਾ ਮੰਤਵ ਕੀ ਹੈ?

ਇਸ ਵਿਚ ਕੋਈ ਸ਼ੱਕ ਨਹੀਂ ਕਿ ਸੂਬੇ ਦੀਆਂ ਲੋੜਾਂ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਆਪਣੇ ਸਬੰਧਿਤ ਵਿੱਤੀ ਫੈਸਲਿਆਂ ਵਿਚ ਸੁਧਾਰ ਕਰਨਾ ਚਾਹੀਦਾ ਹੈ। ਉਦਾਹਰਣ ਵਜੋਂ ਕੌਮੀ ਦਿਹਾਤੀ ਰੋਜ਼ਗਾਰ ਗਾਰੰਟੀ ਯੋਜਨਾ ਅਧੀਨ ਜੋ ਮਜ਼ਦੂਰੀ ਨਿਰਧਾਰਤ ਕੀਤੀ ਗਈ ਹੈ, ਉਹ ਦੇਸ਼ ਦੇ ਗੈਰ-ਵਿਕਸਿਤ ਅਤੇ ਪਛੜੇ ਖੇਤਰਾਂ ਲਈ ਤਾਂ ਉਥੋਂ ਦੀਆਂ ਲੋੜਾਂ ਮੁਤਾਬਕ ਹੈ, ਪਰ ਖੇਤੀ ਵਿਚ ਅਗਾਂਹਵਧੂ ਪੰਜਾਬ ਲਈ ਇਹ ਢੁਕਵੀਂ ਨਹੀਂ। ਇਸੇ ਤਰ੍ਹਾਂ ਕੇਂਦਰ ਨੂੰ ਚਾਹੀਦਾ ਹੈ ਕਿ ਸੂਬੇ 'ਤੇ ਅੱਤਵਾਦ ਨਾਲ ਸੰਘਰਸ਼ ਕਰਨ ਜੋ ਵੱਡਾ ਕਰਜ਼ਾ ਚੜ੍ਹਿਆ ਹੋਇਆ ਹੈ, ਉਸ ਨੂੰ ਜੇ ਸਾਰਾ ਨਹੀਂ ਤਾਂ ਇਕ ਵੱਡਾ ਹਿੱਸਾ ਤਾਂ ਮੁਆਫ਼ ਕਰ ਦਿੱਤਾ ਜਾਣਾ ਚਾਹੀਦਾ ਹੈ।

ਸੁਖਬੀਰ ਬਾਦਲ ਲਈ ਸਭ ਤੋਂ ਵੱਡੀ ਚੁਣੌਤੀ ਸਿਆਸਤ ਅਤੇ ਅਮਨ-ਕਾਨੂੰਨ ਦੇ ਖੇਤਰ ਵਿਚ ਹੈ। ਸੂਬੇ ਵਿਚ ਜਿਨ੍ਹਾਂ ਦੋ ਖ਼ਤਰਨਾਕ ਰੁਝਾਨਾਂ ਨੂੰ ਲਿਆਉਣ ਲਈ ਉਹ ਜ਼ਿੰਮੇਵਾਰ ਹਨ, ਨੇ ਪੰਜਾਬ ਦੀ ਸਿਆਸਤ ਨੂੰ ਹੋਰ ਵਧੇਰੇ ਪ੍ਰਦੂਸ਼ਿਤ ਕੀਤਾ ਹੈ। ਪੰਜਾਬ ਜਿਥੇ ਪਹਿਲਾਂ ਚੋਣਾਂ ਵਿਚ ਇੱਕਾ-ਦੁੱਕਾ ਹਿੰਸਾ ਦੀਆਂ ਘਟਨਾਵਾਂ ਵਾਪਰਦੀਆਂ ਸਨ, ਉਥੇ ਹੁਣ ਹਥਿਆਰਬੰਦ ਅਕਾਲੀ ਬਾਹੂਬਲੀ ਅਤੇ ਉਨ੍ਹਾਂ ਦੇ ਹਮਾਇਤੀ ਬੀਤੇ ਸਾਲ ਹੋਈਆਂ ਸ਼ਹਿਰੀ ਅਤੇ ਸਥਾਨਕ ਸਰਕਾਰ ਅਦਾਰਿਆਂ ਦੀਆਂ ਚੋਣਾਂ ਵਿਚ ਪੰਜਾਬ ਨੂੰ ਦੂਜਾ ਬਿਹਾਰ ਬਣਾਉਣ 'ਤੇ ਤੁਲੇ ਹੋਏ ਸਨ। ਇਹ ਗੱਲ ਅਕਾਲੀ ਦਲ ਦੇ ਗੜ੍ਹ ਮਾਲਵਾ ਖੇਤਰ ਵਿਚ ਮੁੱਖ ਰੂਪ ਨਾਲ ਦੇਖਣ ਨੂੰ ਮਿਲੀ। ਇਹ ਹਲਕੇ ਨੂੰ 2007 ਦੀਆਂ ਅਸੈਂਬਲੀ ਚੋਣਾਂ ਵਿਚ ਅਕਾਲੀ ਦਲ ਨੇ ਕਾਂਗਰਸ ਹੱਥੋਂ ਹਾਰ ਖਾਧੀ ਸੀ। ਸਥਾਨਕ ਅਦਾਰਿਆਂ ਦੀਆਂ ਚੋਣਾਂ ਵਿਚ ਅਕਾਲੀ ਬਾਹੂਬਲੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਵੋਟਰਾਂ ਨੂੰ ਡਰਾਇਆ-ਧਮਕਾਇਆ ਤੇ ਪੋਲਿੰਗ ਬੂਥਾਂ 'ਤੇ ਕਬਜ਼ੇ ਕਰਕੇ ਚੋਣਾਂ ਵਿਚ ਗੜਬੜ ਕੀਤੀ। ਅਕਾਲੀ ਵਰਕਰਾਂ ਵਲੋਂ ਆਪਣੇ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਅਤੇ ਅਧਿਕਾਰੀਆਂ ਦੇ ਕੰਮਕਾਜ ਵਿਚ ਦਖ਼ਲ ਦੇਣ ਦੀਆਂ ਖ਼ਬਰਾਂ ਅਕਸਰ ਹੀ ਮੀਡੀਆ ਵਿਚ ਆਉਂਦੀਆਂ ਰਹਿੰਦੀਆਂ ਹਨ।

ਇਸ ਗੱਲ ਦੀ ਲੋਕਾਂ ਨੂੰ ਵਧੇਰੇ ਜਾਣਕਾਰੀ ਨਹੀਂ ਹੈ ਕਿ ਚੋਣ ਕਮਿਸ਼ਨ ਨੇ ਲੋਕ ਸਭਾ ਦੇ 5 ਪੜਾਵਾਂ 'ਚ ਹੋਈਆਂ ਚੋਣਾਂ ਦੇ ਦੂਜੇ ਪੜਾਅ ਵਿਚ ਸਾਰੇ ਪੰਜਾਬ ਵਿਚ ਇਕੋ ਦਿਨ ਹੀ ਵੋਟਾਂ ਪਾਉਣ ਦਾ ਫੈਸਲਾ ਕੀਤਾ ਸੀ। ਪਰ ਸਥਾਨਕ ਸਰਕਾਰ ਅਦਾਰਿਆਂ ਦੀਆਂ ਚੋਣਾਂ ਵਿਚ ਅਕਾਲੀ ਦਲ ਵਲੋਂ ਕੀਤੀ ਗਈ ਹਿੰਸਾ, ਲੋਕਾਂ ਨੂੰ ਡਰਾਉਣ-ਧਮਕਾਉਣ ਦੀ ਕਾਰਵਾਈ ਤੇ ਹੋਰ ਗੱਲਾਂ ਨੂੰ ਦੇਖਦਿਆਂ ਚੋਣ ਕਮਿਸ਼ਨ ਇਸ ਸਿੱਟੇ 'ਤੇ ਪੁੱਜਾ ਕਿ ਮੌਜੂਦਾ ਸਰਕਾਰ ਦੇ ਦੌਰ ਵਿਚ ਪੰਜਾਬ 'ਚ ਇਕੋ ਹੀ ਪੜਾਅ ਵਿਚ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾ ਸਕਣੀਆਂ ਸੰਭਵ ਨਹੀਂ ਹੋਣਗੀਆਂ। ਇਸ ਲਈ ਇਥੇ ਚੌਥੇ ਅਤੇ ਪੰਜਵੇਂ ਗੇੜ ਵਿਚ 2 ਪੜਾਵਾਂ ਵਿਚ ਚੋਣਾਂ ਕਰਵਾਉਣ ਦਾ ਫੈਸਲਾ ਕੀਤਾ ਗਿਆ।

ਸੱਤਾਧਾਰੀ ਪਾਰਟੀਆਂ ਵਲੋਂ ਚੋਣਾਂ ਦੇ ਮੌਕੇ 'ਤੇ ਲੋਕਾਂ ਨੂੰ ਲੁਭਾਉਣ ਵਾਲੇ ਕਦਮ ਚੁੱਕਣੇ ਇਕ ਰਵਾਇਤ ਜਿਹੀ ਬਣ ਗਈ ਹੈ, ਪਰ ਅਕਾਲੀ-ਭਾਜਪਾ ਸਰਕਾਰ ਨੇ ਲੋਕ ਸਭਾ ਦੀਆਂ ਚੋਣਾਂ ਅਤੇ ਤਿੰਨ ਵਿਧਾਨ ਸਭਾ ਹਲਕਿਆਂ ਦੀਆਂ ਉਪ-ਚੋਣਾਂ ਦੌਰਾਨ ਇਕ ਨਵਾਂ ਹੀ ਆਯਾਮ ਪੇਸ਼ ਕੀਤਾ। ਬਿਜਲੀ ਸੰਕਟ ਨਾਲ ਜੂਝ ਰਹੇ ਪੰਜਾਬ ਦੇ ਉਕਤ ਤਿੰਨ ਹਲਕਿਆਂ ਵਿਚ 24 ਘੰਟੇ ਬਿਜਲੀ ਮੁਹੱਈਆ ਕਰਵਾਈ ਗਈ। ਸਰਕਾਰ ਪਹਿਲਾਂ ਤਾਂ ਸੂਬੇ ਦੇ ਬਿਜਲੀ ਸੰਕਟ ਦਾ ਹੱਲ ਨਹੀਂ ਕਰ ਸਕੀ, ਪਰ ਵੋਟਾਂ ਦੌਰਾਨ ਵੋਟਰਾਂ ਨੂੰ ਲੁਭਾਉਣ ਲਈ ਮਹਿੰਗੇ ਭਾਅ ਬਿਜਲੀ ਖ਼ਰੀਦ ਕੇ 24 ਘੰਟੇ ਬਿਜਲੀ ਦਿੱਤੀ, ਪਰ ਜਿਵੇਂ ਹੀ ਵੋਟਾਂ ਖ਼ਤਮ ਹੋਈਆਂ, 10 ਤੋਂ 16 ਘੰਟਿਆਂ ਦੇ ਬਿਜਲੀ ਕੱਟ ਮੁੜ ਸ਼ੁਰੂ ਹੋ ਗਏ। ਕੀ ਚੋਣ ਕਮਿਸ਼ਨ ਅਜਿਹੀਆਂ ਗੱਲਾਂ ਨੂੰ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦਾ ਮਾਮਲਾ ਬਣ ਸਕਦਾ ਹੈ ਅਤੇ ਉਸ ਸਮੇਂ ਅਤਿਅੰਤ ਮਹਿੰਗੇ ਭਾਅ ਖਰੀਦੀ ਬਿਜਲੀ ਦਾ ਖਰਚਾ ਸੱਤਾਧਾਰੀ ਗਠਜੋੜ ਦੇ ਉਮੀਦਵਾਰਾਂ ਦੇ ਚੋਣ ਖਰਚੇ ਵਿਚ ਪਾ ਸਕਦਾ ਹੈ? ਲੋਕ ਰਾਜ ਦੇ ਭਵਿੱਖ ਅਤੇ ਪੰਜਾਬ ਵਿਚ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਦੇ ਇਸ ਪ੍ਰਕਾਰ ਦੇ ਚਿੰਤਾਜਨਕ ਰੁਝਾਨ 'ਤੇ ਰੋਕ ਲਗਾਉਣ ਦੀ ਲੋੜ ਹੈ।

# ਭਾਰਤ-ਪਾਕਿਸਤਾਨ ਅਮਨ ਵਾਰਤਾਵਾਂ ਨੂੰ ਸਹਿਯੋਗ ਦੇਣਾ ਬਣਦਾ

ਚੇਤਨ ਭਗਤ

ਪਿਛਲੇ ਦਿਨੀਂ ਸਾਡੇ ਪ੍ਰਧਾਨ ਮੰਤਰੀ ਪਾਕਿਸਤਾਨੀ ਪ੍ਰਧਾਨ ਮੰਤਰ ਨੂੰ ਮਿਲੇ ਅਤੇ ਉਨ੍ਹਾਂ ਨੇ ਇਕ ਸਾਂਝਾ ਬਿਆਨ ਜਾਰੀ ਕੀਤਾ। ਇਸ ਵਿਚ ਅਤਿਵਾਦ ਨੂੰ ਵੱਖ ਰੱਖਦੇ ਹੋਏ ਇਕ-ਦੂਜੇ ਨਾਲ ਗੱਲਬਾਤ ਕਰਨ ਦੀ ਗੱਲ ਕਹੀ ਗਈ ਸੀ। ਇਸ ਦੀ ਵਿਆਪਕ ਪ੍ਰਤੀਕ੍ਰਿਆ ਦੇਖੀ ਗਈ। ਮੀਡੀਆ ਤਾਂ ਰਿਐਲਟੀ ਸ਼ੋਅਜ਼ ਵਿਚ ਲੀਡ ਲੈਣ ਲਈ ਸਨਸਨੀਖੇਜ਼ ਖ਼ਬਰ ਆਈਟਮਾਂ ਦੀ ਖੋਜ ਵਿਚ ਰਹਿੰਦਾ ਹੀ ਹੈ, ਲਿਹਾਜ਼ਾ ਉਸ ਨੇ ਇਸ ਬਾਰੇ ਕਈ ਸਟੋਰੀਆਂ ਚਲਾਈਆਂ ਕਿ ਕਿਸ ਤਰ੍ਹਾਂ ਦ੍ਰਿੜ੍ਹਤਾ ਨਹੀਂ ਦਿਖਾ ਸਕੇ। ਕਿਹਾ ਗਿਆ ਕਿ ਇਸ ਸਾਂਝੇ ਬਿਆਨ ਜ਼ਰੀਏ ਅਸੀਂ ਰਾਸ਼ਟਰੀ ਅਣਖ ਗੁਆ ਦਿੱਤੀ। ਸਾਡੇ ਸਾਂਸਦ ਤਾਂ ਓਦਾਂ ਵੀ ਕਲਾਸ ਬੰਕ ਕਰਨ ਵਾਲੇ ਕਾਲਜ ਵਿਦਿਆਰਥੀਆਂ ਵਾਂਗ ਸਦਨ ਛੱਡਣ ਨੂੰ ਉਤਸੁਕ ਰਹਿੰਦੇ ਹਨ ਅਤੇ ਉਨ੍ਹਾਂ ਨੇ ਇਸ 'ਤੇ ਕਈ ਵਾਰੀ ਵਾਕਆਊਟ ਕੀਤਾ।

ਸਾਡਾ ਅਜਿਹਾ ਰਵੱਈਆ ਦਰਸਾਉਂਦਾ ਹੈ ਕਿ ਅਸੀਂ ਹਕੀਕਤ ਵਿਚ ਪਾਕਿਸਤਾਨ ਨਾਲ ਨਿਪਟਾਰਾ ਕਰਨਾ ਹੀ ਨਹੀਂ ਚਾਹੁੰਦੇ। ਹਾਂ, ਅਸੀਂ ਸਬੰਧ ਬਿਹਤਰ ਬਣਾਉਣਾ ਚਾਹੁੰਦੇ ਹਾਂ, ਪਰ ਅੰਦਰ ਤੱਕ ਅਸੰਤੁਸ਼ਟੀ ਅਤੇ ਗੁੱਸਾ ਭਰਿਆ ਹੈ। ਅਸੀਂ



ਪਾਕਿਸਤਾਨ ਨੂੰ ਇਕ ਸਬਕ ਸਿਖਾਉਣਾ ਚਾਹੁੰਦੇ ਹਾਂ। ਅਸੀਂ ਉਸ ਨੂੰ ਉਸ ਦੀ ਹੈਸੀਅਤ ਦਿਖਾਉਣਾ ਚਾਹੁੰਦੇ ਹਾਂ। ਪਾਕਿਸਤਾਨ ਨੂੰ ਦੁਰਕਾਰਨਾ ਦੇਸ਼ ਭਗਤੀ ਮੰਨਿਆ ਜਾਂਦਾ ਹੈ। ਇਸ ਨਾਲ ਰਾਜਨੀਤੀ ਵੀ ਚੰਗੀ ਚਲਦੀ ਹੈ।

ਸਾਨੂੰ ਲੱਗਦਾ ਹੈ ਕਿ ਸਾਡੇ ਪ੍ਰਧਾਨ ਮੰਤਰੀ ਨੇ ਮੁੰਬਈ ਅਤਿਵਾਦੀ ਹਮਲੇ ਦੇ ਮਸਲੇ ਨੂੰ ਸੁਲਝਾਉਣ ਤੋਂ ਪਹਿਲਾਂ ਉਨ੍ਹਾਂ ਨਾਲ ਗੱਲਬਾਤ ਲਈ ਰਾਜ਼ੀ ਹੋ ਕੇ ਗਲਤੀ ਕੀਤੀ ਹੈ। ਹਾਲਾਂਕਿ ਅਸੀਂ ਪਾਕਿਸਤਾਨ ਨਾਲ ਗੱਲਬਾਤ ਕਰੀਏ ਜਾਂ ਨਾ, ਪਰ ਅਸੀਂ ਅਸਾਧਾਰਨ ਰੂਪ ਨਾਲ ਉਸ ਨਾਲ ਜੁੜੇ ਹੋਏ ਹਾਂ। ਅਸੀਂ ਹਰ ਤਰ੍ਹਾਂ ਦਾ ਸੰਪਰਕ ਤੋੜ ਸਕਦੇ ਹਾਂ, ਸਾਡੇ ਅਤੇ ਉਸ ਦੇ ਨੇਤਾ ਇਕ-ਦੂਜੇ ਨੂੰ ਨਫਰਤ ਦੀ ਨਿਗ੍ਹਾ ਨਾਲ ਦੇਖ ਸਕਦੇ ਹਨ। ਫਿਰ ਵੀ ਹਰੇਕ ਭਾਰਤੀ ਦਾ ਭਵਿਖ ਪਾਕਿਸਤਾਨ ਨਾਲ ਜੁੜਿਆ ਹੋਇਆ ਹੈ ਅਤੇ ਅਸੀਂ ਜਾਰੀ ਲੜਾਈ ਵਿਚ ਆਪਣੇ ਵਲੋਂ ਜੁਰਮਾਨਾ ਭੁਗਤ ਰਹੇ ਹਾਂ। ਇਸ ਦਾ ਕਾਰਨ ਹੈ ਕਿ ਸਾਡਾ ਰੱਖਿਆ ਬਜਟ 140,000 ਕਰੋੜ ਰੁਪਏ (ਇਸ ਸਾਲ 40 ਫੀਸਦੀ ਵਾਧਾ ਹੋਇਆ ਹੈ) ਨਾਲ ਇਹ ਸਰਕਾਰ ਦੀ ਸਭ ਤੋਂ ਮਹਿੰਗੀ ਅਤੇ ਖਰਚੀਲੀ ਮਦ ਹੈ, ਜਿਹੜੀ ਜ਼ਿਆਦਾਤਰ ਪਾਕਿਸਤਾਨ ਕਾਰਨ ਹੈ।

ਦੇਸ਼ ਭਗਤੀ ਦੇ ਤਕਾਜ਼ਿਆਂ ਨੂੰ ਦੇਖਦੇ ਹੋਏ ਰੱਖਿਆ ਖਰਚਿਆਂ 'ਤੇ ਕਦੀ ਸਵਾਲ ਨਹੀਂ ਚੁੱਕੇ ਜਾਂਦੇ। ਆਖਰਕਾਰ ਤੁਸੀਂ ਉਨ੍ਹਾਂ ਫੌਜੀਆਂ 'ਤੇ ਖਰਚ ਹੋਣ ਵਾਲੀ ਰਕਮ 'ਤੇ ਕਿੱਦਾਂ ਸਵਾਲ ਚੁੱਕ ਸਕਦੇ ਹੋ, ਜਿਹੜੇ ਸਰਹੱਦ 'ਤੇ ਆਪਣੀ ਜਾਨ ਦੀ ਬਾਜ਼ੀ ਲਗਾਉਂਦੇ ਹਨ। ਫਿਰ ਵੀ ਵੱਡਾ ਸਵਾਲ ਇਹ ਹੈ ਕਿ ਅਵੱਲ ਉਨ੍ਹਾਂ ਨੂੰ ਆਪਣੀ ਜਾਨ ਦੇਣੀ ਹੀ ਕਿਉਂ ਪੈਂਦੀ ਹੈ? ਸਾਨੂੰ ਸਮਝਣਾ ਪਵੇਗਾ ਕਿ ਅਸੀਂ ਰੱਖਿਆ 'ਤੇ ਜਿਹੜੀ ਰਕਮ ਖਰਚ ਕਰਦੇ ਹਾਂ, ਉਸ ਦੀ ਸਾਨੂੰ ਕਿਹੜੀ ਕੀਮਤ ਚੁਕਾਉਣੀ ਪੈ ਰਹੀ ਹੈ?

ਇਹ ਕਹਿਣਾ ਚੰਗਾ ਲੱਗਦਾ ਹੈ ਕਿ 'ਸਾਡੀ ਸੈਨਾ ਮਜ਼ਬੂਤ ਹੋਣੀ ਚਾਹੀਦੀ ਹੈ।' ਹਾਲਾਂਕਿ ਅਸੀਂ ਇਕ ਗਰੀਬ ਮੁਲਕ ਹਾਂ। ਜਦੋਂ ਤੁਸੀਂ ਗਰੀਬ ਹੋ ਤਾਂ ਤੁਹਾਨੂੰ ਪ੍ਰੈਕਟੀਕਲ ਵੀ ਹੋਣਾ ਚਾਹੀਦਾ ਹੈ। ਸਾਨੂੰ ਆਪਣੀ ਰੱਖਿਆ ਨੀਤੀ 'ਤੇ ਸਰਵਸੰਮਕ ਪਹੁੰਚਣ ਤੋਂ ਪਹਿਲਾਂ ਇਨ੍ਹਾਂ ਤਿੰਨ ਗੱਲਾਂ 'ਤੇ ਮੁੜ ਤੋਂ ਵਿਚਾਰ ਕਰਨਾ ਚਾਹੀਦਾ ਹੈ- ਪਹਿਲੀ ਗੱਲ ਸਾਡੀ ਵਿਦੇਸ਼ ਨੀਤੀ ਦੇ ਸੰਦਰਭ ਵਿਚ ਹੈ। ਸਾਡੀ ਵਿਦੇਸ਼ ਨੀਤੀ ਦਾ ਦਸਤਾਵੇਜ਼ ਰਾਸ਼ਟਰੀ ਸਵੈ ਦਾ ਐਲਾਨ ਪੱਤਰ ਨਹੀਂ ਹੈ। ਇਹ ਇਕ ਅਜਿਹਾ ਦਸਤਾਵੇਜ਼ ਹੈ, ਜਿਹੜਾ ਇਹ ਸਪੱਸ਼ਟ ਕਰਦਾ ਹੈ ਕਿ ਅਸੀਂ ਕਿਸ ਤਰ੍ਹਾਂ ਬਾਕੀ ਦੁਨੀਆਂ ਨਾਲ ਆਪਣੇ ਸਬੰਧਾਂ ਨੂੰ ਆਪਣੇ ਦੇਸ਼ ਦੇ ਫਾਇਦੇ ਲਈ ਬਿਹਤਰ ਤਰੀਕੇ ਨਾਲ ਇਸਤੇਮਾਲ ਕਰ ਸਕਦੇ ਹਾਂ। ਰਾਜਨੇਤਾਵਾਂ ਨੂੰ ਭੁੱਲ ਜਾਓ, ਮੈਂ ਆਪਣੇ ਦੇਸ਼ ਦੇ ਸਾਥੀ ਨਾਗਰਿਕਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਸੀਂ ਕਸ਼ਮੀਰ ਨੂੰ ਕਿਸ ਹੱਦ ਤੱਕ ਹਾਸਲ ਕਰਨਾ ਚਾਹੁੰਦੇ ਹਾਂ? ਕੀ ਅਸੀਂ ਦੇਸ਼ ਵਿਚ ਨੌਜਵਾਨ ਪੀੜ੍ਹੀ ਲਈ ਕਾਲਜ ਬਣਾਉਣ ਦੀ ਕੀਮਤ 'ਤੇ ਇਸ ਨੂੰ ਹਾਸਲ ਕਰਨਾ ਚਾਹੁੰਦੇ ਹਾਂ? ਕੀ ਅਸੀਂ ਆਪਣੇ ਕਿਸਾਨਾਂ ਲਈ ਖੇਤੀ ਪਰਿਯੋਜਨਾਵਾਂ ਦੀ ਕੀਮਤ 'ਤੇ ਇਸ ਨੂੰ ਹਾਸਲ ਕਰਨਾ ਚਾਹੁੰਦੇ ਹਾਂ? ਕੀ ਅਸੀਂ ਸੜਕਾਂ ਅਤੇ ਪਾਵਰ ਪਲਾਂਟ ਬਣਾਉਣ ਦੀ ਕੀਮਤ 'ਤੇ ਇਸ ਨੂੰ ਹਾਸਲ ਕਰਨਾ ਚਾਹੁੰਦੇ ਹਾਂ? ਚਾਹੇ ਇਸ ਦੀ ਵਜ੍ਹਾ ਨਾਲ ਸਾਨੂੰ ਹਮੇਸ਼ਾ ਉੱਚੀ ਮਹਿੰਗਾਈ ਦੇ ਦੌਰ ਵਿਚ ਕਿਉਂ ਨਾ ਰਹਿਣਾ ਪਵੇ? ਕਿਉਂਕਿ ਭਲਾ ਹੀ ਵਿਰੋਧ ਨਾ ਹੋਵੇ, ਪਰ ਇਹ ਸਾਰੀਆਂ ਚੀਜ਼ਾਂ ਆਪਸ ਵਿਚ ਜੁੜੀਆਂ ਹੋਈਆਂ ਹਨ। ਉਪਰੋਕਤ ਸਾਰੀਆਂ ਮਦਾਂ ਨੂੰ ਇਕੱਠਾ ਮਿਲਾ ਲਿਆ ਜਾਵੇ ਤਾਂ ਵੀ ਰੱਖਿਆ ਬਜਟ ਇਨ੍ਹਾਂ ਸਾਰਿਆਂ ਤੋਂ ਜ਼ਿਆਦਾ ਹੈ। ਸਾਡੀ ਸਰਕਾਰ ਕੋਲ ਅਸੀਮਤ ਧਨ ਨਹੀਂ ਹੈ। ਅਜਿਹੇ ਵਿਚ ਬਿਹਤਰ ਕੀ ਹੈ? ਲੜਾਈ ਜਾਰੀ ਰੱਖੀਏ ਅਤੇ ਵਿਕਾਸ ਨੂੰ ਰੋਕ ਦਈਏ ਜਾਂ ਫਿਰ ਸ਼ਾਂਤੀ ਸਥਾਪਤ ਕਰੀਏ ਅਤੇ ਧਨ ਦਾ ਇਸਤੇਮਾਲ ਦੇਸ਼ ਨੂੰ ਮਜ਼ਬੂਤ ਕਰਨ ਵਿਚ ਕਰੀਏ? ਵਿਦੇਸ਼ ਨੀਤੀ ਪੱਤਰ ਇਸ ਵਿਚ ਅਹਿਮ ਭੂਮਿਕਾ ਨਿਭਾਅ ਸਕਦਾ ਹੈ।

ਦੂਜੀ ਗੱਲ ਸੰਸਾਰਕ ਰੱਖਿਆ ਗਠਜੋੜ ਦੀ ਹੈ। ਨਵੀਂ ਸੰਸਾਰਕ ਦੁਨੀਆਂ ਵਿਚ ਅਰਥਕਤਾਵਾਂ ਆਪਸ ਵਿਚ ਇਕ-ਦੂਜੇ ਨਾਲ ਜੁੜੀਆਂ ਹੋਈਆਂ ਹਨ। ਕੋਈ ਵੀ ਆਪਣੇ ਬਲਬੂਤੇ ਸਾਰਾ ਕੁਝ ਨਹੀਂ ਕਰਦਾ। ਜੇਕਰ ਰੱਖਿਆ ਦਾ ਉਦੇਸ਼ ਸਾਡੀਆਂ ਸਰਹੱਦਾਂ ਦੀ ਸੁਰੱਖਿਆ ਕਰਨਾ ਹੈ ਤਾਂ ਅਸੀਂ ਇਸ ਲਈ ਦੂਜੇ ਦੇਸ਼ਾਂ ਨਾਲ ਹੀ ਗਠਜੋੜ ਕਰ ਸਕਦੇ ਹਾਂ। ਮਿਸਾਲ ਦੇ ਤੌਰ 'ਤੇ ਅਮਰੀਕਾ ਨੂੰ ਆਪਣੀਆਂ ਸਰਹੱਦਾਂ ਦੀ ਸੁਰੱਖਿਆ ਸੁਨਿਸ਼ਚਿਤ ਕਰਨ ਅਤੇ ਸੰਸਾਰਕ ਅਤਿਵਾਦ ਨੂੰ ਖ਼ਤਮ ਕਰਨ ਲਈ ਦੂਜਿਆਂ ਦੀ ਕਾਫੀ ਜ਼ਰੂਰਤ ਹੈ। ਅਸੀਂ ਉਸ ਨਾਲ ਕੰਮ ਕਰ ਸਕਦੇ ਹਾਂ, ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਕੁਝ ਹੱਦ ਤੱਕ ਪ੍ਰਵੇਸ਼ ਦੇ ਕੇ।

ਅਸੀਂ ਇਸ ਤਰ੍ਹਾਂ ਖ਼ੁਦ ਨੂੰ ਬਚਾਉਣ ਲਈ ਲਾਗਤ ਬਚਾ ਸਕਦੇ ਹਾਂ। ਉਸ ਦੇ ਲਿਹਾਜ ਨਾਲ ਕਹੀਏ ਤਾਂ ਹੁਣ ਅਸਥਿਰ ਇਲਾਕਿਆਂ 'ਤੇ ਉਹ ਕਿਤੇ ਬਿਹਤਰ ਤਰੀਕੇ ਨਾਲ ਕੰਟਰੋਲ ਰੱਖ ਸਕਦਾ ਹੈ, ਪਰ ਸਪੱਸ਼ਟ ਤੌਰ 'ਤੇ ਦੇਖਿਆ ਜਾਵੇ ਤਾਂ ਜੇਕਰ ਉਹ ਸਾਨੂੰ ਸਾਡੀਆਂ ਸਰਹੱਦਾਂ ਦੀ ਸੁਰੱਖਿਆ ਵਿਚ ਮਦਦ ਕਰਦੇ ਹਨ ਤਾਂ ਉਨ੍ਹਾਂ ਨੂੰ ਸਾਡੇ ਮੁਕਾਬਲੇ ਕੀ ਲਾਭ ਹਾਸਲ ਹੋ ਸਕਦਾ ਹੈ? ਇਸ ਤਕਨੀਕ ਪ੍ਰਧਾਨ ਯੁੱਗ ਵਿਚ ਕੀ ਤੁਹਾਨੂੰ ਹਕੀਕਤ ਵਿਚ ਲੱਗਦਾ ਹੈ ਕਿ ਅਮਰੀਕਾ ਕੋਲ ਭਾਰਤ ਖਿਲਾਫ ਹਮਲਾ ਕਰਨ ਦੀ ਸਮਰੱਥਾ ਜਾਂ ਜ਼ਰੂਰੀ ਜਾਣਕਾਰੀ ਨਹੀਂ ਹੈ? ਹਾਲਾਂਕਿ ਉਹ ਸਾਡੇ 'ਤੇ ਹਮਲਾ ਨਹੀਂ ਕਰਨਾ ਚਾਹੁੰਦੇ? ਉਨ੍ਹਾਂ ਨੇ ਸਾਡੇ ਸੰਭਾਵਨਾਸ਼ੀਲ ਬਾਜ਼ਾਰ ਤੋਂ ਅਮਰੀਕੀ ਉਤਪਾਦਾਂ ਅਤੇ ਸਸਤੇ ਆਊਟਸੋਰਸਿੰਗ ਜ਼ਰੀਏ ਬਹੁਤ ਕੁਝ ਹਾਸਲ ਕਰਨਾ ਹੈ। ਖ਼ੈਰ, ਅਸੀਂ ਆਪਣੀ ਕੁਝ ਰੱਖਿਆ ਉਨ੍ਹਾਂ ਨੂੰ ਆਊਟਸੋਰਸ ਕਰੀਏ, ਉਨ੍ਹਾਂ ਨੂੰ ਸੁਰੱਖਿਅਤ ਮਹਿਸੂਸ ਕਰਾਈਏ ਅਤੇ ਆਪਣੇ ਲਈ ਕੁਝ ਧਨ ਬਚਾਈਏ। ਤੀਜੀ ਗੱਲ ਸ਼ਾਂਤੀ ਦੇ ਸੰਦਰਭ ਵਿਚ ਹੈ। ਅਸੀਂ ਪਾਕਿਸਤਾਨ ਨਾਲ ਗੱਲ ਕਰਨਾ ਚਾਹੁੰਦੇ ਹਾਂ, ਪਰ ਸਾਡਾ ਜ਼ਿਆਦਾ ਜ਼ੋਰ ਉਸ ਨੂੰ ਨੀਚਾ ਦਿਖਾਉਣ ਅਤੇ ਆਪਣੀ ਸੋਚ ਉਸ 'ਤੇ ਥੋਪਣ ਦਾ ਹੁੰਦਾ ਹੈ।

ਇਸ ਤਰ੍ਹਾਂ ਦੀ ਆਕੜ ਨਾਲ ਸਿਨੇਮਾ ਹਾਲ ਦੇ ਦਰਸ਼ਕਾਂ ਦੀਆਂ ਤਾੜੀਆਂ ਤਾਂ ਬਟੋਰੀਆਂ ਜਾ ਸਕਦੀਆਂ ਹਨ, ਪਰ ਸ਼ਾਂਤੀ ਲਈ ਇਹ ਰਵੱਈਆ ਠੀਕ ਨਹੀਂ ਹੈ। ਸਾਨੂੰ ਲੱਗਦਾ ਹੈ ਕਿ ਪਾਕਿਸਤਾਨ ਗਲਤ ਹੈ ਅਤੇ ਕਸ਼ਮੀਰ 'ਤੇ ਸਾਡਾ ਹੱਕ ਹੈ, ਪਰ ਜੇਕਰ ਅਸੀਂ ਗੱਲਬਾਤ ਕਰ ਰਹੇ ਹਾਂ ਤਾਂ ਸਾਨੂੰ ਦੂਜੀ ਪਾਰਟੀ ਨੂੰ ਵੀ ਥੋੜ੍ਹੀ ਗੁੰਜਾਇਸ਼ ਦੇਣੀ ਪਏਗੀ। ਅਸੀਂ ਇਸ 'ਤੇ ਖੁਸ਼ ਭਲਾਂ ਹੀ ਨਾ ਹੋਈਏ, ਪਰ ਅਸੀਂ ਇਸ ਦੇ ਨਾਲ ਰਹਿਣਾ ਸਿੱਖ ਸਕਦੇ ਹਾਂ। ਸਾਨੂੰ ਸ਼ਾਂਤੀ ਚਾਹੀਦਾ ਹੈ। ਸਿਰਫ ਇਸ ਲਈ ਨਹੀਂ ਕਿ ਇਹ ਚੰਗੀ ਗੱਲਬਾਤ ਹੈ, ਬਲਕਿ ਇਸ ਲਈ ਵੀ ਕਿ ਅਸੀਂ ਅਗਲੇ 20 ਸਾਲ ਤਕ ਲੜਨਾ ਜਾਂ ਲੜਾਈ ਲਈ ਤਿਆਰ ਰਹਿਣਾ ਸਹਿਣ ਨਹੀਂ ਕਰ ਸਕਦੇ।

ਅਸੀਂ ਘਰੋਂ ਬਾਹਰ ਅਤੇ ਜ਼ਿਆਦਾ ਸਿਕਿਓਰਿਟੀ ਗਾਰਡਾਂ ਦੀਆਂ ਸੇਵਾਵਾਂ ਲੈ ਰਹੇ ਹਾਂ। ਅਜਿਹਾ ਉਦੋਂ ਹੈ ਜਦੋਂਕਿ ਸਾਡੇ ਕੋਲ ਬੱਚਿਆਂ ਨੂੰ ਸਕੂਲ ਵਿਚ ਪਾਉਣ ਲਈ ਜ਼ਰੂਰੀ ਪੈਸਾ ਨਹੀਂ ਹੈ। ਸਾਨੂੰ ਰੱਖਿਆ ਬਜਟ ਨੂੰ ਕੰਟਰੋਲ ਕਰਨਾ ਪਏਗਾ ਅਤੇ ਸਹੀ ਨੀਤੀਆਂ ਅਤੇ ਨਜ਼ਰੀਆ ਅਪਨਾਉਂਦੇ ਹੋਏ ਅਸੀਂ ਅਜਿਹਾ ਕਰ ਸਕਦੇ ਹਾਂ। ਗੋਲੀਆਂ 'ਤੇ ਖਰਚ ਦਾ ਕੋਈ ਫਾਇਦਾ ਨਹੀਂ ਮਿਲਦਾ, ਸਗੋਂ ਬਿਹਤਰ ਇਨਫ੍ਰਾਸਟ੍ਰਕਚਰ ਲਈ ਖਰਚ ਹੋਏ ਧਨ ਦਾ ਫਾਇਦਾ ਜ਼ਰੂਰ ਮਿਲਦਾ ਹੈ।

# ਕਮਜ਼ੋਰ ਮੌਨਸੂਨ ਨੇ ਕੱਢਿਆ ਜਲੂਸ

ਭਵਦੀਪ ਕੰਗ

ਇਕ ਕਮਜ਼ੋਰ ਮਾਨਸੂਨ ਨੇ ਪਿਛਲੇ ਤਿੰਨ ਸਾਲਾਂ ਦੇ ਫੀਲ-ਗੁਡ ਅੰਕੜਿਆਂ ਦੀ ਫੂਕ ਕੱਢ ਦਿੱਤੀ ਹੈ। ਇਹ ਇਸ ਗੱਲ ਨੂੰ ਰੂਪਮਾਨ ਕਰਦਾ ਹੈ ਕਿ ਸਾਡੀ ਖੇਤੀ ਦੀ ਹਾਲਤ ਕਿੰਨੀ ਅਨਿਸ਼ਚਤਤਾਪੂਰਣ ਹੈ। ਸਰਕਾਰ ਇਸ ਲਈ ਕੁਦਰਤ ਨੂੰ ਦੋਸ਼ ਦਿੰਦੀ ਹੈ। ਸੱਚਾਈ ਇਹ ਹੈ ਕਿ ਬਾਰਿਸ਼ ਦੀ ਹਾਲਤ ਵਿਚ ਥੋੜ੍ਹੇ ਜਿਹੇ ਬਦਲਾਅ ਨਾਲ ਖੇਤੀਬਾੜੀ ਦਾ ਪ੍ਰਭਾਵਿਤ ਹੋਣਾ ਉਨ੍ਹਾਂ ਸਰਕਾਰੀ ਨੀਤੀਆਂ ਦਾ ਨਤੀਜਾ ਹੈ, ਜਿਹੜੀਆਂ ਕਿਸਾਨਾਂ ਦੀਆਂ ਜ਼ਰੂਰਤਾਂ ਦੇ ਹਿਸਾਬ ਨਾਲ ਨਹੀਂ ਬਲਕਿ ਕਾਰਪੋਰੇਸ਼ਨਾਂ ਦੇ ਹਿਸਾਬ ਨਾਲ ਤੈਅ ਹੁੰਦੀਆਂ ਹਨ।

ਸਰਕਾਰਾਂ ਖੇਤੀ ਉਤਪਾਦਨ (ਅਤੇ ਖੇਤੀ ਤੱਕ ਪਹੁੰਚ) ਨੂੰ ਜ਼ਮੀਨ, ਪਾਣੀ ਤੇ ਬੀਜ ਅਤੇ ਆਪਣੀਆਂ ਨੀਤੀਆਂ ਰਾਹੀਂ ਪ੍ਰਭਾਵਿਤ ਕਰਦੀ ਹੈ। ਸਰਕਾਰੀ ਦਖ਼ਲ ਦੇਣ ਦਾ ਉਦੇਸ਼ ਇਹ ਪੱਕਾ ਹੋਣਾ ਚਾਹੀਦਾ ਹੈ ਕਿ ਜਿਸ ਸਾਲ ਮਾਨਸੂਨ ਬੁਰੀ ਵੀ ਹੋਵੇ, ਤਦ ਵੀ ਕਿਸਾਨਾਂ ਨੂੰ ਖੇਤੀ ਲਈ ਇਹ ਬੁਨਿਆਦੀ ਚੀਜ਼ਾਂ ਸਹਿਜੇ ਹੀ ਮਿਲ ਸਕਣ ਤਾਂ ਕਿ ਉਹ ਖ਼ੁਦ ਆਪਣੀ ਰੋਜ਼ੀ-ਰੋਟੀ ਚਲਾ ਸਕਣ ਅਤੇ ਦੂਜਿਆਂ ਨੂੰ ਵੀ ਅਨਾਜ ਮੁਹੱਈਆ ਕਰਾ ਸਕਣ।

ਸਰਕਾਰੀ ਦਖਲ ਦਾ ਉਲਟਾ ਪ੍ਰਭਾਵ ਪਿਆ ਹੈ, ਖਾਸ ਕਰਕੇ ਪਾਣੀ ਦੀ ਉਪਲਬੱਧਤਾ ਨੂੰ ਲੈ ਕੇ। ਇੱਥੇ ਪਾਣੀ-ਪ੍ਰਧਾਨ ਖੇਤੀ ਨੂੰ ਬੜਾਵਾ ਦਿੰਦੇ ਹੋਏ ਪਾਣੀ ਦੀ ਦੁਰਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਡੀਜ਼ਲ ਅਤੇ ਬਿਜਲੀ ਨਾਲ ਚੱਲਣ ਵਾਲੇ ਪੰਪ ਸੈਟਾਂ 'ਤੇ ਭਾਰੀ ਰਿਆਇਤਾਂ ਦਿੰਦੇ ਹੋਏ ਭੂਮੀਗਤ ਜਲ ਦੇ ਖਾਤਮੇ ਦਾ ਰਸਤਾ ਆਸਾਨ ਕੀਤਾ ਜਾ ਰਿਹਾ ਹੈ। ਸੁੱਕੇ ਇਲਾਕਿਆਂ ਨੂੰ ਹਰਾ ਭਰਾ ਕਰਨ ਲਈ ਵੱਡੇ-ਵੱਡੇ ਬੰਨ੍ਹ ਬਣਾਏ ਜਾ ਰਹੇ ਹਨ ਅਤੇ ਨਹਿਰਾਂ ਰਾਹੀਂ ਸੈਂਕੜੇ ਕਿਲੋਮੀਟਰ ਤਕ ਪਾਣੀ ਦੇ ਵਹਾ ਨੂੰ ਮੋੜਿਆ ਜਾ ਰਿਹਾ ਹੈ। ਉਥੇ ਦੂਜੇ ਪਾਸੇ ਐਮਰਜੈਂਸੀ ਦੇ ਹਿਸਾਬ ਨਾਲ ਪਾਣੀ ਦੀ ਸਮੁੱਚੀ ਉਪਲਬੱਧਤਾ ਨੂੰ ਪੱਕਾ ਕਰਾਉਣ ਲਈ ਕਿਸੇ ਕਿਸਮ ਦੇ ਯਤਨ ਨਹੀਂ ਕੀਤੇ ਜਾ ਰਹੇ

ਇਸ ਸਮੇਂ ਸ੍ਰੋਤ ਤੋਂ ਪਾਣੀ ਨੂੰ ਅੱਗੇ ਲੈ ਜਾਣ 'ਤੇ ਹੀ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਦੁਬਾਰਾ ਭਰਨ ਲਈ ਕਿਸੇ ਕਿਸਮ ਦੇ ਯਤਨ ਨਹੀਂ ਕੀਤੇ ਜਾ ਰਹੇ ਹਨ। ਜਦੋਂ ਬਰਸਾਤ ਨਹੀਂ ਹੁੰਦੀ ਤਾਂ ਇਹ ਜਲਸ੍ਰੋਤ ਸੁਕ ਜਾਂਦੇ ਹਨ। ਪਿਛਲੇ ਸਾਲ ਆਈ.ਆਈ.ਟੀ. (ਕਰੰਟ ਸਾਇੰਸ) ਦੁਆਰਾ ਕੀਤੇ ਗਏ ਇਕ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਮੰਗ ਦੇ ਹਿਸਾਬ ਨਾਲ ਇਸਤੇਮਾਲ ਕਰਨ ਲਾਇਕ ਪਾਣੀ ਸੋਮਿਆਂ ਦੀ ਬਹੁਤ ਘਾਟ ਹੈ। ਇਥੋਂ ਤੱਕ ਕਿ ਅੱਜ ਤੋਂ 10 ਸਾਲ ਪਹਿਲਾਂ ਵੀ ਜ਼ਮੀਨੀ ਪਾਣੀ ਦੀ ਜ਼ਰੂਰਤ ਤੋਂ ਜ਼ਿਆਦਾ ਵਰਤੋਂ ਕੀਤੀ ਜਾ ਰਹੀ ਸੀ। ਇਸ ਅਧਿਐਨ ਦੇ ਆਧਾਰ 'ਤੇ ਉਮੀਦ ਕੀਤੀ ਗਈ ਕਿ 'ਜਲ ਸਰੰਕਸ਼ਣ' ਦੀਆਂ ਪ੍ਰੰਪਰਾਗਤ ਤਕਨੀਕਾਂ ਨੂੰ ਅਪਨਾਉਂਦੇ ਹੋਏ ਜਲਪੂਰਤੀ ਵਧਾਈ ਜਾਵੇ।



ਗੌਰਤਲਬ ਹੈ ਕਿ ਪ੍ਰੰਪਰਾਗਤ ਵਾਟਰ ਹਾਰਵੈਸਟਿੰਗ ਸਿਸਟਮ ਜਲ ਸਰੋਤਾਂ ਦੀ ਰੀਚਾਰਜਿੰਗ 'ਤੇ ਆਧਾਰਤ ਹੈ, ਤਾਂ ਕਿ ਜ਼ਮੀਨੀ ਪਾਣੀ ਉਸ ਸਮੇਂ ਵੀ ਉਪਲਬੱਧ ਰਹੇ, ਜਦੋਂ ਹਾਲਾਤ ਬੇਹਦ ਖਰਾਬ ਹੋਣ। ਇਸ ਨੂੰ ਸਾਡੇ ਨੀਤੀ ਨਿਰਮਾਤਾਵਾਂ ਦੁਆਰਾ 'ਅਵਿਗਿਆਨਿਕ' ਕਰਾਰ ਦਿੰਦੇ ਹੋਏ ਖਾਰਿਜ ਕਰ ਦਿੱਤਾ ਗਿਆ। ਅੱਜ ਕਿਸਾਨ ਪਾਣੀ ਦਾ ਖੁੱਲ੍ਹ ਕੇ ਇਸਤੇਮਾਲ ਕਰਨ ਦੇ ਆਦੀ ਹੋ ਚੁੱਕੇ ਹਨ ਅਤੇ ਉਹ ਸੰਜਮੀ ਨੀਤੀਆਂ ਦਾ ਅਨੁਸਰਨ ਨਹੀਂ ਕਰਨਾ ਚਾਹੁੰਦੇ। ਪਾਣੀ ਦਾ ਪ੍ਰਭਾਵਪੂਰਣ ਤਰੀਕੇ ਨਾਲ ਜ਼ਿਆਦਾਤਰ ਇਸਤੇਮਾਲ ਦੀ ਸਮਰੱਥਾ, ਜੋ ਭਾਰਤੀ ਪ੍ਰੰਪਰਾਗਤ ਖੇਤੀ ਦੀ ਵਿਸ਼ੇਸ਼ਤਾ ਹੈ, ਹੁਣ ਗਾਇਬ ਹੋ ਚੁੱਕੀ ਹੈ।

ਸਰਕਾਰ ਜਲ ਸਰੋਤਾਂ ਨੂੰ ਬੜਾਵਾ ਦੇਣ ਲਈ ਇਜ਼ਰਾਈਲੀ ਸ਼ੈਲੀ ਦੀ ਡ੍ਰਿਪ ਇਰੀਗੇਸ਼ਨ ਨੂੰ ਪ੍ਰਸਤਾਵਿਤ ਕਰਨਾ ਚਾਹੁੰਦੀ ਹੈ, ਜਿਸ ਵਿਚ ਸਬਸਿਡੀ ਦੇ ਬਾਵਜੂਦ ਭਾਰੀ ਪੂੰਜੀ ਦੀ ਜ਼ਰੂਰਤ ਹੋਵੇਗੀ। ਇਹ ਵਿਚਾਰ ਨਵਾਂ ਨਹੀਂ ਹੈ ਅਤੇ ਕਿਸਾਨ ਬਾਂਸ ਦੇ ਛਿਦ੍ਰਿਤ ਪਾਈਪ ਜਾਂ ਮਿੱਟੀ ਦੇ ਭਾਂਡਿਆਂ ਜ਼ਰੀਏ ਸਦੀਆਂ ਤੋਂ ਇਸ ਦਾ ਇਸਤੇਮਾਲ ਕਰਦੇ ਚਲੇ ਆ ਰਹੇ ਹਨ। ਪਰ ਇਨ੍ਹਾਂ ਮੁਕਾਬਲਾਤਨ ਘੱਟ ਲਾਗਤ ਵਾਲੀਆਂ ਤਕਨੀਕਾਂ ਦੇ ਇਸਤੇਮਾਲ ਤੋਂ ਕੋਈ ਲਾਭ ਨਹੀਂ ਕਮਾਇਆ ਜਾ ਰਿਹਾ। 'ਸਮੁੱਚਿਤ' ਬਰਸਾਤ ਦੇ ਵਿਸ਼ੇ 'ਤੇ ਵੀ ਕਾਫੀ ਵਹਿਮ ਹੈ। ਆਖਰ ਕਿੰਨੀ ਬਰਸਾਤ ਸਾਡੇ ਜ਼ਰੂਰੀ ਹੈ? ਵਾਟਰ ਹਾਰਵੈਸਟਿੰਗ ਦੇ ਮਾਹਿਰ ਅਨੁਪਮ ਮਿਸ਼ਰ ਮੁਤਾਬਕ ਇਕ ਸਾਲ ਵਿਚ 300 ਮਿਲੀਮੀਟਰ ਪਾਣੀ ਵੀ ਖੇਤੀ ਦੇ ਲਿਹਾਜ ਨਾਲ ਜ਼ਰੂਰਤਯੋਗ ਹੈ। ਬਸ ਪਾਣੀ ਜਿੱਥੇ ਵੀ ਡਿੱਗਦਾ ਹੈ, ਇਸ ਨੂੰ ਰੋਕਣ ਦੇ ਇੰਤਜ਼ਾਮ ਹੋਵੇ। ਸਵਰਗੀ ਦੀਨ ਦਿਆਲ ਉਪਾਧਿਆਏ ਦੇ ਸ਼ਬਦਾਂ ਵਿਚ ਕਹੀਏ ਤਾਂ 'ਖੇਤ ਦਾ ਪਾਣੀ ਖੇਤ ਵਿਚ।'

ਜਲ ਨੀਤੀ ਦਾ ਦੂਜਾ ਪਹਿਲੂ ਉਦਯੋਗਿਕ ਜ਼ਰੂਰਤਾਂ ਨੂੰ ਵੀ ਧਿਆਨ ਵਿਚ ਰੱਖਣਾ ਹੈ, ਜਿਨ੍ਹਾਂ ਨੂੰ ਹਮੇਸ਼ਾ ਖੇਤੀ ਦੀਆਂ ਜਰੂਰਤਾਂ 'ਤੇ ਤਰਜੀਹ ਦਿੱਤੀ ਜਾਂਦੀ ਹੈ। ਕਿਸੇ ਨਹਿਰ ਜਾਂ ਫਿਰ ਕਿਸੇ ਜ਼ਮੀਨੀ ਪਾਣੀ ਸਰੋਤ ਤੋਂ ਨਿਕਲਣ ਵਾਲਾ ਪਾਣੀ ਪਹਿਲਾਂ ਕਾਰਖਾਨੇ ਤੱਕ ਜਾਏਗਾ। ਕਾਰਖਾਨਿਆਂ ਲਈ ਪਣ ਬਿਜਲੀ ਉਪਲਬਧ ਕਰਾਉਣ ਵਾਲੇ ਬੰਨ੍ਹਾਂ ਦਾ ਨਦੀਆਂ 'ਤੇ ਪਹਿਲਾਂ ਅਧਿਕਾਰ ਹੋਵੇਗਾ, ਭਲਾਂ ਹੀ ਇਸ ਦੀ ਵਜ੍ਹਾ ਨਾਲ ਪਿੰਡਾਂ ਵਲ ਜਾਂਦੀਆਂ ਧਾਰਾਵਾਂ ਸੁੱਕ ਜਾਣ। ਸਾਡੇ ਜਲ ਪੱਧਰ ਭਲਾਂ ਹੀ ਦਮ ਤੋੜ ਦੇਣ, ਪਰ ਸਾਡੀ ਖੇਤੀ ਗੈਰ-ਜ਼ਰੂਰਤਮੰਦ ਰੂਪ ਨਾਲ ਪਾਣੀ ਪ੍ਰਧਾਨ ਬਣੀ ਰਹੇਗੀ। ਸੋਕਾ ਪ੍ਰਤੀਰੋਧੀ ਕਿਸਮਾਂ ਨੂੰ ਖ਼ਤਮ ਕਰਨ ਤੋਂ ਬਾਅਦ ਫਸਲ ਵਿਗਿਆਨੀ ਅਤੇ ਬਹੁਰਾਸ਼ਟਰੀ ਕੰਪਨੀਆਂ ਹੁਣ ਘੱਟ ਪਾਣੀ ਵਾਲੀਆਂ ਫਸਲਾਂ ਨੂੰ 'ਵਿਕਸਿਤ' ਕਰਕੇ ਚੱਕਰ ਨੂੰ ਫਿਰ ਉਸੇ ਦਿਸ਼ਾ ਵਿਚ ਚਲਾਉਣ ਦਾ ਯਤਨ ਕਰ ਰਹੀਆਂ ਹਨ। ਇਹ ਸੁਭਾਵਕ ਤੌਰ 'ਤੇ ਜਾਂ ਤਾਂ ਇਕ ਵਾਰ ਇਸਤੇਮਾਲ ਹੋਣ ਵਾਲੀਆਂ ਤਕਨੀਕੀ ਤੌਰ 'ਤੇ ਉਨੱਤ ਕਿਸਮਾਂ ਹੋਣਗੀਆਂ ਅਤੇ ਇਸ ਵਜ੍ਹਾ ਨਾਲ ਕਾਫੀ ਮਹਿੰਗੀਆਂ ਹੋਣਗੀਆਂ। ਇਸ ਤਰੀਕੇ ਨਾਲ ਸੋਕਾ ਬਹੁਰਾਸ਼ਟਰੀ ਕੰਪਨੀਆਂ ਲਈ ਕਾਰੋਬਾਰ ਦਾ ਇਕ ਚੰਗਾ ਜ਼ਰੀਆ ਬਣ ਗਿਆ ਹੈ।

ਖਾਦ ਨੀਤੀ ਵਿਸ਼ੇਸ਼ਗ ਡਾ. ਵੰਦਨਾ ਸ਼ਿਵਾ ਨੇ ਕਿਸਾਨਾਂ ਦੁਆਰਾ ਸਾਂਭੀਆਂ ਚੌਲਾਂ ਦੀਆਂ 300 ਤੋਂ ਜ਼ਿਆਦਾ ਸੋਕਾ ਪ੍ਰਤੀਰੋਧੀ ਕਿਸਮਾਂ ਦਾ ਉਲੇਖ ਕੀਤਾ, ਜਿਨ੍ਹਾਂ ਦਾ ਕਿਸਾਨ ਇਸਤੇਮਾਲ ਕਰਦੇ ਹਨ, ਪਰ ਇਨ੍ਹਾਂ ਬੀਜਾਂ ਦੇ ਪ੍ਰਚਾਰ ਪ੍ਰਸਾਰ ਨਾਲ ਕਾਰਪੋਰੇਟ ਜਗਤ ਦੇ ਹਿੱਤ ਨਹੀਂ ਸੁਧਰਣਗੇ ਅਤੇ ਸਰਕਾਰ ਵਲੋਂ ਇਨ੍ਹਾਂ ਨੂੰ ਕੋਈ ਲੈਣ ਵਾਲਾ ਨਹੀਂ ਹੈ।

ਕਈ ਖੇਤਰਾਂ ਵਿਚ ਖੇਤੀ ਦੇ ਉਦਯੋਗੀਕਰਨ ਤੋਂ ਵੀ ਪਾਣੀ 'ਤੇ ਜ਼ਿਆਦਾ ਦਬਾਅ ਪੈ ਰਿਹਾ ਹੈ, ਜਿਸ ਵਿਚ ਨਿਰਯਾਤ ਲਈ ਨਕਦੀ ਫਸਲਾਂ ਦੇ ਉਤਪਾਦਨ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਇਸ ਦੀ ਵਜ੍ਹਾ ਨਾਲ ਫਸਲਾਂ ਦੀ ਸਮੁੱਚਿਤ ਚੋਣ ਨਹੀਂ ਹੋ ਸਕੀ ਹੈ। ਗੰਨਾ, ਧਾਨ ਅਤੇ ਸਬਜ਼ੀਆਂ ਦੀਆਂ ਕੁਝ ਕਿਸਮਾਂ, ਜਿਨ੍ਹਾਂ ਲਈ ਜ਼ਿਆਦਾ ਪਾਣੀ ਦੀ ਜ਼ਰੂਰਤ ਹੁੰਦੀ ਹੈ, ਖੁਸ਼ਕ ਇਲਾਕਿਆਂ ਵਿਚ ਲਾਈਆਂ ਜਾ ਰਹੀਆਂ ਹਨ, ਜਦਕਿ ਇਹੋ ਜਿਹੇ ਇਲਾਕਿਆਂ ਲਈ ਅਨਾਜ, ਦਾਲਾਂ, ਤਿਲ ਅਤੇ ਮਸਾਲੇ ਸੁਭਾਵਕ ਵਿਕਲਪ ਹੋਣੇ ਚਾਹੀਦੇ ਹਨ।

ਜੇਕਰ ਸਰਕਾਰ ਸੋਕੇ ਨਾਲ ਨਿਪਟਣ ਲਈ ਲੰਬੀ ਸੋਚ ਅਪਨਾਉਂਦਿਆਂ ਕੋਈ ਨੀਤੀਗਤ ਪਹਿਲ ਕਰਦੀ ਹੈ ਤਾਂ ਇਸ ਨੂੰ ਸਭ ਤੋਂ ਪਹਿਲਾਂ ਕਿਸਾਨਾਂ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ। ਜਲ ਸਰੋਤਾਂ ਨੂੰ ਬੜਾਵਾ ਦੇਣਾ ਪਵੇਗਾ ਅਤੇ ਪਾਣੀ ਦੇ ਇਸਤੇਮਾਲ ਦੀ ਸਮਰੱਥਾ ਨੂੰ ਸੁਧਾਰਨਾ ਹੋਵੇਗਾ। ਨਤੀਜੇ ਦੀ ਪ੍ਰਕਿਰਿਆ ਨੂੰ ਵਿਕੇਂਦਰੀਕ੍ਰਿਤ ਕਰਦੇ ਹੋਏ ਬਲਾਕ ਪੱਧਰ ਤਕ ਪਹੁੰਚਣਾ ਹੋਵੇਗਾ, ਤਾਂ ਕਿ ਕਿਸੇ ਖੇਤਰ ਨੂੰ ਸੋਕਾਗ੍ਰਸਤ ਐਲਾਨ ਕਰਨ ਲਈ ਕੇਂਦਰ ਜਾਂ ਰਾਜ ਦਾ ਮੂੰਹ ਨਾ ਦੇਖਣਾ ਪਵੇ। ਸੋਕਾ ਪ੍ਰਤੀਰੋਧੀ ਬੀਜਾਂ ਦਾ ਇਕ 'ਬਫਰ ਸਟਾਕ' ਬਣਾਇਆ ਜਾਵੇ ਅਤੇ ਇਹੋ ਜਿਹੇ ਬੀਜ ਕਿਸਾਨਾਂ ਵਿਚ ਮੁਫਤ ਵੰਡੇ ਜਾਣ। ਜੈਵਿਕ ਖਾਦਾਂ ਦੇ ਵਿਆਪਕ ਇਸਤੇਮਾਲ ਨੂੰ ਵਧਾਇਆ ਜਾਵੇ ਤਾਂ ਕਿ ਮਿੱਟੀ ਦੇ ਹਾਲਤ ਵਿਚ ਸੁਧਾਰ ਹੋ ਸਕੇ। ਇਸ ਵਿਚ ਨਮੀ ਬਰਕਰਾਰ ਰਹੇ ਅਤੇ ਇਸ ਦੀ ਉਪਜਾਊ ਸ਼ਕਤੀ ਵਧ ਜਾਵੇ।

ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਪਰਿਵਾਰਾਂ ਲਈ ਪੰਚਾਇਤਾਂ ਦੁਆਰਾ ਸਾਮੁਦਾਇਕ ਅਨਾਜ ਬੈਂਕਾਂ ਦਾ ਨਿਰਮਾਣ ਕੀਤਾ ਜਾਵੇ। ਸਾਡੇ ਤਨਖਾਹ ਕਮਿਸ਼ਨ ਅਤੇ ਨੀਤੀ ਨਿਰਮਾਤਾਵਾਂ (ਜਿਨ੍ਹਾਂ 'ਤੇ ਸੰਭਵਤ-ਅਨਾਜ ਦੀਆਂ ਵਧਦੀਆਂ ਕੀਮਤਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ) ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹ ਉਤਪਾਦਕ ਹੀ ਹਨ, ਜਿਨ੍ਹਾਂ ਦਾ ਉਤਪਾਦਨ ਦੇ ਸਾਧਨਾਂ 'ਤੇ ਕੰਟਰੋਲ ਹੋਣਾ ਚਾਹੀਦਾ ਹੈ। ਇਸੇ ਨਾਲ ਜ਼ਿੰਦਗੀ ਸੁਖਾਵੀਂ ਹੋ ਸਕਦੀ ਹੈ।

# ਅਸਲੀ ਨਕਲੀ–ਗਲਤ ਇਰਾਦੇ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

"ਕਿਸੇ ਦੋਧੀ ਦੀ ਵੱਡੀ ਤੋਂ ਵੱਡੀ ਗੱਪ 'ਤੇ ਬੇਸ਼ੱਕ ਯਕੀਨ ਕਰ ਲਿਉ ਪਰ ਅਗਰ ਉਹ ਆਪਣੇ ਕਿਸੇ ਪੀਰ ਪੈਗੰਬਰ ਦੀ ਕਸਮ ਵੀ ਖਾ ਕੇ ਇਹ ਦਾਅਵਾ ਕਰੇ ਕਿ ਮੈਂ ਦੁੱਧ ਵਿਚ ਪਾਣੀ ਨਹੀਂ ਰਲਾਉਂਦਾ, ਤਾਂ ਸਮਝ ਲਿਉ ਉਸ ਨੂੰ ਆਪਣੇ ਧਾਰਮਿਕ ਰਹਿਬਰਾਂ ਦਾ ਰੱਤੀ ਭਰ ਵੀ ਡਰ-ਭਉ ਨਹੀਂ ਹੈ।"

ਸਮੂਹ ਦੋਧੀਆਂ ਦੀ ਅਸਲੀਅਤ ਦਰਸਾਉਂਦਾ ਇਹ 'ਇਕਬਾਲੀਆ ਬਿਆਨ' ਦੇ ਕੇ ਚੰਡੀਗੜ੍ਹ ਸ਼ਹਿਰ ਲਾਗਲੇ ਮੋਹਾਲੀ ਦੇ ਕੁਝ ਘਰਾਂ ਵਿਚ ਰੋਜ਼ਾਨਾ ਦੁੱਧ ਵੰਡਣ ਵਾਲਾ ਇਕ ਦੋਧੀ ਭਾਈ, ਆਪਣੀ ਹੱਡ-ਬੀਤੀ ਸੁਣਾਉਂਦਾ ਹੁੰਦਾ ਸੀ।



ਭਗਤ ਪੂਰਨ ਸਿੰਘ

ਸਿਆਲ ਦੀ ਰੁੱਤੇ ਸਵੇਰੇ ਅੰਮ੍ਰਿਤ ਵੇਲੇ ਨਿਕਲ ਰਹੀਆਂ ਪ੍ਰਭਾਤ ਫੇਰੀਆਂ ਤੋਂ ਮੈਨੂੰ ਗਿਆਨ ਹੋਇਆ ਕਿ ਫਲਾਂ ਫਲਾਂ ਤਰੀਕ ਨੂੰ ਪਹਿਲੇ ਪਾਤਸ਼ਾਹ ਜੀ ਦਾ ਪ੍ਰਕਾਸ਼-ਪੁਰਬ ਮਨਾਇਆ ਜਾਣਾ ਹੈ। ਇਹ ਸੋਚਦਿਆਂ ਮੇਰੇ ਮਨ ਵਿਚ ਵੀ ਗੁਰੂ ਬਾਬਾ ਜੀ ਪ੍ਰਤੀ ਸ਼ਰਧਾ ਜਾਗ ਪਈ। 'ਮਨਾਂ! ਰੋਜ਼ ਹੀ ਦੁੱਧ 'ਚ ਪਾਣੀ ਮਿਲਾਈਦਾ ਹੈ, ਜੇ ਇਕ ਦਿਨ ਗੁਰੂ ਦੇ ਦਿਵਸ 'ਤੇ ਇਹ ਪਾਪ ਨਾ ਕਰਾਂ!!' ...ਪੱਕਾ ਫੈਸਲਾ ਕਰ ਲਿਆ ਕਿ ਗੁਰਪੁਰਬ ਵਾਲੇ ਦਿਨ ਇਕ ਦਮ ਪਿਉਰ ਦੁੱਧ ਸਾਰੇ ਘਰੀਂ ਦੇਣਾ ਹੈ।

ਲਉ ਜੀ ਗੁਰਪੁਰਬ ਵਾਲੇ ਦਿਨ, ਮੈਂ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ, ਦਿਲ ਹੀ ਦਿਲ ਕੀਤਾ ਹੋਇਆ ਕੌਲ ਪੁਗਾ ਦਿੱਤਾ। ਘਰੋਂ ਘਰੀਂ ਦੁੱਧ ਵਰਤਾਉਣ ਬਾਅਦ ਮੈਨੂੰ ਬੜਾ ਹੀ ਸਕੂਨ ਮਿਲਿਆ। ਤਸੱਲੀ ਜਿਹੀ ਹੋਈ। ਵਾਪਸ ਘਰ ਮੁੜਦਿਆਂ ਮੈਂ ਆਪਣੇ ਆਪ ਨੂੰ ਹਲਕਾ ਫੁੱਲ ਹੋਇਆ ਮਹਿਸੂਸ ਕਰ ਰਿਹਾ ਸਾਂ। ਮਾਨਸਿਕ ਖੇੜਾ ਮੇਰੇ 'ਤੇ ਤਾਰੀ ਰਿਹਾ। ਦੂਸਰਾ ਦਿਨ ਚੜ੍ਹਿਆ। ਸੁਵਖਤੇ ਡਰੰਮ ਚੁੱਕੇ। ਜਿਸ ਟਿਊਬਵੈੱਲ ਤੋਂ ਰੋਜ਼ਾਨਾ ਦੁੱਧ ਵਿਚ ਪਾਣੀ ਸੁੱਟਦਾ ਹੁੰਦਾ ਸਾਂ, ਉਹਦੇ ਕੋਲ ਆ ਕੇ ਸਾਈਕਲ ਖੜਾ ਕਰ ਲਿਆ। ਮਨ ਦੇ ਚੰਗੇ ਹਿੱਸੇ ਨੇ ਫਿਟਕਾਰ ਪਾਈ- "ਗੁਰੂ ਤਾਂ ਅੱਜ ਵੀ ਹਾਜ਼ਰ ਨਾਜ਼ਰ ਹੈ। ਅੱਜ ਇਹ ਪਾਪ ਕਿਉਂ?" ਸਾਈਕਲ ਤੋਰ ਲਿਆ। ਮੋਹਾਲੀ ਜਾ ਪਹੁੰਚਿਆ।

ਪਰ ਇਹ ਕੀ? ...ਪਹਿਲੇ, ਦੂਜੇ, ਤੀਜੇ, ਗੱਲ ਕੀ ਕੁਝ ਕੁ ਨੂੰ ਛੱਡ ਕੇ ਬਾਕੀ ਹਰੇਕ ਘਰੋਂ ਉਲਾਂਭੇ!...ਕਿਸੇ ਦੇ ਨਿਆਣਿਆਂ ਨੂੰ ਟੱਟੀਆਂ ਲੱਗ ਗਈਆਂ, ਕਿਸੇ ਦੇ ਸਿਆਣਿਆਂ ਨੂੰ!! ਕੋਈ ਆਖੇ- 'ਭਾਈ ਕੱਲ੍ਹ ਦੁੱਧ ਵਿਚ ਕੋਈ ਗੜਬੜ ਸੀ?' ਕਿਸੇ ਆਖਿਆ- 'ਡਰੰਮ ਜ਼ਰਾ ਸੁਆਰ ਕੇ ਧੋ ਲਿਆ ਕਰ ਯਾਰ।' ਕਿਸੇ ਘਰੋਂ ਇਹ 'ਕੰਪਲੇਂਟ' ਆਈ- 'ਪਹਿਲੋਂ ਤਾਂ ਬਾਈ ਤੇਰੀ ਕਦੇ ਕੋਈ ਸ਼ਿਕਾਇਤ ਨਹੀਂ ਆਈ, ਪਰ ਕੱਲ੍ਹ ਪਤਾ ਨਹੀਂ ਕੀ ਹੋਇਆ?...ਦੁੱਧ ਪੀ ਕੇ ਬਦ-ਹਜ਼ਮੀ ਜਿਹੀ ਹੋਈ ਪਈ ਐ!'

ਜੇ ਮਿਲਾਵਟ ਰਹਿਤ ਸ਼ੁੱਧ ਦੁੱਧ, ਲੋਕਾਂ ਦੀ ਸਿਹਤ ਖਰਾਬ ਕਰੇ ਅਤੇ ਮਿਹਦਿਆਂ 'ਚ ਬਦਹਜ਼ਮੀ ਪੈਦਾ ਕਰ ਦਏ, ਤਾਂ ਫਿਰ ਦੋਧੀ ਵਿਚਾਰੇ ਕੀ ਕਰਨ?

ਨਿਰੋਲ ਦੁੱਧ ਦੀ ਥਾਂ ਕੱਚੀ ਲੱਸੀ ਪੀ ਕੇ ਰਾਜ਼ੀ ਰਹਿਣ ਵਾਲਿਆਂ ਦਾ ਇਹ ਸੱਚਾ-ਕਿੱਸਾ, ਮੈਨੂੰ ਯਾਦ ਕਰਾਇਆ, ਅਗਸਤ ਮਹੀਨੇ ਦੇ ਪਹਿਲੇ ਹਫਤੇ ਛਪੀ ਇਕ ਪ੍ਰਵਾਸੀ ਅਖ਼ਬਾਰ ਦੀ ਭਾਵ-ਪੂਰਤ ਟਿੱਪਣੀ ਨੇ। ਕੈਨੇਡਾ ਤੋਂ ਛਪਣ ਵਾਲੀ ਇਸ ਪੰਜਾਬੀ ਅਖ਼ਬਾਰ ਦੇ ਸਿਆਣੇ ਸੰਪਾਦਕ ਨੇ ਫਰੰਟ ਪੇਜ਼ ਉਪਰ ਪਿੰਗਲਵਾੜਾ ਅੰਮ੍ਰਿਤਸਰ ਦੇ ਬਾਨੀ, ਸੱਚਖੰਡ ਵਾਸੀ ਭਗਤ ਪੂਰਨ ਸਿੰਘ ਜੀ ਦੀ ਫੋਟੋ ਛਾਪ ਕੇ, ਹੇਠਾਂ ਕੈਪਸ਼ਨ ਵਿਚ ਪੰਜਾਬੀਆਂ ਜਾਂ ਸਿੱਖਾਂ 'ਤੇ ਨਿਹੋਰਿਆਂ ਦੇ ਬਾਣ ਕੱਸ ਕੱਸ ਕੇ ਮਾਰੇ ਹੋਏ ਸਨ। ਕੈਪਸ਼ਨ-ਲੇਖਕ ਦਾ ਉਜ਼ਰ ਸੀ ਕਿ ਪੰਥ ਦੇ ਇਤਿਹਾਸਕ ਅਸਥਾਨਾਂ ਦੀ ਨਕਲ ਕਰਨ ਵਾਲੇ, ਜਨ-ਸਾਧਾਰਨ ਸਿੱਖਾਂ ਨੂੰ ਮੱਸਿਆ-ਪੁੰਨਿਆ ਦੇ ਭਰਮ ਜਾਲ 'ਚ ਫਸਾਉਣ ਵਾਲੇ ਅਤੇ ਆਪਣੇ ਸ਼ਰਧਾਲੂਆਂ ਨੂੰ ਡੇਰਿਆਂ ਨਾਲ ਜੋੜ ਕੇ, ਸਿੱਖ ਜਗਤ ਦੀ ਕੌਮੀ-ਯੱਕਜਹਿਤੀ ਨੂੰ ਖੰਡਿਤ ਕਰਨ ਵਾਲੇ ਅਣਗਿਣਤ ਬਾਬਿਆਂ ਦੇ ਜਨਮ-ਦਿਨ ਤੇ ਬਰਸੀਆਂ ਮਨਾਉਣੋਂ ਅਸੀਂ ਕਦੇ ਖੁੰਝਦੇ ਨਹੀਂ। ਪਰੰਤੂ ਕਰਮਯੋਗੀ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਬਰਸੀ ਦੇ ਸਬੰਧ ਵਿਚ ਨਾ ਕਿਸੇ ਅਖ਼ਬਾਰ ਨੇ ਕੋਈ ਜ਼ਿਕਰ ਕੀਤਾ ਅਤੇ ਨਾ ਹੀ ਕਿਸੇ ਗੁਰਦੁਆਰਾ ਕਮੇਟੀ ਨੇ ਭਗਤ ਜੀ ਦਾ ਨਾਮ ਲਿਆ। ਇਸੇ ਤਰ੍ਹਾਂ ਦਾ ਸ਼ਿਕਵਾ ਕਿਸੇ ਹੋਰ ਅਖ਼ਬਾਰ ਵਿਚ ਇਕ ਪਾਠਕ ਵਲੋਂ ਵੀ ਕੀਤਾ ਹੋਇਆ ਸੀ।

ਸੰਤ-ਬਾਬਿਆਂ ਦੇ ਜਨਮ-ਦਿਵਸ ਜਾਂ ਬਰਸੀਆਂ ਮਨਾਉਣ ਦਾ ਰਿਵਾਜ ਸਾਡੇ ਸਿੱਖ ਸਮਾਜ ਵਿਚ ਇਸ ਕਦਰ 'ਹਰਮਨ ਪਿਆਰਾ' ਹੋ ਚੁੱਕਾ ਹੈ ਕਿ ਪ੍ਰਸਿੱਧੀ ਪ੍ਰਾਪਤ ਡੇਰਿਆਂ ਮੱਠਾਂ ਦੇ ਮਹਾਂ-ਪੁਰਸ਼ਾਂ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੇ ਉਨ੍ਹਾਂ ਬਾਬਿਆਂ ਦੀਆਂ ਬਰਸੀਆਂ ਵੀ ਇੰਟਰਨੈਸ਼ਨਲ ਪੱਧਰ 'ਤੇ ਮਨਾਈਆਂ ਜਾਣ ਲੱਗ ਪਈਆਂ ਹਨ, ਜਿਨ੍ਹਾਂ ਨੂੰ ਸਥਾਨਕ ਇਲਾਕੇ ਦੇ ਦੋ-ਚਹੁੰ ਪਿੰਡਾਂ ਤੋਂ ਬਾਹਰ ਕੋਈ ਜਾਣਦਾ ਤੱਕ ਨਹੀਂ। ਐਸੇ ਅਣਗਿਣਤ ਮਹਾਂਪੁਰਸ਼ ਹੋਣਗੇ, ਜਿਨ੍ਹਾਂ ਦੇ ਡੇਰਿਆਂ ਦੇ ਲਾਗਲੇ ਪਿੰਡਾਂ ਵਾਲਿਆਂ ਨੇ ਇੰਗਲੈਂਡ, ਕਨੈਡਾ, ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਜਾ ਕੇ, 'ਆਪਣੇ ਸੰਤਾਂ' ਦੀ ਅੰਤਰਰਾਸ਼ਟਰੀ ਸ਼ਾਨ ਵਧਾਈ। ਜਿਸ ਸਮਾਜ ਵਿਚ ਬਰਸੀਆਂ ਦੀ ਬਰਸਾਤ ਇਤਨੇ ਵਿਰਾਟ ਰੂਪ 'ਚ ਬਰਸਦੀ ਹੋਵੇ, ਉੱਥੇ ਭਗਤ ਪੂਰਨ ਸਿੰਘ ਜਿਹੇ ਪਰਉਪਕਾਰੀ ਨੂੰ ਕਿਉਂ ਵਿਸਾਰ ਦਿੱਤਾ ਗਿਆ?

ਰੰਜ-ਭਰੇ ਇਸ ਸਵਾਲ ਦਾ ਜਵਾਬ ਲੱਭਣ ਲਈ ਪਹਿਲਾਂ ਆਪਾਂ ਗੁਰੂ ਬਾਬਾ ਜੀ ਦੀਆਂ 'ਕਲਯੁੱਗੀ ਵਰਤਾਰੇ' ਬਾਬਤ ਲਿਖੀਆਂ ਕੁਝ ਪੰਕਤੀਆਂ ਸ੍ਰਵਣ ਕਰ ਲਈਏ-

ਆਵਤ ਕਉ ਜਾਤਾ ਕਹੈ,
ਜਾਤੇ ਕਉ ਆਇਆ॥
ਪਰ ਕੀ ਕਉ ਅਪਨੀ ਕਹੈ,
ਅਪਨੋ ਨਹੀਂ ਭਾਇਆ॥
ਮੀਠੇ ਕਉ ਕਉੜਾ ਕਹੈ,
ਕੜੂਏ ਕਉ ਮੀਠਾ।
ਰਾਤੇ ਕੀ ਨਿੰਦਾ ਕਰੇ
ਐਸਾ ਕਲ ਮਹਿ ਡੀਠਾ॥

ਧਰਮ-ਮਾਰਗ 'ਤੇ ਚੱਲ ਕੇ ਸਚਿਆਰ ਬਣਨ ਜਾ ਰਹੇ ਨੂੰ 'ਗਿਆ ਗੁਜ਼ਰਿਆ' ਅਤੇ ਰੰਗ-ਤਮਾਸ਼ਿਆਂ ਤੇ ਭੋਗਾਂ ਵਿਚ ਖਚਿਤ ਹੋਣ ਵਾਲੇ ਨੂੰ 'ਗੁਣਵਾਨ' ਕਿਹਾ ਜਾਂਦੈ। ਹਰੇਕ ਬਿਗਾਨੀ ਵਸਤੂ ਨੂੰ ਆਪਣੀ, ਲੇਕਿਨ ਜੋ ਹਕੀਕਤ ਵਿਚ ਆਪਣਾ (ਪ੍ਰਭੂ) ਹੈ, ਉਹ ਚੰਗਾ ਨਹੀਂ ਲੱਗਦਾ। ਸ਼ਹਿਦ ਜਿਹੀ ਮਿਠਾਸ ਨੂੰ ਥੂਹ-ਥੂਹ, ਪਰ ਕੌੜੀਆਂ ਜ਼ਹਿਰਾਂ ਨੂੰ ਮਿੱਠੀਆਂ ਚੀਜ਼ਾਂ ਦੀ ਨਿਆਈਂ ਛਕਿਆ ਜਾਂਦੈ। ਧਰਮ-ਸਿਧਾਂਤ 'ਤੇ ਦ੍ਰਿੜ ਰਹਿਣ ਵਾਲਿਆਂ ਨੂੰ ਅਣਗੌਲਿਆਂ ਕਰਨਾ ਐਸਾ ਕਲਯੁਗ ਵਿਚ ਹੀ ਦੇਖਿਆ ਜਾਂਦੈ! ਅਸਲ ਵਲ ਪਿੱਠ ਮੋੜ ਕੇ, ਨਕਲ ਨੂੰ ਅਸਲ ਨਾਲੋਂ ਵੀ ਵਧ ਕੇ ਪਿਆਰਿਆ/ਸਤਿਕਾਰਿਆ ਜਾ ਰਿਹਾ ਹੈ। ਸੱਚ ਦੀ ਥਾਂ, ਸੱਚ ਦਾ ਲਿਬਾਦਾ ਪਹਿਨ ਕੇ ਬੈਠੇ ਝੂਠ ਦੀ ਵਾਹ ਵਾਹ ਕੀਤੀ ਜਾ ਰਹੀ ਹੈ। ਸ਼ਿਕਾਰ ਦੀ ਤਾਕ ਵਿਚ ਅੱਖਾਂ ਮੀਸਣੀਆਂ ਜਿਹੀਆਂ ਕਰਕੇ ਬੈਠੇ ਲੂੰਬੜ ਨੂੰ 'ਧਰਮਾਤਮਾ' ਮੰਨਿਆ ਜਾ ਰਿਹੈ। ਲੋੜ ਪੈਣ 'ਤੇ ਹਰ ਕਿਸਮ ਦਾ ਪਖੰਡ ਕਰਨ ਵਾਲੇ ਨੂੰ 'ਨੀਤੀ-ਵੇਤਾ' ਕਹਿ ਕੇ ਵਡਿਆਇਆ ਜਾ ਰਿਹਾ ਹੈ। ਧਰਮ ਦੇ ਅਧੀਨ ਚੱਲਣ ਦੀ ਬਜਾਏ ਧਰਮ ਨੂੰ ਆਪਣੇ ਅਧੀਨ ਕਰਨ ਦੀਆਂ ਕੁਚਾਲਾਂ ਚੱਲਣ ਵਾਲਿਆਂ ਨੂੰ ਰਹਿਬਰ ਮਿੱਥਿਆ ਜਾ ਰਿਹਾ ਹੈ। ਉਲਟੀ ਗੰਗਾ ਵਗਣ ਵਾਲੇ ਮਾਹੌਲ ਵਿਚ ਭਗਤ ਪੂਰਨ ਸਿੰਘ ਦਾ ਕਿਸ ਨੂੰ ਚੇਤਾ ਰਹਿ ਸਕਦਾ ਹੈ?

ਪਿਛਲੇ ਹਫਤੇ ਹੀ ਕੁਝ ਸਭਾ-ਸੁਸਾਇਟੀਆਂ ਦੇ ਕਰਤਿਆਂ-ਧਰਤਿਆਂ ਦਾ ਇਕ ਅਖ਼ਬਾਰੀ ਬਿਆਨ ਪੜ੍ਹਿਆ ਜਿਸ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਪਰਮਜੀਤ ਸਿੰਘ ਸਰਨਾ ਦੀ ਨਿਖੇਧੀ ਕਰਦਿਆਂ, ਮੁੱਖ ਮੰਤਰੀ ਪੰਜਾਬ ਸ. ਬਾਦਲ ਤੇ ਉਨ੍ਹਾਂ ਦੇ ਪੁੱਤਰ ਦੀ ਇਸ ਗੱਲੋਂ ਭਰਪੂਰ ਸ਼ੋਭਾ ਕੀਤੀ ਗਈ ਸੀ ਕਿ ਉਹ ਬੱਲਾਂ ਵਾਲੇ ਡੇਰੇ ਪਹੁੰਚ ਕੇ ਰਵਿਦਾਸੀਆ ਭਾਈਚਾਰੇ ਦੇ ਦੁੱਖ ਵਿਚ ਸ਼ਰੀਕ ਹੋਏ।

ਜਥੇਦਾਰ ਸਰਨਾ ਦੇ ਬਿਆਨਾਂ ਦੀ ਨਿੰਦਾ ਵਾਲੀ ਗੱਲ ਤਾਂ ਸਮਝ ਵਿਚ ਆਉਂਦੀ ਹੈ, ਪਰ ਬਾਦਲ-ਜੋੜੀ ਦੇ ਬੱਲਾਂ ਪਹੁੰਚਣ ਤੋਂ ਬਾਗੋ ਬਾਗ ਹੋਣ ਵਾਲੇ ਸੱਜਣ ਕੀ ਇਹ ਸਮਝਦੇ ਹਨ ਕਿ ਦੋਹਾਂ ਬਾਦਲਾਂ ਨੂੰ ਸੰਤਾਂ ਦੀ ਹੱਤਿਆ ਦਾ ਬਹੁਤ ਹੀ 'ਸਦਮਾ' ਲੱਗਿਆ? ਉਨ੍ਹਾਂ ਹੀ ਦਿਨਾਂ ਵਿਚ ਆਜ਼ਾਦੀ ਘੁਲਾਟੀਏ, ਸੌ ਸਾਲ ਤੋਂ ਵਧ ਉਮਰ ਵਾਲੇ ਬਾਬਾ ਭਗਤ ਸਿੰਘ ਬਿਲਗਾ ਦੀ ਮ੍ਰਿਤਕ ਦੇਹ, ਇੰਗਲੈਂਡ ਤੋਂ ਪੰਜਾਬ ਲਿਜਾ ਕੇ ਸੰਸਕਾਰੀ ਗਈ ਸੀ। ਉਨ੍ਹਾਂ ਦੇ ਦਾਹ-ਸੰਸਕਾਰ ਵੇਲੇ ਬਾਦਲ ਸਰਕਾਰ ਦਾ ਕੋਈ ਮੰਤਰੀ-ਸੰਤਰੀ ਵੀ ਨਹੀਂ ਸੀ ਪੁੱਜਾ।

ਇਸ ਘਟਨਾਕ੍ਰਮ ਨੂੰ ਦੇਖਦਿਆਂ, ਸਿਆਸਤ ਦੀ ਨਾਂ-ਮਾਤਰ ਜਾਣਕਾਰੀ ਰੱਖਣ ਵਾਲਾ ਬੰਦਾ ਵੀ ਕਹਿ ਉੱਠੇਗਾ ਕਿ ਨੂਰਮਹਿਲ ਵਿਧਾਨ ਸਭਾ ਹਲਕੇ ਦੀਆਂ ਵੋਟਾਂ ਦੀ ਗਿਣਤੀ-ਮਿਣਤੀ ਹੀ ਦੋਹਾਂ ਬਾਦਲਾਂ ਨੂੰ ਬੱਲਾਂ ਡੇਰੇ ਲੈ ਕੇ ਗਈ ਸੀ। ਮਹਿਜ਼ ਵੋਟਾਂ ਦੀ ਗਰਜ਼ ਖਾਤਿਰ ਕੀਤਾ ਗਿਆ 'ਸਟੰਟ' ਪ੍ਰਸ਼ੰਸਾ ਦੇ ਢੇਰ ਦਿਵਾ ਗਿਆ;

ਸਾਜਿਸ਼ ਲਈ ਨਿੱਤ ਬੜੇ ਬਹਾਨੇ, ਮੋੜ ਮੁੜਨ ਲਈ ਮੋੜ ਬੜੇ।

ਐਸੇ ਦੌਰ 'ਚ ਗਲਤ ਇਰਾਦੇ, ਅਸਲੀ ਗੱਲ 'ਤੇ ਔਣ ਕਦੋਂ?

ਚਲੋ ਖ਼ੈਰ ਆਪਾਂ ਪਿੰਗਲਵਾੜੇ ਵਾਲੇ ਭਗਤ ਜੀ ਦੀ ਸਾਲਾਨਾ ਯਾਦ ਨੂੰ ਭੁਲਾ ਦੇਣ ਦੇ ਵਿਸ਼ੇ ਵਲ ਆਈਏ। ਦੇਖਿਆ ਜਾਵੇ ਤਾਂ ਇਸ ਗੁਨਾਹ ਦੇ 'ਕਸੂਰਵਾਰ' ਭਗਤ ਪੂਰਨ ਸਿੰਘ ਜੀ ਨੂੰ ਹੀ ਠਹਿਰਾਇਆ ਜਾ ਸਕਦਾ ਹੈ। ਉਨ੍ਹਾਂ ਦੀਆਂ ਬਰਸੀਆਂ ਮਨਾ ਮਨਾ ਕੇ ਤਾਂ ਅਸੀਂ ਧੂੜਾਂ ਪੁੱਟ ਦੇਣੀਆਂ ਸਨ, ਜੇ ਕਿਤੇ ਉਨ੍ਹਾਂ ਪਿੰਗਲਵਾੜੇ ਦੀ ਥਾਂ, ਆਪਣਾ ਆਲੀਸ਼ਾਨ ਡੇਰਾ ਤਾਮੀਰ ਕਰਵਾਇਆ ਹੁੰਦਾ। ਦੁਖੀਏ, ਬੇ-ਸਹਾਰੇ ਲੂਲ੍ਹੇ ਲੰਗੜਿਆਂ ਦੀ ਬਜਾਏ ਉੱਥੇ ਹੱਟੇ-ਕੱਟੇ ਸੇਵਾਦਾਰ ਰੱਖੇ ਹੁੰਦੇ। ਪਿੰਗਲਵਾੜੇ ਦਾ ਲੋਹ-ਲੰਗਰ ਤਪਦਾ ਰੱਖਣ ਲਈ ਭਗਤ ਜੀ ਤਾਂ ਖੁਦ ਰਿਕਸ਼ਾ ਚਲਾ ਕੇ ਘਰ ਘਰ, ਬਾਜ਼ਾਰੋ ਬਾਜ਼ਾਰ ਉਗਰਾਹੀ ਕਰਦੇ ਰਹੇ।

ਇਹ 'ਦੁਕੰਮਣ' ਕਰਨ ਨਾਲੋਂ ਜੇ ਕਿਤੇ ਉਨ੍ਹਾਂ ਲਗਜ਼ਰੀ ਗੱਡੀ ਲਈ ਹੁੰਦੀ, ਵੱਖਰੇ ਹੀ ਸਟਾਈਲ ਨਾਲ ਦਸਤਾਰ ਦਾ ਹੇਠਲਾ ਲੜ ਚੌੜਾ ਜਿਹਾ ਕਰਕੇ ਮੋਢਿਆਂ ਉੱਪਰ ਫੈਲਾਉਣ ਦਾ 'ਸਵਾਂਗ' ਰਚਿਆ ਹੁੰਦਾ...ਅਗਰ ਉਨ੍ਹਾਂ ਸਬਰ-ਸਬੂਰੀ ਵਾਲੇ ਜੀਵਨ 'ਥੋੜ੍ਹਾ ਸੰਵਹਿ ਥੋੜ੍ਹਾ ਹੀ ਖਾਵਹਿ' ਦਾ ਤਿਆਗ ਕਰਕੇ, ਖੁੱਲ੍ਹਾ ਡੁੱਲ੍ਹਾ ਛਕਦਿਆਂ, ਖੰਡ ਦੀ ਬੋਰੀ ਜਿੱਡਾ ਢਿੱਡ ਵਧਾਇਆ ਹੁੰਦਾ...ਸਿੱਖੀ ਦੀ ਸੇਵਾ ਦੇ ਨਾਮ ਹੇਠ ਆਪਣੀ ਕੋਈ ਅਲੱਗ ਸੰਪਰਦਾ-ਟਕਸਾਲ ਚਲਾ ਕੇ ਦੂਰ-ਦਰਾਜ਼ ਤੱਕ ਉਸਦੀਆਂ ਬ੍ਰਾਂਚਾਂ ਕਾਇਮ ਕੀਤੀਆਂ ਹੁੰਦੀਆਂ...ਆਪਣੇ ਡੇਰੇ ਵਿਚ ਅਪੰਗਾਂ-ਅਪਾਹਜਾਂ ਦੀ ਮਲ੍ਹਮ-ਪੱਟੀ ਕਰਨ ਨਾਲੋਂ, ਅਖੰਡ ਪਾਠਾਂ ਦੀਆਂ 'ਕ੍ਰੋਤਰੀਆਂ ਚਲਾਉਣ ਲਈ ਕਈ ਦਰਜਣ ਪਾਠੀ ਸਿੰਘ ਰੱਖੇ ਹੁੰਦੇ...ਤਾਂ ਫਿਰ ਹੁਣ ਤੱਕ ਉਨ੍ਹਾਂ ਦੇ ਜਾਨਸ਼ੀਨ ਵੀ ਕਈ ਬਾਬੇ ਬਣ ਚੁੱਕੇ ਹੋਣੇ ਸਨ...ਉਨ੍ਹਾਂ ਸਾਰਿਆਂ ਨੇ ਇਕ ਦੂਜੇ ਤੋਂ ਵਧ ਕੇ ਬਰਸੀਆਂ ਮਨਾਉਣੀਆਂ ਸਨ ਭਗਤ ਜੀ ਦੀਆਂ! ਮਿਲਾਵਟੀ ਦੁੱਧ ਦੇ ਆਦੀ ਲੋਕਾਂ ਨੂੰ ਨਕਲੀ ਹੀ ਧੂਅ ਪਾਉਂਦੇ ਹਨ, ਅਸਲੀ ਨਹੀਂ !

## ਸ਼ਕਤੀ

*-ਸੰਤੋਖ ਸਿੰਘ ਮਿਨਹਾਸ*

ਹੇ ਸ਼ਕਤੀ
ਮੇਰੀ ਢਾਰਿਆਂ ਸੰਗ ਦੋਸਤੀ ਬਣੀ ਰਹੇ
ਖੇਤਾਂ ਦੇ ਪੁੱਤ ਮੇਰੇ ਹਮਸਾਏ ਰਹਿਣ
ਮੇਰੀ ਮਿੱਟੀ ਦੀ ਮਹਿਕ
ਮੇਰੇ ਸਾਹਾਂ ਚੋਂ ਆਉਂਦੀ ਰਹੇ
ਕਦੀ ਵੀ ਬੇਮੁਖ ਨਾ ਹੋਵਾਂ
ਸਾਹ ਤੋਂ ਪਿਆਰੇ ਆਪਣੇ ਲੋਕਾਂ ਕੋਲੋਂ।
ਹੇ ਸ਼ਕਤੀ
ਆਪਣਾ ਚਾਨਣ ਦੂਜਿਆਂ ਸੰਗ ਵੰਡਾਂ
ਸੁੱਖ ਵਿਹੂਣੇ ਘਰ ਦਾ ਦੁੱਖ
ਮੇਰਾ ਨਸੀਬ ਬਣੇ।
ਜਿਨ੍ਹਾਂ ਕੋਲ ਮਿੱਟੀ ਸਿਵਾ
ਖੇਡਣ ਲਈ ਕੁਝ ਵੀ ਨਹੀਂ
ਉਨ੍ਹਾਂ ਹੱਥਾਂ 'ਚ ਚਾਵਾਂ ਦੇ ਖਿਡੌਣੇ ਬਣ
ਨਿਆਣੀ ਉਮਰ ਦੀ ਰੀਝ ਪੁਗਾਵਾਂ
ਨਿੱਕੇ-ਨਿੱਕੇ ਹੱਥਾਂ 'ਚ ਖੇਡਦਿਆਂ
ਖਿੰਡ ਪੁੰਡ ਜਾਵਾਂ।
ਹੇ ਸ਼ਕਤੀ
ਜੇ ਮੈਂ ਰੁੱਕਾਂ ਮੇਰੇ ਪੈਰਾਂ ਨੂੰ ਤੋਰ ਬਖਸ਼ੀਂ
ਜੇ ਝੁਕਾਂ ਤਾਂ ਨਿਰਬਲ ਦੀ ਸਰਦਲ ਤੇ ਝੁਕਾਂ
ਜ਼ਾਲਮ ਅੱਗੇ ਮੈਂ ਸਾਲਮ ਦਾ ਸਾਲਮ ਖੜ੍ਹਾਂ।
ਜੇ ਭਟਕਾਂ ਤਾਂ ਮੋੜ ਲਿਆਵੀਂ
ਮੇਰੀਆਂ ਪੈੜਾਂ ਦਾ ਸਫ਼ਰ
ਅਣਗੌਲੇ ਲੋਕਾਂ ਦੇ ਰਾਹ ਨੂੰ ਜਾਵੇ।
ਹੇ ਸ਼ਕਤੀ
ਜਿਨ੍ਹਾਂ ਨੂੰ ਚਾਵਾਂ ਦਾ ਮਾਤਮ
ਮਨ ਅੰਦਰ ਹੀ ਮਨਾਉਣਾ ਪਿਆ
ਉਨ੍ਹਾਂ ਹਿਰਦਿਆਂ 'ਚ
ਜਸ਼ਨਾਂ ਦੇ ਫੁੱਲ ਬਣ ਖਿੜ੍ਹਾਂ।
ਉਹ ਕਦੇ ਵੀ ਹਾਰੇ ਨਾ ਰਹਿਣ
ਜਿੱਤ ਦਾ ਸੂਰਜ ਉਨ੍ਹਾਂ ਦੇ ਮੱਥੇ 'ਚ ਉਗੇ।
ਬੰਦਿਆਂ ਵਾਂਗੂ ਉਹ ਹੱਸਦੇ-ਵੱਸਦੇ ਰਹਿਣ।
ਹੇ ਸ਼ਕਤੀ
ਮਰਦਾਨਾ ਮੇਰਾ ਯਾਰ ਰਹੇ
ਨਾਨਕ ਤੇ ਬੁੱਧ ਦੇ ਬੋਲ
ਮੇਰੀ ਕਵਿਤਾ ਨੂੰ ਸੋਝੀ ਦੇਵਣ।
ਚੰਡੀ ਮੇਰਾ ਸਿਮਰਣ ਬਣੇ
ਕਬੀਰ ਦੇ ਮੈਂ ਨਾਲ ਤੁਰਾਂ
ਸਮਿਆਂ ਕੋਲੋਂ ਗੁਆਚ ਗਿਆ ਜੋ
ਉਹ ਮੇਰੀ ਤਲਾਸ਼ ਬਣੇ।
ਇਸ ਸਭ ਕਾਸੇ ਨੂੰ ਢੂੰਡਦਿਆਂ
ਸਾਰੀ ਉਮਰ ਮੈਂ ਜੀਵਾਂ ਥੀਵਾਂ।
ਹੇ ਸ਼ਕਤੀ
ਤੂੰ ਸਦਾ ਸਦਾ ਮੇਰੇ ਅੰਗ ਸੰਗ ਰਹੀਂ।


Attention Homeowners



Nirmal Singh Mann

ਤੁਹਾਡੇ ਘਰ ਦਾ ਲੋਨ ਮੋਡੀਫਾਈ ਹੋ ਸਕਦਾ ਹੈ ਬੇਸ਼ੱਕ:

- ਤੁਹਾਡਾ ਕਰੈਡਿਟ ਅੱਛਾ ਹੈ ਜਾਂ ਬਿਲਕੁਲ ਖਰਾਬ?
- ਕੀ ਤੁਸੀਂ ਮਾਲੀ ਤੌਰ 'ਤੇ ਔਖੇ ਸਮੇਂ 'ਚੋਂ ਲੰਘ ਰਹੇ ਹੋ?
- ਤੁਹਾਡੇ ਘਰ ਦੀ ਕੀਮਤ ਘਟ ਗਈ ਹੈ?
- ਕੀ ਤੁਸੀਂ Neg ARM/Option ARM ਲੋਨ ਵਿਚ ਹੋ?
- ਰੀਫਾਇਨਾਂਸ ਕਰਾਉਣ ਵਿਚ ਤੁਹਾਨੂੰ ਦਿੱਕਤ ਆ ਰਹੀ ਹੈ?

ਕਰਜੇ ਦੀ ਆਪਣੀ ਮੂਲ ਰਕਮ ਦਾ ਚੋਖਾ ਹਿੱਸਾ ਘਟਾਓ,
ਆਪਣਾ ਵਿਆਜ ਦਰ 1% ਤੱਕ ਘਟਾਓ

ਮੈਂ ਤੁਹਾਡੀ ਮਦਦ ਕਰ ਸਕਦਾ ਹਾਂ, ਸਲਾਹ ਲਈ ਕਾਲ ਕਰੋ

Nirmal Singh Mann can help reduce your payment as low as 1%

Free Consultation Call (877) 899-6244

or www.tryemc.com



*ਗਿਆਨੀ ਕੁਲਜੀਤ ਸਿੰਘ ਦਿਲਬਰ ਨਵਾਂ ਸ਼ਹਿਰ ਵਾਲੇ ਅਤੇ ਉਨ੍ਹਾਂ ਦੇ ਢਾਡੀ ਜਥੇ ਦਾ ਸ਼ਹੀਦ ਊਧਮ ਸਿੰਘ ਸਭਾ ਨਿਊਯਾਰਕ ਵਲੋਂ ਸਨਮਾਨ। ਭਾਈ ਦਿਲਬਰ ਨਾਲ ਫੋਨ 510-478-4595 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਫੋਟੋ:ਤਰਲੋਚਨ ਸਿੰਘ ਦੁਪਾਲਪੁਰ*

## ਵਾਤਾਵਰਣ ਦੀ ਤਬਾਹੀ ਸਾਡੇ ਲਈ ਖਤਰਾ-ਮਨਮੋਹਨ ਸਿੰਘ

**ਨਵੀਂ ਦਿੱਲੀ:** ਬਹੁਪੱਖੀ ਵਾਤਾਵਰਣ ਸੰਕਟ ਨੂੰ ਭਾਰਤ ਲਈ ਚਿੰਤਾਜਨਕ ਕਰਾਰ ਦਿੰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਵਿਤਾਵਰਣ ਪ੍ਰਦੂਸ਼ਣ ਤੋਂ ਇਲਾਵਾ ਨਦੀਆਂ ਨੂੰ ਸਾਫ਼ ਤੇ ਮੌਸਮੀ ਤਬਦੀਲੀਆਂ ਬਾਰੇ ਠੋਸ ਕਦਮ ਚੁੱਕਣੇ ਪੈਣਗੇ। ਵੱਖ-ਵੱਖ ਸੂਬਿਆਂ ਦੇ ਵਾਤਾਵਰਣ ਮੰਤਰੀਆਂ ਦੀ ਇੱਕ ਰੋਜ਼ਾ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਮੌਸਮੀ ਤਬਦੀਲੀਆਂ ਈਕੋ ਸਿਸਟਮ ਨੂੰ ਤਬਾਹ ਕਰਨ ਦੇ ਨਾਲ-ਨਾਲ ਪਾਣੀ ਦੀ ਘਾਟ ਦਾ ਕਾਰਨ ਬਣ ਗਈਆਂ ਹਨ ਤੇ ਇਨ੍ਹਾਂ ਸਮੱਸਿਆਵਾਂ ਵਿਚ ਵਾਧਾ ਸਾਡੀ ਸਿਹਤ ਲਈ ਵੀ ਘਾਤਕ ਹੈ। ਡਾ. ਸਿੰਘ ਨੇ ਕਿਹਾ ਕਿ ਵਾਤਾਵਰਣ ਦੀ ਅਧੋਗਤੀ ਦੇਸ਼ ਦੀ ਆਰਥਕ ਸੁਰੱਖਿਆ ਲਈ ਵੱਡਾ ਖ਼ਤਰਾ ਹੈ।

ਇਸ ਕਾਨਫਰੰਸ ਦੌਰਾਨ ਡਾ. ਸਿੰਘ ਨੇ ਵਾਤਾਵਰਣ ਨਾਲ ਜੁੜੀਆਂ ਯੋਜਨਾਵਾਂ ਨੂੰ ਮਨਜ਼ੂਰੀ ਦਿੱਤੇ ਜਾਣ 'ਚ ਹੋ ਰਹੇ ਭ੍ਰਿਸ਼ਟਾਚਾਰ ਨੂੰ ਵੀ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਇਹ ਇੱਕ ਨਵੀਂ ਕਿਸਮ ਦਾ ਲਾਇਸੈਂਸ ਰਾਜ ਬਣ ਗਿਆ ਹੈ।

Bob Lynn Edwards, Jr.
Attorney at Law
Free Initial Consultation
Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.
www.BobEdwards.com
Ph:510-770-0500
3869 Peralta Boulevard, Fremont CA 94536-3712






*Bakersfield CA August 22, 2009*
*Los Vages NV August 23, 2009*
*Show In USA In August 2009 Call- Satti 916-410-9741*



Attention Business Owners!!
Are You Worried About Your Business When You`re Not There?
Are Worries Keeping You Awake?
*Watch Your Business AnyTime Any Place.*
*Promotion For July*
*Free Cash Register Interface With Purchase Of Our DVR System*
NO PAYMENTS
For 3 Months
Financing & Lease Options For 12, 24, 36 Months Available.
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਊਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
ਵਾਜਬ ਕੀਮਤ, ਸਹੀ ਕੰਮ
DVR UNLIMITED
*Call:1-800-780-0032* *www.dvrunlimited.com*




Sep 19th-Madam Walker Theatre 617 Indiana Ave, Indianpolis 46202 IN
Contact Lakhvir Johal for info 718-610-9788
Sep 25th-14-15 Stafford Civic Center Constituion Ave Stadfford TX 77477

# ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਸੱਤਵਾਂ ਖੇਡ ਮੇਲਾ ਵੇਖਦਿਆਂ

**ਪ੍ਰਿੰ. ਸਰਵਣ ਸਿੰਘ**

**ਸ਼ਿਕਾਗੋ:** ਅਮਰੀਕਾ 'ਚ ਪਹਿਲਾਂ ਕੈਲੀਫੋਰਨੀਆ ਵੱਲ ਪੰਜਾਬੀ ਖੇਡ ਮੇਲੇ ਹੋਣ ਲੱਗੇ ਸਨ। ਫਿਰ ਨਿਊਯਾਰਕ ਵਿਚ ਵੀ ਹੋਣ ਲੱਗ ਪਏ। ਖੇਡ ਮੇਲਿਆਂ ਦੀ ਇਹ ਲਹਿਰ ਸਿਆਟਲ ਹੁੰਦੀ ਹੋਈ ਅਮਰੀਕਾ ਦੇ ਮਿਡਵੈਸਟ ਵਿਚ ਹੁਣ ਜ਼ੋਰਾਂ 'ਤੇ ਹੈ। ਸ਼ਿਕਾਗੋ 'ਚ ਹਰ ਸਾਲ ਦੋ ਖੇਡ ਮੇਲੇ ਭਰਦੇ ਹਨ। ਹੁਣ ਤਾਂ ਡਿਟਰਾਇਟ, ਮਿਲਵਾਕੀ, ਇੰਡੀਅਨਐਪੋਲਿਸ, ਸਿਨਸਿਨੈਟੀ ਤੇ ਡੇਅਟਨ ਆਦਿ ਸ਼ਹਿਰਾਂ ਵਿਚ ਵੀ ਪੰਜਾਬੀ ਮੇਲੇ ਲੱਗਣ ਲੱਗ ਪਏ ਹਨ। ਅਜੇ ਪੰਜਾਬੀਆਂ ਦੇ ਮਨੋਰੰਜਨੀ ਮੇਲਿਆਂ ਦੀ ਲਹਿਰ ਨੇ ਹੋਰ ਅੱਗੇ ਵਧਣਾ ਹੈ। ਮਨੋਰੰਜਨ ਮਨੁੱਖੀ ਮਨ ਦੀ ਓਨੀ ਹੀ ਲੋੜ ਹੈ ਜਿੰਨੀ ਢਿੱਡ ਲਈ ਰੋਟੀ ਦੀ। ਪਰਵਾਸੀ ਪੰਜਾਬੀ ਤਾਂ ਉਂਜ ਹੀ ਵਿਜੋਗੇ ਹੋਏ ਬੰਦੇ ਹਨ। ਜਨਮ ਭੋਇੰ ਤੋਂ



ਉਖੜੇ ਹੋਏ। ਉਨ੍ਹਾਂ ਨੂੰ ਮਨੋਰੰਜਨ ਖਾਸ ਕਰ ਕੇ ਦੇਸੀ ਮਨੋਰੰਜਨ ਹੋਰਨਾਂ ਨਾਲੋਂ ਵੱਧ ਚਾਹੀਦੈ।

ਪਿਛਲੇ ਦਿਨੀਂ ਮੈਂ ਡਿਟਰਾਇਟ ਦਾ ਪੰਜਾਬੀ ਮੇਲਾ ਵੇਖਣ ਗਿਆ ਤਾਂ ਉਥੇ ਸ਼ਿਕਾਗੋ ਦੇ ਹੈਪੀ ਹੀਰ ਹੋਰੀਂ ਮਿਲੇ। ਉਹ ਪੂਰਾ ਜਥਾ ਲੈ ਕੇ ਢੁੱਕੇ ਸਨ। ਅਜਾਇਬ ਸਿੰਘ ਲੱਖਨ, ਲਵਦੀਪ ਸਿੰਘ, ਸੰਤੋਖ ਸਿੰਘ ਡੀ. ਸੀ, ਸੋਨੂੰ ਖਹਿਰਾ ਤੇ ਕੁਝ ਹੋਰ ਸੱਜਣ ਮੇਲਾ ਵੇਖਣ ਆਏ ਹੋਏ ਸਨ। ਉਹ ਕਹਿਣ ਲੱਗੇ, "ਅਸੀਂ ਸ਼ਿਕਾਗੋ ਵਿਚ ਨੌਂ ਅਗਸਤ ਨੂੰ ਕਬੱਡੀ ਦਾ ਟੂਰਨਾਮੈਂਟ ਕਰਾ ਰਹੇ ਹਾਂ। ਤੁਹਾਨੂੰ ਸ਼ਿਕਾਗੋ ਦੇ ਮੇਲੇ 'ਚ ਆਉਣ ਦਾ ਸੱਦਾ ਹੈ। ਪ੍ਰੋ. ਮੱਖਣ ਸਿੰਘ ਵੀ ਆ ਰਹੇ ਹਨ।" ਮੈਂ ਸੱਦਾ ਪਰਵਾਨ ਕਰਦਿਆਂ ਕਹਿ ਦਿੱਤਾ ਕਿ ਜ਼ਰੂਰ ਆਵਾਂਗਾ।

ਸ਼ਿਕਾਗੋ ਦੇ ਖੇਡ ਮੇਲੇ ਮੈਂ ਪਹਿਲਾਂ ਵੀ ਵੇਖੇ ਸਨ। 2003 ਵਿਚ ਕੁਸ਼ਤੀ ਕੋਚ ਗੁਰਚਰਨ ਸਿੰਘ ਢਿੱਲੋਂ ਤੇ ਮੈਂ ਟੋਰਾਂਟੋ ਤੋਂ ਬੱਸ ਰਾਹੀਂ ਮਿਲਵਾਕੀ ਗਏ ਸਾਂ ਜਿਥੇ ਪਹਿਲਵਾਨ ਕਰਤਾਰ ਸਿੰਘ ਦਾ ਮਾਣ ਸਨਮਾਨ ਹੋਣਾ ਸੀ। ਉਸ ਨੇ ਵਿਸ਼ਵ ਵੈਟਰਨ ਚੈਂਪੀਅਨਸ਼ਿਪਸ 'ਚੋਂ ਅੱਠਵੀਂ ਵਾਰ ਸੋਨੇ ਦਾ ਤਮਗਾ ਜਿੱਤਿਆ ਸੀ। ਮਿਲਵਾਕੀ 'ਚ ਦਰਸ਼ਨ ਸਿੰਘ ਧਾਲੀਵਾਲ ਦੇ ਵੱਡੇ ਭਰਾ ਸੁਰਜੀਤ ਸਿੰਘ ਰੱਖੜਾ, ਹਰਭਜਨ ਸਿੰਘ ਸੰਧਵਾਲੀਆ, ਬਚਨ ਸਿੰਘ ਗਿੱਲ, ਪਾਖਰ ਸਿੰਘ ਸਿੱਧੂ, ਬਲਬੀਰ ਸਿੰਘ, ਅਮਰਜੀਤ ਸਿੰਘ ਤੇ ਮਹਿੰਦਰ ਸਿੰਘ ਜਿਹੇ ਸੱਜਣਾਂ ਨਾਲ ਮੇਲ ਹੋਇਆ ਸੀ। ਉਹ ਗੈਸ ਸਟੇਸ਼ਨਾਂ ਦੇ ਮਾਲਕ ਹਨ। ਰੱਖੜਾ ਪਰਿਵਾਰ ਦੇ ਕਾਰੋਬਾਰ ਦਾ ਅੰਤ ਨਹੀਂ।

ਅਗਲੇ ਦਿਨ ਸ਼ਿਕਾਗੋ ਨੂੰ ਚਾਲੇ ਪਾਏ ਜਿਥੇ ਕਬੱਡੀ ਦਾ ਕੌਮਾਂਤਰੀ ਟੂਰਨਾਮੈਂਟ ਹੋਣਾ ਸੀ। ਵਿਸ਼ਾਲ ਝੀਲਾਂ ਦੀ ਧਰਤੀ ਦੇ ਇਤਿਹਾਸਕ ਸ਼ਹਿਰ ਸ਼ਿਕਾਗੋ ਮੈਂ ਪਹਿਲੀ ਵਾਰ ਜਾ ਰਿਹਾ ਸਾਂ। ਬੜਾ ਕੁਝ ਸੁਣ ਰੱਖਿਆ ਸੀ ਸ਼ਿਕਾਗੋ ਬਾਰੇ। ਮੈਨੂੰ ਸੰਤੋਖ ਸਿੰਘ ਧੀਰ ਦੀ ਮਈ ਦਿਵਸ ਬਾਰੇ ਲਿਖੀ ਕਵਿਤਾ ਯਾਦ ਆ ਰਹੀ ਸੀ ਜੋ ਮੈਂ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਰਿਹਾ ਸਾਂ। ਪਹਿਲੀ ਮਈ 1886 ਦੇ ਦਿਨ ਸ਼ਿਕਾਗੋ ਵਿਚ ਮਜ਼ਦੂਰਾਂ ਦੀ ਹੜਤਾਲ ਹੋਈ ਸੀ ਤੇ ਹੜਤਾਲੀ ਮਜ਼ਦੂਰਾਂ 'ਤੇ ਗੋਲੀ ਚੱਲੀ ਸੀ। ਇਕ ਮਜ਼ਦੂਰ ਦੇ ਲਹੂ ਨਾਲ ਭਿੱਜੀ ਕਮੀਜ਼ ਸੋਟੀ 'ਤੇ ਟੰਗ ਲਈ ਗਈ ਸੀ ਜਿਸ ਤੋਂ ਲਾਲ ਝੰਡੇ ਦਾ ਜਨਮ ਹੋਇਆ। ਉਹ ਲਾਲ ਝੰਡਾ ਪਿੱਛੋਂ ਇਨਕਲਾਬ ਦਾ ਚਿੰਨ੍ਹ ਬਣਿਆ।

2003 ਦਾ ਕਬੱਡੀ ਟੂਰਨਾਮੈਂਟ ਸ਼ਾਨਦਾਰ ਸ਼ਾਮਬਰਗ ਸਟੇਡੀਅਮ ਵਿਚ ਹੋਇਆ ਸੀ। ਗਲਾਸੀ ਜੰਕਸ਼ਨ ਤੇ ਜਲੇਬੀ ਜੰਕਸ਼ਨ ਮੈਂ ਸਾਊਥਾਲ 'ਚ ਵੇਖੇ ਸਨ। ਸ਼ਿਕਾਗੋ ਜਾ ਕੇ ਪਤਾ ਲੱਗਾ ਕਿ ਉਥੇ ਪੰਜਾਬੀ ਰੇਡੀਓ ਦਾ ਨਾਂ 'ਦੇਸੀ ਜੰਕਸ਼ਨ' ਵੀ ਹੈ। ਦੇਸੀ ਜੰਕਸ਼ਨ ਦਾ ਗਾਰਡ ਹੈਪੀ ਸਿੰਘ ਹੀਰ ਸਟੇਜ 'ਤੇ ਖੜ੍ਹਾ ਝੰਡੀ ਹਿਲਾ ਰਿਹਾ ਸੀ। ਉਹਦੀ ਝੰਡੀ ਨਾਲ ਕਬੱਡੀ ਦੀਆਂ ਟੀਮਾਂ ਮੈਦਾਨ ਵੱਲ ਵਧ ਰਹੀਆਂ ਸਨ। ਨਾਲ ਉਹ ਤੇ ਉਹਦਾ ਸਾਥੀ ਠੰਢੂ ਰਾਮ ਤੇ ਠੁਣੀਏ ਵਾਂਗ ਹਾਸੇ ਦੀਆਂ ਫੁੱਲਝੜੀਆਂ ਛੱਡ ਰਹੇ ਸਨ। ਹੈਪੀ ਦੇ ਪਿਤਾ ਮੇਜਰ ਸਿੰਘ ਮੋਜੀ ਅੰਡ ਢੋਲੇ ਦੀਆਂ ਲਾ ਰਹੇ ਸਨ। ਮੋਜੀ ਸਾਹਿਬ ਮਾਵੇ ਵਾਲੀ ਕਸਵੀਂ ਪੱਗ ਤੇ ਕੁੰਢੀਆਂ ਮੁੱਛਾਂ ਤੋਂ ਇੰਜ ਜਾਪ ਰਹੇ ਸਨ ਜਿਵੇਂ ਆਸਾ ਸਿੰਘ ਮਸਤਾਨਾ ਮੁੜ ਜਿਓਂ ਪਿਆ ਹੋਵੇ!

ਦੂਜੀ ਵਾਰ ਸ਼ਿਕਾਗੋ ਮੈਂ ਕੁਲਵੰਤ ਰੰਧਾਵੇ ਤੇ ਬਾਬੇ ਪੂਨੀਏ ਨਾਲ ਕਾਰ ਵਿਚ ਗਿਆ ਸਾਂ। ਕਾਰ ਵਿਚ ਮਿਰਜ਼ਾ ਸਾਹਿਬਾਂ ਦਾ ਕਿੱਸਾ ਗਾਇਆ ਜਾ ਰਿਹਾ ਸੀ। ਮਿਰਜ਼ਾ ਬਣੇ ਕੁਲਵੰਤ ਨੇ ਕਾਰ ਦੀ ਸੂਈ ਇਕ ਸੌ ਤੀਹ ਕਿਲੋਮੀਟਰ ਤੋਂ ਥੱਲੇ ਨਹੀਂ ਸੀ ਆਉਣ ਦਿੱਤੀ ਤੇ ਸੱਤਾਂ ਘੰਟਿਆਂ ਵਿਚ ਬੱਕੀ ਦਾਨਾਬਾਦ ਯਾਨੀ ਸ਼ਿਕਾਗੋ ਦੀਆਂ ਜੂਹਾਂ 'ਚ ਜਾ ਵਾੜੀ ਸੀ।

ਤੀਜੀ ਵਾਰ ਮੈਨੂੰ ਹਵਾਈ ਜਹਾਜ਼ 'ਤੇ ਸ਼ਿਕਾਗੋ ਜਾਣ ਦਾ ਮੌਕਾ ਮਿਲਿਆ। ਇਸ ਵਾਰ ਗੜ੍ਹੀ ਮਹਾਂ ਸਿੰਘ ਦੇ ਗਾਇਕ ਗੀਤੇ ਜ਼ੈਲਦਾਰ ਨਾਲ ਜਾਣ ਦਾ ਸਬੱਬ ਬਣਿਆ। ਸੀਟੀ ਮਾਰ ਕੇ ਬੁਲਾਉਣੋਂ ਹਟ ਜਾ ਵਰਗੇ ਗੀਤ ਗਾਉਣ ਵਾਲੇ ਗੀਤੇ ਨੇ ਹੈਪੀ ਦੇ ਇਸ਼ਾਰੇ 'ਤੇ ਮੈਨੂੰ ਵੈਨ ਵਿਚ ਸ਼ਿਕਾਗੋ ਚੱਲਣ ਦੀ ਸੀਟੀ ਮਾਰ ਦਿੱਤੀ। ਚੱਲਣਾ ਤਾਂ ਦੁਪਹਿਰ ਨੂੰ ਸੀ ਪਰ ਸਾਜ਼ ਤੇ ਸਾਜ਼ਿੰਦੇ 'ਕੱਠੇ ਕਰਦਿਆਂ ਰਾਤ ਦੇ ਨੌਂ ਵੱਜ ਗਏ। ਕਿਤੋਂ ਹੰਸ ਰਾਜ ਦੇ ਭਰਾ ਪਰਮਜੀਤ ਹੰਸ ਨੂੰ ਚੁੱਕਿਆ, ਕਿਤੋਂ ਬਲਜੀਤ ਬੱਲ ਨੂੰ, ਕਿਤੋਂ ਇਕਬਾਲ ਵਿਰਕ ਨੂੰ ਤੇ ਕਿਤੋਂ ਹਰਬੰਸ ਤੇ ਮੈਨੂੰ। ਕਿਤੋਂ ਕੀਅ ਬੋਰਡ ਲੱਭਿਆ, ਕਿਤੋਂ ਢੋਲਕੀ ਤੇ ਕਿਤੋਂ ਤੂੰਬੀ। ਗਾਇਕ ਪਾਰਟੀ ਨਾਲ ਜਾਣ ਦਾ ਮੈਨੂੰ ਨਵਾਂ ਤਜਰਬਾ ਹੋਇਆ। ਉਹ ਰਸਤੇ ਵਿਚ ਵੀ ਰਿਆਜ਼ ਕਰਦੇ ਗਏ।

ਮੇਰਾ ਖੇਡ ਮੇਲਿਆਂ 'ਤੇ ਜਾਣਾ ਇੰਜ ਹੀ ਹੈ ਜਿਵੇਂ ਅੰਦਰਲੇ ਤੋਂ ਬਾਹਰਲੇ ਘਰ ਚੱਲਿਆ ਹੋਵਾਂ। ਅਸੀਂ ਛੇ ਜਣੇ ਅੱਧੀ ਰਾਤ ਦੇ ਕਰੀਬ ਸਾਰਨੀਆ ਬਾਰਡਰ 'ਤੇ ਪੁੱਜੇ। ਅਮਰੀਕਾ ਦਾ ਬਾਰਡਰ ਲੰਘਣਾ ਹੁਣ ਭਵਜਲ ਤਰਨ ਵਾਂਗ ਹੈ। ਕਈ ਵਾਰ ਬਿਨਾਂ ਵਜ੍ਹਾ ਹੀ ਰੁਕਾਵਟ ਪੈ ਜਾਂਦੀ ਹੈ। ਬੱਲ ਨੇ ਪਹਿਲਾਂ ਹੀ ਹੱਥ ਜੋੜ ਕੇ ਬਾਬੇ ਨੂੰ ਧਿਆ ਲਿਆ। ਅਸੀਂ ਬਿਨਾਂ ਕਿਸੇ ਖ਼ਾਸ ਪੁੱਛਗਿੱਛ ਦੇ ਬਾਰਡਰ ਲੰਘ ਗਏ। ਬਲਜੀਤ ਬੱਲ ਕਹਿਣ ਲੱਗਾ, "ਮੈਂ ਅਰਦਾਸ ਕੀਤੀ ਸੀ ਤਾਂ ਹੀ ਸੁੱਖੀਂ ਸਾਂਦੀ ਲੰਘੇ ਆਂ।" ਨਾਲ ਹੀ ਬੋਲਿਆ ਬਈ ਇਮੀਗਰੇਸ਼ਨ ਅਫਸਰ ਵੀ ਬਹੁਤ ਚੰਗਾ ਸੀ। ਜੇ ਥੱਲੇ ਉਤਾਰ ਲੈਂਦਾ ਤਾਂ ਪਤਾ ਨਹੀਂ ਕਿੰਨਾ ਚਿਰ ਖਰਾਬ ਹੁੰਦੇ। ਬਾਰਡਰ ਲੰਘਦਿਆਂ ਹੀ ਟਰੱਕ ਵਾਲਾ ਇਕ ਜਾਣੂੰ ਨੌਜੁਆਨ ਮਿਲ ਗਿਆ ਜੋ ਸ਼ਿਕਾਗੋ ਨੂੰ ਹੀ ਚੱਲਿਆ ਸੀ। ਉਸ ਨੇ ਪੇਸ਼ਕਸ਼ ਕੀਤੀ ਕਿ ਦੋ ਜਣੇ ਉਹਦੇ ਟਰੱਕ ਵਿਚ ਸੌਂ ਜਾਣ। ਹੰਸ ਤੇ ਬੱਲ ਟਰੱਕ ਵਿਚ ਜਾ ਸੁੱਤੇ। ਵੈਨ ਵਿਚ ਚਾਰ ਜਣੇ ਰਹਿ ਜਾਣ ਨਾਲ ਮੈਂ ਤੇ ਗੀਤਾ ਵੀ ਪਿਛਲੀਆਂ ਸੀਟਾਂ 'ਤੇ ਪੈ ਗਏ। ਇਸ ਦੇ ਨਾਲ ਹੀ ਜ਼ੋਰਧਾਰ ਮੀਂਹ ਵਰ੍ਹਨ ਲੱਗ ਪਿਆ ਜੋ ਦੋ ਘੰਟੇ ਦੇ ਕਰੀਬ ਪੈਂਦਾ ਰਿਹਾ। ਸ਼ਿਕਾਗੋ ਪਹੁੰਚਦਿਆਂ ਨੂੰ ਦਿਨ ਚੜ੍ਹ ਗਿਆ। ਅੱਠ ਘੰਟਿਆਂ ਦਾ ਸਫ਼ਰ ਦਸ ਘੰਟਿਆਂ ਵਿਚ ਤਹਿ ਹੋਇਆ।



*ਹੁਣੇ ਤੋਂ ਸਿੱਖ ਲਾਂ ਕਬੱਡੀ ਦੇ ਕੁਝ ਦਾਅ...*

ਮੇਲਾ ਬਸੀ ਵੁਡਜ਼, ਐਲਕ ਗਰੂਵ ਵਿਚ ਭਰਨਾ ਸੀ। ਮੈਂ ਮੋਟਲ 'ਚ ਨਹਾ ਧੋ ਕੇ ਤੇ ਘੰਟਾ ਕੁ ਸੌਂ ਕੇ ਮੇਲੇ ਵਾਲੇ ਪਾਰਕ ਵਿਚ ਪੁੱਜਾ ਤਾਂ ਤੇਜ਼ ਹਵਾ ਵਗ ਰਹੀ ਸੀ। ਰੁੱਖ ਏਨੇ ਉਚੇ ਸਨ ਜਿਵੇਂ ਪੰਜਾਬ ਦੀਆਂ ਟਾਹਲੀਆਂ ਤੇ ਪਿੱਪਲ ਹੋਣ। ਲੱਗਦਾ ਵੀ ਇੰਜ ਹੀ ਸੀ ਜਿਵੇਂ ਮੇਲਾ ਸ਼ਿਕਾਗੋ ਦੀ ਥਾਂ ਸ਼ਰੀਂਹ 'ਚ ਹੋ ਰਿਹਾ ਹੋਵੇ। ਪਾਰਕ ਦਾ ਹਰਾ ਘਾਹ ਅੱਖਾਂ ਨੂੰ ਤਰਾਵਟ ਬਖ਼ਸ਼ ਰਿਹਾ ਸੀ। ਨਿਆਣੇ ਦੁੜੰਗੇ ਮਾਰ ਰਹੇ ਸਨ। ਖੇਡ ਮੈਦਾਨ ਰੰਗ ਬਰੰਗੇ ਝੰਡੇ ਝੰਡੀਆਂ ਨਾਲ ਸ਼ਿੰਗਾਰਿਆ ਹੋਇਆ ਸੀ। ਮੀਂਹ ਕਣੀ ਤੇ ਧੁੱਪ ਤੋਂ ਬਚਣ ਲਈ ਛੇ ਸੱਤ ਟੈਂਟ ਲਾਏ ਹੋਏ ਸਨ। ਇਕ ਵੱਡੇ ਟੈਂਟ ਹੇਠ ਲੰਗਰ ਦਾ ਪ੍ਰਬੰਧ ਸੀ ਜਿਥੇ ਦਹੀਂ ਤੇ ਆਚਾਰ ਨਾਲ ਪਰੌਂਠੇ ਵਰਤ ਰਹੇ ਸਨ।

ਜਿਵੇਂ ਜਿਵੇਂ ਖਿਡਾਰੀ ਤੇ ਦਰਸ਼ਕ ਆਈ ਜਾਂਦੇ ਬਰੇਕ ਫਾਸਟ ਕਰੀ ਜਾਂਦੇ। ਚਾਹਾਂ ਉਬਲ ਰਹੀਆਂ ਸਨ ਤੇ ਦੁਪਹਿਰ ਦੇ ਖਾਣੇ ਲਈ ਕੜ੍ਹੀ ਚੌਲਾਂ ਦੇ ਨਾਲ ਬੱਕਰੇ ਦਾ ਮੀਟ ਰਿੱਝਣਾ ਧਰ ਦਿੱਤਾ ਸੀ। ਕੂੰਡੇ ਵਿਚ ਤਾਂ ਨਹੀਂ ਪਰ ਮਸ਼ੀਨ ਨਾਲ ਰਗੜੇ ਮਸਾਲੇ ਦੀ ਮਹਿਕ ਪਰ੍ਹਾਂ ਸੜਕ ਤਕ ਪਸਰੀ ਪਈ ਸੀ। ਲੰਘਦੀਆਂ ਸਵਾਰੀਆਂ ਨੂੰ ਜਲੇਬੀਆਂ ਦੀ ਚਾਸ਼ਨੀ ਦੀ ਮਿੱਠੀ ਵਾਸ਼ਨਾ ਤੇ ਤੜਕੇ ਦੀ ਕਰਾਰੀ ਮਹਿਕ ਸੁਨੇਹੇ ਦੇ ਰਹੀ ਸੀ ਕਿ ਆ ਜੋ ਏਥੇ ਪੰਜਾਬੀਆਂ ਦੀਆਂ ਦੇਗਾਂ ਚੜ੍ਹੀਆਂ ਹੋਈਆਂ ਹਨ। ਪੰਜਾਬੀਆਂ ਨੂੰ ਬਖ਼ਸ਼ ਹੀ ਹੈ ਕਿ ਉਹ ਕੋਈ ਵੀ ਸਮਾਗਮ ਕਰਨ ਖਾਣ ਪੀਣ ਦੀ ਕਸਰ ਨਹੀਂ ਰਹਿਣ ਦਿੰਦੇ। ਨਾਲੇ ਸ਼ਿਕਾਗੋ ਵਾਲੇ ਤਾਂ ਮਨਾਉਂਦੇ ਹੀ ਕਬੱਡੀ ਦੀ ਪਿਕਨਿਕ ਹਨ।

ਮਾਈਕ ਤੋਂ ਡਾ. ਹਰਜਿੰਦਰ ਖਹਿਰਾ ਸੂਚਨਾਵਾਂ ਦੇ ਰਿਹਾ ਸੀ। ਨਾਲ ਉਨ੍ਹਾਂ ਸੱਜਣਾਂ ਦਾ ਨਾਂ ਲੈ ਕੇ ਧੰਨਵਾਦ ਕਰ ਰਿਹਾ ਸੀ ਜਿਨ੍ਹਾਂ ਨੇ ਮੇਲੇ ਲਈ ਮਾਇਕ ਸਹਾਇਤਾ ਦਿੱਤੀ ਸੀ। ਫਿਰ ਭਾਈ ਜੀ ਨੇ ਅਰਦਾਸ ਕੀਤੀ ਤੇ ਕਬੱਡੀ ਦੇ ਮੈਚ ਸ਼ੁਰੂ ਹੋ



*ਲੈ ਜਾ ਚੱਕ ਕੇ ਬਈ ਬਾਹਮਣੀ ਗਲਾਸ ਵਰਗੀ ਆਖ ਕੇ...*

ਗਏ। ਪਹਿਲਾ ਮੈਚ ਪੰਜਾਬ ਸਪੋਰਟਸ ਕਲੱਬ ਮਿਡਵੈਸਟ ਤੇ ਟੋਰਾਂਟੋ ਤੋਂ ਸਿੰਘ ਸਭਾ ਮਾਲਟਨ ਕਲੱਬ ਦੀਆਂ ਟੀਮਾਂ ਵਿਚਕਾਰ ਹੋਇਆ। ਮਾਲਟਨ ਦਾ ਨੌਜੁਆਨ ਕਬੱਡੀ ਪਾਉਣ ਲਈ ਲਕੀਰ 'ਤੇ ਆਇਆ ਤਾਂ ਮੱਖਣ ਸਿੰਘ ਦੀ ਕੁਮੈਂਟਰੀ ਦੇ ਬੋਲ ਗੂੰਜੇ:

-ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ,<br>
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।<br>
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,<br>
ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ...।

ਪਹਿਲਾਂ ਦਰਸ਼ਕ ਬੇਸ਼ਕ ਘੱਟ ਸਨ ਪਰ ਬਾਅਦ ਵਿਚ ਰੌਣਕ ਵਧਦੀ ਗਈ। ਮਿਡਵੈਸਟ ਦੀ ਟੀਮ ਵਿਚ ਕਰਨ, ਮਿੰਟਾ, ਗਿੰਦਾ ਤੇ ਤਰਨਦੀਪ ਧਾਵੀ ਸਨ ਤੇ ਮਾਲਟਨ ਵੱਲੋਂ ਹਰਦੀਪ, ਚਾਂਦੀ, ਮਨਦੀਪ ਤੇ ਸੰਦੀਪ ਕਬੱਡੀਆਂ ਪਾ ਰਹੇ ਸਨ। ਪਹਿਲਾ ਮੈਚ ਮਾਲਟਨ ਦੀ ਟੀਮ ਨੇ 49-19 ਅੰਕਾਂ ਨਾਲ ਜਿੱਤ ਲਿਆ। ਦੂਜਾ ਮੈਚ ਟੋਰਾਂਟੋ ਦੀਆਂ ਟੀਮਾਂ ਸ਼ੇਰੇ ਪੰਜਾਬ ਕਲੱਬ ਤੇ ਹਰਜੀਤ ਕਲੱਬ ਦਰਮਿਆਨ ਖੇਡਿਆ ਗਿਆ। ਟੋਰਾਂਟੋ ਤੋਂ ਆਏ ਅੰਗਰੇਜ਼ ਬਿੱਲਾ, ਪੱਪੀ, ਗੁਰਮੀਤ ਸਿੰਘ ਕਾਹਲੋਂ, ਚਰਨਜੀਤ ਤੇ ਪੰਜਾਬ ਤੋਂ ਆਏ ਹਰਪ੍ਰੀਤ ਬਾਬੇ ਹੋਰੀਂ ਰੈਫਰੀ ਤੇ ਟਾਈਮ ਕੀਪਰ ਬਣੇ ਹੋਏ ਸਨ। ਨਿਊਯਾਰਕ ਦੇ ਅਖ਼ਬਾਰ ਸ਼ੇਰੇ ਪੰਜਾਬ ਦਾ ਐਡੀਟਰ ਬਲਦੇਵ ਸਿੰਘ ਗਰੇਵਾਲ ਖ਼ੁਦ ਮੇਲਾ ਵੇਖ ਰਿਹਾ ਸੀ ਤੇ ਲਿਖਣ ਲਈ ਨੁਕਤੇ ਨੋਟ ਕਰ ਰਿਹਾ ਸੀ। ਸਿਨਸਿਨੈਟੀ ਦਾ ਅਮਰਦੀਪ ਸਿੰਘ ਧਾਰਨੀ ਮੇਲੇ ਦਾ ਵਿਸ਼ੇਸ਼ ਮਹਿਮਾਨ ਸੀ। ਉਹ ਪੰਜਾਬ ਸਿੱਖਿਆ ਵਿਭਾਗ ਵਿਚ ਖੇਡਾਂ ਦੇ ਡਾਇਰੈਕਟਰ ਰਹੇ ਮਿਲਾਪੜੇ ਸੱਜਣ ਕੁਲਦੀਪ ਸਿੰਘ ਧਾਰਨੀ ਦਾ ਹੋਣਹਾਰ ਸਪੁੱਤਰ ਹੈ।

ਕਰਾਊਨ ਪੁਆਇੰਟ ਤੇ ਸਿਨਸਿਨੈਟੀ ਤੋਂ ਮਹਿਮਾਨਾਂ ਦੀਆਂ ਭਰੀਆਂ ਹੋਈਆਂ ਬੱਸਾਂ ਆ ਪਹੁੰਚੀਆਂ ਸਨ। ਪੰਜਾਬ ਸਪੋਰਟਸ ਕਲੱਬ ਦੇ ਚੇਅਰਮੈਨ ਦਵਿੰਦਰ ਸਿੰਘ ਰੰਗੀ, ਪ੍ਰਧਾਨ ਹੈਪੀ ਸਿੰਘ ਹੀਰ ਤੇ ਸਾਬਕਾ ਪ੍ਰਧਾਨ ਅਜਾਇਬ ਸਿੰਘ ਲੱਖਣ ਹੋਰੀਂ ਮਹਿਮਾਨਾਂ ਨੂੰ ਜੀ ਆਇਆਂ ਆਖ ਰਹੇ ਸਨ। ਦਾਇਰੇ 'ਚ ਕਬੱਡੀ ਦੀਆਂ ਝਪਟਾਂ ਹੋ ਰਹੀਆਂ ਸਨ, ਆਲੇ ਦੁਆਲੇ ਖੜ੍ਹੇ ਦਰਸ਼ਕਾਂ ਦੀ ਬੱਲੇ ਬੱਲੇ ਹੋ ਰਹੀ ਸੀ ਤੇ ਮੱਖਣ ਸਿੰਘ ਦੀ ਕਰਾਰੀ ਕੁਮੈਂਟਰੀ ਗੂੰਜ ਰਹੀ ਸੀ। ਨਿਆਣੇ ਚਾਂਭਲੇ ਹੋਏ ਸਨ ਤੇ ਤ੍ਰੀਮਤਾਂ ਗੱਲੀਂ ਜੁਟੀਆਂ ਹੋਈਆਂ ਸਨ। ਸਭ ਆਪੋ ਆਪਣੇ ਮਨੋਰੰਜਨ ਵਿਚ ਮਸਤ ਸਨ। ਦੂਜੇ ਮੈਚ ਵਿਚ ਹਰਜੀਤ ਕਲੱਬ ਨੇ ਸ਼ੇਰੇ ਪੰਜਾਬ ਨੂੰ 31-28 ਅੰਕਾਂ ਉਤੇ ਪਿਛਾੜ ਦਿੱਤਾ। ਸ਼ੇਰੇ ਪੰਜਾਬ ਵਿਚ ਇੰਦਰਜੀਤ, ਅੰਮ੍ਰਿਤ, ਅਮਨਦੀਪ, ਸ਼ਾਹੀ ਤੇ ਸੰਦੀਪ ਕੌਡੀਆਂ ਪਾਉਣ ਵਾਲੇ ਸਨ ਤੇ ਹਰਜੀਤ ਕਲੱਬ ਵਿਚ ਜੀਵਨ, ਗੁੱਗੂ ਭਿੰਡਰਾਂ, ਗਗਨ ਤੇ ਹਰਸ਼ ਸਨ।

ਤੀਜਾ ਮੈਚ ਮਿਡਵੈਸਟ ਤੇ ਬੇਅ ਏਰੀਆ ਸਪੋਰਟਸ ਕਲੱਬ ਦੀਆਂ ਟੀਮਾਂ ਵਿਚਾਲੇ ਖੇਡਿਆ ਗਿਆ। ਬੇਅ ਏਰੀਏ ਦੀ ਟੀਮ ਨਾਲ ਰੁੜਕੇ ਵਾਲੇ ਬਲਜੀਤ ਸਿੰਘ ਸੰਧੂ ਤੇ ਬਲਜੋਗ ਸਿੰਘ ਸੰਧੂ ਪਹੁੰਚੇ ਹੋਏ ਸਨ। ਟੂਰਨਾਮੈਂਟ ਭਾਵੇਂ ਇੱਕੀ ਸਾਲ ਦੀ ਉਮਰ ਤੋਂ ਘੱਟ ਦੇ ਖਿਡਾਰੀਆਂ ਵਿਚਕਾਰ ਸੀ ਪਰ ਬੇਅ ਏਰੀਏ ਵਾਲੇ ਅਠਾਰਾਂ ਸਾਲ ਤੋਂ ਵੀ ਘੱਟ ਉਮਰ ਦੇ ਖਿਡਾਰੀ ਹੀ ਲਿਆਏ ਸਨ। ਫਿਰ ਵੀ ਉਨ੍ਹਾਂ ਦੀ ਟੀਮ ਨੇ ਮਿਡਵੈਸਟ ਦੀ ਟੀਮ ਨੂੰ 36-12 ਅੰਕਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ। ਮਾਈਕਲ, ਜੇਸਨ ਤੇ ਅੰਮ੍ਰਿਤ ਪਾਲ ਨੇ ਸੋਹਣੀਆਂ ਕਬੱਡੀਆਂ ਪਾਈਆਂ ਤੇ ਲਾਲੀ ਨੇ ਜੱਫਿਆਂ ਦੇ ਬੰਨ੍ਹ ਲਾ ਦਿੱਤੇ। ਉਹ ਜੀਹਨੂੰ ਪੈਂਦਾ ਥਾਨ ਵਾਂਗ ਵਲ੍ਹੇਟ ਕੇ ਰੱਖ ਦਿੰਦਾ। ਇੰਡੀਆਨਾ ਤੋਂ ਆਏ ਪ੍ਰਿਤਪਾਲ ਘੋਤੜਾ, ਦਰਸ਼ਨ ਦਰੜ, ਵਰਿੰਦਰ ਸਾਹੀ, ਮਨਜੀਤ ਨਾਗਰਾ, ਸੁਲਿੰਦਰ ਕੁਲਾਰ, ਰਾਜੂ ਸੰਧੂ, ਡਾ. ਵਿੱਕੀ ਸਿੱਧੂ ਤੇ ਜਸਬੀਰ ਢਿੱਲੋਂ ਨੇ ਖਿਡਾਰੀਆਂ ਦੀ ਡਾਲਰਾਂ ਨਾਲ ਹੌਂਸਲਾ ਅਫ਼ਜਾਈ ਕੀਤੀ।

ਚੌਥਾ ਮੈਚ ਸ਼ੇਰੇ ਪੰਜਾਬ ਕਲੱਬ ਤੇ ਮਾਲਟਨ ਦੀਆਂ ਟੀਮਾਂ ਵਿਚਕਾਰ ਹੋਇਆ ਜੋ ਸ਼ੇਰੇ ਪੰਜਾਬ ਨੇ 29-25 ਅੰਕਾਂ ਨਾਲ ਜਿੱਤ ਲਿਆ। ਪੰਜਵੇਂ ਮੈਚ ਵਿਚ ਬੇਅ ਏਰੀਆ ਸਪੋਰਟਸ ਕਲੱਬ ਨੇ ਟੋਰਾਂਟੋ ਦੇ ਹਰਜੀਤ ਸਪੋਰਟਸ ਕਲੱਬ ਨੂੰ 44-36 ਅੰਕਾਂ 'ਤੇ ਹਰਾ ਕੇ ਫਾਈਨਲ ਵਿਚ ਪ੍ਰਵੇਸ਼ ਪਾਇਆ। ਫਾਈਨਲ ਵਿਚ ਉਸ ਦਾ ਮੁਕਾਬਲਾ ਸਿੰਘ ਸਭਾ ਮਾਲਟਨ ਕਲੱਬ ਨਾਲ ਹੋਇਆ। ਬੇਅ ਏਰੀਏ ਦਾ ਲਾਲੀ ਜੋ ਹਰੇਕ ਰੇਡਰ ਨੂੰ ਜਿੰਦੇ ਲਾਈ ਜਾਂਦਾ ਸੀ ਉਹ ਫਾਈਨਲ ਮੈਚ ਵਿਚ ਹੰਭ ਗਿਆ। ਸਿੱਟੇ ਵਜੋਂ ਮਾਲਟਨ ਕਲੱਬ ਨੇ 41-22 ਅੰਕਾਂ ਨਾਲ ਕੱਪ ਜਿੱਤ ਲਿਆ। ਇਨਾਮਾਂ ਦੀ ਵੰਡ ਸ੍ਰੀ ਅਸ਼ੋਕ ਕੁਮਾਰ ਅਤਰੀ ਕੌਂਸਲ ਜਨਰਲ ਸ਼ਿਕਾਗੋ ਨੇ ਕੀਤੀ। ਨਾਲ ਉਨ੍ਹਾਂ ਦੀ ਸੁਪਤਨੀ ਸੀ।

ਕਬੱਡੀ ਦਾ ਇਕ ਸ਼ੋਅ ਮੈਚ ਸਪਰਿੰਗਡੇਲ ਤੇ ਸ਼ਿਕਾਗੋ



*ਤੂੰ ਕਹਿਨੈਂ ਜਾਣ ਨੀਂ ਦੇਣਾ, ਮੈਂ ਕਹਿਨਾਂ ਰੋਕ ਕੇ ਵਿਖਾ...ਆ ਗਿਆ ਈ ਫਿਰ*








ਦੀਆਂ ਟੀਮਾਂ ਵਿਚਕਾਰ ਹੋਇਆ। ਇਸ ਵਿਚ ਇਕ ਭਰਵੀਂ ਦਾੜ੍ਹੀ ਵਾਲਾ ਖਿਡਾਰੀ ਮੁਖਤਿਆਰ ਸਿੰਘ ਖੇਡ ਰਿਹਾ ਸੀ। ਜਦੋਂ ਉਹ ਕਬੱਡੀ ਪਾਉਣ ਜਾਂਦਾ ਤਾਂ ਬੋਲੇ ਸੋ ਨਿਹਾਲ ਦੇ ਜੈਕਾਰੇ ਗੂੰਜਦੇ। ਮੱਖਣ ਸਿੰਘ ਵੀ ਕੁਮੈਂਟਰੀ ਕਰਦਾ ਜੈਕਾਰਾ ਬੁਲਾ ਦਿੰਦਾ। ਕਬੱਡੀ ਦੇ ਉਸ ਸ਼ੋਅ ਮੈਚ ਵਿਚ ਕਾਫੀ ਸ਼ੁਗਲ ਹੋਇਆ। ਉਹ ਮੈਚ ਸ਼ਿਕਾਗੋ ਦੀ ਟੀਮ ਨੇ 22-13 ਅੰਕਾਂ ਨਾਲ ਜਿੱਤ ਲਿਆ।

ਕਬੱਡੀ ਤੇ ਗਾਇਕੀ ਦੇ ਇਸ ਮੇਲੇ ਵਿਚ ਸਵੇਰ ਵੇਲੇ ਤੇਜ਼ ਹਵਾ ਵਗੀ, ਦੁਪਹਿਰੇ ਤਿੱਖੀ ਧੁੱਪ ਚੁਭਦੀ ਰਹੀ ਤੇ ਬਾਅਦ ਦੁਪਹਿਰ ਮੀਂਹ ਵਰ੍ਹਿਆ। ਮੀਂਹ ਪੈਣ ਸਮੇਂ ਕਬੱਡੀ ਰੋਕ ਦਿੱਤੀ ਗਈ ਪਰ ਲੰਗਰ ਚਲਦਾ ਰਿਹਾ। ਸਿਨਸਿਨੈਟੀ ਤੋਂ ਬੱਸ ਭਰ ਕੇ ਲਿਆਏ ਮੁਖਤਿਆਰ ਸਿੰਘ ਸੇਖੋਂ, ਅਮਨਦੀਪ ਧਾਰਨੀ, ਸੁਰਜੀਤ ਸਿੰਘ ਮਾਵੀ, ਸੁਖਚੈਨ ਸਿੰਘ ਗਿੱਲ ਤੇ ਗੁਰਿੰਦਰ ਢਿੱਲੋਂ ਹੋਰਾਂ ਨਾਲ ਗੱਲਾਂ ਬਾਤਾਂ ਹੋਈਆਂ। ਉਹ ਸਿਨਸਿਨੈਟੀ ਵਿਚ 22 ਅਗਸਤ ਨੂੰ ਦੂਜਾ ਪੰਜਾਬੀ ਖੇਡ ਮੇਲਾ ਮਨਾ ਰਹੇ ਹਨ। ਪਿਛਲੇ ਸਾਲ ਮੈਨੂੰ ਉਨ੍ਹਾਂ ਦਾ ਪਹਿਲਾ ਪੰਜਾਬੀ ਮੇਲਾ ਵੇਖਣ ਦਾ ਮੌਕਾ ਮਿਲਿਆ ਸੀ। ਐਤਕੀਂ ਵੀ ਉਨ੍ਹਾਂ ਜੋਰ ਦਿੱਤਾ ਕਿ ਮੇਲੇ ਵਿਚ ਜ਼ਰੂਰ ਪਹੁੰਚਾਂ।

ਪੰਜਾਬ ਟਾਈਮਜ਼ ਦਾ ਸੰਪਾਦਕ ਅਮੋਲਕ ਸਿੰਘ ਜੰਮੂ ਸਰੀਰਕ ਤਕਲੀਫ਼ ਦੇ ਬਾਵਜੂਦ ਵੀਲ੍ਹ ਚੇਅਰ 'ਤੇ ਮੇਲਾ ਵੇਖਣ ਆਇਆ। ਮੇਰੀ ਉਸ ਨਾਲ ਉਦੋਂ ਦੀ ਜਾਣ-ਪਛਾਣ ਹੈ ਜਦੋਂ ਉਹ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਦਾ ਸਬ ਐਡੀਟਰ ਸੀ। ਮੈਂ ਅਮੋਲਕ ਸਿੰਘ ਦੀ ਹਿੰਮਤ ਵੇਖ ਕੇ ਹੈਰਾਨ ਹਾਂ ਕਿ ਕਈ ਵਰ੍ਹਿਆਂ ਤੋਂ ਲਾਇਲਾਜ ਬਿਮਾਰੀ ਦੇ ਬਾਵਜੂਦ ਉਹ ਧੜੱਲੇ ਨਾਲ ਅਖ਼ਬਾਰ ਚਲਾਈ ਜਾ ਰਿਹਾ ਹੈ, ਕੀ ਹੋਇਆ ਜੇ ਸਰੀਰ ਸਾਥ ਨਹੀਂ ਦਿੰਦਾ।

ਜਦੋਂ ਮੈਂ ਅਮੋਲਕ ਸਿੰਘ ਨਾਲ ਗੱਲਾਂ ਕਰ ਰਿਹਾ ਸਾਂ ਤਾਂ ਇਕ ਵੱਖਰੇ ਸਟੇਜ 'ਤੇ ਗਾਇਕੀ ਦਾ ਅਖਾੜਾ ਲੱਗ ਚੁੱਕਾ ਸੀ। ਉਥੇ ਗੀਤਕਾਰ ਜਸਬੀਰ ਗੁਣਾਚੌਰੀਆ ਵੀ ਆਇਆ ਹੋਇਆ ਸੀ ਤੇ ਬੀਬੀ ਇਸ਼ਮੀਤ ਨਰੂਲਾ ਵੀ। ਗੀਤਾ ਜ਼ੈਲਦਾਰ ਵੀ ਸਟੇਜ 'ਤੇ ਮੇਲ੍ਹ ਰਿਹਾ ਸੀ। ਗੀਤੇ ਦਾ ਗੀਤ ਸੀਟੀਆਂ ਮਾਰ ਰਿਹਾ ਸੀ-ਸੀਟੀ ਮਾਰ ਕੇ ਬੁਲਾਉਣੋ ਹਟ ਜਾਹ...। ਕਣੀਆਂ 'ਚ ਮੈਂ ਭਿੱਜਗੀ ਤੈਨੂੰ ਮਿਲਣ ਆਉਂਦੀ ਦਿਲਦਾਰਾ...। ਤੇ ਸੁਰਿੰਦਰ ਸ਼ਿੰਦਾ ਗਾ ਰਿਹਾ ਸੀ-ਜਿਥੇ ਵੱਸਦੇ ਪੰਜਾਬੀ ਓਥੇ ਵੱਸਦਾ ਪੰਜਾਬ, ਸਾਰੇ ਜੱਗ 'ਚ ਪੰਜਾਬੀਆਂ ਦਾ ਟੌਅਰ ਵੱਖਰਾ...।

***ਤਸਵੀਰਾਂ-ਮਹਿੰਦਰ ਸਿੰਘ ਰਕਾਲਾ ਤੇ ਸ਼ਾਨ ਕਪੂਰ***

# ਮੇਲੇ ਦੇ ਆਸ ਪਾਸ

**ਪੰਜਾਬ ਟਾਈਮਜ਼ ਬਿਊਰੋ**

ਪੰਜਾਬ ਸਪੋਰਟਸ ਕਲੱਬ ਦਾ ਇਹ 7ਵਾਂ ਕਬੱਡੀ ਮੇਲਾ ਪੂਰਾ ਭਰਿਆ। ਆਏ ਖਿਡਾਰੀਆਂ ਅਤੇ ਦਰਸ਼ਕਾਂ ਦੀ ਹਰ ਪੱਖੋਂ ਪੂਰੀ ਸੇਵਾ ਕੀਤੀ ਗਈ। ਲੰਗਰ ਪਾਣੀ ਦੀ ਕੋਈ ਕਸਰ ਬਾਕੀ ਨਹੀਂ ਸੀ। ਸਵੇਰੇ ਨਾਸ਼ਤੇ ਤੋਂ ਲੈ ਕੇ ਦੁਪਹਿਰ ਦੇ ਖਾਣੇ ਤੱਕ ਕੜ੍ਹੀ-ਚੌਲ, ਛੋਲੇ, ਮੀਟ-ਮੁਰਗੇ ਅਤੇ ਜਲੇਬੀਆਂ ਦੀ ਕੋਈ ਤੋਟ ਨਾ ਰਹੀ। ਚਾਹ ਪੀਣ ਵਾਲਿਆਂ ਲਈ ਚਾਹ ਦਾ ਲੰਗਰ ਵੀ ਬਰਾਬਰ ਚਲਦਾ ਰਿਹਾ। ਮੌਸਮ ਗਰਮ ਸੀ, ਪਾਣੀ ਦੀ ਤੇਹ ਮੁੜ ਮੁੜ ਲੱਗਦੀ। ਹੈਪੀ ਹੀਰ ਦੀ ਅਗਵਾਈ ਹੇਠ ਟੀਮ ਨੇ ਪਾਣੀ ਦੀਆਂ ਬੋਤਲਾਂ ਵਾਧੂ ਕਰੀ ਰੱਖੀਆਂ। ਸਫਾਈ ਦਾ ਵੀ ਨਾਲੋ-ਨਾਲ ਕੰਮ ਚੱਲਦਾ ਰਿਹਾ। ਸਟੇਜ ਤੋਂ ਆਏ ਮੁਅੱਜਜ ਮਹਿਮਾਨਾਂ ਦੀ ਜਾਣ ਪਛਾਣ ਗੁਰਮੁਖ ਭੁੱਲਰ, ਡਾ. ਹਰਜਿੰਦਰ ਖਹਿਰਾ ਅਤੇ ਹੈਪੀ ਹੀਰ ਨਾਲੋ-ਨਾਲ ਕਰਵਾਈ ਜਾ ਰਹੇ ਸਨ। ਸਾਬਕਾ ਪ੍ਰਧਾਨ ਅਜੈਬ ਸਿੰਘ ਲੱਖਣ ਵਿਆਹ ਵਾਲੇ ਘਰ ਨੈਣ ਵਾਂਗੂੰ ਮੇਲ੍ਹਦਾ ਫਿਰਦਾ ਸੀ। ਸੰਤੋਖ ਸਿੰਘ ਡੀ.ਸੀ., ਗਿਆਨ ਸਿੰਘ ਸੀਹਰਾ, ਲਵਦੀਪ ਦੁੱਲਤ, ਅਜਮੇਰ ਸਿੰਘ ਪੰਨੂ ਪ੍ਰਬੰਧ ਵਿਚ ਹੱਥ ਵਟਾ ਰਹੇ ਸਨ। ਮਿੱਕੀ ਕਾਹਲੋਂ ਇਹ ਖਿਆਲ ਰੱਖ ਰਿਹਾ ਸੀ ਕਿ ਕੋਈ ਫੋਟੋ ਖਿੱਚਣ ਵੇਲੇ ਕੈਮਰੇ ਦੀ ਅੱਖ ਤੋਂ ਬਾਹਰ ਨਾ ਰਹਿ ਜਾਵੇ।

—

ਪੰਜਾਬੀ ਪ੍ਰੋਗਰਾਮਾਂ ਦੀ ਇਕ ਹਰਮਨ ਪਿਆਰੀ ਹੋਸਟ ਦਾ ਕਹਿਣਾ ਹੈ ਕਿ ਲੋਕ ਨਾਂ ਚਾਹੁੰਦੇ ਹਨ ਨਾਂ ਲੈ ਕੇ ਜਿੰਨੇ ਮਰਜੀ ਉਨ੍ਹਾਂ ਦੀ ਜੇਬ 'ਚੋਂ ਪੈਸੇ ਕਢਵਾ ਲਓ। ਮੱਖਣ ਸਿੰਘ ਹਕੀਮਪੁਰੀ ਜਿਥੇ ਕਬੱਡੀ ਦੀ ਕੁਮੈਂਟਰੀ ਆਪਣੇ ਹੀ ਅੰਦਾਜ਼ ਵਿਚ ਕਰਕੇ ਦਰਸ਼ਕਾਂ ਅਤੇ ਕਬੱਡੀ ਖਿਡਾਰੀਆਂ ਦੋਹਾਂ ਨੂੰ ਖੁਸ਼ ਕਰ ਰਿਹਾ ਸੀ ਉਥੇ ਲੋਕਾਂ ਦੇ ਨਾਂ ਲੈ ਲੈ ਉਨ੍ਹਾਂ ਦੀ ਜੇਬ ਵਿਚੋਂ ਸੌ ਸੌ ਡਾਲਰ ਦੇ ਨੋਟ ਵੀ ਲਗਾਤਾਰ ਕਢਵਾਈ ਜਾ ਰਿਹਾ ਸੀ। ਕਦੀ ਦਰਸ਼ਨ ਦਰੜ, ਕਦੀ ਪ੍ਰਿਤਪਾਲ ਘੋਤੜਾ, ਕਦੀ ਨਿੱਕ ਗਾਖਲ ਤੇ ਕਦੀ ਗੁਲਜ਼ਾਰ ਮੁਲਤਾਨੀ ਸੌ ਸੌ ਦੇ ਨੋਟ ਕੱਢ ਕੇ ਉਸ ਨੂੰ ਭੇਜੀ ਜਾ ਰਹੇ ਸਨ।

—

ਸ਼ਿਕਾਗੋ ਦਾ ਮੌਸਮ ਵੈਸੇ ਤਾਂ ਹਮੇਸ਼ਾ ਹੀ ਬੜਾ ਬੇਇਤਬਾਰਾ ਹੈ ਪਤਾ ਨਹੀਂ ਕਦੋਂ ਮੀਂਹ ਵਰਨ ਲੱਗ ਪਵੇ। ਪਰ ਪਿਛਲੇ ਦੋ ਕੁ ਸਾਲਾਂ ਤੋਂ ਇਹ ਕੁਝ ਜ਼ਿਆਦਾ ਹੀ ਨਟਖਟ ਹੋਇਆ ਹੋਇਆ ਹੈ। ਇਸੇ ਹੀ ਖੇਡ ਮੈਦਾਨ ਵਿਚ ਦੋ ਹਫਤੇ ਪਹਿਲਾਂ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦਾ ਖੇਡ ਮੇਲਾ ਸੀ। ਉਦੋਂ ਵੀ ਬੱਦਲ ਵਰ੍ਹ ਪੈਣ ਦੀਆਂ ਧਮਕੀਆਂ ਦਿੰਦੇ ਰਹੇ ਸਨ। ਇਹ ਤਾਂ ਸ਼ਾਇਦ ਜੈ ਰਾਮ ਕਾਹਲੋਂ ਦੀਆਂ ਅਰਦਾਸਾਂ ਦਾ ਹੀ ਸਿੱਟਾ ਸੀ ਕਿ ਮੀਂਹ ਵਰ੍ਹਿਆ ਵੀ ਤਾਂ ਐਵੇਂ ਡਰਾਉਣ ਲਈ ਹੀ। ਕਬੱਡੀ ਦੇ ਕੁਝ ਸ਼ੌਕੀਨ ਹੈਪੀ ਹੀਰ ਨੂੰ ਸਲਾਹਾਂ ਦਿੰਦੇ ਰਹੇ ਕਿ ਉਹ ਵੀ ਵਾਹਿਗੁਰੂ ਦੇ ਚਰਨਾਂ ਵਿਚ ਅਜਿਹੀ ਕੋਈ ਅਰਦਾਸ ਕਰ ਲਵੇ ਜਾਂ ਇੰਦਰ ਦੇਵਤਾ ਦੀ ਪੂਜਾ ਹੀ ਕਰ ਲਵੇ। ਬਾਅਦ ਦੁਪਹਿਰ ਕੋਈ ਸਾਢੇ ਕੁ ਤਿੰਨ ਵਜੇ ਜਦੋਂ ਮੇਲਾ ਪੂਰਾ ਭਰਿਆ ਹੋਇਆ ਸੀ ਅਤੇ ਸੈਮੀ ਫਾਈਨਲ ਜ਼ੋਰਾਂ 'ਚ ਸੀ, ਬੱਦਲ ਚੜ੍ਹ ਆਇਆ ਐਲੀ ਐਲੀ ਕਰਕੇ। ਅਜੇ ਤਾਂ ਸੁਰਿੰਦਰ ਛਿੰਦੇ ਨੇ ਕੋਈ ਮਲਹਾਰ ਗਾਉਣ ਵਾਲੀ ਗਲਤੀ ਵੀ ਨਹੀਂ ਸੀ ਕੀਤੀ। ਪ੍ਰਬੰਧਕਾਂ ਅਤੇ ਕਬੱਡੀ ਖਿਡਾਰੀਆਂ ਨੇ ਕੁਝ ਦੇਰ ਬੱਦਲ ਅੱਗੇ ਅੜ੍ਹਨ ਦੀ ਕੋਸ਼ਿਸ਼ ਵੀ ਕੀਤੀ ਪਰ ਇੰਦਰ ਦੇਵਤਾ ਨੇ ਝੱਟ ਹੀ ਮੰਨਵਾ ਦਿੱਤਾ ਕਿ ਉਸ ਦੀਆਂ ਧਮਕੀਆਂ ਫੋਕੀਆਂ ਨਹੀਂ। ਮੀਂਹ 'ਚ ਗੜੁੱਚ ਹੋਏ ਪ੍ਰਬੰਧਕ ਤੇ ਖਿਡਾਰੀ ਛਿਥੇ ਹੋਏ ਤੰਬੂਆਂ ਹੇਠ ਵਾਪਸ ਆ ਜੁੜੇ।

—

ਬਸੀ ਵੁਡਜ਼ ਦਾ ਪਾਰਕਿੰਗ ਲਾਟ ਦੂਰ ਦੂਰ ਤੱਕ ਕਾਰਾਂ ਨਾਲ ਭਰਿਆ ਹੋਇਆ ਸੀ। ਜਿੰਨੇ ਲੋਕ ਸ਼ਿਕਾਗੋ ਤੋਂ ਸਨ ਉਨੇ ਹੀ ਮਿਲਵਾਕੀ, ਇੰਡੀਅਨਐਪੋਲਿਸ, ਸਿਨਸਿਨੈਟੀ, ਮਿਸ਼ੀਗਨ ਅਤੇ ਇੰਡੀਆਨਾ ਦੇ ਦੂਰ ਦੁਰਾਡੇ ਇਲਾਕਿਆਂ ਤੋਂ ਆਏ ਹੋਏ ਜਾਪਦੇ ਸਨ। ਪੰਜਾਬੀ ਮੇਲੇ ਤੇ ਮੋਟਰ ਕਾਰ ਸੇਵਾ ਨਾਲੋ-ਨਾਲ ਚੱਲਦੇ ਹਨ ਅਤੇ ਜੇ ਕਿਤੇ ਮੇਲੇ ਦਾ ਮੈਦਾਨ ਕਿਸੇ ਫਾਰੈਸਟ ਪ੍ਰਿਜ਼ਰਵ ਵਿਚ ਹੋਵੇ ਤਾਂ ਫਿਰ ਮੌਜਾਂ ਹੀ ਮੌਜਾਂ। ਜਿੰਨੇ ਦਰਸ਼ਕ ਖੇਡ ਮੈਦਾਨ ਵਿਚ ਸਨ ਉਸ ਤੋਂ ਕੁਝ ਘੱਟ ਜਾਂ ਵੱਧ ਦੂਰ ਦੂਰ ਤੱਕ ਖੜੀਆਂ ਕਾਰਾਂ ਦੀਆਂ ਡਿੱਕੀਆਂ ਖੋਲ੍ਹੀ ਜਾਂ ਵੈਨਾਂ ਦੇ ਅੰਦਰ ਦਾਰੂ ਸਿੱਕੇ ਦੀਆਂ ਛਬੀਲਾਂ ਲਾਈ ਬੈਠੇ ਸਨ। ਜਿਹੜੇ ਪ੍ਰਾਹੁਣੇ ਆਏ ਸਨ ਉਹ ਸ਼ਾਇਦ ਇਸ ਕਰਕੇ ਪੀਈ ਜਾਂਦੇ ਸਨ ਕਿ ਜ਼ਰਾ ਮੇਲਾ ਵੇਖਣ ਲਈ ਥਾਂ-ਸਿਰ ਹੋ ਜਾਈਏ ਅਤੇ ਜਿਹੜੇ ਮੇਜ਼ਬਾਨ ਸਨ ਉਹ ਇਸ ਕਰਕੇ ਪਿਲਾਈ ਜਾਂਦੇ ਸਨ ਕਿ ਕਿਤੇ ਪ੍ਰਾਹੁਣੇ ਇਹ ਨਾ ਆਖ ਦੇਣ ਕਿ ਆਇਆਂ ਦੀ ਸੇਵਾ ਨਹੀਂ ਕੀਤੀ। ਪੰਜਾਬੀਆਂ ਲਈ ਸੇਵਾ ਦਾ ਇਕੋ ਹੀ ਮਤਲਬ ਹੁੰਦਾ ਹੈ, ਉਹ ਸਾਰੇ ਜਾਣਦੇ ਹੀ ਹਨ।

—

ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਅਤੇ ਮਿਸ਼ੀਗਨ ਡੈਮੋਕਰੈਟ ਪਾਰਟੀ ਦੇ ਆਗੂ ਸੰਨੀ ਧੂੜ ਆਪਣਾ ਪੂਰਾ ਜਥਾ ਲੈ ਕੇ ਆਪਣੇ ਪੀਲੇ ਰੰਗ ਦੇ ਸੰਨੀ ਧੂੜ 1 ਦੀ ਲਾਇਸੰਸ ਪਲੇਟ ਵਾਲੇ ਹੰਮਰ ਨਾਲ ਆਪਣੀ ਵੱਖਰੀ ਹੀ ਹਾਜ਼ਰੀ ਲਵਾ ਰਹੇ ਸਨ। ਜਗਰਾਜ ਸਿੰਘ ਅਟਵਾਲ ਆਪਣੇ ਹਮਜੋਲੀਆਂ ਦਾ ਟੋਲਾ ਲੈ ਕੇ ਮੇਲਾ ਵੇਖਣ ਲਈ ਮਸਕੀਗਨ ਤੋਂ ਆਏ ਹੋਏ ਸਨ। ਇੰਡੀਆਨਾ ਤੋਂ ਸਰਵਣ ਸਿੰਘ ਟਿਵਾਣਾ ਆਪਣੇ ਸਾਥੀਆਂ ਯਾਦਵਿੰਦਰ, ਧਰਮਿੰਦਰ, ਕੁਲਦੀਪ ਸਿੰਘ ਲੰਗ ਨਾਲ ਦਰਸ਼ਨ ਦਰੜ ਆਪਣੇ ਸਾਥੀ ਪ੍ਰਿਤਪਾਲ ਘੋਤੜੇ ਨਾਲ ਅਤੇ ਸ਼ਮਸ਼ੇਰ ਸਿੰਘ ਬੋਪਾਰਾਏ, ਰਾਜਿੰਦਰ ਸਿੰਘ ਬੈਂਸ ਅਤੇ ਮਨਦੀਪ ਸਿੰਘ ਭੂਰਾ, ਡਿਟਰਾਇਟ ਤੋਂ ਰਾਜ ਗਰੇਵਾਲ, ਕੈਲਮਜ਼ੂ ਤੋਂ ਨਰਿੰਦਰ ਮੁੰਦਰ, ਮਿਲਵਾਕੀ ਤੋਂ ਅਮਰਜੀਤ ਸੰਧਰ ਤੇ ਜਗਦੀਸ਼ਰ ਸਿੰਘ ਕਲੇਰ ਮੇਲਾ ਵੇਖਣ ਵਾਲਿਆਂ ਵਿਚ ਸ਼ਾਮਲ ਸਨ।

—

ਪੰਜਾਬੀਆਂ ਦਾ ਮੇਲਾ ਹੋਵੇ ਤੇ ਲੜਾਈ ਝਗੜੇ ਦਾ ਸ਼ਗਨ ਨਾ ਹੋਵੇ ਸਮਝੋ ਉਹ ਪੰਜਾਬੀਆਂ ਦਾ ਮੇਲਾ ਹੀ ਨਹੀਂ। ਸਾਰਾ ਦਿਨ ਮੇਲਾ ਸੁੱਖ ਸੁਖਾਲਾ ਰਿਹਾ। ਸ਼ਾਮ ਨੂੰ ਜਦੋਂ ਗਾਇਕੀ ਦਾ ਅਖਾੜਾ ਲੱਗਾ ਤਾਂ ਸ਼ਰਾਬ ਨਾਲ ਟੂੰਨ ਹੋਇਆ ਇਕ ਮੇਲੀ ਸਟੇਜ ਅੱਗੇ ਆ ਹਾਜ਼ਰ ਹੋਇਆ। ਸੁਰਿੰਦਰ ਛਿੰਦਾ ਮਾਈਕ ਸੰਭਾਲੀ ਗਾ ਰਿਹਾ ਸੀ। ਸ਼ਾਇਦ ਉਸ ਦੇ ਮੂੰਹ ਵਿਚ ਗੀਤ ਦੀ ਪੈਰੋਡੀ ਦੇ ਬੋਲ ਸਨ-ਹਾਏ ਹਾਏ ਮੈਂ ਕਿਸ ਕਿਸ ਕੋ ਸੁਨਾਊਂ ਮੇਰੀ ਹੈਂ ਦੋ ਜਨਾਨੀਆਂ... ਕਿ ਇਸ ਸ਼ਰਾਬੀ ਮੇਲੀ ਨੇ ਸਕਿਊਰਿਟੀ ਵਾਲੇ ਨੂੰ ਸਟੇਜ ਵੱਲ ਜਾਂਦਿਆਂ ਧੱਕਾ ਮਾਰ ਦਿੱਤਾ। ਬੱਸ ਫਿਰ ਕੀ ਸੀ ਸਕਿਊਰਿਟੀ ਵਾਲਿਆਂ ਵੀ ਧਰ ਲਿਆ ਥਾਂ ਹੀ। ਆਫ ਡਿਊਟੀ ਪੁਲਿਸ ਅਫਸਰਾਂ ਨੇ ਬਣਾ ਦਿੱਤਾ ਉਸ ਦਾ ਗੋਲ ਛਿੱਕੂ। ਬਾਅਦ ਵਿਚ ਪ੍ਰਬੰਧਕ ਖੈਰ ਉਸ ਨੂੰ ਛੁਡਾ ਲੈ ਆਏ ਪਰ ਉਦੋਂ ਤੱਕ ਮੇਲੇ ਦੇ ਰੰਗ 'ਚ ਭੰਗ ਪੈ ਚੁੱਕੀ ਸੀ। ਪੁਲਿਸ ਵਾਲਿਆਂ ਸਪੀਕਰ ਬੰਦ ਕਰਾ ਦਿੱਤੇ ਸਨ। ਵਿਚਾਰਾ ਛਿੰਦਾ ਅਖਾੜਾ ਬੰਨ੍ਹਣ ਦੀਆਂ ਤਿਆਰੀਆਂ ਹੀ ਕੱਸਦਾ ਰਹਿ ਗਿਆ।

—

ਏਡਾ ਵੱਡਾ ਮੇਲਾ ਕਰਵਾਉਣਾ ਕੋਈ ਸੌਖਾ ਕੰਮ ਨਹੀਂ। ਇਸ ਲਈ ਮੋਟੀ ਰਕਮ ਚਾਹੀਦੀ ਹੈ ਅਤੇ ਜਿਨ੍ਹਾਂ ਤੋਂ ਮੋਟੀ ਰਕਮ ਆਉਂਦੀ ਹੈ ਉਨ੍ਹਾਂ ਦਾ ਸਟੇਜ 'ਤੇ ਮਾਣ ਤਾਣ ਕਰਨਾ ਵੀ ਬਣਦਾ ਹੀ ਹੈ। ਫਿਰ ਪੰਜਾਬੀਆਂ ਦਾ ਉਂਜ ਵੀ ਸੁਭਾਅ ਹੈ ਕਿ ਜੇ ਛਿੜ ਪੈਣ ਤਾਂ ਇਕ ਦੂਜੇ ਤੋਂ ਉਤੋਂ ਦੀ ਆਉਣ ਲਈ ਸੱਭੋ ਕੁਝ ਦਾਅ 'ਤੇ ਲਾਉਣ ਲਈ ਤਿਆਰ ਹੋ ਜਾਂਦੇ ਹਨ।

***(ਬਾਕੀ ਸਫਾ 26 ਉਤੇ)***






# ਸ਼ੇਰ-ਏ-ਪੰਜਾਬ ਸਪੋਰਟਸ ਐ

# ਸ਼ਿਕਾਗੋ ਕਬੱਡੀ ਕੱਪ-20

ਕਬੱਡੀ ਦਾ
ਪਹਿਲਾ ਇਨਾਮ



ਗੁਰਜੇਪਾਲ ਸਿੰਘ ਭੱਟੀ
ਦੀ ਯਾਦ ਵਿਚ
(ਸਰਦਾਰਨੀ ਅਤੇ ਸ.
ਹਰਕਿਸ਼ਨ ਸਿੰਘ ਭੱਟੀ ਵਲੋਂ)

*Let's celebrate labor day in Punjabi way. Come with families!*

## ਆਓ, ਲੇਬਰ ਡੇ ਪੰਜਾਬੀ ਤਰਜ ਨਾਲ ਮਨਾਈਏ

*Invite you to join us on the Occasion of*

## *Chicago Kabaddi Cup 2009*

*And*

## *Volleyball & Cultural Programme*

## *SUNDAY, SEPTEMBER 6, 2009 At 9 am*

*BUSSE WOODS FOREST PRESERVE SOUTH, Elk Grove Village- IL*

### *Chief Guest-Padma Shree Charanjit Singh*

*(Former Indian Hockey Team Captain and Four Time Olympian)*

ਕਬੱਡੀ ਦਾ



ਜਸਵਿੰਦਰ ਸਿੰਘ ਗਿੱਲ

ਗਿੱਲ ਬ੍ਰਦਰਜ਼ ਆਫ ਵਾਕੀਗ

**Advisory Committee:**

Dr. Mukhtar Singh Nandra (Chairman),
Dr. Amardeep Sangha,
Mat Singh Dhillon,
Harkishan S Bhatti,
Dr. Rashpal Bajwa,
Shamsher S Boparai,
Rajinder S Bains,
Amritpal S Gill,
Jaswinder S Gill,
Lally Ranbir S Dhaliwal,
Kulwinder S. Gill,
Beant S Boparai,
Parminder S. Goldy

e-mail: sepscc@yahoo.com,
sherepunjabchicago@yahoo.com

**RSVP: Board Members:**

*Gurbachan Singh Pappu (Chairman)*
*Jindi Khangura (President) 847-529-1464*
*Parminder S Walia 847-477-1613*
*Amardev Badesha 708-612-7963*
*Balbir S Baidwan 224-588-6025*
*Deepa Badesha 815-546-0525*
*Satnam S Minhas 773-593-9898*
*Jaswinder Singh Jassi 773-507-7557*
*Jinder S Benipal 773-895-2041*
*Hardeep S Gill 847-226-2515*
*Sukhwinder S Mander 224-520-3140*
*Rajinder S Virk 847-409-9174*
*Jodh S Sidhu 630-669-7175*
*Ravinder S Khaira 708-259-4298*
*Lalli Nijjar, 815-405-8073, Babbi Bath 847-366-3826,*
*Rachpal S Khangura 847-361-4908, Pritpal Singh 847-845-2343*
Tirath Singh -Captain Kabaddi Team



ਸ. ਗੁਰਬਚਨ ਸਿੰਘ ਪੱਪੂ



ਕੌਮਾਂਤਰੀ ਪੱਧਰ
ਬਲਜਿੰਦਰ ਨੀਲੋ
ਜੱਜ, ਕਿੰਦੂ ਰਮੀ
ਕੰਦੋਲਾ, ਅੰਕਿਤ
ਸ਼ੰਮੀਪੁਰੀਆ, ਤੀ
ਹਨੀ ਖੰਘੂੜਾ, ਮ
ਡੈਂਟੇ (ਕਾਲਾ), ਜ
ਦੁੱਲਾ, ਹੀਰ, ਢ
ਕਮਲ, ਗੁਰਬਖ਼ਸ਼
ਵਿਖਾਉਣਗੇ

ਕਬੱਡੀ ਖੇਡ ਪ
ਪਹੁੰਚ ਰਹੇ
ਜਸਵਿੰਦਰ ਸ
ਅਮਰਜੀਤ ਸੰ

## ਮੁਫਤ ਦਾਖਲਾ ਮੁਫਤ

**ਪਲਾਟੀਨਮ ਸਪਾਂਸਰ (ਕਰਾਊਨ ਪੁਆਇੰਟ, ਇੰਡੀਆਨਾ)**

ਸ਼ਮਸ਼ੇਰ ਸਿੰਘ ਬੋਪਾਰਾਏ, ਵਿਰਕ ਬ੍ਰਦਰਜ਼-ਕੇ. ਵਿਰਕ, ਰਾਜਿੰਦਰ ਸਿੰਘ ਬੈਂਸ, ਜਸਪਾਲ ਸਿੰਘ ਜੱਸੀ, ਗੁਰਿੰਦਰ ਸਿੰਘ ਗਿੱਲ, ਮਨਦੀਪ ਸਿੰਘ ਭੂਰਾ, ਸੁਰਜੀਤ ਸਿੰਘ ਗਿਲਜੀਆਂ, ਗੁਰਨਾਮ ਸਿੰਘ ਸਿੱਧੂ, ਸੁਰਜੀਤ ਸਿੰਘ ਗਰੇਵਾਲ, ਕੁਲਦੀਪ ਸਿੰਘ ਟਾਂਡਾ, ਸਿਕੰਦਰ ਸਿੰਘ ਬਿੱਟੂ, ਤੇਜਾ ਸਿੰਘ ਨਾਰੰਗ, ਮਨਜੀਤ ਸਿੰਘ ਕਹਿਲ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ਵਰਿੰਦਰ ਸਿੰਘ ਨਾਗਰਾ, ਹਰਨਿੰਦਰ ਸਿੰਘ ਨਿੰਦੀ, ਨਿਧਾਨ ਸਿੰਘ, ਮੇਜਰ ਸਿੰਘ ਢਿੱਲੋਂ, ਰਤਨਦੀਪ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਬਸਰਾ, ਪਾਲੀ ਗਰੇਵਾਲ, ਅਮਰੀਕ ਸਿੰਘ ਬਸਰਾ, ਜਸਵੀਰ ਸਿੰਘ ਹੋਠੀ, ਰਣਜੀਤ ਸਿੰਘ ਰੈਂਡੀ, ਜਸਪਾਲ ਸਿੰਘ ਮੁਲਤਾਨੀ, ਰਣਜੀਤ ਸਿੰਘ ਕਾਹਲੋਂ (ਤੰਦੂਰ), ਇਕਬਾਲ ਸਿੰਘ ਮਿਆਣੀ, ਬਲਵਿੰਦਰ ਸਿੰਘ ਪਿੰਦਾ, ਟੇਸਟ ਆਫ ਇੰਡੀਆ (ਜੱਸੀ), ਜਸਪਾਲ ਸਿੰਘ-ਪ੍ਰਧਾਨ, ਸੁਰਿੰਦਰ ਸਿੰਘ ਪਾਲੀਆ, ਪੀ.ਏ.ਵਾਈ.ਸੀ. ਆਫ ਇੰਡੀਆਨਾ, ਗੁਰਪ੍ਰੀਤ ਸਿੰਘ ਬੌਬੀ, ਸੁਰਿੰਦਰਪਾਲ ਸਿੰਘ, ਬਲਰਾਜ ਸਿੰਘ

**ਗਰੈਂਡ ਸਪਾਂਸਰ**

ਮਿਲਵਾਕੀ: ਸਤਵੰਤ ਸਿੰਘ ਕਾਲੇਕਾ, ਕੈਪਟਨ ਕਮਲਜੀਤ ਸਿੰਘ ਬਾਜਵਾ, ਬੇਅੰਤ ਸਿੰਘ ਬੋਪਾਰਾਏ, ਪਰਮਿੰਦਰ ਸਿੰਘ ਗੋਲਡੀ, ਬਿਕਰਮਜੀਤ ਸਿੰਘ ਸੇਖੋਂ, ਇੰਦਰਜੀਤ ਸਿੰਘ ਢਿੱਲੋਂ, ਹਰਿੰਦਰ ਸਿੰਘ ਧਾਲੀਵਾਲ, ਜਗਜੀਤ ਸਿੰਘ ਸਿੱਧੂ

ਸ਼ਿਕਾਗੋ: ਹਰਕ੍ਰਿਸ਼ਨ ਸਿੰਘ ਭੱਟੀ, ਡਾ. ਮੁਖਤਿਆਰ ਸਿੰਘ ਨੰਦਰਾ, ਲਾਲੀ ਤੇ ਪਾਲੀ ਭਰਾ, ਭੁਪਿੰਦਰ ਸਿੰਘ ਹੁੰਦਲ, ਬਿਕਰਮ ਸਿੰਘ ਸਿੱਧੂ, ਗੁਲਜ਼ਾਰ ਸਿੰਘ ਮੁਲਤਾਨੀ, ਮੇਜਰ ਸਿੰਘ ਮੱਲ੍ਹੀ, ਸੰਨੀ ਗਿੱਲ (ਮੈਰਾਥਨ), ਹਰਵਿੰਦਰ ਸਿੰਘ ਕੰਗ, ਨਰਿੰਦਰ ਸਿੰਘ ਮੁੰਦਰ, ਚਰਨ ਸਿੰਘ ਐਂਡ ਪੁਸ਼ਪਿੰਦਰ ਪੁਨੀਆ (ਦੀਵਾਨ ਤੇ ਕਲਾਰਕ ਆਟੋ ਰਿਪੇਅਰ), ਅਮਰੀਕ ਸਿੰਘ-ਅਮਰ ਕਾਰਪੈਟਸ, ਡਾ. ਪਾਲ ਬਦੇਸ਼ਾ ਤੇ ਪਰਿਵਾਰ, ਪਰਮਿੰਦਰ ਸਿੰਘ ਵਾਲੀਆ, ਸ਼ਿਕਾਗੋ ਟੈਕਸੀ ਪਾਰਟਸ ਇੰਕ

ਸਿਲਵਰ ਸਪਾਂਸਰ: ਹਰਜੀਤ ਸਿੰਘ, ਗੁਰਦੇਵ ਸਿੰਘ ਭੱਠਲ ਤੇ
ਮਾਨ ਭਰਾ, ਜਸਬੀਰ ਸਿੰਘ ਸੋਢੀ, ਗੁਰਦੇਵ ਸਿੰਘ, ਗਲੋਬ ਟੈਕਸੀ, ਸੁ
ਸਿੰਘ ਭੱਟੀ, ਭਜਨ ਸਿੰਘ ਕਲਸੀ, ਕਿਰਪਾਲ ਸਿੰਘ ਭੰਗੂ, ਗੁਰ
ਗਿੱਲ, ਕੁਲਵਿੰਦਰ ਸਿੰਘ, ਤਰਲੋਚਨ ਸਿੰਘ, ਗੁਰਦੇਵ ਸਿੰਘ ਕਿ
ਗਿੱਲ, ਸੰਨੀ ਕੁਲਾਰ, ਹਰਦਿਆਲ ਸਿੰਘ ਦਿਓਲ, ਗੁਰਦਿਆਲ ਸਿੰਘ
ਰਵਿੰਦਰ ਸਿੰਘ (ਆਰ.ਕੇ. ਕਾਰਪੈਟਸ), ਇੰਦਰ-ਪੰਜਾਬੀ ਢਾਬਾ,
ਟੈਕਸੀ, ਦਰਸ਼ਨ ਸਿੰਘ, ਅਰਵਿੰਦ ਸਿੰਘ ਗਾਖਲ, ਬਲਦੇਵ ਸਿੰਘ
ਸਟਾਰ ਫੂਡ ਐਂਡ ਗਿਫਟ ਇੰਕ., ਹਰਵਿੰਦਰ ਸਿੰਘ ਸਿੱਧੂ, ਕਿਰ
ਜਸਪਾਲ-ਬਾਜਵਾ ਬ੍ਰਦਰਜ਼, ਦਰਸ਼ਨ ਸਿੰਘ ਬਸਰਾਨ, ਹਰਜ
ਫਾਊਂਡੇਸ਼ਨਜ਼, ਹਰਲੀਨ ਐਂਟਰਪ੍ਰਾਈਜਿਜ਼, ਗੁਰਦਿੱਤ ਸਿੰਘ ਸੈਣੀ
ਕਾਹਲੋਂ, ਲਖਬੀਰ ਸੰਧੂ, ਮਿੰਦਰ ਤੇ ਤਾਲੀ-ਭੱਠਲ ਭਰਾ, ਰੂਪ ਸਿ
ਲਖਬੀਰ ਸਿੰਘ ਚਾਹਲ, ਵਰਿੰਦਰ ਸਿੰਘ ਪਰਮਾਰ, ਨਿਲੇਸ਼ ਟੋਪੀਵਾਲਾ
ਸਿੰਘ ਮਾਈਕ, ਸ਼੍ਰੋਮਣੀ ਅਕਾਲੀ ਦਲ (ਅ) ਸ਼ਿਕਾਗੋ ਯੂਨਿਟ, ਸ
ਬਿੱਲਾ ਭਾਅ ਜੀ-ਰਸੀਨ, ਪੰਡਿਤ ਜੀ ਸਤੀਸ਼, ਅਲਮਦੀਨਾ ਆਟੋ
ਜਗਜੀਤ ਸਿੰਘ ਢੀਂਡਸਾ, ਮਲਿੰਦਰ ਸਿੰਘ ਮਿਨਹਾਸ, ਹਰਵੰ
ਅੰਮ੍ਰਿਤਪਾਲ ਸਿੰਘ ਗਿੱਲ, ਹੌਬੀ ਗਰੇਵਾਲ

# ੰਡ ਕਲਚਰਲ ਕਲੱਬ ਸ਼ਿਕਾਗੋ

## 009




ਪ੍ਰਸਿੱਧ ਕਬੱਡੀ ਕੁਮੈਂਟੇਟਰ ਸੁਖਚੈਨ ਸਿੰਘ ਬਰਾੜ ਕੁਮੈਂਟਰੀ ਕਰਨਗੇ

ਦੂਸਰਾ ਇਨਾਮ



ਨਾਜਰ ਸਿੰਘ ਗਿੱਲ

ਨ (ਪਿੰਡ ਗਿੱਲ, ਲੁਧਿਆਣਾ) ਵਲੋਂ

**ਖਾਣੇ ਦਾ ਇੰਤਜਾਮ ਰਮੀ ਗਰੇਵਾਲ (ਪੰਜਾਬ ਸਵੀਟਸ, ਸ਼ਿਕਾਗੋ)**

ਰ ਦੇ ਰੇਡਰ ਤੇ ਸਟਾਪਰ- ਂ, ਰਣਜੀਤ ਸਿੰਘ, ਸੁਕੀਨ ਦੀਵਾਲਾ, ਜੌਨੀ ਗਿੱਲ, ਸੰਨੀ , ਸਾਬੀ, ਕਾਲਾ ਨੀਲੋਂ, ਵਿੱਕੀ ਰਿਥ ਗਾਖਲ, ਅਰਸ਼ੀ, ਧੰਨਾ, ਮਿਨਾ ਲੱਛਰ, ਲੈਰੀ ਬੂਦਰਜ਼, ਸਾ ਭਲਵਾਨ, ਲਾਲੀ, ਮੌਲਾ, ਲਾ, ਤਾਰੀ, ਦੁਸਾਂਝ ਭਰਾ, ਤੇ ਬਲਜੀਤ ਕਬੱਡੀ ਦੇ ਜੌਹਰ

ਪ੍ਰੋਮੋਟਰ ਵਿਸ਼ੇਸ਼ ਤੌਰ 'ਤੇ ਹਨ-ਬਲਜੀਤ ਸੰਧੂ, ਸੋਹਲ, ਲੱਛਰ ਭਰਾ, ਘਾ ਅਤੇ ਬਲਜੀਤ ਸਹੋਤਾ

**ਾ ਪਾਰਕਿੰਗ**

## ਪੰਜਾਬੀ ਲੋਕ ਗਾਇਕ ਸ਼ਾਨਦਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ




ਪ੍ਰੀਤ ਬਰਾੜ




ਵੀਰ ਸੁਖਵੰਤ




ਸੁਨੀਤਾ ਭੱਟੀ




ਕੁਲਵੰਤ ਕੌਰ

ਪਰਿਵਾਰ, ਰਿੰਦਰਪਾਲ ਦੇਵ ਸਿੰਘ ਸ਼ਾ, ਸੰਨੀ ਬਸਰਾਨ, ਬਲੂ ਰਿਬਨ ਬਾਗੜੀ, ਪਾਲ ਐਂਡ ਾਪ ਸੰਘਾ ੀ, ਬਲਤੇਜ ਿੰਘ ਢਿੱਲੋਂ, , ਮਲਕੀਤ ਾਰ ਆਟੋ, ੇ ਵਰਕਸ, ਤ ਸਿੰਘ,

**ਸਪਾਂਸਰ:** ਮਨਜੀਤ ਸਿੰਘ ਗਰੇਵਾਲ, ਸੈਫਰਨ ਇੰਡੀਅਨ ਕੁਜ਼ੀਨ, ਮਨਜੀਤ ਸਿੰਘ (ਹਾਲਸਟੈਡ ਆਟੋ ਰਿਪੇਅਰ), ਚਮਨ ਲਾਲ, ਸ਼ਮਸ਼ੇਰ ਸਿੰਘ ਧਾਲੀਵਾਲ, ਗੁਰਮੁਖ ਸਿੰਘ, ਸੁਰਜੀਤ ਸਿੰਘ, ਗੁਰਚਰਨ ਸਿੰਘ, ਅਰਵਿੰਦ ਸਿੰਘ, ਪ੍ਰੀਤ ਪੈਟਰੋਲੀਅਮ, ਸਰਬਜੀਤ ਸਿੱਧੂ, ਰਛਪਾਲ ਸਿੰਘ, ਚਰਨਜੀਤ ਸਿੰਘ, ਜੁਝਾਰ ਸਿੰਘ, ਲਖਪਾਲ ਸਿੰਘ ਜੌਹਲ, ਗੁਰਮੀਤ ਸਿੰਘ ਅਟਵਾਲ, ਤਰਲੋਚਨ ਸਿੰਘ ਗਿੱਲ, ਸ਼ੇਰਵੁੱਡ ਫੂਡ, ਇੰਦਰਜੀਤ ਸਿੰਘ ਮੱਕੜ, ਮੁਖਤਿਆਰ ਸਿੰਘ, ਸ਼ੇਰੇ ਪੰਜਾਬ ਰੈਸਟੋਰੈਂਟ, ਸੋਨੂੰ ਢਿੱਲੋਂ, ਪਰਸ਼ਨ ਸਿੰਘ ਮਾਨ, ਗੁਰਚਰਨ ਸਿੰਘ ਗਿੱਲ, ਜੈਜ਼ੀ ਗਿੱਲ, ਜਗਤਾਰ ਸਿੰਘ, ਕਸ਼ਮੀਰ ਸਿੰਘ, ਕੇ.ਬੀ.ਐਸ. ਇੰਕ ਸ਼ਿਕਾਗੋ, ਸਾਧੂ ਸਿੰਘ ਰਿਖੀਰਾਜ, ਸਵਰਨ ਸਿੱਧੂ, ਡਾ. ਜਰਨੈਲ ਸਿੰਘ ਗਿੱਲ, ਮੁੰਦਰ ਪਰਿਵਾਰ, ਭੁਪਿੰਦਰ ਸਿੰਘ, ਸਤਵੰਤ ਸਿੰਘ ਅਟੱਲ, ਕਾਬਲ ਸਿੰਘ ਭੁੱਲਰ, ਬਲਜੀਤ ਸਿੰਘ ਮੰਗੀ, ਗੁਰਮੀਤ ਸਿੰਘ ਨਾਗਰਾ, ਕੁਲਵੰਤ ਸਿੰਘ ਨਾਗਰਾ, ਹਰਪਾਲ ਸਿੰਘ, ਹਰਵੰਤ ਸਿੰਘ, ਰਣਜੀਤ ਸਿੰਘ ਗਿੱਲ, ਜਾਵਰ ਇੰਕ., ਗੁਰਮੇਲ ਸਿੰਘ ਅਟਵਾਲ, ਪਾਲ ਸਿੰਘ (ਸਨ ਸ਼ਾਈਨ ਡੀ.ਜੇ.), ਰਘਵਿੰਦਰ ਸਿੰਘ ਮਾਹਲ, ਜਸਪਾਲ ਸਿੰਘ ਭਿੰਦਰ, ਦਲਜੀਤ ਸਿੰਘ, ਭੁਪਿੰਦਰ ਸਿੰਘ ਬਿੰਦਰਾ

**ਮਿਸ਼ੀਗਨ:** ਕੁਲਵਿੰਦਰ ਗਿੱਲ, ਕੁਲਦੀਪ ਗਿੱਲ, ਬਲਦੇਵ ਸਿੰਘ, ਹਰਦੇਵ ਸਿੰਘ, ਅਵਤਾਰ ਸਿੰਘ, ਸਕੰਦਰ ਸਿੰਘ, ਪਲਵਿੰਦਰ ਕਾਕਾ, ਮਨਜਿੰਦਰ ਬੈਣੀਪਾਲ, ਦਲਬਾਰਾ ਮਾਂਗਟ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਅਮੈਰਿਕਨਜ਼ ਆਰਗੇਨਾਈਜੇਸ਼ਨ (ਪੀ.ਏ.ਓ.), ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ, ਸਿੱਖ ਰਿਲੀਜੀਅਸ ਸੁਸਾਇਟੀ ਆਫ ਸ਼ਿਕਾਗੋ, ਗੁਰਦੁਆਰਾ ਸਾਹਿਬ ਆਫ ਦੀਵਾਨ, ਐਸ.ਆਰ.ਐਸ. ਇੰਡੀਆਨਾ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਯੰਗ ਸਪੋਰਟਸ ਕਲੱਬ-ਇੰਡੀਅਨਐਪੋਲਿਸ, ਗੁਰੂ ਹਰਗੋਵਿੰਦ ਸਾਹਿਬ ਸੁਸਾਇਟੀ, ਗਰੀਨਵੁੱਡ-ਇੰਡੀਆਨਾ, ਪੀ.ਸੀ.ਓ. ਵਿਸਕਾਨਸਿਨ, ਪੀ.ਸੀ.ਐਸ. ਮਿਸ਼ੀਗਨ,ਸਾਊਥ-ਵੈਸਟ ਮਿਸ਼ੀਗਨ ਕਲਚਰਲ ਸੁਸਾਇਟੀ ਆਫ ਕੈਲਮਜ਼ੂ, ਸਿੱਖ ਕਲਚਰਲ ਸੁਸਾਇਟੀ ਆਫ ਕੈਲਮਜ਼ੂ, ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਆਫ ਇੰਡੀਆਨਾ, ਪੰਜ ਦਰਿਆ ਐਂਟਰਟੇਨਮੈਂਟ-ਇੰਡੀਅਨਐਪੋਲਿਸ, ਬਾਬਾ ਮੱਖਣ ਸ਼ਾਹ ਲੁਬਾਣਾ ਸੁਸਾਇਟੀ, ਦੋਆਬਾ ਸਪੋਰਟਸ ਕਲੱਬ ਸ਼ਿਕਾਗੋ, ਸਿੱਖ ਕਲਚਰਲ ਸੁਸਾਇਟੀ ਆਫ ਬੈਟਲ ਕਰੀਕ, ਸਿੱਖ ਕਲਚਰਲ ਸੁਸਾਇਟੀ ਆਫ ਸਾਊਥ ਬੈਂਡ, ਗੁਰੂ ਨਾਨਕ ਸਿੱਖ ਸੈਂਟਰ-ਲੈਨਸਿੰਗ, ਪੀ.ਸੀ.ਐਸ. ਫੋਰਟਵਿਨ, ਸ਼ੇਰੇ ਪੰਜਾਬ ਸਪੋਰਟਸ ਕਲੱਬ-ਕੈਲੀਫੋਰਨੀਆ, ਬੇ-ਏਰੀਆ ਸਪੋਰਟਸ ਕਲੱਬ, ਸੈਨ ਹੋਜ਼ੇ-ਮਾਡੈਸਟੋ ਸਪੋਰਟਸ ਕਲੱਬ, ਸਿੱਖ ਟੈਂਪਲ ਆਫ ਵਿਸਕਾਨਸਿਨ-ਓਕ ਕਰੀਕ, ਰੰਗਲਾ ਪੰਜਾਬ, ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਇਲੀਨਾਏ ਸਿੱਖ ਕਮਿਊਨਿਟੀ ਸੈਂਟਰ-ਬੋਲਿੰਗ ਬਰੁੱਕ, ਪੰਜਾਬੀ ਟਰੱਕ ਯੂਨੀਅਨ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਸਿਆਟਲ, ਪੰਜਾਬ ਸਪੋਰਟਸ ਕਲੱਬ-ਕੈਲਮਜ਼ੂ, ਯੰਗ ਸਪੋਰਟਸ ਕਲੱਬ, ਗਰੀਨਵੁੱਡ-ਇੰਡੀਆਨਾ, ਸਿੱਖ ਸਟਡੀ ਸੈਂਟਰ ਸੇਂਟ ਲੁਇਸ, ਸਿੱਖ ਕਲਚਰਲ ਸੁਸਾਇਟੀ ਆਫ ਸਾਊਥਬੈਂਡ, ਇੰਡੀਆਨਾ।

**ਮੀਡੀਆ ਸਪਾਂਸਰ**

ਪੰਜਾਬ ਟਾਈਮਜ਼
ਦੇਸੀ ਜੰਕਸ਼ਨ 1530 ਏ.ਐਮ.
ਰੌਣਕ ਮੇਲਾ 1590 ਏ.ਐਮ.
ਸਿੱਖ ਟੀ.ਵੀ.
ਇੰਡੀਅਨ ਰਿਪੋਰਟਰ
ਇੰਡੀਆ ਪੋਸਟ
ਦੇਸੀ ਟਾਕ
ਇੰਡੀਆ ਬੁਲਿਟਨ
ਟੀ.ਵੀ. ਏਸ਼ੀਆ
ਡੇਲੀ ਅਜੀਤ
ਸਾਡਾ ਪੰਜਾਬ ਡਾਟ ਕਾਮ
ਸਾਊਥ ਏਸ਼ੀਆ ਵੰਨ
ਜਸ ਪੰਜਾਬੀ ਟੀ ਵੀ

# ਸੈਕਰਾਮੈਂਟੋ ਦੇ ਤੀਆਂ ਦੇ ਮੇਲੇ 'ਚ ਆਇਆ ਬੀਬੀਆਂ ਦਾ ਹੜ੍ਹ

**ਸੈਕਰਾਮੈਂਟੋ:** ਇਥੋਂ ਦੀ ਸਬਰਬ ਐਲਕ ਗਰੂਵ ਦਾ ਵਿਸ਼ਾਲ ਐਸ.ਸੀ.ਐਸ. ਹਾਲ। ਬੀਬੀਆਂ ਦਾ ਜਿਵੇਂ ਹੜ੍ਹ ਆਇਆ ਹੋਇਆ। ਜਗ੍ਹਾ ਤੰਗ ਪੈਂਦੀ ਵੇਖ ਪ੍ਰਬੰਧਕਾਂ ਨੂੰ ਕੁਰਸੀਆਂ ਵੀ ਚੁਕਵਾਉਣੀਆਂ ਪਈਆਂ ਤੇ ਬੀਬੀਆਂ ਲੱਕੜ ਦੇ ਫਲੋਰ ਉਤੇ ਪਲੱਥੇ ਮਾਰੀ ਬੈਠੀਆਂ ਆਪਣੇ ਮਨ ਪਸੰਦ ਪ੍ਰੋਗਰਾਮ ਨੂੰ ਦੇਖ ਰਹੀਆਂ ਹਨ। ਇਹ ਮੌਕਾ ਬੰਨ੍ਹਿਆ ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਵਲੋਂ ਕਰਵਾਏ ਗਏ ਨੌਵੇਂ ਤੀਆਂ ਦੇ ਮੇਲੇ ਨੇ।

ਗਿੱਧੇ ਦਾ ਪਿੜ ਬੱਝਾ ਤਾਂ ਕੁੜੀਆਂ-ਚਿੜੀਆਂ ਕੁਝ ਸੰਗਦੀਆਂ ਸੰਗਦੀਆਂ ਬੋਲੀ ਪਾ ਰਹੀਆਂ ਸਨ ਕਿ ਇੰਨੇ ਨੂੰ ਇਕ ਬੇਬੇ ਨੇ ਬੋਲੀ ਚੁੱਕੀ 'ਬੱਗੀ ਬੱਗੀ ਕਣਕ ਦੁਆਬੇ ਦੀ, ਨੀਂ ਜਿਹੜੀ ਗਿੱਧਾ ਨਾ ਪਾਵੇ ਰੰਨ ਬਾਬੇ ਦੀ'। ਬੱਸ ਫਿਰ ਕੀ ਸੀ ਬਾਬੇ ਦੇ ਰੰਨ ਬਣਨ ਨੂੰ ਕੋਈ ਵੀ ਤਿਆਰ ਨਹੀਂ ਸੀ। ਇਕ ਹੋਰ ਬੇਬੇ ਨੇ ਬੋਲੀ ਚੁੱਕੀ 'ਜਦੋਂ ਜਵਾਨੀ ਵਾਲਾ ਜ਼ੋਰ ਸੀ ਵੇ ਬਾਲਮਾ, ਵੰਝਲੀ ਵਰਗਾ ਬੋਲ ਸੀ ਵੀ ਬਾਲਮਾ'। ਕਿਸੇ ਹੋਰ ਪਾਸਿਓਂ ਬੋਲੀ ਆਈ 'ਹਰੇ ਹਰੇ ਘਾਹ ਉਤੇ ਸੱਪ ਫੂਕਾਂ ਮਾਰਦਾ, ਭੱਜੋ ਵੀਰੋ ਵੇ ਬਾਪੂ ਕੱਲਾ ਮੱਝਾਂ ਚਾਰਦਾ'। ਕਿਸੇ ਹੋਰ ਬੀਬੀ ਨੇ ਮਨ ਦਾ ਗੁਬਾਰ ਕੱਢਿਆ 'ਸੱਸੇ ਤੇਰੀ ਮਹਿੰ ਮਰ ਜੇ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ'। ਬੱਸ ਫਿਰ ਕੀ ਸੀ ਗਿੱਧੇ ਦਾ ਪਿੜ ਆਪਣੇ ਪੂਰੇ ਜੋਬਨ 'ਤੇ ਸੀ। ਇਕ ਬੀਬੀ ਬੋਲੀ ਛੱਡਦੀ ਤਾਂ ਦੂਜੀ ਨਾਲ ਹੀ ਚੁੱਕ ਲੈਂਦੀ। ਮੁਟਿਆਰਾਂ ਨੇ ਆਪਣੇ ਦਿਲ ਦੀਆਂ ਕਹੀਆਂ, ਦਿਲ ਦੇ ਗੁਬਾਰ ਵੀ ਕੱਢੇ ਅਤੇ ਅੱਡੀ ਮਾਰ ਮਾਰ ਫਰਸ਼ ਪੁੱਟਣ ਦੇ ਸੱਦੇ ਵੀ ਦਿੱਤੇ।

ਜਿਸ ਤਰੀਕੇ ਨਾਲ ਤੀਆਂ ਦਾ ਇਹ ਮੇਲਾ ਭਰਿਆ ਉਸ ਤੋਂ ਜਾਪਦਾ ਸੀ ਕਿ ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਨੂੰ ਇਸ ਇਲਾਕੇ ਦੇ ਪਰਿਵਾਰਾਂ ਵਿਚ ਡੂੰਘੀ ਮਾਨਤਾ ਹਾਸਲ ਹੈ।

ਮੇਲੇ ਵਿਚ ਮਾਡੈਸਟੋ, ਟਰਲਕ, ਸਟਾਕਟਨ, ਲੋਡਾਈ, ਰੋਜ਼ਵਿਲ, ਫੇਅਰਫੀਲਡ, ਯੂਬਾ ਸਿਟੀ ਅਤੇ ਇਥੋਂ ਤੱਕ ਕਿ ਦੂਰ ਦੁਰੇਡੇ ਬੇ-ਏਰੀਏ ਤੋਂ ਵੀ ਬੀਬੀਆਂ, ਮੁਟਿਆਰਾਂ ਤੇ ਬੱਚੀਆਂ ਪਹਿਨ ਪੱਚਰ ਕੇ ਤੀਆਂ ਦੇ ਇਸ ਸ਼ਗਨੀ ਮੇਲੇ ਵਿਚ ਹਾਜ਼ਰੀ ਭਰਨ ਪਹੁੰਚੀਆਂ। ਇਹ ਤੀਆਂ ਲੌਂਗੋਵਾਲ ਅਤੇ ਸ਼ਰੀਂਹ ਸ਼ੰਕਰ ਦੀਆਂ ਤੀਆਂ ਯਾਦ ਤਾਜ਼ਾ ਕਰਵਾ ਗਈਆਂ।

ਹਾਲ ਦੇ ਬਾਹਰ ਲੱਗੇ ਵੱਖ ਵੱਖ ਸਟਾਲਾਂ ਦਾ ਨਜ਼ਾਰਾ ਵੀ ਵੇਖਣ ਵਾਲਾ ਹੀ ਸੀ। ਜਿਵੇਂ ਪੰਜਾਬ ਦਾ ਕੋਈ ਲੋਕ ਮੇਲਾ ਹੋਵੇ। ਰੈਸਟੋਰੈਂਟ ਕਿੰਗ ਆਫ ਇੰਡੀਆ ਯੂਬਾ ਸਿਟੀ ਵਾਲਿਆਂ ਦੇ ਛੋਟੇ ਭਠੂਰੇ, ਸਮੋਸਿਆਂ ਅਤੇ ਪਕੌੜਿਆਂ ਦੀ ਮਹਿਕ ਜਿਥੇ ਮੂੰਹ ਦਾ ਸਵਾਦ ਕਰਾਰਾ ਕਰ ਰਹੀ ਸੀ ਉਥੇ ਦੇਸੀ ਕੁਲਫੀਆਂ ਵੀ ਭੀੜਾਂ ਖਿੱਚਣ ਵਿਚ ਕਾਮਯਾਬ ਰਹੀਆਂ। ਦੂਜੇ ਪਾਸੇ ਹਾਰ ਸ਼ਿੰਗਾਰ ਅਤੇ ਗਹਿਣੇ ਗੱਟਿਆਂ ਦੇ ਸਟਾਲਾਂ ਉਤੇ ਚੂੜੀਆਂ, ਪਰਾਂਦਿਆਂ, ਸੂਟਾਂ-ਸਾੜੀਆਂ ਅਤੇ ਤੀਵੀਆਂ ਵਾਲਾ ਹੋਰ ਹਾਰ-ਸ਼ਿੰਗਾਰ ਖਰੀਦਣ ਵਾਲਿਆਂ ਦੀ ਵੀ ਪੂਰੀ ਭੀੜ ਸੀ। ਸਥਾਨਕ ਅਤੇ ਬਾਹਰੋਂ ਆਏ ਛੇ ਸਟੋਰਾਂ ਵਾਲਿਆਂ ਨੇ ਕੱਪੜੇ, ਹਾਰ ਸ਼ਿੰਗਾਰ ਅਤੇ ਗਹਿਣਿਆਂ ਦੇ ਸਟਾਲ ਲਾ ਕੇ ਬਾਜ਼ਾਰ ਵਰਗਾ ਮਾਹੌਲ ਪੈਦਾ ਕੀਤਾ ਹੋਇਆ ਸੀ। ਸਟਾਲਾਂ ਉਤੇ ਖਰੀਦਦਾਰੀ ਕਰ ਰਹੀਆਂ ਬੀਬੀਆਂ ਦੀ ਰਵਾਇਤੀ ਪਹਿਰਾਵੇ, ਗਹਿਣਿਆਂ ਅਤੇ ਹਾਰ ਸ਼ਿੰਗਾਰ ਪ੍ਰਤੀ ਖਿੱਚ ਉਨ੍ਹਾਂ ਦੇ ਪੰਜਾਬੀ ਜੀਵਨ-ਜਾਚ ਪ੍ਰਤੀ ਮੋਹ ਦੀ ਹਾਮੀ ਭਰ ਰਹੀ ਸੀ।

ਪ੍ਰਬੰਧਕਾਂ ਨੇ ਸਾਰਾ ਪ੍ਰੋਗਰਾਮ ਚਾਰ ਹਿੱਸਿਆਂ 'ਚ ਵੰਡਿਆ ਹੋਇਆ ਸੀ। ਪਹਿਲੇ ਹਿੱਸੇ ਵਿਚ ਮੁਟਿਆਰਾਂ ਨੇ ਸੌਣ ਦੇ ਗੀਤ ਢੋਲਕੀ ਦੀ ਤਾਲ ਉਤੇ ਗਾ ਕੇ ਸੌਣ ਮਹੀਨੇ ਤੇ ਤੀਆਂ ਨੂੰ ਜੀ ਆਇਆਂ ਆਖਿਆ। ਦੂਜੇ ਹਿੱਸੇ 'ਚ ਸਟੇਜ

(ਬਾਕੀ ਅਗਲੇ ਸਫੇ 'ਤੇ)





ਤਸਵੀਰਾਂ: ਮਾਧੋ ਚਾਹਲ











*ਫਰਸ਼ ਤਾਂ ਫਰਸ਼ ਹੀ ਸਹੀ: ਬੀਬੀਆਂ ਇੰਨੀਆਂ ਹੁਮਹੁਮਾ ਕੇ ਪਹੁੰਚੀਆਂ ਕਿ ਕੁਰਸੀਆਂ ਹਟਾਉਣੀਆਂ ਪਈਆਂ*



*ਸੱਸੇ ਤੇਰੀ ਮਹਿੰ ਮਰ ਜੇ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ...*

## ਸੈਕਰਾਮੈਂਟੋ ਦੀਆਂ ਤੀਆਂ

ਦਾ ਪ੍ਰੋਗਰਾਮ ਸ਼ੁਰੂ ਕਰਦਿਆਂ ਮੰਚ ਸੰਚਾਲਕਾ ਮਨਦੀਪ ਫਰਵਾਲਾ ਨੇ ਸਭ ਤੋਂ ਪਹਿਲਾਂ ਬੇ-ਏਰੀਆ ਗਰਲਜ਼ ਗਰੁਪ ਨੂੰ ਸੱਦਾ ਦਿੱਤਾ। ਇਨ੍ਹਾਂ ਕੁੜੀਆਂ ਦੇ ਨ੍ਰਿਤ ਤੋਂ ਬਾਅਦ ਐਸ਼ਲੀ ਕੌਰ ਤੇ ਨਵਦੀਪ ਕੌਰ ਨੇ ਐਕਸ਼ਨ ਡਾਂਸ ਪੇਸ਼ ਕੀਤਾ। ਉਪਰੰਤ ਹਰਮਨ, ਅਮਨ, ਮਨਪ੍ਰੀਤ, ਕੋਮਲ, ਗਗਨ, ਨਵਦੀਪ ਤੇ ਤੇਜਿੰਦਰ ਨੇ ਖੂਬਸੂਰਤ ਨ੍ਰਿਤ ਪੇਸ਼ ਕਰਕੇ ਦਰਸ਼ਕਾਂ ਨੂੰ ਆਕ੍ਰਸ਼ਿਤ ਕੀਤਾ। ਇਸ ਪਿਛੋਂ ਇਕ ਪਿਛੋਂ ਇਕ ਨ੍ਰਿਤ ਪੇਸ਼ ਹੁੰਦੇ ਗਏ ਅਤੇ ਮਾਹੌਲ ਖੁਸ਼ਗਵਾਰ ਬਣਦਾ ਗਿਆ। ਬਲਦੀਪ ਧਾਲੀਵਾਲ ਦਾ ਤਿਆਰ ਕਰਵਾਇਆ ਗਿੱਧਾ 'ਦੇਸੀ ਏਂਜਲਜ਼' ਦਰਸ਼ਕਾਂ ਦੀ ਵਾਹ ਵਾਹ ਖੱਟ ਗਿਆ। ਛੋਟੇ ਬੱਚਿਆਂ ਪੂਜਾ ਅਤੇ ਅਜੇ ਨੇ ਤੇਰੀ ਕਣਕ ਦੀ ਰਾਖੀ ਹੁਣ ਮੈਂ ਨਾ ਬਹਿੰਦੀ ਗੀਤ ਪੇਸ਼ ਕਰਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਪਰਦੀਪ ਪੂਨੀ ਦਾ ਤਿਆਰ ਕਰਵਾਇਆ ਗਿਆ 'ਗਿੱਧਾ ਪੰਜਾਬਣਾਂ ਦਾ' ਆਪਣੀ ਵੱਖਰੀ ਛਾਪ ਛੱਡ ਗਿਆ। ਕੁਲਦੀਪ ਤੇ ਰਿੱਕੀ ਨੇ ਇਕ ਦੋਗਾਣੇ ਉਤੇ ਬੜਾ ਮਨਮੋਹਕ ਡਾਂਸ ਪੇਸ਼ ਕੀਤਾ। 'ਕੁੜੀਆਂ ਦੀ ਸ਼ਾਨ' ਗਿੱਧਾ ਗਰੁਪ ਨੇ ਇਕ ਗੀਤ ਉਤੇ ਬੜੀ ਹੀ ਮਿਹਨਤ ਨਾਲ ਤਿਆਰ ਕੀਤਾ ਗਿੱਧਾ ਪੇਸ਼ ਕਰਕੇ ਜਿਵੇਂ ਕਮਾਲ ਹੀ ਕਰ ਦਿੱਤੀ। 'ਗਿੱਧਾ ਮੁਟਿਆਰਾਂ ਦਾ' ਵੀ ਚੰਗਾ ਨਿਭਿਆ। ਗਗਨ ਸੈਣੀ ਤੇ ਹਰਮੀਤ ਬਾਸੀ ਨੇ ਇਕ ਦੋਗਾਣੇ ਉਤੇ ਵਧੀਆ ਆਈਟਮ ਦਿੱਤੀ। ਪੰਜਾਬੀ ਕਲਚਰਲ ਸੁਸਾਇਟੀ ਦੀ ਆਪਣੀ ਟੀਮ ਨੇ ਪੁਰਾਣੇ ਅਤੇ ਰਵਾਇਤੀ ਢੰਗ ਦਾ ਗਿੱਧਾ ਪਾ ਕੇ ਬਹਿ ਜਾ ਬਹਿ ਜਾ ਕਰਵਾ ਦਿੱਤੀ। ਅਜੇ ਅਕੈਡਮੀ ਬੇ-ਏਰੀਆ ਦੀ ਗਿੱਧਾ ਟੀਮ ਨੇ ਗਿੱਧੇ ਦੀ ਕਮਾਲ ਦੀ ਪੇਸ਼ਕਾਰੀ ਕਰਕੇ ਪ੍ਰੋਗਰਾਮ ਨੂੰ ਸਿਖਰ 'ਤੇ ਲੈ ਆਂਦਾ। ਜਸਪ੍ਰੀਤ ਅਟਵਾਲ ਤੇ ਵਿਨੀਤ ਚੀਮਾ ਨੇ ਇਕ ਦੋਗਾਣੇ ਉਤੇ ਬਹੁਤ ਹੀ ਰੋਮਾਂਚ ਭਰਿਆ ਨ੍ਰਿਤ ਪੇਸ਼ ਕਰਕੇ ਕਈਆਂ ਦੀ ਅੱਡੀ ਥਿਰਕਣ ਲਾ ਦਿੱਤੀ। ਐਂਟੀਲੋਪ ਦੀ ਗਿੱਧਾ ਟੀਮ ਨੇ 'ਗਿੱਧਾ ਮਾਵਾਂ ਤੇ ਧੀਆਂ ਦਾ' ਪੇਸ਼ ਕਰਕੇ ਹਰ ਉਮਰ ਦੀਆਂ ਬੀਬੀਆਂ ਨੂੰ ਨੱਚਣ ਲਈ ਉਤਸ਼ਾਹਿਤ ਕੀਤਾ। ਇਹ ਦੌਰ ਸੀ ਰਸਮੀ ਤਰੀਕੇ ਨਾਲ ਤਿਆਰ ਕੀਤੇ ਪ੍ਰੋਗਰਾਮਾਂ ਦਾ। ਇਸ ਤੋਂ ਅਗਲਾ ਦੌਰ ਗਿੱਧੇ ਦਾ ਪਿੜ ਸੀ ਜਿਸ ਨੇ ਆਪਣੀ ਹੀ ਕਿਸਮ ਦੇ ਰੰਗ ਬੰਨ੍ਹੇ।

ਤੀਆਂ ਦੇ ਇਸ ਮੇਲੇ ਦਾ ਆਖਰੀ ਦੌਰ ਸੀ ਡੀ.ਜੇ. ਦੇ ਗੀਤਾਂ ਉਤੇ ਨੱਚਣ ਦਾ। ਬੱਸ ਫੇਰ ਕੀ ਸੀ ਨਾ ਕੋਈ ਕੁੜੀ-ਚਿੜੀ ਪਿਛੇ ਰਹੀ ਅਤੇ ਨਾ ਹੀ ਕੋਈ ਬੁੱਢ ਵਲ੍ਹੇਟ ਬੇਬੇ। ਜਿੰਨਾ ਕਿਸੇ ਤੋਂ ਸਰਿਆ ਬਣਿਆ ਹਰ ਇਕ ਨੇ ਆਪਣਾ ਚਾਅ ਪੂਰਾ ਕੀਤਾ-ਨਾ ਕਿਸੇ ਦੇ ਗੋਡੇ ਦੁਖੇ ਤੇ ਨਾ ਕਿਸੇ ਦੇ ਮੋਢੇ। ਬਸ ਚਾਅ ਹੀ ਇੰਨਾ ਸੀ।

ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਨ ਬੀਬੀ ਮਨਦੀਪ ਕੌਰ ਫਰਵਾਲਾ ਨੇ ਬੜੀ ਮੁਸਤੈਦੀ ਨਾਲ ਕੀਤਾ। ਪ੍ਰਬੰਧਕਾਂ ਨੇ ਸਾਰੇ ਸਪਾਂਸਰਾਂ ਸਮੋਸਾ ਗਾਰਡਨ, ਇੰਡੀਆ ਹਾਊਸ ਆਫ ਗਰੌਸਰੀ, ਬੱਗਾ ਪੈਲੇਸ, ਸਟਾਰ ਆਫ ਇੰਡੀਆ, ਹਿਨਾ ਬਿਊਟੀ ਪਾਰਲਰ, ਰਾਹੁਲ ਵੀਡੀਓ ਅਤੇ ਅਵਤਾਰ ਅਟਵਾਲ ਦਾ ਧੰਨਵਾਦ ਕੀਤਾ। ਕੋਈ 125 ਕਲਾਕਾਰਾਂ ਨੇ ਇਸ ਪ੍ਰੋਗਰਾਮ ਵਿਚ ਹਿੱਸਾ ਲਿਆ। ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਬਲਦੇਵ ਕੌਰ, ਰਛਪਾਲ ਕੌਰ, ਹਰਪ੍ਰੀਤ ਸਹੋਤਾ, ਅਮਨ ਰੰਗੀ, ਰਾਜਵਿੰਦਰ ਪੂਨੀ, ਪਰਦੀਪ ਪੂਨੀ, ਕਮਲ ਢਿੱਲੋਂ, ਭਵਨਦੀਪ ਕੌਰ, ਰਾਜਵੀਰ ਕੌਰ, ਪਰਮਜੀਤ ਕੌਰ, ਬਲਬੀਰ ਪੂਨੀ, ਸੁਰਿੰਦਰ ਚਾਹਲ, ਗੁੰਜਨ ਔਲਖ, ਜਸਵਿੰਦਰ ਚੌਹਾਨ, ਜਸਵੀਰ ਗਿੱਲ, ਹਰਵਿੰਦਰ ਕੌਰ, ਲਾਡੀ ਥਾਂਦੀ (ਹਿਨਾ ਬਿਊਟੀ ਪਾਰਲਰ), ਬਲਵਿੰਦਰ ਗਰਚਾ, ਸੋਨੀਆ ਢਿੱਲੋਂ, ਰਾਣੀ ਸਰਹੱਦੀ, ਰੁਪਿੰਦਰ ਕੌਰ, ਤੇਜਿੰਦਰ ਕੌਰ, ਪਰਮਿੰਦਰ ਕੌਰ, ਪਰਮਜੀਤ ਔਲਖ, ਕੁਲਦੀਪ ਬਣਵੈਤ, ਮਨਦੀਪ ਫਰਵਾਲਾ ਅਤੇ ਇੰਦਰਪਾਲ ਕੌਰ ਨੇ ਭਰਵੀਂ ਮਿਹਨਤ ਕੀਤੀ। ਪ੍ਰਬੰਧਕਾਂ ਨੇ ਇੰਡਸ ਵੈਲੀ ਚੈਂਬਰ ਆਫ ਕਾਮਰਸ ਦੇ ਮੈਂਬਰਾਂ ਬੀਬੀ ਪੂਨਮ ਮਲਹੋਤਰਾ, ਮਨਜੀਤ ਸਿਵੀਆ ਅਤੇ ਸ੍ਰੀਮਤੀ ਸੁਖਚੈਨ ਦਾ ਹਾਜ਼ਰੀ ਭਰਨ ਲਈ ਉਚੇਚਾ ਧੰਨਵਾਦ ਕੀਤਾ।

ਮਨਦੀਪ ਫਰਵਾਲਾ ਨੇ ਦੱਸਿਆ ਕਿ ਇਸ ਸੰਸਥਾ ਦਾ ਅਗਲਾ ਇੱਕੀਵਾਂ ਵਿਸਾਖੀ ਮੇਲਾ 17 ਅਪਰੈਲ, 2010 ਅਤੇ ਦਸਵਾਂ ਤੀਆਂ ਦਾ ਮੇਲਾ 15 ਅਗਸਤ, 2010 ਨੂੰ ਇਸੇ ਹੀ ਹਾਲ ਵਿਚ ਕਰਵਾਇਆ ਜਾਵੇਗਾ। ਹੋਰ ਜਾਣਕਾਰੀ ਲਈ ਰਛਪਾਲ ਸਿੰਘ ਫਰਵਾਲਾ 916-880-0531 ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਹੇਠਾਂ ਦਿੱਤੀ ਵੈਬਸਾਈਟ ਵੇਖੀ ਜਾ ਸਕਦੀ ਹੈ: www.punjabiculturalsocietyofsacramento.com

# ਫਿਲਮੀ ਹਸਤੀਆਂ ਸ਼ਾਹਰੁਖ ਮੁੱਦੇ 'ਤੇ ਨਾਰਾਜ਼

**ਨਵੀਂ ਦਿੱਲੀ :** ਅਮਰੀਕੀ ਹਵਾਈ ਅੱਡੇ 'ਤੇ ਸ਼ਾਹਰੁਖ਼ ਖ਼ਾਨ ਨੂੰ ਹਿਰਾਸਤ ਵਿਚ ਲੈਣ ਵਰਗੀਆਂ ਘਟਨਾਵਾਂ ਤੋਂ ਬਾਅਦ ਸੂਚਨਾ ਅਤੇ ਪ੍ਰਸਾਰਣ ਮੰਤਰੀ ਅੰਬਿਕਾ ਸੋਨੀ ਨੇ ਸੁਝਾਅ ਦਿਤਾ ਕਿ ਭਾਰਤ ਨੂੰ ਵੀ ਅਮਰੀਕੀਆਂ ਪ੍ਰਤੀ 'ਅਦਲੇ ਦਾ ਬਦਲਾ' ਤਹਿਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ, "ਮੇਰੀ ਰਾਇ ਹੈ ਕਿ ਜਿਸ ਤਰ੍ਹਾਂ ਸਾਡੇ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ, ਸਾਨੂੰ ਵੀ ਇਹੋ ਕੁਝ ਅਮਰੀਕੀਆਂ ਨਾਲ ਕਰਨਾ ਚਾਹੀਦਾ ਹੈ।" ਉਨ੍ਹਾਂ ਕਿਹਾ ਕਿ ਅਮਰੀਕਾ 'ਚ ਹੱਦਾਂ ਤੋਂ ਪਾਰ ਜਾ ਕੇ ਪ੍ਰਸਿੱਧ ਹਸਤੀਆਂ ਦੀ ਤਲਾਸ਼ੀ ਲੈਣ ਜਾਂ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ।



ਅੰਬਿਕਾ ਸੋਨੀ

ਉਨ੍ਹਾਂ ਕਿਹਾ, "ਮੈਂ ਨਹੀਂ ਸਮਝਦੀ ਕਿ ਧਰਮ ਦੇ ਨਾਂ 'ਤੇ ਕਿਸੇ ਨਾਲ ਵੀ ਇਸ ਤਰ੍ਹਾਂ ਬਦਸਲੂਕੀ ਕੀਤੀ ਜਾ ਸਕਦੀ ਹੈ।" ਯਾਦ ਰਹੇ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਅਮਰੀਕਾ ਵਿਚ ਜਾਂ ਕਿਸੇ ਅਮਰੀਕੀ ਕੰਪਨੀ ਵਲੋਂ ਨਾਮਵਰ ਭਾਰਤੀ ਹਸਤੀ ਨੂੰ ਪ੍ਰੇਸ਼ਾਨ ਕੀਤਾ ਗਿਆ ਹੋਵੇ। ਜਾਰਜ ਫਰਨਾਂਡੇਜ਼ ਜਦੋਂ ਰੱਖਿਆ ਮੰਤਰੀ ਸਨ ਤਾਂ ਅਮਰੀਕੀ ਦੌਰੇ ਦੌਰਾਨ ਵਾਸ਼ਿੰਗਟਨ ਹਵਾਈ ਅੱਡੇ 'ਤੇ ਸੁਰੱਖਿਆ ਅਧਿਕਾਰੀਆਂ ਨੇ ਉਨ੍ਹਾਂ ਨੂੰ ਕਮੀਜ਼ ਅਤੇ ਜੁੱਤੀ ਉਤਾਰਨ ਲਈ ਮਜਬੂਰ ਕੀਤਾ ਸੀ। ਹਾਲ ਹੀ ਵਿਚ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦੀ ਦਿੱਲੀ ਦੇ ਹਵਾਈ ਅੱਡੇ 'ਤੇ ਅਮਰੀਕੀ ਏਅਰਲਾਈਨ ਦੇ ਅਧਿਕਾਰੀਆਂ ਨੇ ਤਲਾਸ਼ੀ ਲਈ ਸੀ। ਅਜਿਹੀਆਂ ਹੀ ਘਟਨਾਵਾਂ ਅਭਿਨੇਤਾ, ਨਿਰਮਾਤਾ-ਨਿਰਦੇਸ਼ਕ ਕਮਲ ਹਸਨ, ਇਰਫ਼ਾਨ ਖ਼ਾਨ ਅਤੇ ਕਬੀਰ ਖ਼ਾਨ ਨਾਲ ਵੀ ਵਾਪਰ ਚੁੱਕੀਆਂ ਹਨ। ਸ਼ਾਹਰੁਖ਼ ਨਾਲ ਅਮਰੀਕੀ ਅਧਿਕਾਰੀਆਂ ਵਲੋਂ ਕੀਤੇ ਇਸ ਵਤੀਰੇ ਦੀ ਹਿੰਦੀ ਫ਼ਿਲਮ ਇੰਡਸਟਰੀ ਨੇ ਸਖ਼ਤ ਆਲੋਚਨਾ ਕੀਤੀ ਹੈ। ਇਸ ਘਟਨਾ ਨੂੰ ਅਮਰੀਕੀ ਸਿਸਟਮ ਦੀ ਵੱਡੀ ਖਾਮੀ ਦੱਸਦਿਆਂ ਪ੍ਰਸਿੱਧ ਨਿਰਦੇਸ਼ਕ ਮਹੇਸ਼ ਭੱਟ ਨੇ ਵਿਵਸਥਾ 'ਚ ਸੁਧਾਰ ਕਰਨ ਦੀ ਗੱਲ ਕਹੀ ਹੈ। ਸ਼ਾਹਰੁਖ਼ ਦੇ ਕਰੀਬੀ ਦੋਸਤਾਂ ਕਰਨ ਜੌਹਰ, ਫ਼ਰਹਾ ਖ਼ਾਨ, ਜੂਹੀ ਚਾਵਲਾ, ਅਜ਼ੀਜ਼ ਮਿਰਜ਼ਾ ਅਤੇ ਬਜ਼ੁਰਗ ਫ਼ਿਲਮ ਨਿਰਦੇਸ਼ਕ ਮਹੇਸ਼ ਭੱਟ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਕਰਨ ਜੌਹਰ ਨੇ ਕਿਹਾ ਕਿ ਘਟਨਾ ਬਾਰੇ ਸੁਣ ਕੇ ਉਨ੍ਹਾਂ ਨੂੰ ਵੱਡਾ ਧੱਕਾ ਲੱਗਾ ਹੈ ਕਿਉਂਕਿ ਸ਼ਾਹਰੁਖ਼ ਖ਼ਾਨ ਨੂੰ ਹਰ ਕੋਈ ਚੰਗੀ ਤਰ੍ਹਾਂ ਜਾਣਦਾ ਹੈ ਜਦਕਿ ਜੂਹੀ ਚਾਵਲਾ ਨੇ ਕਿਹਾ ਕਿ ਅਮਰੀਕੀ ਅਭਿਨੇਤਾ ਨੇ ਵੀ ਆਉਣ ਵਾਲੇ ਦਿਨਾਂ ਵਿਚ ਭਾਰਤ ਆਉਣਾ ਹੈ, ਉਨ੍ਹਾਂ ਨਾਲ ਅਜਿਹਾ ਸਲੂਕ ਹੋਵੇ ਤਾਂ ਹਾਲੀਵੁੱਡ ਹਸਤੀਆਂ ਉਤੇ ਕੀ ਬੀਤੇਗੀ? ਕੋਰੀਓਗ੍ਰਾਫ਼ਰ ਤੋਂ ਨਿਰਦੇਸ਼ਕ ਬਣੀ ਫ਼ਰਹਾ ਖ਼ਾਨ ਨੇ ਕਿਹਾ ਕਿ ਸਿਰਫ਼ ਧਰਮ ਦੇ ਨਾਂ 'ਤੇ ਸ਼ਾਹਰੁਖ਼ ਖ਼ਾਨ ਨਾਲ ਇਹ ਬਦਸਲੂਕੀ ਕੀਤੀ ਗਈ, ਜਦਕਿ ਅਮਰੀਕਾ ਦੇ ਟਾਈਮਜ਼ ਰਸਾਲੇ ਨੇ ਹੀ ਕੁਝ ਸਮਾਂ ਪਹਿਲਾਂ ਸ਼ਾਹਰੁਖ਼ ਖ਼ਾਨ ਨੂੰ 50 ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਵਿਚ ਦਰਜ ਕੀਤਾ ਸੀ। ਮਹੇਸ਼ ਭੱਟ ਦਾ ਇਸ ਬਾਰੇ ਕਹਿਣਾ ਸੀ ਕਿ ਵਿਸ਼ਵ ਪ੍ਰਸਿੱਧ ਹਸਤੀ ਨਾਲ ਅਜਿਹਾ ਸਲੂਕ ਹੋਣ ਬਾਰੇ ਸੁਣ ਕੇ ਉਨ੍ਹਾਂ ਨੂੰ ਡੂੰਘਾ ਧੱਕਾ ਲੱਗਾ ਹੈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਅਭਿਨੇਤਰੀ ਪ੍ਰਿੰਯਕਾ ਚੋਪੜਾ, ਇਰਫ਼ਾਨ ਖ਼ਾਨ, ਨਿਤਿਨ ਮੁਕੇਸ਼, ਕਬੀਰ ਖ਼ਾਨ ਸਣੇ ਕਈ ਫ਼ਿਲਮੀ ਹਸਤੀਆਂ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ।



ਸ਼ਾਹਰੁਖ ਖਾਨ

ਯਾਦ ਰਹੇ ਲੰਘੀ 15 ਅਗਸਤ ਨੂੰ ਸਾਬਕਾ ਰੱਖਿਆ ਮੰਤਰੀ ਜਾਰਜ਼ ਫਰਨਾਂਡੇਜ਼ ਦੀ ਤਲਾਸ਼ੀ ਤੇ ਸਾਬਕਾ ਰਾਸ਼ਟਰਪਤੀ ਅਬਦੁੱਲ ਕਲਾਮ ਦੀ ਤਲਾਸ਼ੀ ਤੋਂ ਬਾਅਦ ਅਮਰੀਕੀ ਅਧਿਕਾਰੀਆਂ ਨੇ ਆਪਣਾ ਰਵੱਈਆ ਨਾ ਬਦਲਦਿਆਂ ਇਕ ਵਾਰ ਫ਼ਿਰ ਹਿੰਦੀ ਫ਼ਿਲਮਾਂ ਦੇ ਸੁਪਰ ਸਟਾਰ ਸ਼ਾਹਰੁਖ਼ ਖਾਨ ਨੂੰ ਅਮਰੀਕਾ ਦੇ ਨੇਵਾਰਕ ਹਵਾਈ ਅੱਡੇ 'ਤੇ ਦੋ ਘੰਟੇ ਤੱਕ ਬੇਵਜ੍ਹਾ ਰੋਕ ਕੇ ਪੁੱਛਗਿੱਛ ਕੀਤੀ। ਸ਼ਾਹਰੁਖ਼ ਖ਼ਾਨ ਨੇ ਦੋਸ਼ ਲਗਾਇਆ ਹੈ ਕਿ ਉਨ੍ਹਾਂ ਦੇ ਨਾਂ ਪਿੱਛੇ ਖ਼ਾਨ ਤਖੱਲਸ ਹੋਣ ਕਾਰਨ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਤੀਰਾ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸ਼ਾਹਰੁਖ਼ ਖਾਨ ਇਕ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਅਮਰੀਕਾ ਗਏ ਸਨ। ਸ਼ਾਹਰੁਖ਼ ਖ਼ਾਨ ਨੂੰ ਲੈ ਕੇ ਅਮਰੀਕੀ ਅਧਿਕਾਰੀਆਂ ਦਾ ਰਵੱਈਆ ਐਨਾ ਤਲਖ਼ ਸੀ ਕਿ ਉਨ੍ਹਾਂ ਦੀ ਰਿਹਾਈ ਲਈ ਭਾਰਤੀ ਦੂਤਘਰ ਨੂੰ ਦਖ਼ਲ ਦੇਣਾ ਪਿਆ।

ਸ਼ਾਹਰੁਖ਼ ਦੇ ਮੈਨੇਜਰ ਨੇ ਦੱਸਿਆ ਕਿ ਉਹ ਭਾਰਤ ਦੇ ਆਜ਼ਾਦੀ ਦਿਵਸ ਸਬੰਧੀ ਸਮਾਰੋਹ ਵਿਚ ਹਿੱਸਾ ਲੈਣ ਲਈ ਸ਼ਿਕਾਗੋ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਨੇਵਾਰਕ ਹਵਾਈ ਅੱਡੇ 'ਤੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਸ ਲਈ ਰੋਕਿਆ ਕਿਉਂਕਿ ਉਨ੍ਹਾਂ ਦੇ ਕੰਪਿਊਟਰ ਵਿਚ ਖ਼ਾਨ ਸ਼ਬਦ ਆ ਗਿਆ ਸੀ। ਇਸ ਤੋਂ ਬਾਅਦ ਅਧਿਕਾਰੀਆਂ ਨੇ ਸ਼ਾਹਰੁਖ਼ ਦੇ ਬੈਗ ਦੀ ਤਲਾਸ਼ੀ ਲਈ ਤੇ ਕਰੀਬ ਇਕ ਘੰਟੇ ਤੱਕ ਉਨ੍ਹਾਂ ਨੂੰ ਕਿਸੇ ਨੂੰ ਵੀ ਫੋਨ ਨਾ ਕਰਨ ਦਿੱਤਾ। ਅਮਰੀਕੀ ਅਧਿਕਾਰੀਆਂ ਵਲੋਂ ਸ਼ਾਹਰੁਖ਼ ਤੋਂ ਕਈ ਸਵਾਲ ਪੁੱਛਣ ਦੇ ਨਾਲ-ਨਾਲ ਉਨ੍ਹਾਂ ਦੀ ਅਮਰੀਕੀ ਯਾਤਰਾ ਦਾ ਮਕਸਦ ਵੀ ਜਾਣਿਆ ਗਿਆ। ਇਕ ਨਿੱਜੀ ਚੈਨਲ ਨਾਲ ਗੱਲਬਾਤ ਕਰਦਿਆਂ ਸ਼ਾਹਰੁਖ਼ ਨੇ ਕਿਹਾ ਕਿ ਵਾਰ-ਵਾਰ ਸਭ ਕੁਝ ਦੱਸਣ ਦੇ ਬਾਵਜੂਦ ਅਮਰੀਕੀ ਅਧਿਕਾਰੀਆਂ ਨੇ ਉਨ੍ਹਾਂ ਦੀ ਇਕ ਨਾ ਸੁਣੀ। ਸ਼ਾਹਰੁਖ਼ ਮੁਤਾਬਕ ਅਧਿਕਾਰੀ ਉਨ੍ਹਾਂ ਨੂੰ ਇਕ ਵੱਖਰੇ ਕਮਰੇ ਵਿਚ ਲੈ ਗਏ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Thandi Insurance Brokerage

LIC#OBO9151

**Truck Insurance Specialist:**
Auto liability, physical damage, motor truck cargo, general liability and worker's comp.

**Coverage for:**
Long and local haul owner operators, dump trucks, sand/gravel, seasonal vegetable, delivery, catering and ice cream trucks. DUI, new/young drivers accepted.

**Quick Filing:**
Personal auto, medical and homeowners insurance.
SR22, MCP-65, BMC91-X, Form-E, UIIA.

**Business Policies:**
Gas stations, repair shops, mini marts, stores, restaurants, and warehouses.




*For a Free insurance Quote Please Call :*
1-800-917-2639
3090 Independence drive Suite # 246 Livermore CA 94551

# ਵਸੁੰਧਰਾ ਰਾਜੇ ਵਿਵਾਦ ਨਾਲ ਭਾਜਪਾ ਕੌਮੀ ਪੱਧਰ 'ਤੇ ਹੋਰ ਉਲਝੀ

–ਪੰਜਾਬ ਟਾਈਮਜ਼ ਨਿਊਜ਼ ਸਰਵਿਸ

**ਨਵੀਂ ਦਿੱਲੀ :** ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਦੇ ਮਾਮਲੇ 'ਤੇ ਭਾਰਤੀ ਜਨਤਾ ਪਾਰਟੀ ਵਿਚ ਸੰਕਟ ਮੁੜ ਡੂੰਘਾ ਹੋ ਗਿਆ, ਜਦੋਂ ਵਸੁੰਧਰਾ ਦੇ ਧੜੇ ਦੇ ਵਿਧਾਇਕਾਂ ਨੇ ਵਿਧਾਨ ਸਭਾ ਵਿਚ ਉਨ੍ਹਾਂ ਦੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ ਵਿਰੁਧ ਫੈਸਲਾ ਦੇ ਦਿੱਤਾ।

ਵਿਧਾਇਕਾਂ ਨੇ ਵਸੁੰਧਰਾ ਰਾਜੇ ਨਾਲ ਮੀਟਿੰਗ ਤੋਂ ਬਾਅਦ ਇਹ ਐਲਾਨ ਕੀਤਾ। ਇਨ੍ਹਾਂ ਵਿਧਾਇਕਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੱਕ ਇਸ ਅਹੁਦੇ 'ਤੇ ਬਣੀ ਰਹੇਗੀ। ਵਸੁੰਧਰਾ ਨੇ ਬੀਤੇ ਸ਼ਨੀਵਾਰ ਨੂੰ ਰਾਜ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਅਮਲੀ ਤੌਰ 'ਤੇ ਇਨਕਾਰ ਕਰ ਦਿੱਤਾ ਸੀ ਅਤੇ ਇਹ ਕਹਿੰਦੇ ਹੋਏ ਪਾਰਟੀ ਲੀਡਰਸ਼ਿਪ 'ਤੇ ਜਵਾਬੀ ਵਾਰ ਕੀਤਾ ਸੀ ਕਿ ਚੋਣਾਂ ਵਿਚ ਹਾਰ ਦੀ ਜ਼ਿੰਮੇਵਾਰੀ ਉਪਰੋਂ ਤੈਅ ਕੀਤੀ ਜਾਣੀ ਚਾਹੀਦੀ ਹੈ, ਪਰ ਫਿਰ ਬਾਅਦ ਵਿਚ ਉਨ੍ਹਾਂ ਨੇ ਇਹ ਕਹਿ ਦਿੱਤਾ ਸੀ ਕਿ ਪਾਰਟੀ ਸੰਸਦੀ ਬੋਰਡ ਜਿਹੜਾ ਵੀ ਫੈਸਲਾ ਕਰੇਗਾ ਉਹ ਉਸ ਨੂੰ ਮੰਨੇਗੀ।

ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਵੀ ਭਰੋਸਾ ਪ੍ਰਗਟ ਕੀਤਾ ਸੀ ਕਿ ਵਸੁੰਧਰਾ ਰਾਜੇ ਪਾਰਟੀ ਦੇ ਫੈਸਲੇ ਨੂੰ ਸਵੀਕਾਰ ਕਰੇਗੀ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇ ਦੇਵੇਗੀ। ਬੀਤੀ 17 ਅਗਸਤ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਨਾਥ ਨੇ ਵਸੁੰਧਰਾ ਦੇ ਸਕਾਰਾਤਮਕ ਵਤੀਰੇ ਦਾ ਸਵਾਗਤ ਕੀਤਾ ਸੀ ਅਤੇ ਨਾਲ ਇਹ ਵੀ ਕਿਹਾ ਸੀ ਕਿ ਵਸੁੰਧਰਾ ਲਈ ਅਸਤੀਫਾ ਦੇਣ ਦੀ ਕੋਈ ਸਮਾਂ-ਹੱਦ ਨਹੀਂ ਮਿਥੀ ਗਈ।

ਯਾਦ ਰਹੇ ਵਸੁੰਧਰਾ ਰਾਜੇ ਨੇ ਭਾਜਪਾ ਹਾਈਕਮਾਂਡ ਨੂੰ ਲਲਕਾਰਦੇ ਹੋਏ ਕਿਹਾ ਹੈ ਕਿ ਜੇ ਹਾਰ ਦੀ ਜ਼ੁੰਮੇਵਾਰੀ ਤੈਅ ਕਰਨੀ ਹੈ ਤਾਂ ਇਹ ਉਪਰ ਤੋਂ ਹੇਠਾਂ ਤਕ ਹੋਣੀ ਚਾਹੀਦੀ ਹੈ। ਉਨ੍ਹਾਂ ਵਿਰੋਧੀ ਧਿਰ ਦੀ ਆਗੂ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਰਾਜਸਥਾਨ 'ਚ ਵਿਰੋਧੀ ਧਿਰ ਦਾ ਆਗੂ ਕੌਣ ਹੋਵੇਗਾ, ਇਹ ਭਾਜਪਾ ਦੇ ਵਿਧਾਇਕ ਤੈਅ ਕਰਨਗੇ। ਪਾਰਟੀ ਹਾਈਕਮਾਂਡ ਦੀਆਂ ਹਦਾਇਤਾਂ 'ਤੇ ਵਿਰੋਧੀ ਧਿਰ ਦੀ ਆਗੂ ਵਜੋਂ ਅਸਤੀਫ਼ਾ ਦੇਣ ਤੋਂ ਇਨਕਾਰ ਕਰਨ ਵਾਲੀ ਵਸੁੰਧਰਾ ਰਾਜੇ ਨੇ ਸਪੱਸ਼ਟ ਕੀਤਾ ਕਿ ਭਾਜਪਾ ਦੀ ਮਾੜੀ ਕਾਰਗੁਜ਼ਾਰੀ ਲਈ ਸਿਰਫ ਉਨ੍ਹਾਂ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।

ਵਸੁੰਧਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਜਿਥੋਂ ਤਕ ਪਾਰਟੀ ਦੀ ਹਾਰ ਦਾ ਸਵਾਲ ਹੈ, ਇਹ ਸਿਰਫ਼ ਰਾਜਸਥਾਨ ਵਿਚ ਹੀ ਨਹੀਂ ਹੋਈ, ਸਗੋਂ ਸਾਰੇ ਦੇਸ਼ ਵਿਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਜ਼ਿੰਮੇਵਾਰੀ ਉਪਰ ਤੋਂ ਹੇਠਾਂ ਤਕ ਤੈਅ ਕੀਤੀ ਜਾਣੀ ਚਾਹੀਦੀ ਹੈ।" ਭਾਜਪਾ ਹਾਈਕਮਾਂਡ ਨੇ ਰਾਜਸਥਾਨ ਵਿਚ ਵਿਧਾਨ ਸਭਾ ਚੋਣਾਂ ਅਤੇ ਲੋਕ ਸਭਾ ਚੋਣਾਂ



ਰਾਜਨਾਥ ਸਿੰਘ



ਵਸੁੰਧਰਾ ਰਾਜੇ



ਐਲ.ਕੇ. ਅਡਵਾਨੀ

ਦੌਰਾਨ ਪਾਰਟੀ ਦੀ ਹੋਈ ਹਾਰ ਲਈ ਵਸੁੰਧਰਾ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਸੂਬੇ 'ਚ ਸੰਸਦ ਮੈਂਬਰਾਂ ਦੀ ਗਿਣਤੀ 23 ਤੋਂ ਘੱਟ ਕੇ 4 ਰਹਿ ਗਈ ਅਤੇ ਵਿਧਾਇਕਾਂ ਦੀ ਗਿਣਤੀ 120 ਤੋਂ ਘਟ ਕੇ 78 ਰਹਿ ਗਈ ਹੈ।

ਵਸੁੰਧਰਾ ਦੇ ਸਮਰਥਕ 78 ਭਾਜਪਾ ਵਿਧਾਇਕਾਂ ਵਿਚੋਂ 62 ਆਪਣੇ ਨਾਲ ਹੋਣ ਦਾ ਦਾਅਵਾ ਕਰਦੇ ਹਨ। ਲਾਲ ਕ੍ਰਿਸ਼ਨ ਅਡਵਾਨੀ ਦੇ ਘਰ ਦੇ ਬਾਹਰ 50 ਵਸੁੰਧਰਾ ਸਮਰਥਕ ਵਿਧਾਇਕਾਂ ਵਲੋਂ ਧਰਨਾ ਦੇਣ ਤੋਂ ਬਾਅਦ ਵੀ ਰਾਜੇ ਨੇ ਆਪਣੇ ਸਟੈਂਡ ਤੋਂ ਪਿੱਛੇ ਹਟਣ ਦੇ ਕੋਈ ਸੰਕੇਤ ਨਹੀਂ ਹਨ। ਹਾਈਕਮਾਂਡ ਦੇ ਫੈਸਲੇ ਬਾਰੇ ਪੁੱਛੇ ਜਾਣ 'ਤੇ ਵਸੁੰਧਰਾ ਨੇ ਕਿਹਾ, "ਮੇਰੇ ਨਾਲ ਅਜੇ ਤਕ ਕਿਸੇ ਨੇ ਸੰਪਰਕ ਨਹੀਂ ਕੀਤਾ, ਇਸ ਲਈ ਇਸ ਮੁੱਦੇ ਬਾਰੇ ਗੱਲ ਕਰਨਾ ਜ਼ਰੂਰੀ ਨਹੀਂ। ਮੈਨੂੰ ਵਿਧਾਇਕਾਂ ਦਾ ਸਮਰਥਨ ਹਾਸਲ ਹੈ ਅਤੇ ਉਹ ਹੀ ਫੈਸਲਾ ਕਰਨਗੇ ਕਿ ਵਿਰੋਧੀ ਧਿਰ ਦਾ ਆਗੂ ਕੌਣ ਹੋਣਾ ਚਾਹੀਦਾ ਹੈ।" ਕਿਸੇ ਸਮੇਂ ਵਸੁੰਧਰਾ ਦੇ ਸਮਰਥਕ ਮੰਨੇ ਜਾਂਦੇ ਪਾਰਟੀ ਦੇ ਸੂਬਾ ਆਗੂ ਰਾਮਦਾਸ ਅਗਰਵਾਲ ਨੇ ਕਿਹਾ ਕਿ ਜੇ ਹਾਈਕਮਾਂਡ ਕਹੇਗੀ ਤਾਂ ਵਸੁੰਧਰਾ ਅਸਤੀਫ਼ਾ ਦੇ ਦੇਵੇਗੀ। ਵਿਧਾਇਕਾਂ ਵਲੋਂ ਦਿੱਲੀ ਜਾ ਕੇ ਅਡਵਾਨੀ ਦੇ ਘਰ ਅੱਗੇ ਧਰਨਾ ਦੇਣ ਦੀ ਘਟਨਾ ਦੀ ਨਿਖੇਧੀ ਕਰਦਿਆਂ ਅਗਰਵਾਲ ਨੇ ਕਿਹਾ ਕਿ ਇਹ ਚੰਗੀ ਸੋਚ ਨਹੀਂ ਹੈ।

ਦੱਸਣਯੋਗ ਹੈ ਕਿ ਵਸੁੰਧਰਾ ਰਾਜੇ ਨੇ ਬੀਤੀ 15 ਅਗਸਤ ਨੂੰ ਆਜ਼ਾਦੀ ਦਿਵਸ ਮੌਕੇ ਭਾਜਪਾ ਦਫ਼ਤਰ 'ਚ ਝੰਡਾ ਚੜ੍ਹਾਉਣ ਦੀ ਰਸਮ ਵਿਚ ਹਿੱਸਾ ਨਹੀਂ ਲਿਆ, ਜਦਕਿ ਅਗਰਵਾਲ ਇਸ ਮੌਕੇ ਹਾਜ਼ਰ ਸਨ। ਭਾਜਪਾ ਦੇ ਸੂਬਾ ਪ੍ਰਧਾਨ ਅਰੁਣ ਚਤੁਰਵੇਦੀ ਨੂੰ ਹਾਈਕਮਾਂਡ ਦੇ ਫ਼ੈਸਲੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਕੇਂਦਰੀ ਲੀਡਰਸ਼ਿਪ ਨੇ ਵਸੁੰਧਰਾ ਰਾਜੇ ਨੂੰ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਕਿਹਾ ਹੈ ਅਤੇ ਜ਼ਿੰਮੇਵਾਰੀ ਵਿਚ ਅਦਲ-ਬਦਲ ਕਰਨਾ ਇਕ ਆਮ ਪ੍ਰਕਿਰਿਆ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਜੈਪੁਰ ਵਿਚ ਲੰਘੀ 14 ਅਗਸਤ ਨੂੰ ਵਸੁੰਧਰਾ ਰਾਜੇ ਦਾ ਸਮਰਥਕ ਦੱਸੇ ਜਾਂਦੇ ਇਕ ਨੌਜਵਾਨ ਨੇ ਖ਼ੁਦ ਨੂੰ ਪਹਿਲਾਂ ਸਥਾਨਕ ਬੀ.ਜੇ.ਪੀ. ਦਫ਼ਤਰ ਦੇ ਬਾਹਰ ਅਤੇ ਬਾਅਦ ਵਿਚ ਇਕ ਟੀ.ਵੀ. ਚੈਨਲ ਦੇ ਦਫ਼ਤਰ ਨੇੜੇ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ।

29 ਸਾਲ ਦੇ ਦਤਾਰ ਸਿੰਘ ਸ਼ੇਖਾਵਤ ਨੂੰ ਸ਼ਰਾਬੀ ਹਾਲਤ ਵਿਚ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਦਤਾਰ ਸਿੰਘ ਮੋਟਰ ਸਾਈਕਲ 'ਤੇ ਮਿੱਟੀ ਦੇ ਤੇਲ ਨਾਲ ਭਰੀ ਪੀਪੀ ਲੈ ਕੇ ਆਇਆ ਸੀ ਅਤੇ ਪਾਰਟੀ ਦਫ਼ਤਰ ਵਿਚ ਆ ਕੇ ਉਸ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ, "ਜੇ ਵਸੁੰਧਰਾ ਰਾਜੇ ਨੇ ਅਸਤੀਫ਼ਾ ਦਿਤਾ ਤਾਂ ਮੈਂ ਆਤਮ ਦਾਹ ਕਰ ਲਵਾਂਗਾ।" ਉਸ ਦਾ ਰੌਲਾ ਸੁਣ ਕੇ ਲੋਕ ਇਕੱਠੇ ਹੋ ਗਏ ਅਤੇ ਉਹ ਇਕ ਟੀ.ਵੀ. ਚੈਨਲ ਦੇ ਦਫ਼ਤਰ ਵਲ ਦੌੜ ਗਿਆ। ਕੁਝ ਲੋਕਾਂ ਨੇ ਜੱਫਾ ਮਾਰ ਕੇ ਉਸ ਨੂੰ ਕਾਬੂ ਕਰ ਲਿਆ। ਪੁਲਿਸ ਨੇ ਦੱਸਿਆ ਕਿ ਸ਼ਰਾਬੀ ਹਾਲਤ ਵਿਚ ਪਾਏ ਗਏ ਇਸ ਵਿਅਕਤੀ ਵਿਰੁਧ ਕਾਨੂੰਨ ਅਤੇ ਵਿਵਸਥਾ ਲਈ ਸਮੱਸਿਆ ਖੜੀ ਕਰਨ ਦਾ ਕੇਸ ਦਰਜ ਕੀਤਾ ਗਿਆ। ਪਾਰਟੀ ਦੇ ਬੁਲਾਰੇ ਨੇ ਕਿਹਾ ਕਿ ਇਸ ਬਾਰੇ ਤਸਦੀਕ ਕੀਤੀ ਜਾ ਰਹੀ ਹੈ ਕਿ ਦੋਸ਼ੀ ਭਾਜਪਾ ਦਾ ਮੈਂਬਰ ਹੈ ਜਾਂ ਨਹੀਂ।

ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਪਹਿਲਾਂ ਆਰ-ਪਾਰ ਦੀ ਲੜਾਈ ਦੇ ਮੂਡ ਵਿਚ ਨਜ਼ਰ ਆਉਣ ਲੱਗੀ ਸੀ। ਭਾਜਪਾ ਨੇ ਵਸੁੰਧਰਾ ਨੂੰ ਦਿੱਲੀ ਤਲਬ ਕੀਤਾ ਸੀ, ਪਰ ਉਨ੍ਹਾਂ ਨੇ ਆਉਣ ਤੋਂ ਇਨਕਾਰ ਕਰ ਦਿਤਾ। ਵਸੁੰਧਰਾ ਨੇ ਜਨਮ ਅਸ਼ਟਮੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਫਿਲਹਾਲ ਦਿੱਲੀ ਨਹੀਂ ਆ ਸਕਦੀ।

ਵਸੁੰਧਰਾ ਦੀਆਂ ਬਾਗੀ ਸੁਰਾਂ ਤੋਂ ਬਾਅਦ ਪਾਰਟੀ ਹਾਈਕਮਾਂਡ ਨੇ ਸਖ਼ਤ ਰੁਖ ਅਖ਼ਤਿਆਰ ਕਰ ਲਿਆ। ਪਰ ਸਾਬਕਾ ਮੁੱਖ ਮੰਤਰੀ ਦੇ ਸਮਰਥਨ ਵਿਚ ਕਾਫ਼ੀ ਵਿਧਾਇਕ ਖੜੇ ਹੋ ਗਏ ਹਨ। ਵਸੁੰਧਰਾ ਸਮਰਥਕ ਵਿਧਾਇਕ ਭਵਾਨੀ ਸਿੰਘ ਨੇ ਕਿਹਾ ਕਿ ਜੇ ਉਨ੍ਹਾਂ ਦੀ ਆਗੂ ਤੋਂ ਅਸਤੀਫ਼ਾ ਲਿਆ ਗਿਆ ਤਾਂ ਵਿਧਾਇਕ ਕੋਈ ਵੀ ਫ਼ੈਸਲਾ ਲੈ ਲੈਣਗੇ ਅਤੇ ਵੱਡੇ ਤੋਂ ਵੱਡਾ ਤਿਆਗ ਕਰਨ ਲਈ ਵੀ ਤਿਆਰ ਰਹਿਣਗੇ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਲੰਘੀਆਂ ਲੋਕ ਸਭਾ ਚੋਣਾਂ 'ਚ ਮਿਲੀ ਹਾਰ ਪਿਛੋਂ ਕਾਫੀ ਭਾਜਪਾ ਆਗੂਆਂ ਨੇ ਬਗ਼ਾਵਤੀ ਸੁਰ ਅਪਣਾ ਲਈ ਸੀ। ਯਸ਼ਵੰਤ ਸਿਨਹਾ, ਅਰੁਣ ਸ਼ੋਰੀ ਅਤੇ ਕੁਝ ਹੋਰ ਆਗੂਆਂ ਵਲੋਂ ਲਾਲ ਕ੍ਰਿਸ਼ਨ ਅਡਵਾਨੀ ਵਿਰੁਧ ਬਾਗੀ ਤੇਵਰ ਦਿਖਾਉਣ ਮਗਰੋਂ ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਨੇ ਵੀ ਪਾਰਟੀ ਲੀਡਰਸ਼ਿਪ ਨੂੰ ਅੱਖਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਭਾਜਪਾ ਪ੍ਰਧਾਨ ਰਾਜਨਾਥ ਸਿੰਘ ਵਲੋਂ ਵਸੁੰਧਰਾ ਰਾਜੇ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਏ ਜਾਣ ਦੇ ਫੈਸਲੇ ਨੂੰ ਨਕਾਰਦਿਆਂ ਲੰਘੀ 14 ਅਗਸਤ ਨੂੰ ਵਸੁੰਧਰਾ ਦੇ 50 ਤੋਂ ਵਧ ਹਮਾਇਤੀਆਂ ਨੇ ਦਿੱਲੀ ਵਿਚ ਡੇਰੇ ਲਾ ਲਏ। ਅਡਵਾਨੀ ਨੇ ਭਾਵੇਂ ਇਨ੍ਹਾਂ ਆਗੂਆਂ ਨੂੰ ਮਿਲਣ ਦਾ ਸਮਾਂ ਨਹੀਂ ਸੀ ਦਿਤਾ।

ਅਡਵਾਨੀ ਦੇ ਸਮਾਂ ਨਾ ਦੇਣ ਤੋਂ ਨਾਰਾਜ਼ ਇਨ੍ਹਾਂ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੇ ਉਨ੍ਹਾਂ ਦੇ ਘਰ ਦੇ ਬਾਹਰ ਧਰਨਾ ਦਿਤਾ ਅਤੇ ਵਸੁੰਧਰਾ ਨੂੰ ਅਹੁਦੇ ਤੋਂ ਨਾ ਹਟਾਏ ਜਾਣ ਦੀ ਮੰਗ ਕੀਤੀ। ਇਹ ਵਿਧਾਇਕ ਅਤੇ ਸੰਸਦ ਮੈਂਬਰ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨੂੰ ਵੀ ਮਿਲੇ, ਪਰ ਉਨ੍ਹਾਂ ਨੇ ਅਪਣਾ ਫ਼ੈਸਲਾ ਬਦਲਣ ਤੋਂ ਇਨਕਾਰ ਕਰ ਦਿਤਾ। ਵਿਧਾਇਕਾਂ ਨਾਲ ਹੋਈ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਰਾਜਨਾਥ ਸਿੰਘ ਨੇ ਦਸਿਆ, "ਮੈਂ ਵਿਧਾਇਕਾਂ ਨੂੰ ਕਹਿ ਦਿਤਾ ਕਿ ਆਪਣੇ ਵਿਚਾਰ ਪ੍ਰਗਟ ਕਰਨ ਦਾ ਇਹ ਕੋਈ ਤਰੀਕਾ ਨਹੀਂ। ਤੁਹਾਨੂੰ ਇਕ ਗਰੁੱਪ ਵਿਚ ਨਹੀਂ ਆਉਣਾ ਚਾਹੀਦਾ ਸੀ। ਦੋ ਜਾਂ ਤਿੰਨ ਵਿਧਾਇਕ ਆ ਸਕਦੇ ਸਨ। ਜ਼ਿੰਮੇਵਾਰੀ ਦਾ ਅਦਲ-ਬਦਲ ਕਿਸੇ ਵੀ ਸਿਆਸੀ ਪਾਰਟੀ ਵਿਚ ਇਕ ਆਮ ਪ੍ਰਕਿਰਿਆ ਹੈ ਅਤੇ ਨੀਤੀਗਤ ਫੈਸਲੇ ਕੇਂਦਰੀ ਲੀਡਰਸ਼ਿਪ ਲੈਂਦੀ ਹੈ।"

ਬਾਅਦ ਵਿਚ ਰਾਜਸਥਾਨ ਵਿਧਾਨ ਸਭਾ ਵਿਚ ਪਾਰਟੀ ਦੇ ਚੀਫ਼ ਵ੍ਹਿਪ ਰਾਜਿੰਦਰ ਸਿੰਘ ਰਾਠੌਰ ਅਤੇ ਪਾਰਟੀ ਆਗੂ ਕਿਰਨ ਮਹੇਸ਼ਵਰੀ ਨੇ ਵਸੁੰਧਰਾ ਦੇ ਸਮਰਥਨ ਵਿਚ ਅਡਵਾਨੀ ਦੇ ਦਫ਼ਤਰ ਨੂੰ ਯਾਦ ਪੱਤਰ ਸੌਂਪਿਆ। ਉਧਰ ਪਾਰਟੀ ਪ੍ਰਧਾਨ ਰਾਜਨਾਥ ਸਿੰਘ ਅਤੇ ਆਰ.ਐਸ.ਐਸ. ਆਗੂਆਂ ਨੇ ਵਸੁੰਧਰਾ ਦੇ ਵਿਰੋਧੀ ਧਿਰ ਦੇ ਆਗੂ ਵਜੋਂ ਕੰਮ ਕਰਦੇ ਰਹਿਣ ਉਤੇ ਇਤਰਾਜ਼ ਕੀਤਾ ਹੈ। ਭਾਜਪਾ ਅਤੇ ਆਰ.ਐਸ.ਐਸ. ਦੀ ਕੇਂਦਰੀ ਲੀਡਰਸ਼ਿਪ ਨੇ ਵਸੁੰਧਰਾ 'ਤੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਵਰਕਰਾਂ ਨੂੰ ਨਾਲ ਲੈ ਕੇ ਚਲਣ 'ਚ ਅਸਫ਼ਲ ਰਹਿਣ ਦਾ ਦੋਸ਼ ਲਗਾਉਂਦਿਆਂ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਸੀ।

ਪਾਰਟੀ ਦੇ ਅੰਦਰੂਨੀ ਸੂਤਰਾਂ ਦਾ ਮੰਨਣਾ ਹੈ ਕਿ ਵਸੁੰਧਰਾ ਰਾਜੇ ਨੂੰ ਹਟਾਉਣ ਨਾਲ ਅਡਵਾਨੀ ਕਮਜ਼ੋਰ ਹੋ ਜਾਣਗੇ, ਜਿਨ੍ਹਾਂ ਨੂੰ ਪਹਿਲਾਂ ਹੀ ਅਪਣਾ ਜਾਨਸ਼ੀਨ ਚੁਣਨ ਦੀ ਮੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਨਹਿਰੂ ਵਾਦੀ ਭਾਰਤੀ ਨੀਤੀ ਨੇ ਹੀ ਜਿਨਾਹ ਦਾ ਮਾੜਾ ਅਕਸ ਬਣਾਇਆ – ਜਸਵੰਤ ਸਿੰਘ

**ਨਵੀਂ ਦਿੱਲੀ :** ਸੰਘ ਦੀ ਆਲੋਚਨਾ ਦੇ ਬਾਵਜੂਦ ਜਸਵੰਤ ਸਿੰਘ ਨੇ ਇਕ ਵਾਰ ਫਿਰ ਕਿਹਾ ਕਿ ਜਿਨਾਹ ਦੇਸ਼ ਦੀ ਵੰਡ ਦੇ ਖਲਨਾਇਕ ਨਹੀਂ ਸਗੋਂ ਇਕ ਧਰਮ ਨਿਰਪੱਖ ਨੇਤਾ ਅਤੇ ਹਿੰਦੂ-ਮੁਸਲਿਮ ਏਕਤਾ ਦੇ ਪੈਰੋਕਾਰ ਸਨ। ਇਸ ਸਬੰਧੀ ਵਿਚਾਰ 'ਜਿਨਾਹ ਭਾਰਤ ਬਟਵਾਰਾ-ਆਜ਼ਾਦੀ' ਕਿਤਾਬ ਦੇ ਰਿਲੀਜ਼ ਮੌਕੇ 'ਤੇ ਵੱਖ-ਵੱਖ ਅਦਾਰਿਆਂ ਨੇ ਜ਼ਾਹਰ ਕੀਤੇ। ਪਿਛਲੇ ਕੁਝ ਦਿਨਾਂ ਤੋਂ ਇਸ ਕਿਤਾਬ ਬਾਰੇ ਸਿਆਸੀ ਹਲਕਿਆਂ ਵਿਚ ਕਾਫੀ ਚਰਚਾ ਹੋ ਰਹੀ ਸੀ ਕਿਉਂਕਿ ਭਾਜਪਾ ਦੇ ਉਚ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਤੋਂ ਬਾਅਦ ਪਾਰਟੀ ਦੇ ਹੀ ਇਕ ਹੋਰ ਨੇਤਾ ਜਸਵੰਤ ਸਿੰਘ ਨੇ ਆਪਣੀ ਕਿਤਾਬ ਵਿਚ ਜਿਨਾਹ ਨੂੰ ਧਰਮ ਨਿਰਪੱਖ ਹੋਣ ਦਾ ਪ੍ਰਮਾਣ ਪੱਤਰ ਦੇ ਕੇ ਦੇਸ਼ ਦੀ ਵੰਡ ਲਈ ਕਾਂਗਰਸ ਪਾਰਟੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਜਸਵੰਤ ਸਿੰਘ ਦੀ ਕਿਤਾਬ ਦੇ ਰਿਲੀਜ਼ ਮੌਕੇ 'ਤੇ ਨਹਿਰੂ ਯਾਦਗਾਰ ਅਤੇ ਅਜਾਇਬ ਘਰ ਦੇ ਕਾਨਫਰੰਸ ਹਾਲ ਵਿਚ ਇਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੰਨੇ-ਪ੍ਰਮੰਨੇ ਸਾਹਿਤਕਾਰ ਅਤੇ ਆਲੋਚਕ ਨਾਮਵਰ ਸਿੰਘ, ਰਾਮ ਜੇਠਮਲਾਨੀ, ਬੀ.ਜੀ. ਵਰਗੀਜ਼, ਲਾਰਡ ਮੇਘਨਾਦ ਦੇਸਾਈ, ਮਾਰਕ ਤੁਲੀ ਅਤੇ ਐਮ.ਜੇ. ਅਕਬਰ ਨੇ ਵਿਚਾਰ ਜ਼ਾਹਰ ਕੀਤੇ। ਭਾਜਪਾ ਦੇ ਸੀਨੀਅਰ ਨੇਤਾ ਜਸਵੰਤ ਸਿੰਘ ਨੇ ਪਾਕਿਸਤਾਨ ਦੇ ਕਾਇਦੇ-ਆਜ਼ਮ ਮੁਹੰਮਦ ਅਲੀ ਜਿਨਾਹ ਦੀ ਸ਼ਲਾਘਾ ਕਰਦੇ ਹੋਏ ਜਿਹੜੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ, ਉਸ 'ਤੇ ਰਾਸ਼ਟਰੀ ਸੋਇਮ ਸੇਵਕ ਸੰਘ ਨੇ ਸਹਿਮਤੀ ਨਹੀਂ ਜਤਾਈ। ਆਰ.ਐਸ.ਐਸ. ਦੇ ਬੁਲਾਰੇ ਰਾਮ ਮਾਧਵ ਨੇ ਕਿਹਾ ਕਿ ਉਨ੍ਹਾਂ ਨੇ ਕਿਤਾਬ ਨਹੀਂ ਪੜ੍ਹੀ, ਪਰ ਮੀਡੀਆ ਵਿਚ ਕਿਤਾਬ ਬਾਰੇ ਜੋ ਖਬਰਾਂ ਆਈਆਂ ਹਨ ਉਸ ਨਾਲ ਉਹ ਸਹਿਮਤ ਨਹੀਂ ਹਨ। ਇਹ ਪੁੱਛੇ ਜਾਣ 'ਤੇ ਕਿ ਉਹ ਭਾਜਪਾ ਲੀਡਰਸ਼ਿਪ ਵਲੋਂ ਜਸਵੰਤ ਸਿੰਘ ਦੇ ਵਿਰੁਧ ਕਾਰਵਾਈ ਚਾਹੁਣਗੇ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਮੁੱਦੇ 'ਤੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ।



ਇਸ ਦੌਰਾਨ ਜਸਵੰਤ ਸਿੰਘ ਨੇ ਕਿਹਾ ਹੈ ਕਿ ਭਾਰਤ ਨੇ ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਦਾ ਇਕ ਮਾੜੇ ਵਿਅਕਤੀ ਵਾਲਾ ਅਕਸ ਬਣਾਇਆ ਸੀ, ਜਦਕਿ ਜਵਾਹਰ ਲਾਲ ਨਹਿਰੂ ਦੇ ਕੇਂਦਰੀ ਪ੍ਰਣਾਲੀ ਵਿਚ ਵਿਸ਼ਵਾਸ ਕਾਰਨ ਹੀ ਦੇਸ਼ ਦੇ ਦੋ ਟੁਕੜੇ ਹੋਏ। ਉਨ੍ਹਾਂ ਨੇ ਆਪਣੀ ਕਿਤਾਬ 'ਜਿਨਾਹ-ਇੰਡੀਆ, ਪਾਰਟੀਸ਼ਨ ਇੰਡੀਪੈਂਡੈਂਸ' ਵਿਚ ਇਹ ਪ੍ਰਗਟਾਵਾ ਕੀਤਾ ਹੈ। ਇਹ ਕਿਤਾਬ ਬੀਤੀ 17 ਅਗਸਤ ਨੂੰ ਰਿਲੀਜ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਭਾਰਤ ਨੇ ਜਿਨਾਹ ਨੂੰ ਗ਼ਲਤ ਸਮਝਿਆ ਅਤੇ ਉਸਨੂੰ ਇਕ ਮਾੜਾ ਵਿਅਕਤੀ ਮੰਨਿਆ। ਆਮ ਧਾਰਨਾ ਦੇ ਉਲਟ ਜਸਵੰਤ ਸਿੰਘ ਦਾ ਮੰਨਣਾ ਹੈ ਕਿ ਜਿਨਾਹ ਕਰਕੇ ਨਹੀਂ ਸਗੋਂ ਨਹਿਰੂ ਦੀ ਸਿਆਸਤ ਕਾਰਨ ਹੀ ਦੇਸ਼ ਦੀ ਵੰਡ ਹੋਈ।

## ਮਰਦਾਂ ਵਾਂਗ ਸਾਫਾ ਬੰਨ੍ਹ ਕੇ ਚੋਣ ਮੁਹਿੰਮ 'ਤੇ ਨਿਕਲਦੀ ਹੈ ਓਕਮੀਨਾ

**ਖੋਸਤ (ਅਫਗਾਨਿਸਤਾਨ) :** ਬਿਲਕੁਲ ਹੋਰ ਵਡੇਰੀ ਉਮਰ ਦੇ ਪੇਂਡੂਆਂ ਦੀ ਮੁਹਿੰਮ ਵਾਂਗ ਹੀ ਪੇਂਡੂ ਅਫਗਾਨਿਸਤਾਨ ਦੀ ਸੂਬਾ ਕੌਂਸਲ 'ਚ ਸੀਟ ਲਈ ਓਕਮੀਨਾ ਦਾ ਵੀ ਹਰੇਕ ਦਿਨ ਕਾਲੀ ਪੱਗ ਬੰਨ੍ਹਣ, ਪਿਸਤੌਲ ਲੱਕ ਦੁਆਲੇ ਬੰਨਣ ਨਾਲ ਸ਼ੁਰੂ ਹੁੰਦਾ ਹੈ ਤੇ ਇਹਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ, ਗੁਆਂਢੀਆਂ ਨਾਲ ਵੋਟਾਂ ਸਬੰਧੀ ਗੱਲਬਾਤ ਦਾ ਸਿਲਸਿਲਾ।

ਓਕਮੀਨਾ ਔਰਤ ਹੈ ਪਰ ਮਰਦਾਂ ਵਾਂਗ ਤਿਆਰ ਹੁੰਦੀ ਹੈ। ਰਵਾਇਤੀ ਅਫਗਾਨੀ ਪਹਿਰਾਵਾ, ਲੰਮਾ ਕੁੜਤਾ ਤੇ ਖੁੱਲ੍ਹੀ ਸਲਵਾਰ ਵਰਗੇ ਪਜਾਮੇ, ਮਹਿੰਦੀ ਰੰਗੇ ਲਾਲ ਵਾਲਾਂ ਦੀਆਂ ਕਾਲੀ ਪੱਗ ਦੇ ਪੇਚਾਂ 'ਚੋਂ ਬਾਹਰ ਨਿਕਲੀਆਂ ਲਿਟਾਂ ਨਾਲ ਓਕਮੀਨਾ ਨੂੰ ਦੇਖ ਕੇ ਪਹਿਲੀ ਵਾਰ 'ਚ ਪਤਾ ਨਹੀਂ ਲੱਗਦਾ ਕਿ ਉਹ ਮਰਦ ਹੈ ਜਾਂ ਔਰਤ। ਸਿਰਫ ਉਹਦੇ ਬੋਲਣ ਤੋਂ ਉਹਦੇ ਔਰਤ ਹੋਣ ਦਾ ਪਤਾ ਲੱਗਦਾ ਹੈ।ਹੋਰ ਅਫਗਾਨਾਂ ਵਾਂਗ ਸਿਰਫ ਇਕੋ ਨਾਮ ਨਾਲ ਜਾਣੀ ਜਾਂਦੀ ਓਕਮੀਨਾ ਦੱਸਦੀ ਹੈ ਕਿ ਚੋਣਾਂ ਦੌਰਾਨ ਲੋੜੀਂਦੀ ਸੁਰੱਖਿਆ ਨਾ ਹੋਣ ਕਾਰਨ ਉਹ ਆਦਮੀਆਂ ਦੇ ਪਹਿਰਾਵੇ 'ਚ ਰਹਿੰਦੀ ਹੈ। ਉਹ ਦੱਸਦੀ ਹੈ ਕਿ ਉਹਨੂੰ ਚੋਣ ਮੁਹਿੰਮ ਲਈ ਦੁਰੇਡੇ ਖੇਤਰਾਂ 'ਚ ਜਾਣਾ ਪੈਂਦਾ ਹੈ, ਜਿਥੇ ਔਰਤ ਵਜੋਂ ਉਹ ਸੁਰੱਖਿਅਤ ਨਹੀਂ, ਮਰਦ ਉਹਦੇ ਨਾਲ ਆਪਣੀਆਂ ਮੁਸ਼ਕਲਾਂ ਵਿਚਾਰਦੇ ਹਨ ਤੇ ਉਹਦੇ ਨਾਲ ਮਰਦਾਂ ਵਾਂਗ ਹੀ ਵਿਚਰਦੇ ਹਨ। ਓਕਮੀਨਾ ਵਿਆਹੀ ਨਹੀਂ ਹੋਈ। ਖੋਸਤ ਸੂਬੇ ਦੇ ਤਨੀ ਜ਼ਿਲੇ 'ਚ ਉਹ ਆਪਣੇ ਮਾਪਿਆਂ ਦੇ ਵੱਡ ਅਕਾਰੇ ਪਰਿਵਾਰ 'ਚ ਰਹਿੰਦੀ ਹੈ। ਜਦੋਂ ਉਹਨੂੰ ਆਪਣੇ ਭਾਈਚਾਰੇ ਦੀ ਆਗੂ ਬਣਾਇਆ ਗਿਆ ਸੀ, ਉਦੋਂ ਤੋਂ ਉਹਨੇ ਬੁਰਕਾ ਪਹਿਨਣਾ ਛੱਡ ਦਿੱਤਾ ਸੀ। ਹੁਣ ਉਹ ਸੂਬਾ ਕੌਂਸਲ ਲਈ ਜ਼ੋਰ ਅਜ਼ਮਾ ਰਹੀ ਹੈ। ਉਹਨੂੰ ਦੁੱਖ ਹੈ ਕਿ ਅਫਗਾਨਿਸਤਾਨ 'ਚ ਔਰਤਾਂ ਦੀ ਆਵਾਜ਼ ਨਹੀਂ ਸੁਣੀ ਜਾਂਦੀ। ਤਾਲੋਕਾਨ, ਅਫਗਾਨਿਸਤਾਨ 'ਚ ਰਾਸ਼ਟਰਪਤੀ ਦੇ ਅਹੁਦੇ ਦੇ ਮੁੱਖ ਉਮੀਦਵਾਰਾਂ ਦੇ ਹੱਕ 'ਚ ਬਹੁਤ ਸਾਰੇ ਸਮਰਥਕ ਦੀਆਂ ਭੀੜਾਂ ਜੁੜੀਆਂ, ਕਿਉਂਕਿ ਵੋਟਾਂ ਪੈਣ 'ਚ ਬੱਸ ਕੁਝ ਕੁ ਦਿਨ ਹੀ ਬਚੇ ਹਨ।

ਪੂਰੇ ਮੁਲਕ 'ਚ ਇਹ ਚੋਣ ਮੁਹਿੰਮ ਜ਼ੋਰ ਨਾਲ ਚੱਲ ਰਹੀ ਹੈ। ਕੁਝ ਕੁ ਸਰਵੇਖਣ ਅਨੁਸਾਰ ਸ੍ਰੀ ਕਰਜ਼ਈ ਅੱਗੇ ਚਲ ਰਹੇ ਹਨ, ਪਰ ਉਨ੍ਹਾਂ ਦਾ ਮੁੱਖ ਵਿਰੋਧੀ ਅਬਦੁੱਲਾ ਵੀ ਮਾੜੀ ਸਥਿਤੀ 'ਚ ਨਹੀਂ ਹੈ। ਕੰਧਾਰ, ਕਰਜ਼ਈ ਦਾ ਪਿਤਰੀ ਸ਼ਹਿਰ ਹੈ ਤੇ ਇਹ ਹੀ ਤਾਲਿਬਾਨ ਦਾ ਗੜ੍ਹ ਹੈ। ਅਫਗਾਨਿਸਤਾਨ 'ਚ ਇਕ ਲੱਖ ਤੋਂ ਵਧ ਗਿਣਤੀ 'ਚ ਡਟੀਆਂ ਪੱਛਮੀ ਫੌਜਾਂ ਲਈ ਚੋਣਾਂ ਦੇ ਨਤੀਜਿਆਂ ਨਾਲੋਂ ਇਨ੍ਹਾਂ ਦਾ ਠੀਕ ਢੰਗ ਨਾਲ ਨੇਪਰੇ ਚੜ੍ਹ ਜਾਣਾ ਵਧ ਮਹੱਤਵਪੂਰਨ ਹੈ।ਪਿਛੇ ਜਿਹੇ ਜ਼ਿਆਦਾ ਹੀ ਜ਼ੋਰ ਫੜ ਗਏ ਤਾਲਿਬਾਨ ਨੇ ਚੋਣਾਂ ਦੇ ਅਮਲ 'ਚ ਵਿਘਨ ਪਾਉਣ ਦੀ ਠਾਣੀ ਹੋਈ ਹੈ। ਇਹ ਚੋਣ ਬਰਾਕ ਓਬਾਮਾ ਲਈ ਵੀ ਬਹੁਤ ਅਹਿਮ ਹੈ।

## ਸ਼ਿਕਾਗੋ ਦਾ ਕਬੱਡੀ ਮੇਲਾ

ਮੇਲੇ ਵਾਲਿਆਂ ਕੁਝ ਕਬੱਡੀ ਦਾ ਵਾਸਤਾ ਦੇ ਅਤੇ ਕੁਝ ਪੰਜਾਬੀਆਂ ਦੇ ਆਪਣਾ ਨਾਂ ਕਰਾਉਣ ਦੇ ਸੁਭਾਅ ਦਾ ਲਾਭ ਉਠਾਉਂਦਿਆਂ ਕਾਫੀ ਵੱਡੀ ਗਿਣਤੀ ਵਿਚ ਲੋਕਾਂ ਤੋਂ ਪੈਸੇ ਉਗਰਾਹੇ। ਜਦੋਂ ਸਟੇਜ ਤੋਂ ਇਨ੍ਹਾਂ ਦਾ ਮਾਣ-ਤਾਣ ਕੀਤਾ ਜਾ ਰਿਹਾ ਸੀ ਤਾਂ ਕਈ ਕਬੱਡੀ ਦੇਖਣ ਦੇ ਸ਼ੌਕੀਨ ਖਿਝੀ ਜਾ ਰਹੇ ਸਨ। ਸਟੇਜ ਤੋਂ ਜਦੋਂ ਸ਼ਿਕਾਗੋ ਦੇ ਕੌਂਸਲ ਜਨਰਲ ਸਪਾਂਸਰਾਂ ਨੂੰ ਸ਼ੀਲਡਾਂ ਦੇ ਰਹੇ ਸਨ ਤਾਂ ਹਰਜਿੰਦਰ ਸੰਧੂ ਇਸ ਗੱਲ 'ਤੇ ਖਫਾ ਹੋ ਰਹੇ ਸਨ ਕਿ ਮੇਲਾ ਤਾਂ ਇਹ ਕੌਂਸਲ ਜਨਰਲ ਹੀ ਲੁੱਟ ਕੇ ਲੈ ਚੱਲਿਆ ਹੈ। ਉਨ੍ਹਾਂ ਦਾ ਨੁਕਤਾ ਸੀ ਕਿ ਕੌਂਸਲ ਜਨਰਲ ਨੂੰ ਸੱਦੋ ਤਾਂ ਸਹੀ ਪਰ ਇੰਨੀ ਵੀ ਅਹਿਮੀਅਤ ਨਾ ਦਿਓ ਕਿ ਮੇਲਾ ਉਨ੍ਹਾਂ ਦੇ ਨਾਂ ਹੀ ਹੋ ਜਾਵੇ। ਜੇ ਅਹਿਮੀਅਤ ਦੇਣੀ ਹੀ ਹੈ ਤਾਂ ਕਿਸੇ ਖਿਡਾਰੀ ਨੂੰ ਦਿਓ।

ਮੇਲੇ ਨੂੰ ਕੌਮਾਂਤਰੀ ਕਬੱਡੀ ਟੂਰਨਾਮੈਂਟ ਦਾ ਨਾਂ ਦਿੱਤਾ ਗਿਆ ਸੀ ਪਰ ਅਸਲ ਵਿਚ ਕੌਮਾਂਤਰੀ ਪੱਧਰ ਦੀ ਨਾ ਤਾਂ ਕੋਈ ਟੀਮ ਹੀ ਸੀ ਅਤੇ ਨਾ ਹੀ ਕੋਈ ਕਬੱਡੀ ਖਿਡਾਰੀ ਹੀ। ਕਲੱਬ ਦੇ ਪ੍ਰਧਾਨ ਹੈਪੀ ਹੀਰ ਦਾ ਕਹਿਣਾ ਹੈ ਕਿ ਵੱਡੇ ਖਿਡਾਰੀ ਇੰਨੇ ਮਹਿੰਗੇ ਸਨ ਕਿ ਉਨ੍ਹਾਂ ਜਿੰਨੇ ਪੈਸੇ ਨਹੀਂ ਸਨ ਜੁੜ ਰਹੇ। ਫਿਰ ਨਵੇਂ ਖਿਡਾਰੀਆਂ ਨੂੰ ਵੀ ਤਾਂ ਕਿਸੇ ਨੇ ਉਤਸ਼ਾਹਿਤ ਕਰਨਾ ਹੋਇਆ। ਇਸ ਤੋਂ ਕਈ ਮੇਲੀ ਕੁਝ ਖਫਾ ਸਨ। ਸ਼ਿਕਾਗੋ ਦੇ ਬਲਵਿੰਦਰ ਸਿੰਘ ਸੰਧੂ ਆਖ ਰਹੇ ਸਨ ਕਿ ਜੇ ਮੇਲਾ ਅੰਡਰ 21 ਦਾ ਹੈ ਤਾਂ ਫਿਰ ਇਹ ਪਹਿਲਾਂ ਦੱਸਿਆ ਜਾਣਾ ਚਾਹੀਦਾ ਸੀ। ਇਕ ਹੋਰ ਮੇਲੀ ਸ਼ਿਕਾਇਤ ਕਰ ਰਿਹਾ ਸੀ, 'ਯਾਰ ਉਹ ਗੱਲ ਨਹੀਂ ਬਣੀ ਜਿਹੜੀ ਪਿਛਲੇ ਸਾਲਾਂ 'ਚ ਕਲੱਬ ਦੇ ਮੇਲਿਆਂ 'ਚ ਬਣਦੀ ਸੀ। ਇਕ ਹੋਰ ਮੇਲੀ ਖਫਾ ਸੀ ਕਿ ਪਿਛਲੇ ਸਾਲ ਇਨ੍ਹਾਂ ਖਲੀ ਦਾ ਗਲਤ ਰੌਲਾ ਪਾਇਆ ਹੋਇਆ ਸੀ ਅਤੇ ਐਤਕੀਂ ਹਲਕੀਆਂ ਕਬੱਡੀ ਟੀਮਾਂ ਲਿਆ ਕੇ ਰੰਗ ਗਾਲ ਦਿਤੇ ਹਨ। ਇਕ ਹੋਰ ਕਹਿ ਰਿਹਾ ਸੀ, 'ਆਹ ਜਿਹੜੀ ਕਾਰ ਸੇਵਾ ਹੋ ਰਹੀ ਹੈ ਨਾ ਜੇ ਮੈਚ ਫਸਵੇਂ ਹੋਣ ਤਾਂ ਲੋਕ ਇਥੇ ਜੁੜਨ ਨਾ ਕਿ ਕਾਰਾਂ ਦੁਆਲੇ।'

# ਮੁਸੀਬਤਾਂ ਦੀ ਮਾਰੀ ਇਕ ਔਰਤ ਕੈਨੇਡਾ ਸਰਕਾਰ ਨੇ ਵਿਸਾਰੀ

**ਟੋਰਾਂਟੋ :** ਤਿੰਨ ਮਹੀਨਿਆਂ ਤੋਂ ਨੈਰੋਬੀ (ਕੀਨੀਆ) ਦੇ ਹਵਾਈ ਅੱਡੇ 'ਤੇ ਫਸੀ ਕੈਨੇਡੀਆਈ ਔਰਤ ਦੀ ਖਲਾਸੀ ਹਾਲੇ ਲਮਕੀ ਹੋਈ ਹੈ। ਕਿਉਂਕਿ ਉਥੋਂ ਕੈਨੇਡੀਆਈ ਕੌਂਸਲਖਾਨੇ ਨੂੰ ਅਜੇ ਕੁਝ ਦਸਤਾਵੇਜ਼ਾਂ ਦੀ ਲੋੜ ਹੈ। 31 ਸਾਲਾ ਸੁਆਗ ਹੇਗੀ ਮੁਹੰਮਦ ਨੂੰ ਉਥੋਂ ਦੇ ਕਸਟਮ ਅਧਿਕਾਰੀਆਂ ਨੇ ਇਹ ਕਹਿ ਕੇ ਰੋਕ ਲਿਆ ਸੀ ਕਿ ਉਸ ਦੀ ਸ਼ਕਲ ਪਾਸਪੋਰਟ ਵਿਚਲੀ ਫੋਟੋ ਨਾਲ ਨਹੀਂ ਮਿਲਦੀ।

ਇਸ ਮਾਮਲੇ ਨੇ ਸਰਕਾਰ ਦੀ ਕਾਰਗੁਜ਼ਾਰੀ ਅਤੇ ਨਾਗਰਿਕਾਂ ਪ੍ਰਤੀ ਰਵਈਏ ਦਾ ਪਰਦਾਫਾਸ਼ ਕਰ ਦਿੱਤਾ ਹੈ। ਇਕ ਸਾਬਕਾ ਕੌਂਸਲਰ ਨੇ ਕਿਹਾ ਕਿ ਇਥੇ ਕੋਈ ਕਾਨੂੰਨ ਨਹੀਂ, ਜੋ ਸਰਕਾਰ ਨੂੰ ਵਿਤਕਰਾ ਕਰਨੋਂ ਵਰਜ ਸਕੇ। ਕਿਸੇ ਦੀ ਮਦਦ ਕਰਨਾ ਜਾਂ ਕੇਸ ਕਰਨਾ ਸਰਕਾਰ ਦੀ ਮਰਜ਼ੀ 'ਤੇ ਨਿਰਭਰ ਹੈ। ਬਾਅਦ 'ਚ ਸਰਕਾਰੀ ਕੁਤਾਹੀ ਹੋ ਗਈ ਕਹਿ ਕੇ ਸਾਰ ਦਿੰਦੀ ਹੈ।

ਟਰਾਂਟੋ ਦੀ ਸੁਆਗ ਮੁਹੰਮਦ ਦਾ ਰੱਫੜ ਮਈ 'ਚ ਪਿਆ, ਜਦੋਂ ਕੀਨੀਆ ਦੇ ਅਧਿਕਾਰੀਆਂ ਨੇ ਉਸ ਨੂੰ ਕੇ.ਐਲ.ਐਮ. ਏਅਰਲਾਈਨਜ਼ ਤੋਂ ਇਹ ਕਹਿ ਕੇ ਉਤਾਰ ਲਿਆ ਕਿ ਉਸ ਦੇ ਬੁੱਲ੍ਹ ਅਤੇ ਐਨਕਾਂ ਉਸਦੇ ਚਾਰ ਸਾਲ ਪੁਰਾਣੇ ਪਾਸਪੋਰਟ ਵਾਲੀ ਤਸਵੀਰ ਨਾਲ ਨਹੀਂ ਮਿਲਦੇ।

ਇਸ ਮਗਰੋਂ ਨੈਰੋਬੀ ਵਿਚਲੇ ਕੈਨੇਡੀਆਈ ਹਾਈ ਕਮਿਸ਼ਨ ਨੇ ਵੀ ਉਸ ਦੀ ਮਦਦ ਕਰਨ ਦੀ ਬਜਾਏ ਉਸ ਨੂੰ ਪਾਖੰਡੀ ਗਰਦਾਨਦੇ ਹੋਏ ਉਸ ਦਾ ਪਾਸਪੋਰਟ ਰੱਦ ਕਰਕੇ ਸਥਾਨਕ ਇਮੀਗ੍ਰੇਸ਼ਨ ਮਹਿਕਮੇ ਨੂੰ ਜਾਂਚ ਕਰਨ ਲਈ ਭੇਜ ਦਿੱਤਾ। ਸੁਆਗ ਮੁਹੰਮਦ ਆਪਣੀ ਕੀਨੀਆ ਰਹਿੰਦੀ ਮਾਂ ਨੂੰ ਮਿਲਣ ਗਈ ਸੀ, ਪਰ ਮੁੜਦੇ ਸਮੇਂ ਨੈਰੋਬੀ ਏਅਰਪੋਰਟ 'ਤੇ ਰੋਕ ਲਈ ਗਈ ਅਤੇ ਜੇਲ੍ਹ 'ਚ ਡੱਕ ਦਿੱਤੀ ਗਈ। ਅੱਠਵੇਂ ਦਿਨ ਉਹ ਉਸ ਦੀ ਮਾਂ ਵਲੋਂ ਦਿੱਤੀ 2500 ਡਾਲਰ ਦੀ ਜ਼ਮਾਨਤ 'ਤੇ ਬਾਹਰ ਨਿਕਲੀ। ਮੁਹੰਮਦ ਦੇ ਵਕੀਲ ਰਾਊਲ ਬੌਲਾਕੀਆ ਵਲੋਂ ਉਸ ਦੀ ਪਛਾਣ ਦੀ ਪੁਸ਼ਟੀ ਲਈ ਡੀ.ਐਨ.ਏ. ਦੀ ਰਿਪੋਰਟ ਵੀ ਬਣਵਾਈ ਗਈ, ਪਰ ਇਕ ਵਾਰ ਫਿਰ ਕੀਨੀਆ ਦੇ ਕੈਨੇਡੀਆਈ ਕੌਂਸਲਖਾਨੇ ਨੇ 'ਮੈਂ ਨਾ ਮਾਨੂੰ' ਦੀ ਰਟ ਲਾਈ ਹੋਈ ਹੈ। ਉਸ ਨੇ ਆਪਣੇ ਸਾਰੇ ਕਾਰਡ ਵਿਖਾਏ, ਪਰ ਅਧਿਕਾਰੀਆਂ ਦੀ ਤਸੱਲੀ ਨਹੀਂ ਹੋਈ। ਉਲਟਾ ਕੌਂਸਲਖਾਨੇ ਨੇ 22 ਮਈ ਨੂੰ ਉਸ ਦਾ ਪਾਸਪੋਰਟ ਅਤੇ ਨੈਰੋਬੀ ਦਾ ਸੈਲਾਨੀ ਵੀਜ਼ਾ ਰੱਦ ਕਰਕੇ ਉਸ ਨੂੰ ਨੈਰੋਬੀਆਈ ਇਮੀਗ੍ਰੇਸ਼ਨ ਦੇ ਹਵਾਲੇ ਕਰ ਦਿੱਤਾ। ਹੁਣ ਉਸ ਕੋਲ ਇਹ ਸਿੱਧ ਕਰਨ ਲਈ ਕੱਖ ਵੀ ਨਹੀਂ ਬਚਿਆ ਕਿ ਉਹ ਨੈਰੋਬੀ 'ਚ ਜਾਇਜ਼ ਵੀਜ਼ੇ 'ਤੇ ਰਹਿ ਰਹੀ ਹੈ।

ਉਸ ਉਤੇ ਕਿਸੇ ਹੋਰ ਦਾ ਪਾਸਪੋਰਟ ਰੱਖਣ ਅਤੇ ਨਾਜਾਇਜ਼ ਤੌਰ 'ਤੇ ਕੀਨੀਆ 'ਚ ਰਹਿਣ ਦੇ ਜੁਰਮ ਆਇਦ ਕੀਤੇ ਗਏ ਹਨ, ਜਿਨ੍ਹਾਂ ਕਰਕੇ ਉਹ ਮੁਲਕ ਨਹੀਂ ਛੱਡ ਸਕਦੀ। ਬੇਸ਼ੱਕ ਇਹ ਮਸਲਾ ਕੈਨੇਡੀਆਈ ਮੀਡੀਏ 'ਚ ਭਖਿਆ ਹੋਇਆ ਹੈ, ਫਿਰ ਵੀ ਕੇਂਦਰ ਸਰਕਾਰ ਅਜੇ ਤੱਕ ਸੁਸਤੀ ਵਰਤ ਰਹੀ ਹੈ। ਇੱਥੋਂ ਤੱਕ ਕਿ ਓਨਟਾਰੀਓ ਦੇ ਮੁੱਖ ਮੰਤਰੀ ਨੇ ਵੀ ਹਾਰਪਰ ਸਰਕਾਰ ਨੂੰ ਇਸ ਦੇਰੀ ਲਈ ਕੋਸਿਆ। ਡਾਲਟਨ ਮਗਿੰਟੀ ਨੇ ਕਿਹਾ ਕਿ ਕੈਨੇਡਾ ਨੂੰ ਆਪਣੇ ਨਾਗਰਿਕਾਂ ਦੀ ਸੰਕਟ ਵੇਲੇ ਬਾਂਹ ਫੜ੍ਹਣੀ ਚਾਹੀਦੀ ਹੈ ਚਾਹੇ ਉਹ ਕਿਸੇ ਨਸਲ ਜਾਂ ਧਰਮ ਦਾ ਹੋਵੇ।

ਸਰਕਾਰ ਦਾ ਇਹ ਰਵੱਈਆ ਮੰਦਭਾਗਾ ਹੈ। ਇਸ ਔਰਤ ਦਾ 12 ਸਾਲਾ ਮੁੰਡਾ ਟੋਰਾਂਟੋ 'ਚ ਕਿਸੇ ਰਿਸ਼ਤੇਦਾਰ ਕੋਲ ਰਹਿ ਰਿਹਾ ਹੈ। ਕੈਨੇਡਾ ਸਰਕਾਰ ਤੋਂ ਕਣਸੋਅ ਮਿਲੀ ਹੈ ਕਿ ਡੀ.ਐਨ.ਏ. ਦੀ ਪੁਸ਼ਟੀ ਮਗਰੋਂ ਹੁਣ ਸੁਆਗ ਮੁਹੰਮਦ ਦੇ ਸਾਰੇ ਕਾਗਜ਼ਾਤ ਤਿਆਰ ਕੀਤੇ ਜਾ ਰਹੇ ਹਨ ਤਾਂ ਜੋ ਉਸ ਨੂੰ ਕੈਨੇਡਾ ਲਿਆਂਦਾ ਜਾ ਸਕੇ। ਕੈਨੇਡਾ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਬੁਲਾਰੇ ਅਨੁਸਾਰ ਮੁਲਕ ਦੀ ਬਾਰਡਰ ਏਜੰਸੀ ਨੂੰ ਮਾਮਲੇ ਦੀ ਜਾਂਚ ਕਰਨ ਲਈ ਕਹਿ ਦਿੱਤਾ ਗਿਆ ਹੈ।

## ਟੀ.ਵੀ. ਪੱਤਰਕਾਰ ਦਾ ਕਤਲ

**ਇਸਲਾਮਾਬਾਦ :** ਲੰਘੀ 15 ਅਗਸਤ ਨੂੰ ਪਾਕਿਸਤਾਨ ਦੇ ਉੱਤਰ-ਪੱਛਮੀ ਸ਼ਹਿਰ ਮਰਦਾਨ ਵਿਚ 2 ਹਮਲਾਵਰਾਂ ਨੇ ਇਕ ਟੀ.ਵੀ. ਪੱਤਰਕਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਸ ਨੇ ਦੱਸਿਆ ਕਿ ਨਿੱਜੀ ਦੁਸ਼ਮਣੀ ਕਾਰਨ ਪੱਤਰਕਾਰ ਸਾਦਿਕ ਨੂੰ ਜਹਾਨ ਖਾਨ ਤੇ ਉਸ ਦੇ ਭਰਾ ਬਾਬਰ ਖਾਨ ਨੇ ਘੇਰ ਲਿਆ ਤੇ ਗੋਲੀਆਂ ਮਾਰ ਦਿੱਤੀਆਂ।

# ਸਵਾਈਨ ਫਲੂ ਨਾਲ ਦੇਸ਼ ਭਰ ਵਿਚ 30 ਮੌਤਾਂ ਹੋਈਆਂ

**ਨਵੀਂ ਦਿੱਲੀ :** ਬੀਤੀ 17 ਅਗਸਤ ਨੂੰ ਪੁਣੇ ਵਿਚ ਇਕ 36 ਸਾਲਾ ਔਰਤ ਦੀ ਸਵਾਈਨ ਫਲੂ ਨਾਲ ਮੌਤ ਹੋ ਜਾਣ ਪਿੱਛੋਂ ਦੇਸ਼ ਭਰ ਵਿਚ ਇਸ ਮਹਾਂਮਾਰੀ ਕਾਰਨ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ ਵਧ ਕੇ 30 ਹੋ ਗਈ ਹੈ। ਬੀਤੀ 17 ਅਗਸਤ ਤੱਕ ਦੇਸ਼ ਭਰ ਵਿਚ ਸਵਾਈਨ ਫਲੂ ਦੇ 152 ਨਵੇਂ ਮਾਮਲੇ ਦਰਜ ਕੀਤੇ ਗਏ ਸਨ ਅਤੇ ਇੰਝ ਇਸ ਰੋਗ ਤੋਂ ਪ੍ਰਭਾਵਿਤ ਵਿਅਕਤੀਆਂ ਦੀ ਗਿਣਤੀ ਵਧ ਕੇ 1707 ਹੋ ਗਈ ਹੈ।



ਮਿਲੀਆਂ ਵਿਸਤ੍ਰਿਤ ਰਿਪੋਰਟਾਂ ਮੁਤਾਬਕ ਪੁਣੇ ਵਿਚ ਸਵਾਈਨ ਫਲੂ ਦਾ ਸ਼ਿਕਾਰ ਹੋਣ ਵਾਲੀ ਔਰਤ ਦੀ ਪਛਾਣ ਬੀਨਾ ਗੋਂਜਾਲਿਵਜਸ ਵਜੋਂ ਹੋਈ ਹੈ। ਇਸ ਔਰਤ ਨੂੰ 13 ਅਗਸਤ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ।

ਇਸ ਇਕ ਮੌਤ ਨਾਲ ਇਕੱਲੇ ਪੁਣੇ ਵਿਚ ਹੀ ਮ੍ਰਿਤਕਾਂ ਦੀ ਗਿਣਤੀ ਵਧ ਕੇ 13 ਹੋ ਗਈ ਹੈ। ਇਸ ਤੋਂ ਇਲਾਵਾ 5 ਵਿਅਕਤੀਆਂ ਦੀ ਮੌਤ ਬੰਗਲੌਰ ਵਿਚ ਹੋਈ ਹੈ ਅਤੇ ਇਕ-ਇਕ ਦੀ ਅਹਿਮਦਾਬਾਦ, ਨਾਸਿਕ, ਰਾਏਪੁਰ, ਬਿਲਾਸਪੁਰ, ਚੇਨਈ ਅਤੇ ਤਿਰੂਅਨੰਤਪੁਰਮ ਵਿਖੇ ਹੋਈ ਹੈ। ਮੁੰਬਈ ਅਤੇ ਡੋਡਾ ਵਿਖੇ ਵੀ ਦੋ-ਦੋ ਵਿਅਕਤੀਆਂ ਦੀ ਜਾਨ ਗਈ ਹੈ।

**ਗਾਂਗੁਲੀ ਦੀ ਭਤੀਜੀ ਨੂੰ ਵੀ ਸਵਾਈਨ ਫਲੂ :** ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਸੌਰਭ ਗਾਂਗੁਲੀ ਦੀ ਭਤੀਜੀ 11 ਸਾਲਾ ਸਨੇਹਾ ਨੂੰ ਸਵਾਈਨ ਫਲੂ ਹੋ ਗਿਆ ਹੈ ਅਤੇ ਉਸ ਨੂੰ ਕੋਲਕਾਤਾ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਡਾਕਟਰਾਂ ਮੁਤਾਬਕ ਉਸ ਦੀ ਹਾਲਤ ਸਥਿਰ ਹੈ।

ਬਰੇਲੀ ਵਿਚ ਇਸ ਬਿਮਾਰੀ ਕਾਰਨ ਇਕ ਔਰਤ ਦੀ ਮੌਤ ਹੋਣ ਦੀ ਖਬਰ ਹੈ। ਭਾਰਤੀ ਪ੍ਰਬੰਧ ਅਦਾਰਾ ਅਹਿਮਦਾਬਾਦ ਦੀ ਇਕ ਵਿਦਿਆਰਥਣ ਵਿਚ ਸਵਾਈਨ ਫਲੂ ਪਾਜ਼ਿਟਵ ਪਾਇਆ ਗਿਆ ਹੈ। ਜਾਂਚ ਲਈ ਉਸ ਕੁੜੀ ਨੂੰ ਦਿੱਲੀ ਭੇਜਿਆ ਗਿਆ ਹੈ, ਜਿਥੇ ਉਸ ਦੇ ਪਿਤਾ ਡਾ. ਰਾਮ ਮਨੋਹਰ ਲੋਹੀਆ ਹਸਪਤਾਲ ਵਿਚ ਡਾਕਟਰ ਹਨ। ਚੇਨਈ ਵਿਚ ਇਕ ਵਿਦਿਆਰਥਣ ਨੂੰ ਸਵਾਈਨ ਫਲੂ ਹੋਣ ਕਾਰਨ ਸ਼ਹਿਰ ਦੇ ਇਕ ਪ੍ਰਸਿੱਧ ਕਾਲਜ ਨੂੰ 10 ਦਿਨ ਲਈ ਬੰਦ ਕਰ ਦਿੱਤਾ ਗਿਆ ਹੈ। ਜੰਮੂ 'ਚ ਵੀ ਸਵਾਈਨ ਫਲੂ ਦੇ 4 ਨਵੇਂ ਮਾਮਲੇ ਸਾਹਮਣੇ ਆਉਣ ਪਿੱਛੋਂ ਇਥੇ ਮਰੀਜ਼ਾਂ ਦੀ ਗਿਣਤੀ ਵਧ ਕੇ 5 ਹੋ ਗਈ ਹੈ।

ਇਸ ਦੌਰਾਨ ਮਿਲੀਆਂ ਖਬਰਾਂ ਅਨੁਸਾਰ ਪ੍ਰਸਿੱਧ ਅਭਿਨੇਤਰੀ ਐਸ਼ਵਰਿਆ ਰਾਏ ਸਵਾਈਨ ਫ਼ਲੂ ਵਰਗੇ ਲੱਛਣਾਂ ਅਤੇ ਛਾਤੀ ਦੀ ਇਨਫ਼ੈਕਸ਼ਨ ਕਾਰਨ ਬੀਮਾਰ ਪੈ ਗਈ ਹੈ, ਜਿਸ ਨੂੰ ਲੈ ਕੇ ਉਸ ਦਾ ਸਹੁਰਾ ਅਮਿਤਾਭ ਬਚਨ ਕਾਫ਼ੀ ਚਿੰਤਿਤ ਦਿਖਾਈ ਦਿਤਾ।

ਸਿੰਗਾਪੁਰ 'ਚ ਸਮਾਜਵਾਦੀ ਪਾਰਟੀ ਦੇ ਆਗੂ ਅਮਰ ਸਿੰਘ ਦਾ ਹਾਲ-ਚਾਲ ਪੁੱਛਣ ਗਏ ਅਮਿਤਾਭ ਬਚਨ ਨੇ ਆਪਣੇ ਬਲਾਗ ਵਿਚ ਲਿਖਿਆ ਹੈ ਕਿ ਊਟੀ 'ਚ ਮਣੀ ਰਤਨਮ ਦੀ ਫ਼ਿਲਮ 'ਰਾਵਣ' ਦੀ ਸ਼ੂਟਿੰਗ ਦੌਰਾਨ ਐਸ਼ਵਰਿਆ ਬੀਮਾਰ ਹੋ ਗਈ। ਉਸ ਨੂੰ ਕਾਫ਼ੀ ਬੁਖ਼ਾਰ ਸੀ ਪਰ ਹੁਣ ਉਹ ਠੀਕ ਹੈ।

ਆਪਣੀ ਨੂੰਹ ਦੇ ਬੀਮਾਰ ਹੋਣ ਕਾਰਨ ਉਦਾਸ ਅਮਿਤਾਭ ਨੇ ਕਿਹਾ ਹੈ ਕਿ ਬੱਚਿਆਂ ਤੋਂ ਦੂਰ ਰਹਿਣਾ ਅਤੇ ਉਨ੍ਹਾਂ ਦੀ ਦੇਖਭਾਲ ਨਾ ਕਰਨਾ ਕਾਫ਼ੀ ਫਿਕਰ ਪੈਦਾ ਕਰਦਾ ਹੈ। ਭਾਵੇਂ ਉਹ ਸੂਝ-ਬੂਝ ਵਾਲੇ ਹਨ, ਪਰ ਬੱਚੇ ਹਮੇਸ਼ਾ ਬੱਚੇ ਹੀ ਰਹਿੰਦੇ ਹਨ। ਜਯਾ ਬਚਨ, ਅਮਰ ਸਿੰਘ ਕੋਲ ਇਕ ਮਹੀਨਾ ਰਹਿਣ ਤੋਂ ਬਾਅਦ ਬੀਤੇ ਦਿਨੀਂ ਮੁੰਬਈ ਪਰਤ ਆਈ ਸੀ।

ਯਾਦ ਰਹੇ ਲੰਘੀ 14 ਅਗਸਤ ਨੂੰ ਸ਼ਹਿਰ ਦੇ ਸਰਕਾਰੀ ਹਸਪਤਾਲਾਂ ਵਿਚ 11 ਨਵੇਂ ਸਵਾਈਨ ਫਲੂ ਦੇ ਸ਼ੱਕੀ ਮਰੀਜ਼ ਭਰਤੀ ਹੋਏ, ਜਿਸ ਨਾਲ ਇਸ ਬੀਮਾਰੀ ਦੇ ਸ਼ੱਕੀ ਪੀੜਤਾਂ ਦੀ ਗਿਣਤੀ ਵਧ ਕੇ 90 ਹੋ ਗਈ। ਚੰਡੀਗੜ੍ਹ ਦੇ ਸਵਾਈਨ ਫਲੂ ਨੋਡਲ ਅਫਸਰ ਐਚ.ਸੀ. ਗੇੜਾ ਨੇ ਕਿਹਾ ਕਿ ਸਵਾਈਨ ਫਲੂ ਦੇ ਕੁਲ ਮਾਮਲਿਆਂ ਵਿਚੋਂ 7 ਪਾਜ਼ੇਟਿਵ ਪਾਏ ਗਏ ਹਨ ਅਤੇ ਉਨ੍ਹਾਂ ਦਾ ਹਸਪਤਾਲਾਂ ਵਿਚ ਇਲਾਜ ਚੱਲ ਰਿਹਾ ਹੈ ਜਦਕਿ 43 ਮਰੀਜ਼ਾਂ ਦੀ ਮੈਡੀਕਲ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਬਾਕੀ ਵਿਅਕਤੀਆਂ ਦੀ ਰਿਪੋਰਟ ਨੈਗੇਟਿਵ ਮਿਲੀ ਹੈ। ਇਸ ਦੌਰਾਨ ਚੰਡੀਗੜ੍ਹ ਪ੍ਰਸ਼ਾਸਨ ਨੇ ਨਿੱਜੀ ਲੈਬਾਰਟਰੀਆਂ ਉਤੇ ਛਾਪੇ ਮਾਰੇ ਅਤੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਉਹ ਸਵਾਈਨ ਫਲੂ ਦੇ ਟੈਸਟ ਤਾਂ ਨਹੀਂ ਕਰ ਰਹੇ। ਅਧਿਕਾਰੀਆਂ ਨੇ ਦੱਸਿਆ ਕਿ ਦੋ ਨਿੱਜੀ ਹਸਪਤਾਲਾਂ ਵਿਚ ਨਿਰਦੇਸ਼ ਦਿਤੇ ਗਏ ਹਨ ਕਿ ਮਹਾਂਮਾਰੀ ਫੈਲਣ ਦੀ ਸੂਰਤ ਵਿਚ ਉਹ ਅਪਣੀ ਯੋਜਨਾ ਤਿਆਰ ਰੱਖਣ। ਪੀ.ਜੀ.ਆਈ. ਹਸਪਤਾਲ ਦੇ ਸੂਤਰਾਂ ਨੇ ਦੱਸਿਆ ਕਿ ਸਵਾਈਨ ਫਲੂ ਦੇ ਟੈਸਟ ਅਗਲੇ ਹਫ਼ਤੇ ਤੋਂ ਇਥੇ ਹੋਣੇ ਸ਼ੁਰੂ ਹੋ ਜਾਣਗੇ।

## 12 ਇੰਜੀਨੀਅਰਿੰਗ ਕਾਲਜਾਂ 'ਤੇ ਸੀ.ਬੀ.ਆਈ. ਦੇ ਛਾਪੇ

**ਹੈਦਰਾਬਾਦ :** ਸੀ.ਬੀ.ਆਈ. ਨੇ ਆਂਧਰਾ ਪ੍ਰਦੇਸ਼ ਦੇ ਉਨ੍ਹਾਂ ਕਾਲਜਾਂ 'ਤੇ ਛਾਪਾਮਾਰ ਮੁਹਿੰਮ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਨੇ ਆਲ ਇੰਡੀਆ ਕੌਂਸਲ ਆਫ ਟੈਕਨੀਕਲ ਐਜੂਕੇਸ਼ਨ ਦੇ ਉਚ ਅਧਿਕਾਰੀਆਂ ਨੂੰ ਭਾਰੀ ਰਿਸ਼ਵਤ ਦੇ ਕੇ ਮਨਜ਼ੂਰੀ ਹਾਸਲ ਕੀਤੀ ਸੀ। ਇਹ ਛਾਪੇ 13 ਅਗਸਤ ਨੂੰ ਸ਼ੁਰੂ ਹੋਏ।

ਦੱਸਿਆ ਜਾਂਦਾ ਹੈ ਕਿ ਲੱਗਭਗ 120 ਇੰਜੀਨੀਅਰਿੰਗ ਕਾਲਜਾਂ ਵਲੋਂ ਆਲ ਇੰਡੀਆ ਕੌਂਸਲ ਆਫ ਟੈਕਨੀਕਲ ਐਜੂਕੇਸ਼ਨ ਦੇ ਉਚ ਅਧਿਕਾਰੀਆਂ ਨੂੰ 20-20 ਲੱਖ ਰੁਪਏ ਦੇ ਕੇ ਮਨਜ਼ੂਰੀ ਹਾਸਲ ਕੀਤੀ ਸੀ। ਸੀ.ਬੀ.ਆਈ. ਨੇ ਹੁਣ ਤੱਕ 12 ਇੰਜੀਨੀਅਰਿੰਗ ਕਾਲਜਾਂ 'ਤੇ ਛਾਪੇ ਮਾਰੇ ਹਨ।


**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**

**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
**CALL: TOLL FREE: 877-OK-HOMEO**
**(877-654-6636)OFFICE: 408-729-6691**
E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



**G.M. Lawrence Insurance Brokerage**
License# 0D79587

**ਟਰੱਕ ਇੰਸ਼ੋਰੈਂਸ ਸਪੈਸ਼ਲਿਸਟ ਪਿਛਲੇ 26 ਸਾਲਾਂ ਤੋਂ ਟਰਕਿੰਗ ਇੰਡਸਟਰੀ ਦੀ ਸੇਵਾ ਵਿਚ**

**ਜੀ ਐਮ ਲਾਰੈਂਸ ਉਤੇ ਭਰੋਸਾ ਕਿਉਂ?**

LIABILITY
GENERAL
LIABILITY
PHYSICAL
DAMAGE
CARGO
BONDS

***ਕੋਈ ਬਰੋਕਰ ਫੀਸ ਨਹੀਂ ਲਈ ਜਾਂਦੀ *ਝਟਪਟ ਇੰਸ਼ੋਰੈਂਸ ਸਰਟੀਫਿਕੇਟ *ਮਾਸਕ ਪ੍ਰੋਗਰਾਮ ਉਪਲਬਧ ਹਨ***

**New Ventures Are Welcome**

**ਦਲਜੀਤ ਸਿੰਘ ਖਹਿਰਾ**
**Ph: 209-474-2771**
**Fax: 209-474-0215**
7746 Lorraine Ave.#214
**Stockton CA-95210**

**SPECIALIZES IN BOTH LOCAL & LONG HAUL**
-Flexible down payments
-Excellent customer service
-Committed to each individual client's needs
-Experienced, knowledgeable & professional staff



**ਮਿੱਟੀ ਅਤੇ ਬਜਰੀ ਢੋਣ ਵਾਲੇ ਟਰੱਕਾਂ ਲਈ ਵਿਸ਼ੇਸ਼ ਪ੍ਰੋਗਰਾਮ**



**ਕੈਲੇਫੋਰਨੀਆ ਤੋਂ ਬਾਹਰ ਚੱਲਣ ਵਾਲੇ ਟਰੱਕਰ ਵੀਰਾਂ ਲਈ ਖੁਸ਼ਖਬਰੀ !**

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

License plates
IFTA *Fuel tax return
DOT, ICC-MMC
Single state registration services
*New Mexico & Kentucky permit



*Rajinder Singh*

ਹੁਣ ਤੁਹਾਨੂੰ ਆਪਣੇ ਪੇਪਰ ਵਰਕ ਲਈ ਦੂਰ-ਦੁਰਾਡੇ ਸ਼ਹਿਰਾਂ ਵਿਚ ਜਾਣ ਦੀ ਲੋੜ ਨਹੀਂ, ਅਸੀਂ ਹੁਣ ਟਰਕਿੰਗ ਇੰਡਸਟਰੀ ਦੇ ਕੇਂਦਰ ਸਟਾਕਟਨ ਵਿਚ ਮੂਵ ਹੋ ਗਏ ਹਾਂ

**Now in Strockton, the Hub of the Trucking Industry**

Financing Available For Buying Trucks



**Cell: (510) 557-6988**
**Ph: 209-982-9996,**
**Fax:209-982-9997**
13465 Basalt Ct, Lathrop CA 95330

## 15 ਅਗਸਤ ਦੇ ਭਾਸ਼ਣ

# ਰਾਸ਼ਟਰਪਤੀ ਨੇ ਸੁਰੱਖਿਆ ਦਸਤਿਆਂ ਨੂੰ ਥਾਪੀ ਦਿੱਤੀ

**ਨਵੀਂ ਦਿੱਲੀ :** ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ ਦੇਸ਼ ਦੇ 63ਵੇਂ ਆਜ਼ਾਦੀ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰ ਦੇ ਨਾਂਅ ਆਪਣੇ ਸੰਦੇਸ਼ ਵਿਚ ਸੁਰੱਖਿਆ ਦਸਤਿਆਂ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਲਈ ਥਾਪੜਾ ਦਿੱਤਾ ਅਤੇ ਆਪਣਾ ਤਕਰੀਬਨ ਸਾਰਾ ਹੀ ਭਾਸ਼ਣ ਅੱਤਵਾਦ ਦੀ ਨਿੰਦਿਆ ਕਰਨ 'ਤੇ ਲਾ ਦਿੱਤਾ। ਉਨ੍ਹਾਂ ਕਿਹਾ ਕਿ ਅੱਤਵਾਦ ਸ਼ਾਂਤਮਈ ਸਹਿਹੋਂਦ ਦੇ ਵਿਰੁਧ ਹੈ ਤੇ ਇਸ ਨੂੰ ਹਰਾਉਣਾ ਲਾਜ਼ਮੀ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਵਰਤਮਾਨ ਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਇਕ ਮਜ਼ਬੂਤ, ਇਕਮੁੱਠ ਤੇ ਪ੍ਰਗਤਸ਼ੀਲ ਭਾਰਤ ਦੀ ਉਸਾਰੀ ਕੀਤੀ ਜਾਏ।

ਉਨ੍ਹਾਂ ਕਿਹਾ ਕਿ ਮੈਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਰਹੀਆਂ ਹਥਿਆਰਬੰਦ ਫੌਜਾਂ ਤੇ ਨੀਮ ਫੌਜੀ ਦਸਤਿਆਂ ਦੇ ਬਹਾਦਰ ਅਮਲੇ ਪ੍ਰਤੀ ਵਿਸ਼ੇਸ਼ ਸ਼ੁਕਰੀਆ ਪ੍ਰਗਟ ਕਰਨਾ ਚਾਹੁੰਦੀ ਹਾਂ। ਇਸ ਦੇ ਨਾਲ ਹੀ ਮੈਂ ਅੰਦਰੂਨੀ ਸੁਰੱਖਿਆ ਅਤੇ ਰਾਜ ਪੱਧਰੀ ਪੁਲਿਸ ਫੋਰਸ ਨੂੰ ਵੀ ਸ਼ੁਭ ਕਾਮਨਾਵਾਂ ਭੇਟ ਕਰਦੀ ਹਾਂ।

ਉਨ੍ਹਾਂ ਸਾਰੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਮਹਾਨ ਕੌਮੀ ਨੇਤਾਵਾਂ, ਸ਼ਹੀਦਾਂ, ਆਜ਼ਾਦੀ ਸੰਗਰਾਮੀਆਂ ਤੇ ਉਨ੍ਹਾਂ ਸਾਰਿਆਂ, ਜੋ ਆਜ਼ਾਦੀ ਸੰਗਰਾਮ ਦੇ ਸਹਿਭਾਗੀ ਬਣੇ ਤੇ ਦੇਸ਼ ਨੂੰ ਇਕ ਪ੍ਰਭੂਸੱਤਾ ਸੰਪੰਨ ਰਾਸ਼ਟਰ ਦਾ ਦਰਜਾ ਦਿਵਾਇਆ, ਉਨ੍ਹਾਂ ਪ੍ਰਤੀ ਸਨਮਾਨ ਪ੍ਰਗਟ ਕਰਨ ਦੇ ਜਸ਼ਨ ਵਿਚ ਸ਼ਾਮਲ ਹੋਣ। ਸਾਨੂੰ ਸੱਚ ਅਤੇ ਅਹਿੰਸਾ ਦੇ ਮਾਰਗ 'ਤੇ ਨਿਰੰਤਰ ਤੁਰਨਾ ਹੋਵੇਗਾ। ਨਿਮਰਤਾ ਅਤੇ ਸਹਿਣਸ਼ੀਲਤਾ ਅਪਣਾਉਣੀ ਪਵੇਗੀ। ਹੁਣ ਹਰ ਘੜੀ, ਹਰ ਵੇਲਾ ਤੁਹਾਡੀ ਪਰਖ ਦਾ ਹੋਵੇਗਾ। ਇਸ ਵਰ੍ਹੇ 15ਵੀਆਂ ਆਮ ਚੋਣਾਂ ਵਿਚ ਲੋਕਾਂ ਨੇ ਇਕ ਵਾਰ ਫਿਰ ਲੋਕਰਾਜੀ ਢਾਂਚੇ ਵਿਚ ਆਪਣਾ ਭਰੋਸਾ ਪ੍ਰਗਟ ਕੀਤਾ ਹੈ।



ਇਸ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਕਿ ਦੁਨੀਆ ਦਾ ਸਭ ਤੋਂ ਵੱਡੇ ਲੋਕਰਾਜੀ ਦੇਸ਼ ਭਾਰਤ ਵਿਚ ਲੋਕਤੰਤਰ ਨਿਸ਼ਚੇ ਹੀ ਅਗੇ ਵਧ ਰਿਹਾ ਹੈ। ਇਸੇ ਸਮੇਂ ਲੋਕਾਂ ਦੀਆਂ ਇਛਾਵਾਂ ਅਤੇ ਆਸਾਂ-ਉਮੰਗਾਂ ਵਿਚ ਉਭਾਰ ਆ ਰਿਹਾ ਹੈ। ਉਹ ਆਪਣੇ ਅਧਿਕਾਰਾਂ ਪ੍ਰਤੀ ਵਧੇਰੇ ਚੇਤੰਨ ਹੋ ਰਹੇ ਹਨ ਅਤੇ ਬਿਹਤਰ ਸਹੂਲਤਾਂ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਤਰੱਕੀ ਲਈ ਤਕਨੀਕ ਦੀ ਵਰਤੋਂ ਸਮੇਂ ਕਈ ਕਿਸਮ ਦੀਆਂ ਤਬਦੀਲੀਆਂ ਆ ਰਹੀਆਂ ਹਨ। ਆਧੁਨਿਕ ਭਾਰਤ ਦੀ ਉਸਾਰੀ ਲਈ ਸਾਨੂੰ ਆਪਣੇ ਅਕਾਦਮਿਕ, ਸੰਸਥਾਗਤ ਅਤੇ ਹੋਰ ਸਹੂਲਤਾਂ ਨੂੰ ਮਜ਼ਬੂਤ ਬਣਾਉਣ 'ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ। ਇਸ ਦਿਸ਼ਾ ਵਲ ਸਾਡੇ ਯਤਨ ਵਧੀਆ ਕਾਰਗੁਜ਼ਾਰੀ ਹਾਸਲ ਕਰਨ ਦੇ ਹੋਣੇ ਚਾਹੀਦੇ ਹਨ। ਖੋਜ ਅਤੇ ਵਿਕਾਸ ਦੇ ਖੇਤਰ ਵਿਚ ਭਾਰਤ ਬੁਲੰਦੀਆਂ ਛੂਹ ਸਕਦਾ ਹੈ ਤੇ ਸਾਡਾ ਯਤਨ ਹੋਣਾ ਚਾਹੀਦਾ ਹੈ ਕਿ ਇਕ ਗਿਆਨਵਾਨ ਸਮਾਜ ਵਿਚ ਦੇਸ਼, ਕੌਮਾਂਤਰੀ ਪੱਧਰ ਦੀ ਮਿਸਾਲ ਬਣੇ।

ਔਰਤਾਂ ਦੇ ਸ਼ਕਤੀਕਰਨ ਲਈ ਕੌਮੀ ਮਿਸ਼ਨ, ਸਮਾਜਿਕ ਅਤੇ ਆਰਥਿਕ ਤੌਰ 'ਤੇ ਔਰਤਾਂ ਨੂੰ ਸ਼ਕਤੀਸ਼ਾਲੀ ਬਣਾਵੇਗਾ ਜਿਹੜੀਆਂ ਕਿ ਸਾਡੀ ਆਬਾਦੀ ਦਾ ਅੱਧਾ ਹਿੱਸਾ ਹਨ ਅਤੇ ਰਾਸ਼ਟਰ ਨਿਰਮਾਣ ਵਿਚ ਅਸਰਦਾਰ ਭੂਮਿਕਾ ਨਿਭਾਉਣ ਦੇ ਸਮਰੱਥ ਹਨ। ਜੀਵਨ ਵਿਚ ਹਰ ਇਕ ਨਾਗਰਿਕ ਨੂੰ ਅੱਗੇ ਵਧਣ ਲਈ ਬਰਾਬਰ ਦੇ ਮੌਕੇ ਦੇਣਾ ਭਾਰਤੀ ਗਣਰਾਜ ਵਿਚ ਭਰੋਸੇ ਦਾ ਪ੍ਰਤੀਕ ਹੈ। ਭਾਰਤ ਨੂੰ ਅਮਨ, ਇਕਸੁਰਤਾ ਦੇ ਆਧਾਰ 'ਤੇ ਆਪਣੇ ਭਵਿੱਖ ਦਾ ਨਿਰਮਾਣ ਕਰਨਾ ਹੋਵੇਗਾ। ਚੰਗੀਆਂ ਪ੍ਰੰਪਰਾਵਾਂ ਤੇ ਵਿਕਾਸ ਵਿਚਾਲੇ ਮੁਕੰਮਲ ਤਾਲਮੇਲ ਰੱਖਣਾ ਹੋਵੇਗਾ।

ਸ਼ਾਂਤਮਈ ਸਹਿਹੋਂਦ ਦਾ ਸਿਧਾਂਤ ਸਾਡੇ ਸੱਭਿਆਚਾਰ ਵਿਚ ਘੁਲਿਆ-ਮਿਲਿਆ ਹੋਇਆ ਹੈ। ਅੱਤਵਾਦ, ਜੋ ਮਾਸੂਮ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ, ਸ਼ਾਂਤਮਈ ਸਹਿਹੋਂਦ ਦੇ ਵਿਰੁਧ ਹੈ। ਇਹ ਨਿੰਦਣਯੋਗ ਹੈ। ਕਿਉਂਕਿ ਅੱਤਵਾਦ ਹਰੇਕ ਧਰਮ ਅਤੇ ਨਿਸ਼ਚੇ ਦੇ ਅਸੂਲਾਂ ਦੇ ਉਲਟ ਹੈ। ਰਾਸ਼ਟਰਪਤੀ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਇਕ ਸ਼ਾਂਤਮਈ ਸਮਾਜ ਅਤੇ ਵਿਸ਼ਵ ਦੀ ਸਿਰਜਣਾ ਲਈ ਅੱਤਵਾਦ ਨੂੰ ਭਾਂਜ ਦੇਣਾ ਲਾਜ਼ਮੀ ਹੈ। ਇਹ ਮਨੁੱਖ ਜਾਤੀ ਦੇ ਹਿੱਤ ਵਿਚ ਸਮੂਹਿਕ ਟੀਚੇ ਲਈ ਲਾਜ਼ਮੀ ਹੈ ਤੇ ਸਾਨੂੰ ਸਾਰਿਆਂ ਨੂੰ ਇਸ ਟੀਚੇ ਦੀ ਪ੍ਰਾਪਤੀ ਲਈ ਮਿਲਜੁਲ ਕੇ ਕੰਮ ਕਰਨਾ ਪਵੇਗਾ, ਕਿਉਂਕਿ ਸਮੁੱਚੀ ਮਨੁੱਖਤਾ ਦੀ ਹੋਣੀ ਇਕੋ ਹੈ। ਅਸੀਂ ਧਰਮ ਨਿਰਪੱਖਤਾ, ਸਮਾਨਤਾ ਤੇ ਸਾਰੇ ਧਰਮਾਂ ਪ੍ਰਤੀ ਸਤਿਕਾਰ ਦੇ ਅਸੂਲਾਂ 'ਤੇ ਡਟੇ ਰਹੇ ਹਾਂ। ਮੈਂ ਹਰੇਕ ਧਰਮ ਦੇ ਭੈਣ-ਭਰਾਵਾਂ, ਭਾਵੇਂ ਉਹ ਹਿੰਦੂ, ਮੁਸਲਿਮ, ਸਿੱਖ, ਈਸਾਈ, ਬੋਧੀ, ਜੈਨ, ਪਾਰਸੀ ਜਾਂ ਦੂਜੇ ਧਰਮਾਂ ਦੇ ਹੋਣ, ਕਹਿਣਾ ਚਾਹਾਂਗੀ ਕਿ ਉਹ ਇਕਸੁਰਤਾ ਨਾਲ ਰਹਿਣ।

ਫਿਰਕੂ ਸਦਭਾਵਨਾ ਬਹੁਤ ਮਹੱਤਵਪੂਰਨ ਹੈ। ਇਹ ਇਕ ਅਜਿਹੇ ਧਾਗੇ ਵਾਂਗ ਹੈ, ਜਿਹੜਾ ਵੱਖ-ਵੱਖ ਰੰਗਾਂ ਤੇ ਖੁਸ਼ਬੂਆਂ ਵਾਲੇ ਸੁੰਦਰ ਫੁੱਲਾਂ ਨੂੰ ਇਕ ਮਾਲਾ ਵਿਚ ਪਰੋਂਦਾ ਹੈ। ਉਨ੍ਹਾਂ ਕਿਹਾ ਕਿ ਆਓ, ਹਿੰਸਾ ਅਤੇ ਅੱਤਵਾਦ ਦੇ ਖਿਲਾਫ ਲੜੀਏ ਅਤੇ ਅਮਨ ਤੇ ਸਦਭਾਵਨਾ ਦਾ ਇਕ ਅਹਿਮ ਹਿੱਸਾ ਬਣੀਏ।

ਸੋਕੇ ਅਤੇ ਕਮਜ਼ੋਰ ਮੌਨਸੂਨ ਦਾ ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਤੇ ਕਿਹਾ ਕਿ ਇਨ੍ਹਾਂ ਦੇ ਸਿੱਟਿਆਂ 'ਤੇ ਦੇਸ਼ ਕਾਬੂ ਪਾ ਲਵੇਗਾ।

# ਪ੍ਰਧਾਨ ਮੰਤਰੀ ਨੇ ਗੁਆਂਢੀਆਂ ਨਾਲ ਸਹਿਯੋਗ ਤੇ ਵਿਕਾਸ 'ਤੇ ਜ਼ੋਰ ਦਿੱਤਾ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲੰਘੇ ਸ਼ਨਿਚਰਵਾਰ ਨੂੰ ਆਜ਼ਾਦੀ ਦਿਵਸ ਮੌਕੇ ਨਵੀਂ ਦਿੱਲੀ ਵਿਚ ਲਾਲ ਕਿਲੇ ਦੀ ਫ਼ਸੀਲ ਤੋਂ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਨਾ ਸਿਰਫ ਦੇਸ਼ ਨੂੰ ਦਰਪੇਸ਼ ਮਸਲਿਆਂ ਦੀ ਹਕੀਕਤ ਦੇ ਰੂਬਰੂ ਕੀਤਾ, ਸਗੋਂ ਕਿਸੇ ਵੀ ਤਰ੍ਹਾਂ ਦੇ ਸੰਭਾਵੀ ਸੰਕਟ ਵਿਚੋਂ ਸਹੀ ਸਲਾਮਤ ਬਾਹਰ ਨਿਕਲ ਆਉਣ ਲਈ ਦੇਸ਼ ਦੀ ਸਮਰੱਥਾ ਬਾਰੇ ਉਨ੍ਹਾਂ ਨੂੰ ਜਾਣੂ ਵੀ ਕਰਵਾਇਆ। ਆਪਣੀ ਪੌਣੇ ਘੰਟੇ ਦੀ ਤਕਰੀਰ ਵਿਚ ਜਿਹੜੇ ਮੁੱਦਿਆਂ ਨੂੰ ਉਨ੍ਹਾਂ ਨੇ ਸ਼ਾਮਲ ਕੀਤਾ, ਉਨ੍ਹਾਂ ਵਿਚ ਦੇਸ਼ ਅੰਦਰ ਇਕਦਮ ਬਵਾਲ ਪੈਦਾ ਕਰਨ ਵਾਲੇ ਸਵਾਈਨ ਫਲੂ ਤੋਂ ਲੈ ਕੇ ਆਰਥਿਕ ਮੰਦਵਾੜਾ, ਮਹਿੰਗਾਈ, ਅਨਾਜ ਸੰਕਟ, ਅੰਦਰੂਨੀ ਸੁਰੱਖਿਆ ਤੇ ਦਹਿਸ਼ਤਗਰਦੀ ਆਦਿ ਵੀ ਸ਼ਾਮਲ ਸਨ। ਪ੍ਰਧਾਨ ਮੰਤਰੀ ਨੇ ਇਨ੍ਹਾਂ ਮਸਲਿਆਂ ਬਾਰੇ ਸਥਿਤੀ ਦਾ ਖੁਲਾਸਾ ਕਰਦਿਆਂ ਦੇਸ਼ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਸਥਿਤੀ ਜਿਸ ਤਰ੍ਹਾਂ ਦੀ ਵੀ ਹੈ, ਦੇਸ਼ ਏਨਾ ਕੁ ਸਮਰੱਥ ਹੈ ਕਿ ਇਹ ਕਿਸੇ ਵੀ ਸੰਕਟ ਵਿਚੋਂ ਸਹੀ ਸਲਾਮਤ ਬਾਹਰ ਨਿਕਲ ਆਵੇਗਾ।

ਖਾਸ ਕਰਕੇ ਸਵਾਈਨ ਫਲੂ ਕਾਰਨ ਡਰ ਅਤੇ ਘਬਰਾਹਟ ਦਾ ਮਾਹੌਲ ਇਕਦਮ ਉੱਭਰ ਆਉਣ ਬਾਰੇ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਸਥਿਤੀ ਨਹੀਂ ਬਣਾ ਲੈਣੀ ਚਾਹੀਦੀ ਕਿ ਸਾਡੇ ਰੋਜ਼ਮਰਾ ਦੇ ਕੰਮ ਹੀ ਠੱਪ ਹੋ ਕੇ ਰਹਿ ਜਾਣ। ਮੌਨਸੂਨ ਬਾਰਸ਼ਾਂ ਇਸ ਵਾਰੀ ਮੁਕਾਬਲਤਨ ਕਾਫੀ ਘੱਟ ਹੋਣ ਕਾਰਨ ਅਨਾਜ ਘੱਟ ਪੈਦਾ ਹੋਣ ਦੇ ਖ਼ਦਸ਼ੇ ਪ੍ਰਗਟਾਏ ਜਾਣ ਲੱਗੇ ਹਨ। ਕਰੀਬ ਸਵਾ ਅਰਬ ਦੀ ਆਬਾਦੀ ਦੀ ਪੇਟ ਪੂਜਾ ਕਰਾਉਣ ਦੀ ਲੋੜ ਦੇ ਮੱਦੇਨਜ਼ਰ ਇਹ ਖਦਸ਼ੇ ਵਾਜਬ ਵੀ ਲੱਗਦੇ ਹਨ। ਜਦੋਂ ਅਨਾਜ ਹੀ ਘੱਟ ਹੋਵੇਗਾ, ਉਦੋਂ ਸਮਾਜ ਦੇ ਉਸ ਵਰਗ ਦਾ ਕੀ ਬਣੇਗਾ, ਜਿਹੜਾ ਨਿਰਭਰ ਹੀ ਸਰਕਾਰ ਦੀ ਜਨਤਕ ਵੰਡ ਪ੍ਰਣਾਲੀ ਦੁਆਰਾ ਮਿਲਣ ਵਾਲੇ ਰਾਸ਼ਨ 'ਤੇ ਕਰਦਾ ਹੈ।

ਪ੍ਰਧਾਨ ਮੰਤਰੀ ਨੇ ਵਿਸ਼ਵਾਸ ਦਿਵਾਇਆ ਹੈ ਕਿ ਸਰਕਾਰ ਇਸ ਤਰ੍ਹਾਂ ਦੇ ਕਿਸੇ ਵੀ ਆਰਥਿਕ ਮੰਦੇ ਨੂੰ ਨੇੜੇ ਨਹੀਂ ਫਟਕਣ ਦੇਵੇਗੀ। ਪਿਛਲੇ ਕੁਝ ਸਮੇਂ ਦੌਰਾਨ ਜਿਵੇਂ ਮਹਿੰਗਾਈ ਛੜੱਪੇ ਮਾਰ ਕੇ ਵਧੀ ਹੈ ਤੇ ਬਾਜ਼ਾਰਾਂ ਵਿਚ ਖ਼ੁਰਾਕੀ ਵਸਤਾਂ ਦੀ ਕਮੀ ਦਾ ਪ੍ਰਭਾਵ ਪੈਦਾ ਕੀਤਾ ਜਾਣ ਲੱਗਿਆ ਹੈ, ਉਸ ਤੋਂ ਲੋਕਾਂ ਨੂੰ ਉਭਾਰੇ ਜਾਣ ਦੀ ਸਖ਼ਤ ਲੋੜ ਹੈ। ਪ੍ਰਧਾਨ ਮੰਤਰੀ ਨੇ ਇਸ ਸਬੰਧ ਵਿਚ ਜ਼ਖ਼ੀਰੇਬਾਜ਼ੀ ਤੇ ਕਾਲਾਬਾਜ਼ਾਰੀ ਕਰਨ ਵਾਲਿਆਂ ਨੂੰ ਖ਼ਬਰਦਾਰ ਕੀਤਾ ਹੈ।

ਖ਼ਾਸ ਕਰਕੇ ਦੇਸ਼ ਨੂੰ ਅਨਾਜ ਦੇ ਫਰੰਟ 'ਤੇ ਪੂਰੀ ਤਰ੍ਹਾਂ ਸੁਰੱਖਿਅਤ ਕਰਨ ਲਈ ਇਕ ਹੋਰ ਹਰੀ ਕ੍ਰਾਂਤੀ ਲਿਆਂਦੇ ਜਾਣ ਲਈ ਸਰਕਾਰ ਦੀ ਇੱਛਾ ਪ੍ਰਗਟਾਉਂਦਿਆਂ ਪ੍ਰਧਾਨ ਮੰਤਰੀ ਨੇ ਆਧੁਨਿਕ ਤਰੀਕਿਆਂ ਰਾਹੀਂ ਖੇਤੀ ਸੈਕਟਰ ਨੂੰ ਤਕੜਾ ਹੁਲਾਰਾ ਦੇਣ ਦੀ ਗੱਲ ਕੀਤੀ ਹੈ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਖੇਤੀਬਾੜੀ ਖੇਤਰ ਵਿਚ ਚਾਰ ਫੀਸਦੀ ਵਿਕਾਸ ਦਰ ਹਾਸਲ ਕਰਨ ਲਈ ਦੇਸ਼ ਨੂੰ ਇਕ ਹੋਰ ਹਰੀ ਕ੍ਰਾਂਤੀ ਦੀ ਲੋੜ ਹੈ ਅਤੇ ਇਹ ਟੀਚਾ ਪੰਜ ਸਾਲਾਂ ਵਿਚ ਹਾਸਲ ਕਰਨ ਦੀ ਆਸ ਹੈ। 63ਵੇਂ ਆਜ਼ਾਦੀ ਦਿਵਸ ਮੌਕੇ ਇਤਿਹਾਸਕ ਲਾਲ ਕਿਲ੍ਹੇ ਤੋਂ ਛੇਵੀਂ ਵਾਰ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ, "ਸਾਡਾ ਮਕਸਦ ਖੇਤੀਬਾੜੀ ਖੇਤਰ ਵਿਚ ਚਾਰ ਫੀਸਦੀ ਸਾਲਾਨਾ ਵਿਕਾਸ ਦਰ ਹਾਸਲ ਕਰਨਾ ਹੈ ਅਤੇ ਮੈਨੂੰ ਭਰੋਸਾ ਹੈ ਕਿ ਅਗਲੇ ਪੰਜ ਸਾਲਾਂ ਵਿਚ ਅਸੀਂ ਇਸ ਟੀਚੇ ਨੂੰ ਹਾਸਲ ਕਰ ਲਵਾਂਗੇ।"

ਉਨ੍ਹਾਂ ਕਿਹਾ ਕਿ ਇਸ ਖੇਤਰ ਵਿਚ ਸਫ਼ਲਤਾ ਲਈ ਸਾਨੂੰ ਆਧੁਨਿਕ ਤਕਨੀਕਾਂ ਦਾ ਸਹਾਰਾ ਲੈਣਾ ਹੋਵੇਗਾ। ਸੀਮਤ ਹੱਦ ਵਿਚ ਉਪਲਬਧ ਜ਼ਮੀਨ ਅਤੇ ਜਲ ਸਰੋਤਾਂ ਦੀ ਵਰਤੋਂ ਵਧੇਰੇ ਸਮਰਥਾ ਨਾਲ ਕਰਨੀ ਹੋਵੇਗੀ। ਛੋਟੇ ਅਤੇ ਬੇਜ਼ਮੀਨੇ ਕਿਸਾਨਾਂ ਦੀ ਉਤਪਾਦਕਤਾ ਵਧਾਉਣ ਲਈ ਸਾਡੇ ਵਿਗਿਆਨੀਆਂ ਨੂੰ ਨਵੀਆਂ ਤਕਨੀਕਾਂ ਲੱਭਣੀਆਂ ਹੋਣਗੀਆਂ। ਉਨ੍ਹਾਂ ਕਿਸਾਨਾਂ ਦੀਆਂ ਲੋੜਾਂ ਵਲ ਵਧ ਧਿਆਨ ਦੇਣਾ ਹੋਵੇਗਾ, ਜਿਨ੍ਹਾਂ ਕੋਲ ਸਿੰਚਾਈ ਦੇ ਸਾਧਨ ਨਹੀਂ ਹਨ। ਘੱਟ ਗਿਣਤੀਆਂ ਬਾਰੇ ਡਾ.



ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ

ਮਨਮੋਹਨ ਸਿੰਘ ਨੇ ਕਿਹਾ, "ਵਿਕਾਸ ਵਿਚ ਪਿੱਛੇ ਰਹਿ ਗਏ ਤਬਕਿਆਂ ਦੀ ਦੇਖਭਾਲ ਕਰਨਾ ਕਿਸੇ ਦੀ ਖੁਸ਼ਾਮਦ ਕਰਨਾ ਨਹੀਂ ਹੈ। ਅਸੀਂ ਇਹ ਨਹੀਂ ਮੰਨਦੇ ਕਿ ਵਿਕਾਸ ਵਿਚ ਪਿੱਛੇ ਰਹਿ ਗਏ ਤਬਕਿਆਂ ਨੂੰ ਸਹਾਇਤਾ ਦੇ ਕੇ ਅੱਗੇ ਲਿਆਉਣਾ ਉਨ੍ਹਾਂ ਦੀ ਖੁਸ਼ਾਮਦ ਕਰਨ ਦੇ ਬਰਾਬਰ ਹੈ। ਸਾਡਾ ਮੰਨਣਾ ਹੈ ਕਿ ਇਹ ਸਾਡਾ ਸਾਰਿਆਂ ਦਾ ਫ਼ਰਜ਼ ਹੈ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂ.ਪੀ.ਏ. ਸਰਕਾਰ ਘੱਟ ਗਿਣਤੀਆਂ ਦੀ ਭਲਾਈ ਦਾ ਪੂਰਾ ਖ਼ਿਆਲ ਰੱਖੇਗੀ ਅਤੇ ਇਸ ਨੂੰ ਮੁੱਖ ਰੱਖ ਕੇ ਨਵੀਆਂ ਯੋਜਨਾਵਾਂ ਵੀ ਸ਼ੁਰੂ ਕੀਤੀਆਂ ਗਈਆਂ ਹਨ। ਘੱਟ ਗਿਣਤੀਆਂ ਦੀ ਸੰਘਣੀ ਆਬਾਦੀ ਵਾਲੇ ਜ਼ਿਲ੍ਹਿਆਂ ਦੇ ਵਿਕਾਸ ਲਈ ਜੋ ਵਿਸ਼ੇਸ਼ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ, ਉਨ੍ਹਾਂ ਲਈ ਇਸ ਸਾਲ ਫੰਡਾਂ ਦੀ ਅਲਾਟਮੈਂਟ ਹੋਰ ਵਧਾ ਦਿਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਪਿਛਲੀ ਸਰਕਾਰ ਨੇ ਘੱਟ ਗਿਣਤੀਆਂ ਲਈ ਵਜ਼ੀਫ਼ੇ ਸ਼ੁਰੂ ਕੀਤੇ ਸਨ, ਹੁਣ ਇਨ੍ਹਾਂ ਵਜ਼ੀਫ਼ਿਆਂ ਦੀ ਰਕਮ ਨੂੰ ਵਧਾਇਆ ਜਾ ਰਿਹਾ ਹੈ। ਫਿਰਕੂ ਹਿੰਸਾ ਰੋਕਣ ਲਈ ਸੰਸਦ ਵਿਚ ਪੇਸ਼ ਬਿਲ ਨੂੰ ਛੇਤੀ ਤੋਂ ਛੇਤੀ ਕਾਨੂੰਨ ਵਿਚ ਬਦਲਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਡਾ. ਮਨਮੋਹਨ ਸਿੰਘ ਦੇ ਭਾਸ਼ਣ ਵਿਚ ਪਾਕਿਸਤਾਨ ਦਾ ਜ਼ਿਕਰ ਨਹੀਂ ਸੀ, ਇਸ ਤੋਂ ਪਹਿਲਾਂ ਉਹ ਕਈ ਵਾਰ ਅਪਣੇ ਭਾਸ਼ਣਾਂ ਵਿਚ ਪਾਕਿਸਤਾਨ ਦਾ ਵਖਰੇ ਤੌਰ 'ਤੇ ਜ਼ਿਕਰ ਕਰਦੇ ਆਏ ਹਨ।

ਉਨ੍ਹਾਂ ਆਪਣੇ ਭਾਸ਼ਣ ਵਿਚ ਅਮਨ-ਚੈਨ ਲਈ ਅੱਤਵਾਦ ਨੂੰ ਸਭ ਤੋਂ ਵੱਡਾ ਖ਼ਤਰਾ ਦਸਿਆ ਅਤੇ ਮੁੰਬਈ ਵਿਚ ਪਿਛਲੇ ਸਾਲ ਹੋਏ ਅੱਤਵਾਦੀ ਹਮਲੇ ਦਾ ਵੀ ਜ਼ਿਕਰ ਕੀਤਾ। ਪਰ ਪਾਕਿਸਤਾਨ ਦਾ ਨਾਂ ਕਿਤੇ ਵੀ ਨਾ ਲਿਆ। ਪ੍ਰਧਾਨ ਮੰਤਰੀ ਵਜੋਂ 2004 ਵਿਚ ਆਜ਼ਾਦੀ ਦਿਵਸ ਮੌਕੇ ਦਿੱਤੇ ਭਾਸ਼ਣ ਵਿਚ ਡਾ. ਮਨਮੋਹਨ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਪਾਕਿਸਤਾਨ ਨਾਲ ਗੰਭੀਰਤਾ ਨਾਲ ਦੁਵੱਲੀ ਗੱਲਬਾਤ ਨੂੰ ਅੱਗੇ ਵਧਾਉਣ ਦੀ ਇੱਛਾ ਰੱਖਦੀ ਹੈ, ਪਰ ਸਰਹੱਦ ਪਾਰੋਂ ਅੱਤਵਾਦੀ ਹਿੰਸਾ ਨੇ ਸਾਡੇ ਕੰਮ ਨੂੰ ਪੇਚੀਦਾ ਬਣਾ ਦਿੱਤਾ ਹੈ। ਆਲਮੀ ਮੰਦੇ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਦਾ ਅਸਰ ਕੁਝ ਘੱਟ ਹੋ ਰਿਹਾ ਹੈ, ਪਰ ਇਕ ਸਾਲ ਅਜੇ ਇਸ ਨੂੰ ਹੋਰ ਸਹਿਣਾ ਪਵੇਗਾ।

ਉਨ੍ਹਾਂ ਕਿਹਾ ਕਿ ਇਹ ਸਾਡੀਆਂ ਨੀਤੀਆਂ ਦਾ ਹੀ ਨਤੀਜਾ ਹੈ ਕਿ ਦੂਜੇ ਦੇਸ਼ਾਂ ਦੇ ਮੁਕਾਬਲੇ ਭਾਰਤ 'ਤੇ ਮੰਦੀ ਦਾ ਅਸਰ ਬਹੁਤ ਘੱਟ ਪਿਆ, ਪਰ ਆਪਣੀ ਵਿਕਾਸ ਦਰ ਨੂੰ ਮੁੜ 9 ਫੀਸਦੀ 'ਤੇ ਲਿਆਉਣਾ ਸਾਡੇ ਲਈ ਇਕ ਵੱਡੀ ਚੁਣੌਤੀ ਹੋਵੇਗੀ। ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਹਰ ਜ਼ਰੂਰੀ ਕਦਮ ਚੁੱਕਿਆ ਜਾਵੇਗਾ, ਚਾਹੇ ਉਹ ਦੇਸ਼ ਵਿਚ ਵਧੇਰੇ ਪੂੰਜੀ ਲਿਆਉਣ ਲਈ ਹੋਵੇ, ਬਰਾਮਦ ਵਧਾਉਣ ਲਈ ਹੋਵੇ ਜਾਂ ਸਰਕਾਰੀ ਨਿਵੇਸ਼ ਨੂੰ ਵਧਾਉਣ ਲਈ।

ਡਾ. ਮਨਮੋਹਨ ਸਿੰਘ ਨੇ ਆਖਿਆ, "ਸਾਨੂੰ ਆਸ ਹੈ ਕਿ ਇਸ ਸਾਲ ਦੇ ਅਖ਼ੀਰ ਤਕ ਹਾਲਾਤ ਕਾਫ਼ੀ ਸੁਧਰ ਜਾਣਗੇ।" ਵਪਾਰੀਆਂ ਅਤੇ ਉਦਯੋਗਪਤੀਆਂ ਨੂੰ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮੁਸ਼ਕਲ ਦੇ ਦੌਰ ਵਿਚੋਂ ਨਿਕਲਣ ਲਈ ਉਹ ਸਰਕਾਰ ਨਾਲ ਮਿਲ ਕੇ ਕੰਮ ਕਰਨ ਅਤੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਉਣ।

ਉਨ੍ਹਾਂ ਕਿਹਾ ਕਿ ਸੋਕੇ ਦੀ ਸਥਿਤੀ ਨਾਲ ਨਜਿੱਠਣ ਲਈ ਕਿਸਾਨਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ ਅਤੇ ਵਧ ਰਹੀਆਂ ਕੀਮਤਾਂ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਮਾਦਾ ਭਰੂਣ ਹੱਤਿਆ ਨੂੰ ਭਾਰਤੀ ਸਮਾਜ 'ਤੇ ਕਲੰਕ ਦੱਸਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਵਿਕਾਸ ਵਿਚ ਔਰਤਾਂ ਨੂੰ ਬਰਾਬਰ ਦਾ ਹਿੱਸੇਦਾਰ ਬਣਾਏ ਬਗੈਰ ਦੇਸ਼ ਤਰੱਕੀ ਨਹੀਂ ਕਰ ਸਕਦਾ। ਇਹ ਬਹੁਤ ਸ਼ਰਮ ਵਾਲੀ ਗੱਲ ਹੈ ਕਿ ਸਾਡੇ ਸਮਾਜ ਵਿਚ ਲੜਕੀਆਂ ਨੂੰ ਲੜਕਿਆਂ ਤੋਂ ਹੇਠਲਾ ਦਰਜਾ ਦਿੱਤਾ ਜਾਂਦਾ ਹੈ। ਜਿੰਨੀ ਜਲਦੀ ਸੰਭਵ ਹੋ ਸਕੇ, ਸਾਨੂੰ ਇਸ ਕਲੰਕ ਨੂੰ ਹਟਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸੰਸਦ ਵਿਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਅਸੀਂ ਇਕ ਅਜਿਹਾ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਜਿਸ ਨਾਲ ਪੰਚਾਇਤਾਂ ਵਿਚ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਮਿਲੇਗਾ।

# ਦੋ ਦਿਨ ਬਾਅਦ 15 ਅਗਸਤ ਵਾਲੇ ਭਾਸ਼ਣ ਦੀ ਕਸਰ ਕੱਢੀ

## ਕਿਹਾ ਭਾਰਤ ਕੋਲ ਇਸ ਬਾਰੇ ਪੁਖਤਾ ਤੇ ਭਰੋਸੇਯੋਗ ਜਾਣਕਾਰੀ ਹੈ ਕਿ ਪਾਕਿਸਤਾਨ 'ਚ ਸਥਿਤ ਕੁਝ ਦਹਿਸ਼ਤਗਰਦ ਜਥੇਬੰਦੀਆਂ ਦੁਬਾਰਾ ਭਾਰਤ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੀਆਂ ਹਨ।

**ਨਵੀਂ ਦਿੱਲੀ :** ਬੀਤੀ 17 ਅਗਸਤ ਨੂੰ ਆਪਣੇ 15 ਅਗਸਤ ਵਾਲੇ ਭਾਸ਼ਣ ਦੀ ਕਸਰ ਕੱਢਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਭਾਰਤ ਕੋਲ ਇਸ ਬਾਰੇ ਪੁਖਤਾ ਤੇ ਭਰੋਸੇਯੋਗ ਜਾਣਕਾਰੀ ਹੈ ਕਿ ਪਾਕਿਸਤਾਨ 'ਚ ਸਥਿਤ ਕੁਝ ਦਹਿਸ਼ਤਗਰਦ ਜਥੇਬੰਦੀਆਂ ਦੁਬਾਰਾ ਭਾਰਤ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੰਭਾਵੀ ਖ਼ਤਰਿਆਂ ਨੂੰ ਵੇਖਦਿਆਂ ਦੇਸ਼ ਦੀ ਸੁਰੱਖਿਆ ਵਿਵਸਥਾ ਨੂੰ ਚੁਸਤ-ਦਰੁਸਤ ਬਣਾਉਣਾ ਸਮੇਂ ਦੀ ਲੋੜ ਹੈ।

ਅੰਦਰੂਨੀ ਸੁਰੱਖਿਆ ਬਾਰੇ ਮੁੱਖ ਮੰਤਰੀਆਂ ਦੀ ਇਕ ਅਹਿਮ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਭਾਵੇਂ ਪਿਛਲੇ ਸਾਲ ਹੋਏ ਮੁੰਬਈ ਹਮਲਿਆਂ ਤੋਂ ਬਾਅਦ ਕੇਂਦਰ ਤੇ ਸੂਬਾ ਸਰਕਾਰਾਂ ਵਲੋਂ ਦਹਿਸ਼ਤਵਾਦ ਨਾਲ ਨਜਿੱਠਣ ਲਈ ਕਈ ਸਖ਼ਤ ਕਦਮ ਚੁੱਕੇ ਗਏ ਹਨ, ਪਰ ਇਹ ਕਦਮ ਤਾਂ ਹੀ ਕੋਈ ਨਤੀਜਾ ਦੇ ਸਕਦੇ ਹਨ, ਜੇ ਅਸੀਂ ਇਨ੍ਹਾਂ ਕਦਮਾਂ ਦੀ ਨਿਰੰਤਰ ਨਿਗਰਾਨੀ ਕਰੀਏ। ਡਾ. ਸਿੰਘ ਨੇ ਇਸ ਮੌਕੇ ਅੰਦਰੂਨੀ ਸੁਰੱਖਿਆ ਨਾਲ ਸਬੰਧਤ ਸਮੱਸਿਆਵਾਂ ਨਾਲ ਨਜਿੱਠਣ ਲਈ ਤੁਰੰਤ ਕਾਰਵਾਈ ਟੀਮਾਂ ਬਣਾਉਣ ਦੀ ਤਜਵੀਜ਼ ਵੀ ਰੱਖੀ। ਉਨ੍ਹਾਂ ਕਿਹਾ ਕਿ ਇਹ ਟੀਮਾਂ ਸੂਬਾ ਪੱਧਰ 'ਤੇ ਬਣਾਈਆਂ ਜਾਣ।

ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ 5 ਸਾਲਾਂ ਦੌਰਾਨ ਦੇਸ਼ ਦੇ ਫਿਰਕੂ ਹਿੰਸਾ ਦੇ ਮਾਮਲਿਆਂ 'ਚ ਕਮੀ ਆਈ ਹੈ। ਉਨ੍ਹਾਂ ਮਹਾਰਾਸ਼ਟਰ ਤੇ ਕਰਨਾਟਕ ਵਰਗੇ ਸੂਬਿਆਂ ਨੂੰ ਇਸ ਦਿਸ਼ਾ 'ਚ ਹੋਰ ਕਦਮ ਚੁੱਕਣ ਦੀ ਗੱਲ ਕਹੀ। ਨਵੀਂ ਦਿੱਲੀ ਦੇ ਵਿਗਿਆਨ ਭਵਨ 'ਚ ਪ੍ਰਧਾਨ ਨੇ ਮੁੱਖ ਮੰਤਰੀਆਂ ਤੇ ਸੂਬੇ ਦੇ ਮੁੱਖ ਸਕੱਤਰਾਂ ਨੂੰ ਸੂਬਿਆਂ ਦਰਮਿਆਨ ਬਿਹਤਰ ਸਬੰਧ ਤੇ ਸੂਚਨਾਵਾਂ ਦੇ ਅਦਾਨ-ਪ੍ਰਦਾਨ ਕਰਨ ਲਈ ਜ਼ਿੰਮੇਵਾਰ ਰੁਖ਼ ਅਪਣਾਉਣ ਲਈ ਕਿਹਾ। ਜੰਮੂ ਕਸ਼ਮੀਰ ਬਾਰੇ ਗੱਲਬਾਤ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਜੰਮੂ ਕਸ਼ਮੀਰ 'ਚ ਵਧ ਘੁਸਪੈਠ ਹੋਈ ਹੈ।

ਡਾ. ਸਿੰਘ ਨੇ ਕਿਹਾ ਕਿ ਭਾਵੇਂ ਜੰਮੂ ਕਸ਼ਮੀਰ 'ਚ ਦਹਿਸ਼ਤਵਾਦ ਲਗਾਤਾਰ ਘਟ ਰਿਹਾ ਹੈ, ਪਰ ਫਿਰ ਵੀ ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਥੇ ਸ਼ੋਪੀਆਂ, ਸੋਪੋਰ ਤੇ ਬਾਰਾਮੂਲਾ ਵਰਗੀਆਂ ਘਟਨਾਵਾਂ ਨਾ ਵਾਪਰਨ, ਕਿਉਂਕਿ ਇਹ ਘਟਨਾਵਾਂ ਭਾਰਤ ਵਿਰੋਧੀ ਤੱਤਾਂ ਨੂੰ ਹੱਲਾਸ਼ੇਰੀ ਦਿੰਦੀਆਂ ਹਨ। ਡਾ. ਸਿੰਘ ਨੇ ਨਾਲ ਹੀ ਕਿਹਾ ਕਿ ਇਨ੍ਹਾਂ ਘਟਨਾਵਾਂ ਦਾ ਇਕ-ਦੂਜੇ ਨਾਲ ਕੋਈ ਲੈਣ-ਦੇਣ ਨਹੀਂ ਹੈ। ਡਾ. ਸਿੰਘ ਨੇ ਕਿਹਾ ਕਿ ਸੂਬੇ ਦੀ ਸਥਿਤੀ ਦਾ ਇਸ ਗੱਲ ਤੋਂ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਥੇ ਹੋਣ ਵਾਲੀ ਅਮਰਨਾਥ ਯਾਤਰਾ ਇਸ ਵਾਰ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚੜ੍ਹ ਗਈ ਹੈ।

ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਜੰਮੂ ਕਸ਼ਮੀਰ ਦੇ ਲੋਕਾਂ ਨੇ ਧਰਮ ਨਿਰਪੱਖਤਾ ਦੇ ਸਿਧਾਂਤ ਦੀ ਰਾਖੀ ਕੀਤੀ ਹੈ। ਨਕਸਲਵਾਦ ਬਾਰੇ ਗੱਲ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਇਹ ਸਮੱਸਿਆ ਦੇਸ਼ ਲਈ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਸੂਬਾ ਪੁਲਿਸ ਨੂੰ ਅਗਾਊਂ ਤਿਆਰੀ ਕਰਨੀ ਚਾਹੀਦੀ ਹੈ ਤੇ ਇਸ ਸਬੰਧ 'ਚ ਕੇਂਦਰੀ ਫੋਰਸ ਦੀ ਬਜਾਏ ਸੂਬਾ ਪੁਲਿਸ ਨੂੰ ਵਧ ਰੋਲ ਨਿਭਾਉਣਾ ਚਾਹੀਦਾ ਹੈ। ਇਸ ਮੀਟਿੰਗ ਨੂੰ ਪ੍ਰਧਾਨ ਮੰਤਰੀ ਦੇ ਨਾਲ-ਨਾਲ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਵੀ ਸੰਬੋਧਨ ਕੀਤਾ।

ੴ ਸਤਿਗੁਰ ਪ੍ਰਸਾਦਿ

# ਫਰੀਮਾਂਟ ਗੁਰੂ ਘਰ ਦੀ ਸੰਗਤ ਨੂੰ

# ਪੁਰਜ਼ੋਰ ਅਪੀਲ



ਗੁਰਦੁਆਰਾ ਸਾਹਿਬ ਫਰੀਮਾਂਟ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਫਰੀਮਾਂਟ ਗੁਰੂ ਘਰ ਦੀ ਮੈਂਬਰਸ਼ਿਪ 9, 16, 23 ਅਤੇ 30 ਅਗਸਤ, 2009 ਨੂੰ ਸਵੇਰੇ 10 ਵਜੇ ਤੋਂ ਸ਼ਾਮੀਂ 4 ਵਜੇ ਤੱਕ ਖੁੱਲ੍ਹੀ ਰਹੇਗੀ। ਅਗਰ ਆਪ ਹੇਠ ਲਿਖੀਆਂ ਕਾਊਂਟੀਆਂ ਵਿਚ ਰਹਿੰਦੇ ਹੋ ਤਾਂ ਆਪ ਆਪਣੀ ਵੋਟ ਬਣਾ ਸਕਦੇ ਹੋ।

ਕਾਊਂਟੀਆਂ ਹਨ: (1) ਐਲਾਮੀਡਾ (2) ਕੋਂਟਰਾ ਕੋਸਟਾ (3) ਸੈਨ ਮੈਟਿਉ (4) ਸੈਂਟਾ ਕਲਾਰਾ (5) ਸੈਂਟਾ ਕਰੂਜ਼ (6) ਸੈਨ ਫਰਾਂਸਿਸਕੋ (7) ਸੋਲਾਨੋ

### ਆਪ ਜੀ ਦੇ ਧਿਆਨ ਰੱਖਣਯੋਗ ਗੱਲਾਂ

1. ਅਗਰ ਆਪ ਜੀ ਨੇ ਫਰੀਮਾਂਟ ਗੁਰੂ ਘਰ ਦੀਆਂ 2005, 2006 ਅਤੇ 2008 ਦੀਆਂ ਚੋਣਾਂ ਵਿਚ ਵੋਟਾਂ ਦੀ ਵਰਤੋਂ ਕੀਤੀ ਹੈ ਅਤੇ ਉਸ ਤੋਂ ਬਾਅਦ ਆਪ ਜੀ ਦੇ ਪਤੇ ਵਿਚ ਕੋਈ ਤਬਦੀਲੀ ਨਹੀਂ ਹੋਈ ਤਾਂ ਤੁਸੀਂ ਗੁਰੂ ਘਰ ਦੇ ਯੋਗ ਮੈਂਬਰ ਹੋ।

2. ਉਪਰੋਕਤ ਚੋਣਾਂ ਤੋਂ ਬਾਅਦ ਅਗਰ ਆਪ ਦਾ ਪਤਾ ਬਦਲ ਗਿਆ ਹੈ ਪਰ ਤੁਸੀਂ ਅਜੇ ਵੀ ਉਪਰੋਕਤ 7 ਕਾਊਂਟੀਆਂ ਵਿਚੋਂ ਕਿਸੇ ਇਕ ਵਿਚ ਰਹਿੰਦੇ ਹੋ ਤਾਂ ਤੁਸੀਂ ਮੈਂਬਰਸ਼ਿਪ ਕਮੇਟੀ ਪਾਸ ਆਪਣਾ ਐਡਰੈਸ ਬਦਲਵਾ ਸਕਦੇ ਹੋ ਪਰ ਤੁਹਾਡੇ ਪਾਸ ਨਵੇਂ ਐਡਰੈਸ ਦੀ ਫੋਟੋ ਆਈ.ਡੀ. ਜਾਂ ਬਿਜਲੀ ਬਿਲ ਜਾਂ ਕੋਈ ਹੋਰ ਸਬੂਤ, ਜੋ ਤੁਹਾਡੀ ਰਿਹਾਇਸ਼ ਨੂੰ ਸਾਬਤ ਕਰਦਾ ਹੋਵੇ, ਜ਼ਰੂਰ ਹੋਣਾ ਚਾਹੀਦਾ ਹੈ।

3. ਮੈਂਬਰ ਬਨਣ ਵਾਲੇ ਦਿਨ ਆਪ ਜੀ ਦੀ ਉਮਰ ਘੱਟੋ ਘੱਟ 18 ਸਾਲ ਦੀ ਜ਼ਰੂਰ ਹੋਣੀ ਚਾਹੀਦੀ ਹੈ।

4. ਜਿਹੜੀ ਸੰਗਤ ਪਿਛਲੇ 90 ਦਿਨਾਂ ਤੋਂ ਉਪਰੋਕਤ ਕਾਊਂਟੀਆਂ ਵਿਚ ਵਸਨੀਕ ਹੈ, ਉਨ੍ਹਾਂ ਨੂੰ ਆਪਣੀ ਵੋਟ ਬਣਾਉਣ ਦਾ ਪੂਰਾ ਹੱਕ ਹੈ।

5. ਮੈਂਬਰਸ਼ਿਪ ਕਮੇਟੀ ਸਿਰਫ ਨਵੀਆਂ ਵੋਟਾਂ ਹੀ ਬਣਾ ਰਹੀ ਹੈ ਜਾਂ ਫਿਰ ਅਗਰ ਕਿਸੇ ਵੋਟਰ ਦਾ ਪਤਾ ਬਦਲਿਆ ਹੈ ਉਹ ਆਪਣਾ ਨਵਾਂ ਪਤਾ ਮੈਂਬਰਸ਼ਿਪ ਕਮੇਟੀ ਨੂੰ ਦੇ ਸਕਦਾ ਹੈ।

6. ਨਵੇਂ ਰਜਿਸਟਰ ਹੋਏ ਵੋਟਰ ਮਾਰਚ 2010 ਦੀਆਂ ਚੋਣਾਂ ਵਿਚ ਆਪਣੀ ਵੋਟ ਦੀ ਵਰਤੋਂ ਕਰ ਸਕਦੇ ਹਨ।

7. ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਵੇਂ ਤੁਸੀਂ ਜਾਣਦੇ ਹੋ ਆਪ ਜੀ ਵੋਟ ਦਾ ਹੱਕ ਇਕ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਪ੍ਰਾਪਤ ਹੋਇਆ ਹੈ। ਤੁਸੀਂ ਆਪਣੀਆਂ ਵੋਟਾਂ ਜ਼ਰੂਰ ਬਣਾਓ ਅਤੇ ਪ੍ਰਬੰਧਕੀ ਢਾਂਚਾ ਬਣਾਉਣ ਵਿਚ ਸਹਾਈ ਹੋਵੋ ਜੀ।

**ਉਪਰੋਕਤ ਬੇਨਤੀ ਆਪ ਜੀ ਨੂੰ ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਰਾਮ ਸਿੰਘ, ਭਾਈ ਗੁਰਚਰਨ ਸਿੰਘ ਮਾਨ ਅਤੇ ਉਨ੍ਹਾਂ ਦੀ ਸਾਰੀ ਟੀਮ ਵਲੋਂ ਕੀਤੀ ਜਾ ਰਹੀ ਹੈ।**

## ਗੁਰੂ ਪੰਥ ਦੇ ਦਾਸ

ਭਾਈ ਦਵਿੰਦਰ ਸਿੰਘ
ਭਾਈ ਕੁਲਜੀਤ ਸਿੰਘ
ਭਾਈ ਹਰਮਿੰਦਰ ਸਿੰਘ
ਭਾਈ ਪ੍ਰੀਤਮ ਸਿੰਘ ਜੋਗਾਨੰਗਲ
ਭਾਈ ਦਰਸ਼ਨ ਸਿੰਘ
ਭਾਈ ਬਲਜੀਤ ਸਿੰਘ
ਭਾਈ ਅਮਰਦੀਪ ਸਿੰਘ
ਭਾਈ ਸੁਦੇਸ਼ ਸਿੰਘ ਅਟਵਾਲ
ਭਾਈ ਪਲਵਿੰਦਰ ਸਿੰਘ
ਭਾਈ ਸਰਬਜੋਤ ਸਿੰਘ
ਭਾਈ ਐਸ.ਪੀ. ਸਿੰਘ
ਭਾਈ ਰਾਣਾ ਸਿੰਘ ਕਾਹਲੋਂ
ਭਾਈ ਲਖਬੀਰ ਸਿੰਘ ਪਟਵਾਰੀ
ਭਾਈ ਜਸਦੀਪ ਸਿੰਘ
ਭਾਈ ਭੁਪਿੰਦਰ ਸਿੰਘ ਪਰਮਾਰ
ਭਾਈ ਸਤਪਾਲ ਸਿੰਘ ਮਦਾਰ
ਭਾਈ ਮਹਿੰਗਾ ਸਿੰਘ
ਭਾਈ ਅਵਤਾਰ ਸਿੰਘ
ਭਾਈ ਸੁਖਵੰਤ ਸਿੰਘ ਢਿੱਲੋਂ
ਭਾਈ ਤਾਰਾ ਸਿੰਘ
ਭਾਈ ਗੁਰਾ ਸਿੰਘ
ਬੀਬੀ ਸਰਬਜੀਤ ਕੌਰ ਚੀਮਾ

## ਨਾਟਕ ਚਰਚਾ

# 'ਗਦਰ ਐਕਸਪ੍ਰੈਸ'-ਸੁਰਿੰਦਰ ਧਨੋਆ ਦੇ ਪੱਕੇ ਪੇਪਰਾਂ ਦਾ ਇਮਤਿਹਾਨ

**ਐਸ. ਅਸ਼ੋਕ ਭੌਰਾ**

ਪੰਜਾਬੀ ਵੀ ਕਮਾਲ ਨੇ, ਵਿਚੇ ਲੜੀ ਜਾਂਦੇ ਨੇ, ਵਿਚੇ ਲੜਾਈ ਜਾਂਦੇ ਨੇ, ਡਰੱਗ ਵੀ ਵੇਚੀ ਜਾਂਦੇ ਨੇ, ਭਲੇ ਕੰਮ ਵੀ ਕਰੀ ਜਾਂਦੇ ਨੇ, ਗੁਰੂ ਘਰਾਂ ਵਿਚ ਵੀ ਆਹਮੋ-ਸਾਹਮਣੇ ਹੋ ਕੇ ਮਾੜੀਆਂ ਗੁਆਂਢਣਾਂ ਵਾਂਗ ਮੇਹਣੋ ਮਿਹਣੀ ਹੋਈ ਜਾਂਦੇ ਨੇ। ਕੋਈ ਟਰੱਕ ਚਲਾਉਂਦਾ, ਕੋਈ ਦਾਰੂ ਵੇਚਦੈ, ਵਿਚੇ ਖੇਡੀ ਜਾਂਦੇ ਨੇ, ਵਿਚੇ ਫਸੀ ਜਾਂਦੇ ਨੇ, ਕੋਈ ਟੁੱਟੀ ਜਾਂਦੈ, ਕੋਈ ਜੁੜੀ ਜਾਂਦੈ, ਕਿਤੇ ਤੀਆਂ ਮਨਾਈਆਂ ਜਾ ਰਹੀਆਂ ਹਨ, ਕਿਤੇ ਗਾਉਣ ਵਾਲੇ ਹੇਕਾਂ ਲਾਈ ਜਾਂਦੇ, ਕਿਤੇ ਗੈਰ ਕਾਨੂੰਨੀ ਹੱਦਾਂ-ਸਰਹੱਦਾਂ ਟੱਪੀ ਜਾਂਦੇ ਨੇ, ਕਿਤੇ ਜਾਅਲੀ ਵਿਆਹ, ਕਿਤੇ ਤਲਾਕ ਤੇ ਈਰਖਾ, ਵਿਰੋਧ, ਸਭ ਨਾਲੋ-ਨਾਲ ਚੱਲੀ ਜਾ ਰਿਹਾ। ਪਰ ਮੰਨੋਗੇ ਕਿ ਵਿਰਾਸਤੀ ਕੰਮਾਂ ਵਿਚ ਫਿਰ ਵੀ ਦਿਲਚਸਪੀ ਘਟੀ ਨਹੀਂ। ਕਦੇ ਬਲਵੰਤ ਗਾਰਗੀ ਦੇ 'ਲੋਹਾ ਕੁੱਟ' ਦੀ ਬੜੀ ਚਰਚਾ ਹੋਈ, ਅਜਮੇਰ ਔਲਖ ਦਾ 'ਬੇਗਾਨੇ ਬੋਹੜ ਦੀ ਛਾਂ' ਵੀ ਖੂਬ ਖੇਡਿਆ ਗਿਆ। ਕਦੇ ਕਪੂਰ ਸਿੰਘ ਘੁੰਮਣ ਤੇ ਕਦੇ ਭਾਅਜੀ ਗੁਰਸ਼ਰਨ ਸਿੰਘ ਨੇ ਜਾਗਰੂਕ ਨਾਟਕਾਂ ਦੀ ਨੇਰ੍ਹੀ ਲਿਆਂਦੀ। ਧਿਆਨ ਨਾਲ ਵੇਖਿਓ ਖੇਡ ਕਲੱਬਾਂ ਬੜੀਆਂ ਨੇ, ਖਿਡਾਰੀ ਬਹੁਤ ਨੇ, ਖੇਡ ਮੇਲੇ ਬੜੇ ਹੁੰਦੇ ਨੇ, ਗੀਤ-ਸੰਗੀਤ ਚੱਲੀ ਜਾਂਦੈ, ਕਵੀ ਦਰਬਾਰ ਚੱਲੀ ਜਾਂਦੇ ਨੇ, ਪਰ ਜੇ ਇਕੋ ਬੰਦਾ ਪਿਛਲੇ ਅੱਧੇ ਕੁ ਦਹਾਕੇ ਤੋਂ ਇਕੋ ਕੰਮ ਕਰ ਰਿਹਾ ਤਾਂ ਉਹ ਅਮਰੀਕਾ ਵਿਚ ਸੁਰਿੰਦਰ ਧਨੋਆ ਹੀ ਹੈ। ਲੋਕ ਨਾਚਾਂ ਵਲੋਂ ਅੱਡੀ ਘੁਮਾ ਕੇ 'ਬਾਰ੍ਹੀ ਬਰਸੀ ਖੱਟਣ ਗਿਆ ਸੀ' ਨਾਲ ਪੈੜ੍ਹ ਖਿੱਚੀ, 'ਮਿੱਟੀ ਰੁਦਨ ਕਰੇ' ਨਾਲ ਪੈੜ ਪਾਈ, 'ਸਰਦਲ ਦੇ ਆਰ-ਪਾਰ' ਨਾਲ ਰੰਗ ਮੰਚ ਦਾ ਇਤਿਹਾਸ ਸਿਰਜਿਆ ਤੇ 'ਗੁਰੂ ਮਾਨਿਓ ਗ੍ਰੰਥ' ਨਾਲ ਏਨੀ ਕੁ ਚਰਚਾ ਜ਼ਰੂਰ ਕਰਵਾ ਲਈ ਕਿ ਇਸ ਦੇ ਲੇਖਕ ਤੇ ਉੱਘੇ ਵਕੀਲ ਜਸਪ੍ਰੀਤ ਸਿੰਘ ਨੂੰ ਇਸ ਨਾਟਕ ਦਾ ਫਿਲਮਾਂਕਣ ਕਰਨਾ ਪਿਆ।

ਧਨੋਏ ਦੀ ਵਿਸ਼ਾ ਵਸਤੂ ਹਰ ਵਾਰ ਅਲੱਗ ਹੋਣ ਕਰਕੇ ਉਹਦੇ ਕਾਫਲੇ ਵਿਚ ਨਵੇਂ ਪਾਤਰ ਵੀ ਆਉਂਦੇ ਰਹੇ ਨੇ, ਨਵੇਂ ਗੀਤਕਾਰ, ਸੰਗੀਤਕਾਰ, ਗਾਇਕ ਵੀ, ਨਿਰਦੇਸ਼ਕ ਵੀ, ਸਹਿ-ਨਿਰਦੇਸ਼ਕ ਵੀ, ਨਾਟਕਕਾਰ ਵੀ, ਸਰੋਤੇ ਵੀ, ਆਲੋਚਕ ਵੀ, ਸ਼ਰਧਾਵਾਨ ਪ੍ਰਸ਼ੰਸਕ ਵੀ ਤੇ ਜ਼ਹਿਰ ਉਗਲਣ ਵਾਲੇ ਵਿਰੋਧੀ ਵੀ। ਪਰ ਸਿਤਮ ਇਹ ਹੈ ਕਿ ਬੁਢਾਪੇ ਦਾ ਅਲਾਰਮ ਵੱਜਣ ਵਾਲੈ, ਪਰ ਉਹ ਨਾ ਹਟਦੈ ਨਾ ਹਫਦੈ। ਵੱਖਰੀ ਗੱਲ ਹੈ ਕਿ ਸਵਰਗ ਦੀਆਂ ਗੱਲਾਂ ਕਰਨ ਵਾਲੇ ਜਿਉਣਾ ਧਰਤੀ 'ਤੇ ਹੀ ਚਾਹੁੰਦੇ ਨੇ। ਜਿਹੜੇ ਲੋਕ ਨੁਕਸ ਕੱਢਣ ਲਈ ਕਤਾਰ 'ਚ ਲੱਗੇ ਹੁੰਦੇ ਨੇ, ਧਨੋਆ ਇਨ੍ਹਾਂ ਦੇ ਗਲ 'ਚ ਹਾਰ ਪਹਿਲਾਂ ਪਾਉਂਦੈ, ਇਹ ਉਹਦੀ ਰਾਜਨੀਤੀ ਹੈ ਜਾਂ ਸਿਆਣਪ। ਉਹਦੇ ਮੱਖੀਆਂ ਲੜੀ ਜਾਣ ਜਾਂ ਨਾ, ਕੱਲਰ ਹੋਵੇ ਜਾਂ ਰੇਗਿਸਤਾਨ, ਉਹ ਸ਼ਹਿਦ ਕੱਠਾ ਕਰਨ ਵਿਚ ਸਫਲ ਹੋ ਹੀ ਜਾਂਦੈ।



*ਸੁਰਿੰਦਰ ਧਨੋਆ*

ਇਕ ਅਣਜਾਣ ਤੇ ਨਵਾਂ ਅਮਰੀਕਾ ਆਇਆ ਬੰਦਾ ਕਹਿਣ ਲੱਗਾ, 'ਇਹ ਸੁਰਿੰਦਰ ਧਨੋਆ ਕਿਹੜਾ ਏ?' ਮੈਂ ਕਿਹਾ ਪਹਿਲੀ ਪਛਾਣ ਇਹ ਹੈ ਕਿ ਧਨੋਇਆਂ ਦੀਆਂ ਮੁੱਛਾਂ ਖੜ੍ਹੀਆ ਹੁੰਦੀਆਂ ਨੇ। ਜਿਹੜਾ ਕੋਠੇ ਜਿੱਡਾ ਬੰਦਾ ਬੇ-ਏਰੀਏ 'ਚ ਸਾਰਿਆਂ ਤੋਂ ਵੱਖਰਾ ਦਿਸੇ, ਮੁੱਛਾਂ ਨਿੰਬੂ ਟਿਕਾਉਣ ਵਾਲੀਆਂ ਹੋਣ, ਪੱਗ ਪੋਚਵੀਂ ਹੋਵੇ, ਤੋਰ 'ਚ ਮੜਕ ਹੋਵੇ, ਨਾਲ ਕੱਛ ਤੱਕ ਆਉਂਦੀ ਔਰਤ ਹੋਵੇ, ਜਾਣੀ ਕਿ ਉਹਦੀ ਵਹੁਟੀ ਜਸਵਿੰਦਰ ਜਿਹੜੀ ਆਖੇ 'ਬਾਈ ਆਏਂ ਕਰ ਲੈਂਨੇ ਆਂ, ਬਾਈ ਆਏਂ ਠੀਕ ਰਹੇਗਾ, ਨਹੀਂ ਨਹੀਂ ਆਏਂ ਚੰਗੈ' ਤੇ ਸਮਝ ਲਵੋ ਇਹ ਲੋਕ ਨਾਚਾਂ ਤੇ ਨਾਟਕਾਂ ਵਾਲਾ ਸੁਰਿੰਦਰ ਧਨੋਆ ਹੀ ਹੈ।

ਜਦੋਂ ਸਪੇਰੇ ਬੀਨ 'ਤੇ ਨਾਗ ਨਚਾਉਂਦੇ ਹਨ ਤਾਂ ਨਾਲ ਹੀ ਲੋਕਾਂ ਨੂੰ ਆਖੀ ਜਾਣਗੇ, ਅਹੁ ਜਿਹੜੀ ਪੰਜਵੀਂ ਟੋਕਰੀ ਐ, ਉਹਦੇ 'ਚ ਕੌਡੀਆਂ ਵਾਲੈ, ਇਹ ਨਿਉਲੇ ਦੀਆਂ ਕੱਢੂ ਆਂਦਰਾਂ। ਤੇ ਲੋਕੀਂ ਉਤਸੁਕਤਾ ਨਾਲ ਪੈਰ ਨ੍ਹੀਂ ਹਿਲਾਉਂਦੇ ਤੇ ਸੁਰਿੰਦਰ ਧਨੋਆ ਵੀ ਪੰਜਵੀਂ ਟੋਕਰੀ 'ਚ ਹੱਥ ਪਾਉਣ ਲੱਗੈ ਜਾਂ ਪੰਜਵੇਂ ਪੀਰ ਨਾਲ ਹੱਥ ਮਿਲਾਉਣ ਲੱਗੈ, ਨਾਟਕ 'ਗਦਰ ਐਕਸਪ੍ਰੈਸ' ਨਾਲ। ਨਾਟਕਕਾਰ, ਜਾਣੀ-ਪਛਾਣੀ ਹਸਤੀ ਡਾ. ਆਤਮਜੀਤ ਨੇ ਜਿੰਨੀ ਮਿਹਨਤ ਨਾਲ ਇਸ ਨਾਟਕ ਨੂੰ ਲਿਖਿਆ, ਉਹ ਧਨੋਏ ਤੇ ਉਹਦੀ ਟੀਮ ਲਈ ਉਨ੍ਹਾਂ ਹੀ ਔਖਾ ਕੰਮ ਹੈ, ਜਿਵੇਂ ਪੇਪਰ ਪੱਕੇ ਪੈਂਦੇ ਹੋਣ, ਪਰ ਪਰਚਾ ਸਿਲੇਬਸ ਤੋਂ ਬਾਹਰੋਂ ਆ ਗਿਆ ਹੋਵੇ। ਯਾਨਿ ਕਿ ਵਿਸ਼ਾ-ਵਸਤੂ ਪਹਿਲਾਂ ਨਾਲੋਂ ਅਲੱਗ ਹੈ, ਨਾਟਕ ਦਸ ਵਾਰ ਪੜ੍ਹਨ ਤੋਂ ਬਾਅਦ ਸਮਝ ਵਿਚ ਪੈਂਦਾ ਹੈ, ਨਾਟਕ ਵਿਚ ਵੀ ਨਾਟਕ ਚਲਦਾ ਹੈ ਤੇ ਜੇ ਸਿਲੇਬਸ ਤੋਂ ਬਾਹਰੋਂ ਆਏ ਪਰਚੇ ਵਿਚ ਧਨੋਆ ਪਹਿਲੇ ਦਰਜੇ ਵਿਚ ਪਾਸ ਹੁੰਦਾ ਹੈ ਤਾਂ ਸੱਚ ਇਹ ਹੋਵੇਗਾ ਕਿ ਗਦਰ ਲਹਿਰ ਦੇ ਇਤਿਹਾਸ 'ਤੇ ਇਕ ਵੱਖਰਾ ਇਤਿਹਾਸ ਲਿਖਿਆ ਜਾਵੇਗਾ।

ਇਹ ਨਾਟਕ 22 ਅਗਸਤ ਨੂੰ ਗਦਰ ਮੈਮੋਰੀਅਲ ਫਾਉਂਡੇਸ਼ਨ ਵਲੋਂ ਆਪਣੇ ਸਾਲਾਨਾ ਮੇਲੇ 'ਤੇ ਖਿਡਾਇਆ ਜਾ ਰਿਹਾ ਹੈ। ਭਾਵੇਂ ਫਾਊਂਡੇਸ਼ਨ ਦੀ ਸਾਰੀ ਟੀਮ ਸਣੇ ਚਰਨ ਸਿੰਘ ਜੱਜ ਹੋਰੀਂ, ਦਿਨ-ਰਾਤ ਨੇਰ੍ਹੀਆਂ ਲਿਆਈ ਜਾਂਦੇ ਨੇ, ਪਰ ਆਤਮਜੀਤ ਤੋਂ ਨਾਟਕ ਲਿਖਾਉਣਾ, ਧਨੋਏ ਤੋਂ ਖਿਡਾਉਣਾ, ਤਿੰਨ ਮਹੀਨੇ ਤਿਆਰੀ ਕਰਨੀ ਤੇ ਇਤਿਹਾਸ ਨੂੰ ਨਵੀ ਪੀੜ੍ਹੀ ਦੇ ਸਨਮੁੱਖ ਕਰਨਾ, ਇਹ ਸਾਰੀ ਸੋਚ, ਜੁਗਾੜ, ਪਹੁੰਚ ਹਿੰਮਤੀ ਬੰਦੇ ਕੁਲਦੀਪ ਧਾਲੀਵਾਲ ਦੀ ਹੈ। ਮੈਂ ਉਹਦੇ ਪਿੰਡ ਜਗਦੇਵ ਕਲਾਂ ਵਿਚ ਹਾਸ਼ਮ ਸ਼ਾਹ ਯਾਦਗਾਰੀ ਮੇਲਾ ਦੋ ਵਾਰ ਵੇਖਿਆ ਹੈ, ਪਰ ਕੁਲਦੀਪ ਨੂੰ ਮੈਂ ਇਸ ਤੋਂ ਦੋ ਸੌ ਗੁਣਾਂ ਵਧ ਜਾਣਦੈਂ। ਉਦੋਂ ਵੀ ਉਹ ਹਰ ਮੇਲੇ 'ਤੇ ਵੱਖਰਾ ਵੱਖਰਾ ਕਰਦੈ ਸੀ।

ਦੋ ਦਰਜਨ ਤੋਂ ਵਧ ਕਲਾਕਾਰ ਇਸ ਨਾਟਕ ਵਿਚ ਭੂਮਿਕਾ ਨਿਭਾਉਣਗੇ, ਪਰ ਜੋ ਮੇਰੀ ਨਜ਼ਰ 'ਚ ਵੱਖਰਾ ਹੋਵੇਗਾ, ਉਹ ਹੈ ਕਰਤਾਰ ਸਿੰਘ ਸਰਾਭੇ ਦੀ ਭੂਮਿਕਾ ਨਿਭਾਉਣ ਵਾਲਾ ਨਵਾਂ ਮੁੰਡਾ। ਮਨਮੋਹਨ ਦੇਸਾਈ, ਮਹੇਸ਼ ਭੱਟ ਤੇ ਮਣੀ ਰਤਨਮ ਵਾਂਗ ਧਨੋਆ ਨਵੇਂ ਪਾਤਰਾਂ ਦੀ ਖੋਜ ਵਿਚ ਸਮਰੱਥ ਖੋਜਕਾਰ ਹੈ। ਥੋੜ੍ਹਾ ਜਿਹਾ ਸਹਿਜ ਨਾਲ ਵੇਖੋ। ਜਿਹੜੇ ਉਹਦੇ ਪਿਛਲੇ ਨਾਟਕਾਂ ਨੂੰ ਗਹੁ ਨਾਲ ਵੇਖ ਚੁੱਕੇ ਹਨ, ਜਾਣਦੇ ਹਨ ਕਿ ਗਾਇਕਾ ਇਸ਼ਮੀਤ ਨਰੂਲਾ ਤੇ ਜਸਵਿੰਦਰ ਬੀਸਲਾ ਦੇ ਅੰਦਰ ਛੁਪੀ ਅਦਾ ਨੂੰ ਬਾਹਰ ਕੱਢ ਕੇ ਰੂਪਮਾਨ ਕਰਨਾ ਉਹੀ ਜਾਣਦਾ ਹੈ। ਇਹਦੇ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਸ਼ੋਕ ਟਾਂਗਰੀ ਨਾਲ ਉਹਦਾ ਸਹਿਯੋਗ ਸੋਨੇ 'ਤੇ ਸੁਹਾਗੇ ਵਾਲਾ ਰਿਹਾ ਹੈ, ਬਲਜੀਵਨ ਤੇ ਜਤਿੰਦਰ ਦੇ ਨਾਂ ਬਣੇ ਹਨ। ਪਰ ਏਦਾਂ ਹੁੰਦਾ ਹੀ ਆਇਆ ਹੈ, ਕੰਮ ਕਰਨ ਵਾਲੇ ਬੰਦਿਆਂ ਨਾਲ ਲੋਕ ਟੁੱਟਦੇ ਵੀ ਆਏ ਨੇ ਤੇ ਜੁੜਦੇ ਵੀ। ਪਰ ਧਨੋਆ ਨੱਕ ਦੀ ਸੇਧ ਵਿਚ ਤੁਰ ਕੇ ਆਪਣੀਆਂ ਲੰਬੀਆਂ ਬਾਹਾਂ ਨਾਲ ਨਵਿਆਂ ਨੂੰ ਪਿਆਰ ਨਾਲ ਘੁੱਟ ਕੇ ਮੱਥੇ ਸਫਲਤਾ ਦਾ ਟਿੱਕਾ ਲਾਉਂਦਾ ਆਇਆ ਹੈ। ਇਸ ਨਾਟਕ ਵਿਚ ਸਣੇ ਉਹਦੀ ਧਰਮ ਪਤਨੀ, ਤਿੰਨ ਜਸਵਿੰਦਰਾਂ ਦੀ ਤ੍ਰਿਵੈਣੀ ਹੈ। ਅਮ੍ਰਿਤ ਸਰਾਂ, ਦਿਲਾਵਰ ਚਾਹਲ, ਜਸਪਾਲ ਸੈਣੀ, ਮਾਸਟਰ ਰੈਂਕੋ ਵਰਗੇ ਕਲਾਕਾਰ ਵੀ ਜੁੜੇ ਹਨ। ਭਾਅਜੀ ਗੁਰਸ਼ਰਨ ਸਿੰਘ ਦੀ ਟੀਮ ਵਿਚ ਲੰਬਾ ਸਮਾਂ ਕੰਮ ਕਰਨ ਵਾਲੇ ਪਰਮਜੀਤ ਸਿੰਘ ਤੇ ਰੇਨੂ ਸਿੰਘ ਇਸ ਨਾਟਕ ਦੇ ਸੰਗੀਤ-ਨਿਰਦੇਸ਼ਕ ਤੇ ਪਿਠਵਰਤੀ ਗਾਇਕ ਹਨ। ਸੁਰਿੰਦਰ ਧਨੋਆ ਨਿਰਦੇਸ਼ਕ ਹੈ, ਅਹਿਮ ਕਿਰਦਾਰ 'ਚ ਵੀ ਹੈ। ਹੋਰ ਪਾਤਰਾਂ 'ਚ ਜਸਵਿੰਦਰ ਧਨੋਆ, ਜਸਵਿੰਦਰ ਬਾਵਾ, ਜਸਵਿੰਦਰ ਛੋਟੀ, ਹਰਮੇਸ਼ ਸਿੱਧੂ, ਬਲਵਿੰਦਰ ਮਹੇ, ਸੋਨੂੰ ਰੰਧਾਵਾ, ਕਮਲ ਰੰਧਾਵਾ, ਰਸ਼ਪਾਲ ਖੰਗੂੜਾ, ਦਰਸ਼ਨ ਔਜਲਾ, ਮਨਜੀਤ ਸਿੰਘ ਤੇ ਪਾਲੀ ਧਨੌਲਾ ਸ਼ਾਮਲ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵੀ.ਸੀ. ਡਾ. ਜਸਪਾਲ ਸਿੰਘ ਮੁੱਖ ਪ੍ਰਾਹੁਣੇ ਹੋਣਗੇ ਤੇ ਗਦਰ ਲਹਿਰ 'ਤੇ ਡਾ. ਹਰੀਸ਼ਪੁਰੀ ਤੇ ਡਾ. ਸੁਰਿੰਦਰ ਮੰਡ ਦੇ ਪਰਚਿਆਂ ਦਾ ਜ਼ਿਕਰ ਛਿੜੇਗਾ।

ਕੁਲਦੀਪ ਤੇ ਉਹਦੀ ਟੀਮ ਦੀ ਭੱਜ-ਨੱਸ ਦਰਸ਼ਕਾਂ ਦਾ 'ਕੱਠ ਚੰਗਾ ਕਰ ਲਵੇਗੀ, ਪਰ ਮੈਂ ਆਪ ਦਸ ਵਾਰ ਨਾਟਕ ਪੜ੍ਹਨ ਤੋਂ ਬਾਅਦ ਇਸ ਦੀ ਭਾਵਨਾ ਤੇ ਕੁਝ ਖਾਨੇ ਪਾਉਣ ਦੇ ਸਮਰੱਥ ਹੋਇਆ ਹਾਂ। ਇਸ ਲਈ ਦਰਸ਼ਕਾਂ ਨੂੰ ਇਹ ਸੁਝਾਅ ਅਗਾਊਂ ਦਿਆਂਗਾ ਕਿ ਨਾਟਕ ਦੇਖਣ ਵੇਲੇ ਇਕਾਗਰਤਾ ਦਾ ਝੱਗਾ ਜ਼ਰੂਰ ਪਾ ਕੇ ਜਾਇਓ। ਵਰਨਾ 'ਗਦਰ ਐਕਸਪ੍ਰੈਸ' ਤੇ ਇਸ ਲਹਿਰ ਦੀ ਇਤਿਹਾਸ ਸਿਰਜਣ ਵਾਲੀ ਸੂਖਮਤਾ ਸਮਝਣ ਵਿਚ ਦੇਰੀ ਲੱਗੇਗੀ।

ਸ਼ਬਦ 'ਜੇ' ਤਾਂ ਨਹੀਂ ਵਰਤਣਾ ਚਾਹੀਦਾ, ਪਰ ਸੱਚੀਂ ਜੇ ਇਹ ਨਾਟਕ, ਨਾਟਕਕਾਰ, ਗਦਰ ਮੈਮੋਰੀਅਲ ਫਾਊਂਡੇਸ਼ਨ, ਕੁਲਦੀਪ ਧਾਲੀਵਾਲ ਦੀ ਸੋਚ ਤੇ ਪੇਸ਼ਕਾਰੀ ਵਿਚ ਪੰਜਾਬੀਆਂ ਵਾਂਗ 'ਕਮਾਲ' ਕਰ ਦਿੰਦੈ ਤਾਂ ਧਨੋਏ ਨਾਲ 'ਬਾਬਾ ਬੋਹੜ' ਦਾ ਜੁੜਿਆ ਅਲੰਕਾਰ ਹੋਰ ਵੀ ਗੂੜ੍ਹਾ ਹੋ ਜਾਵੇਗਾ। ਸ਼ੱਕ ਤਾਂ ਨਹੀਂ, ਕਿਉਂਕਿ ਇਕ ਕਰੇਲਾ ਦੂਜਾ ਨਿੰਮ 'ਤੇ ਚੜ੍ਹਿਆ ਵਾਲੀ ਸਥਿਤੀ ਹੈ। ਉਹਦੇ ਨਾਲ ਭਾਰ ਚੁੱਕਣ ਵਿਚ ਉਹਦੀ ਅਦਾਕਾਰ ਵਹੁਟੀ ਜਸਵਿੰਦਰ ਜੇ ਸਿਰ ਨਹੀਂ ਦੇ ਸਕਦੀ ਤਾਂ ਹੱਥ ਜ਼ਰੂਰ ਦੇ ਜਾਂਦੀ ਹੈ। ਗੱਲਾਂ ਕਰਨ ਵਾਲੇ ਕਰੀ ਜਾਣ, ਪਰ ਅਸੀਂ ਮੇਲੇ ਲਾ ਕੇ ਵੇਖੇ ਨੇ। ਧਾਲੀਵਾਲ ਨੇ ਵੀ, ਪਰ ਨਾਟਕਾਂ ਦਾ ਕੰਮ ਬੜਾ ਔਖੈ, ਇਹ ਧਨੋਆ ਹੀ ਹੈ ਕਿ ਮਾਤਾ ਰਾਣੀ ਦੀਆਂ ਛੇ ਭੁਜਾਵਾਂ ਵਾਂਗ ਰੋਲ ਵੀ ਕਰੀ ਜਾਂਦੈ, ਪ੍ਰਬੰਧ ਵੀ, ਰਿਹਰਸਲ ਵੀ, ਪੈਸਾ ਟਕਾ ਵੀ, ਫਰਿਜਨੋ ਖੇਤੀ ਵੀ ਤੇ ਘਰ-ਘਾਟ ਵੀ ਦੇਖੀ ਜਾਂਦੈ। ਕਿਉਂਕਿ ਉਹ ਜਾਣਦੈ ਕਿ ਢੋਲ ਦੇ ਤਾਲ 'ਧਿਨ-ਧੰਨਾ-ਧੰਨ ਧਿਨ' ਤੇ 'ਸੰਮੀ ਮੇਰੀ ਵਾਰ' 'ਤੇ ਪੱਬ ਚੱਕਣ ਦੇ ਅਲੱਗ-ਅਲੱਗ ਅੰਦਾਜ਼ ਹੁੰਦੇ ਨੇ।

ਔਰਤ ਜਦੋਂ ਪੱਲਾ ਮੂੰਹ 'ਤੇ ਘੱਟ ਪੇਟ 'ਤੇ ਵਧ ਰੱਖੇ ਤਾਂ ਉਹ ਸ਼ਰਮਾ ਕੇ ਇਹ ਸਮਝਾ ਰਹੀ ਹੁੰਦੀ ਹੈ ਕਿ 'ਮੈਂ ਮਾਂ ਬਣਨ ਵਾਲੀ ਹਾਂ।' ਪਰ ਨੌਂ ਮਹੀਨਿਆਂ ਪਿੱਛੋਂ ਮਰਦ ਬਾਹਰ ਬੈਠਾ ਖੁਸ਼ੀ ਦੀਆਂ ਬਿੜਕਾਂ ਲੈ ਰਿਹਾ ਹੁੰਦੈ ਤੇ ਉਸ ਵਿਚਾਰੀ ਦੀਆਂ ਚੀਕਾਂ ਤੇ ਦਰਦ ਦੀ ਰਿਕਾਰਡਿੰਗ ਨਰਸਾਂ-ਦਾਈਆਂ ਅੰਦਰ ਕਰ ਰਹੀਆਂ ਹੁੰਦੀਆਂ ਨੇ। ਪ੍ਰਸੂਤ ਪੀੜਾਂ ਦਾ ਅਰਥ ਔਰਤ ਨੂੰ ਪਤਾ ਹੁੰਦੈ ਤੇ ਬਾਹਰ ਦੁਨੀਆਂ ਵਾਲੇ ਝੱਟ ਦੇਣੀ ਕਹਿ ਦੇਂਦੇ ਨੇ, "ਲੈ ਫਿਰ ਕੁੜੀ ਜੰਮ ਪਈ।" ਪਰ ਧਨੋਏ ਨੇ ਪਿਛਲੇ ਨਾਟਕਾਂ ਨਾਲ ਲੋਹੜੀ ਈ ਵੰਡੀ ਐ ਤੇ ਹੁਣ ਵੀ ਭਾਵੇਂ ਨਾਟਕਾਂ ਦੀ ਆਲੋਚਨਾ ਕਰਨ ਵਾਲੇ ਜੇਬ ਨੂੰ ਦੋ ਦੋ ਪੈਨ ਲਾ ਕੇ ਜਾਣਗੇ ਤਾਂ ਕਿ ਕੁਝ ਭੁੱਲ ਨਾ ਜਾਵੇ ਜਾਂ ਸਿਆਹੀ ਨਾ ਮੁੱਕ ਜਾਵੇ। ਕਿਉਂਕਿ ਉਨ੍ਹਾਂ ਨੇ ਬੱਚਾ ਜੰਮਦਾ ਹੀ ਵੇਖਿਆ ਹੁੰਦਾ ਹੈ, ਔਰਤ ਦੀ ਨੌਂ ਮਹੀਨੇ ਦੀ ਖੁਰਾਕ, ਪੋਲੀਓ ਤੇ ਟੈਟਨਸ ਦੇ ਟੀਕੇ ਲਗਦੇ ਨਹੀਂ ਦੇਖੇ ਹੁੰਦੇ। ਤਿੰਨ ਮਹੀਨੇ ਦੀ ਪਿਛਲੀ ਮਿਹਨਤ ਨੂੰ ਰਿਆਇਤੀ ਨੰਬਰਾਂ ਵਿਚ ਗਿਣਿਆ ਜਾਣਾ ਚਾਹੀਦੈ।

ਖ਼ੈਰ! ਡੋਲੀ ਤੁਰਨ ਵਾਲੀ ਐ, ਸਿਰਫ ਵਾਜਾ ਹੀ ਵੱਜਣ ਤੋਂ ਰਹਿੰਦੈ। ਮਾਪਿਆਂ ਨੂੰ ਚਾਹੀਦੈ ਇਕ ਦਿਨ ਕਿਤੇ ਹੋਰ ਨਾ ਵੀ ਜਾ ਹੋਵੇ, ਕੋਈ ਗੱਲ ਨਹੀਂ। ਨਵੀਂ ਪੀੜ੍ਹੀ ਨੂੰ ਮੁਫ਼ਤ ਵਿਚ ਇਤਿਹਾਸ ਪੜ੍ਹਾਉਣ ਲਈ 'ਗਦਰ ਐਕਸਪ੍ਰੈਸ' ਵੇਖਣ ਜ਼ਰੂਰ ਲੈ ਕੇ ਜਾਣਾ ਚਾਹੀਦੈ। ਨਹੀਂ ਤਾਂ ਫਿਰ ਮੌਤ ਤੋਂ ਬਾਅਦ ਸਾਰੇ ਜੰਮਣ ਤੋਂ ਪਹਿਲਾਂ ਵਰਗੇ ਹੀ ਹੁੰਦੇ ਹਨ। ਕੁਲਦੀਪ ਤੇ ਧਨੋਏ ਦੀ ਟੀਮ ਇਤਿਹਾਸ ਸਿਰਜਣ ਵਾਲੇ ਟਰੱਕ 'ਤੇ ਹੈ ਤੇ ਲਗਦੈ ਦੋਵੇਂ ਲੰਬੇ ਬੰਦੇ ਹੋਰ ਉੱਚੇ ਹੋ ਜਾਣਗੇ।

ਇਕ ਸੁਝਾਅ ਹੈ ਕਿ ਅਗਲਾ ਨਾਟਕ 'ਪੱਤਣਾਂ 'ਤੇ ਰੋਣ ਖੜ੍ਹੀਆਂ' ਲਈ ਸੁਰਿੰਦਰ ਧਨੋਏ ਨੂੰ ਜਲਦੀ ਤਾਂ ਕਰਨੀ ਚਾਹੀਦੀ ਹੈ, ਪਰ ਕਾਹਲ ਨਹੀਂ।

## ਚੇਤੇ ਕਰਦਿਆਂ

# ਕਬੱਡੀ ਦਾ ਜੇਤੂ ਧਾਵੀ ਸੀ ਹਰਜੀਤ ਬਾਜਾਖਾਨੇ ਵਾਲਾ

**ਰਾਜਵਿੰਦਰ ਸਿੰਘ ਰੰਡਿਆਲਾ**

ਭਾਵੇਂ ਲੋਕ ਟਰਿੱਪਲ ਐਚ, ਗਰੇਟ ਖਲੀ ਜਾਂ ਰੌਕ ਦਾ ਨਾਂ ਬੜੇ ਮਾਣ ਨਾਲ ਲੈਂਦੇ ਹਨ ਪਰ ਮਾਂ ਖੇਡ ਕਬੱਡੀ ਦਾ ਜੇਤੂ ਧਾਵੀ ਸੀ ਹਰਜੀਤ ਬਰਾੜ ਬਾਜਾਖਾਨਾ। ਹਰਜੀਤ ਵਲੋਂ ਪਾਈਆਂ ਰੇਡਾਂ ਨੇ ਕਬੱਡੀ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ। ਕਬੱਡੀ ਦੇ ਇਸ ਜੇਤੂ ਧਾਵੀ ਦਾ ਜਨਮ 5 ਦਸੰਬਰ 1970 ਨੂੰ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਪਿਤਾ ਬਖਸ਼ੀਸ਼ ਸਿੰਘ ਦੇ ਘਰ ਹੋਇਆ ਸੀ। ਜਨਮ ਸਮੇਂ ਹਰਜੀਤ ਦਾ ਭਾਰ ਅੱਠ ਕਿਲੋ ਦੇ ਕਰੀਬ ਸੀ। ਅੱਠ ਸਾਲ ਦੀ ਉਮਰ ਵਿਚ ਉਸਨੇ ਕਬੱਡੀ ਖੇਡਣ ਲਈ ਕਬੱਡੀ ਦੇ ਪਾੜੇ ਨੂੰ ਜਾ ਮੱਥਾ ਟੇਕਿਆ। ਮੁਢਲੀ ਪੜ੍ਹਾਈ ਉਸ ਨੇ ਸ਼ਹੀਦ ਕਰਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਕੀਤੀ। ਅੱਠਵੀਂ ਤੱਕ ਉਹ ਇਸੇ ਸਕੂਲ ਵਿਚ ਪੜ੍ਹਿਆ। 1980-81 ਦੀਆਂ ਮਿੰਨੀ ਖੇਡਾਂ ਵਾਸਤੇ ਉਸ ਦੀ ਚੋਣ ਕੀਤੀ ਗਈ। ਇਨ੍ਹਾਂ ਮੈਚਾਂ ਵਿਚ ਬਾਜਾਖਾਨਾ ਦੀ ਟੀਮ ਜੇਤੂ ਰਹੀ ਜਿਸ ਵਿਚ ਵੱਡਾ ਯੋਗਦਾਨ ਚਰਨਜੀਤ ਦਾ ਸੀ। ਇਸ ਤੋਂ ਬਾਦ ਫਿਰ ਪੰਜਾਬ ਮਿੰਨੀ ਖੇਡਾਂ ਵਿਚ ਭਾਗ ਲੈਣ ਲਈ ਹਰਜੀਤ ਨੇ ਤਲਵਾੜੇ ਸ਼ਿਰਕਤ ਕੀਤੀ। ਉਸ ਦੁਆਰਾ ਉਥੇ ਖੇਡੀ ਖੇਡ ਨੇ ਖੇਡ ਕਮੇਟੀ ਦਾ ਮਨ ਮੋਹ ਲਿਆ ਤੇ ਉਹ ਪੰਜਾਬ ਦੀ ਟੀਮ ਦਾ ਮੈਂਬਰ ਬਣ ਕੇ ਗੁਹਾਟੀ (ਆਸਾਮ) ਵਿਖੇ ਕੌਮੀ ਕਬੱਡੀ ਟੂਰਨਾਮੈਂਟ ਵਿਚ ਸਿਰਫ ਖੇਡਿਆ ਹੀ ਨਹੀਂ ਬਲਕਿ ਪੰਜਾਬ ਲਈ ਤਰਾਮਾ ਲੈ ਕੇ ਪੰਜਾਬ ਪਰਤਿਆ। ਛੋਟੀ ਉਮਰ ਵਿਚ ਵੱਡੀ ਜਿੱਤ ਪ੍ਰਾਪਤ ਕਰਨ ਵਾਲੇ ਇਸ ਖਿਡਾਰੀ ਨੂੰ ਪਿੰਡ ਦੀ ਜੂਹ ਤੋਂ ਬੈਂਡ ਵਾਜਿਆਂ ਨਾਲ ਗੁਰਦੁਆਰਾ ਸਾਹਿਬ ਲਿਆਂਦਾ ਗਿਆ। ਇਸ ਜਿੱਤ ਨੂੰ ਵੇਖ ਕੇ ਕਬੱਡੀ ਨਾਲ ਹਰਜੀਤ ਦਾ ਪਿਆਰ ਹੋਰ ਡੂੰਘਾ ਹੁੰਦਾ ਗਿਆ। ਅੱਠਵੀਂ ਤੇ ਨੌਵੀਂ ਜਮਾਤ ਪੂਰੀ ਕਰਨ ਤੋਂ ਬਾਅਦ ਦਸਵੀਂ ਸਪੋਰਟਸ ਸਕੂਲ ਜਲੰਧਰ ਤੋਂ ਪਾਸ ਕੀਤੀ ਤੇ ਇਕ ਸਾਲ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਲਾਇਆ। ਰੋਜ਼ ਦੀ ਪ੍ਰੈਕਟਿਸ ਤੇ ਕਬੱਡੀ ਨਾਲ ਪਿਆਰ ਕਰਕੇ ਉਹ ਕਬੱਡੀ ਦੇ ਮੈਦਾਨਾਂ ਦਾ ਧਰੂ ਤਾਰਾ ਬਣਨ ਲੱਗਿਆ। ਕਬੱਡੀ ਖੇਡ ਵਿਚ ਵਧਦਾ ਰੁਝਾਨ ਤੇ ਸਰੀਰਕ ਦਿੱਖ ਕਰਕੇ ਹਰਜੀਤ ਨੂੰ ਪੰਜਾਬ ਪੁਲਿਸ ਨੇ ਭਰਤੀ ਕਰ ਲਿਆ। ਛੇ ਫੁੱਟ ਤੋਂ ਉਪਰ ਇਸ ਜੇਤੂ ਧਾਵੀ ਦੀ ਖੁਰਾਕ 18 ਕੁ ਵਰਿਆਂ ਦੀ ਉਮਰ ਦੇ ਤਿੰਨ ਬੰਦਿਆਂ ਦੇ ਬਰਾਬਰ ਸੀ। ਕਬੱਡੀ ਨੂੰ ਵਿਦੇਸ਼ਾਂ ਵਿਚ ਪ੍ਰਚਲਤ ਕਰਨ ਦੀ ਆਸ ਲੈ ਕੇ ਹਰਜੀਤ ਨੇ ਪੰਜਾਬ ਪੁਲਿਸ ਦੀ ਸਬ ਇੰਸਪੈਕਟਰੀ ਤੋਂ ਅਸਤੀਫਾ ਦੇ ਦਿੱਤਾ ਤੇ ਕਬੱਡੀ ਨੂੰ ਹੀ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਬਣਾ ਲਿਆ। 23 ਅਪ੍ਰੈਲ 1988 ਨੂੰ ਬਾਜਾਖਾਨਾ ਸਰਕਾਰੀ ਸਕੂਲ ਦੇ ਖੇਡ ਮੈਦਾਨ ਵਿਚ ਪੰਜਾਬ ਤੇ ਇੰਗਲੈਂਡ ਦੀਆਂ ਟੀਮਾਂ ਦੇ ਫਸਵੇਂ ਮੁਕਾਬਲੇ ਹੋਏ। ਹਰਜੀਤ ਵਲੋਂ ਲਿਆਂਦੇ ਲਗਾਤਾਰ ਪੁਆਇੰਟਾਂ ਨੇ ਇਹ ਗੱਲ ਜੱਗ ਜ਼ਾਹਰ ਕੀਤੀ ਕਿ ਇਕ ਦਿਨ ਇਹ ਧਾਵੀ ਕਬੱਡੀ ਦੇ ਪਿੜ 'ਚੋਂ ਜੇਤੂ ਜਰਨੈਲ ਹੋ ਕੇ ਨਿਕਲੇਗਾ। 1995 ਵਿਚ ਪਾਕਿਸਤਾਨ ਵਿਰੁਧ ਖੇਡਣ ਵਾਲੇ ਆਪਸੀ ਕਬੱਡੀ ਮੁਕਾਬਲੇ ਵਿਚ ਹਰਜੀਤ ਨੇ ਜਿੱਤ ਪ੍ਰਾਪਤ ਕੀਤੀ ਤੇ ਜੇਤੂ ਟਰਾਫੀ ਨੂੰ ਚੁੰਮ ਕੇ ਆਪਣੀ ਹਿੱਕ ਨਾਲ ਲਾਇਆ। ਹਰਜੀਤ ਨੇ ਸੰਸਾਰ ਪ੍ਰਸਿੱਧ ਪਹਿਲਵਾਨ ਦਾਰਾ ਸਿੰਘ ਤੋਂ ਵੀ ਥਾਪੜਾ ਪ੍ਰਾਪਤ ਕੀਤਾ। 1995 ਵਿਚ ਕੌਪਸ ਕੌਲਸ਼ਿਅਮ ਇਨਡੋਰ ਸਟੇਡੀਅਮ ਵਿਚ ਇਹ ਸੁਣ ਕੇ ਦਰਸ਼ਕਾਂ ਦੇ ਮੂੰਹ ਵਿਚ ਉਂਗਲੀਆਂ ਆ ਗਈਆਂ ਜਦੋਂ ਪਾਕਿਸਤਾਨ ਦੇ ਕਿਸੇ ਸੱਜਣ ਨੇ ਇਹ ਐਲਾਨ ਕਰਵਾਇਆ ਕਿ ਪਾਕਿਸਤਾਨ ਦੀ ਟੀਮ ਦਾ ਜੋ ਵੀ ਕੋਈ ਖਿਡਾਰੀ ਹਰਜੀਤ ਨੂੰ ਜੱਫਾ ਲਾਵੇਗਾ, ਉਹ ਉਸ ਖਿਡਾਰੀ ਨੂੰ ਪਾਕਿਸਤਾਨ ਦੀ ਕਰੰਸੀ ਦੇ ਹਿਸਾਬ ਨਾਲ ਇਕ ਲੱਖ ਰੁਪਏ ਦੇਣਗੇ ਪਰ ਪਾਕਿਸਤਾਨ ਦੇ



*ਹਰਜੀਤ ਬਰਾੜ ਬਾਜਾਖਾਨਾ*

ਖਿਡਾਰੀ ਹਰਜੀਤ ਨੂੰ ਰੋਕਣ ਵਿਚ ਅਸਫਲ ਰਹੇ। ਦੁਨੀਆਂ ਦੀ ਸ਼ਾਇਦ ਹੀ ਕੋਈ ਮਸ਼ੀਨ ਹੋਵੇ ਜਿਹੜੀ 30 ਸੈਕਿੰਡ ਵਿਚ ਲੱਖ ਰੁਪਈਆ ਛਾਪਦੀ ਹੋਵੇ ਪਰ ਹਰਜੀਤ ਨੇ 30 ਸੈਕਿੰਡ ਵਿਚ ਲੱਖ ਰੁਪਈਆ ਛਾਪ ਕੇ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ। ਇਹ ਜਿੱਤ ਹਾਸਿਲ ਕਰਨ ਤੋਂ ਬਾਅਦ ਜਦੋਂ ਵਾਪਿਸ ਪੰਜਾਬ ਪਰਤਿਆ ਤਾਂ ਉਸ ਦਾ ਵਿਆਹ 1996 ਵਿਚ ਬੀਬੀ ਨਰਿੰਦਰਜੀਤ, ਪਿੰਡ ਖੋਜੇਵਾਲਾ (ਜਲੰਧਰ) ਜੋ ਕੈਨੇਡਾ ਦੀ ਨਾਗਰਿਕ ਸੀ, ਨਾਲ ਹੋਇਆ। ਵਿਆਹ ਤੋਂ ਬਾਅਦ ਪਰਮਾਤਮਾ ਨੇ ਹਰਜੀਤ ਦੇ ਘਰ ਬੇਟੀ ਦੀ ਦਾਤ ਬਖਸ਼ੀ। ਜਿਵੇਂ ਪੰਜਾਬੀ ਦੋਗਾਣਿਆ ਵਿਚ ਮਿਸ ਪੂਜਾ ਦਾ ਨਾਂ ਮੂਹਰਲੀ ਕਤਾਰ ਵਿਚ ਆਉਂਦਾ ਹੈ, ਉਵੇਂ ਹਰਜੀਤ ਦਾ ਨਾਂ ਵੀ 1997-98 ਦੇ ਖੇਡ ਸੀਜਨ ਵਿਚ ਮੂਹਰਲੀ ਕਤਾਰ ਵਿਚ ਸੀ। 1998 ਵਿਚ ਉਹ ਪਾਕਿਸਤਾਨ ਵਿਚ ਨਵਾਜ ਸ਼ਰੀਫ ਗੋਲਡ ਕੱਪ ਖੇਡਣ ਗਿਆ, ਪਰ ਗੁੱਟ ਦੀ ਹੱਡੀ ਟੁੱਟਣ ਕਰਕੇ ਉਹ ਖੇਡ ਨਾ ਸਕਿਆ।

5 ਅਪ੍ਰੈਲ 1998 ਨੂੰ ਪਾਕਿਸਤਾਨ ਦੀ ਟੀਮ ਫਰੀਦਕੋਟ ਬਾਬਾ ਫਰੀਦ ਗੋਲਡ ਕੱਪ ਤੇ ਪਹੁੰਚੀ। ਹਰਜੀਤ ਨੇ ਤਿੰਨ ਚਾਰ ਰੇਡਾਂ ਹੀ ਪਾਈਆਂ ਸਨ ਕਿ ਉਸ ਦਾ ਗੁੱਟ ਫਿਰ ਹਿੱਲ ਗਿਆ। ਡਾਕਟਰਾਂ ਨੇ ਹਰਜੀਤ ਨੂੰ ਪਲਸਤਰ ਦੀ ਰਾਇ ਦਿੱਤੀ। ਗੁੱਟ ਦੀ ਹੱਡੀ ਕਾਰਨ ਹਰਜੀਤ ਕਈ ਮੈਚ ਖੇਡਣ ਤੋਂ ਵਾਂਝਾ ਰਿਹਾ ਪਰ ਫਿਰ ਵੀ 1997-98 ਦੌਰਾਨ ਉਸ ਦੁਆਰਾ ਖੇਡੇ ਮੈਚਾਂ ਦੀ ਗਿਣਤੀ 90 ਤੋਂ ਉਪਰ ਸੀ। ਬਾਬਾ ਫਰੀਦ ਗੋਲਡ ਕੱਪ ਤੋਂ ਠੀਕ ਦਸ ਦਿਨ ਬਾਅਦ ਅਜਿਹਾ ਭਾਣਾ ਵਰਤਿਆ ਜੋ ਪੰਜਾਬੀਆਂ ਨੂੰ ਯਾਦ ਚੇਤੇ ਵੀ ਨਹੀਂ ਸੀ। ਮੈਂ ਉਸ ਵੇਲੇ ਮੋਗੇ ਸਮਰ ਫੀਲਡ ਸਕੂਲ ਵਿਚ ਦਸਵੀਂ ਜਮਾਤ ਵਿਚ ਪੜ੍ਹਦਾ ਸਾਂ। ਜਦੋਂ ਸਾਈਕਲ ਲੈ ਕੇ ਸਕੂਲ ਨੂੰ ਰਵਾਨਾ ਹੋਣ ਲੱਗਾ ਤਾਂ ਸਾਈਕਲ ਵਾਲੇ ਮੁੰਡੇ ਨੇ ਅਜੀਤ ਪੇਪਰ ਦਰਵਾਜ਼ੇ ਵਿਚ ਸੁੱਟਿਆ। ਜਦੋਂ ਪੇਪਰ ਚੱਕ ਕੇ ਦੇਖਿਆ ਤਾਂ ਪਹਿਲੇ ਪੰਨੇ 'ਤੇ ਇਹ ਖ਼ਬਰ ਪੜ੍ਹ ਕੇ ਮੇਰਾ ਹਿਰਦਾ ਵਲੂੰਧਰਿਆ ਗਿਆ। ਹਰਜੀਤ ਦੀ ਫੋਟੋ ਪਹਿਲੇ ਸਫੇ 'ਤੇ ਲੱਗੀ ਸੀ ਤੇ ਬਾਕੀ ਖਿਡਾਰੀਆਂ ਦੀਆਂ ਫੋਟੋਆਂ ਛੋਟੀਆਂ ਸਨ। ਜਦ ਸਕੂਲ ਪਹੁੰਚਿਆਂ ਤਾਂ ਉਥੇ ਵੀ ਚਰਚਾ ਸੀ ਕਿ ਹਰਜੀਤ ਦਾ ਐਕਸੀਡੈਂਟ ਹੋ ਗਿਆ ਹੈ। 'ਬਾਈ ਖਿਡਾਰੀ ਨੀ ਹੋਣਾ ਇਹਦੇ ਵਰਗਾ, ਮੁੰਡੇ 'ਚ ਅੰਨ੍ਹੀ ਜਾਨ ਸੀ ਤੇ ਨਿਮਰਤਾ ਵੀ ਲੋੜੋਂ ਵਧ ਕੇ।' ਇਹ ਗੱਲਾਂ ਆਮ ਸੁਣਨ ਨੂੰ ਮਿਲ ਰਹੀਆਂ ਸਨ। ਇਸ ਕਹਿਰ ਨੂੰ ਸੁਣ ਕੇ ਕਬੱਡੀ ਨਾਲ ਇਸ਼ਕ ਕਰਨ ਵਾਲੇ ਹਰ ਪੰਜਾਬੀ ਦੀ ਅੱਖ ਨਮ ਹੋਈ। 26 ਅਪ੍ਰੈਲ ਨੂੰ ਹਰਜੀਤ ਨਮਿਤ ਸ਼ਰਧਾਂਜਲੀ ਸਮਾਰੋਹ ਹੋਇਆ। ਅਸੀਂ ਦਸਵੀਂ ਦੇ 13 ਮੁੰਡੇ ਸ਼ਰਧਾਂਜਲੀ ਸਮਾਰੋਹ 'ਤੇ ਪਹੁੰਚੇ। ਉਸ ਸਮੇਂ ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਸੀ। ਸ. ਬਾਦਲ ਨੇ ਹਰਜੀਤ ਦੀ ਯਾਦ ਵਿਚ ਵੱਡਾ ਖੇਡ ਸਟੇਡੀਅਮ ਬਣਾਉਣ ਦਾ ਐਲਾਨ ਕੀਤਾ। ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਇਸ ਸ਼ਰਧਾਂਜਲੀ ਸਮਾਰੋਹ ਵਿਚ ਪਹੁੰਚੇ। ਹਜ਼ਾਰਾਂ ਲੋਕਾਂ ਦਾ ਇਕੱਠ ਉਸਦੀ ਲੋਕਪ੍ਰਿਯਤਾ ਦੀ ਗਵਾਹੀ ਭਰਦਾ ਸੀ।

ਭਾਵੇਂ ਹਰਜੀਤ ਤੋਂ ਬਾਦ ਅਨੇਕਾਂ ਨਾਮਵਰ ਖਿਡਾਰੀ ਹੋਏ ਹਨ ਪਰ ਜਿਹੜਾ ਰੁਤਬਾ ਤੇ ਪਿਆਰ ਪੰਜਾਬੀਆਂ ਨੇ ਹਰਜੀਤ ਨੂੰ ਦਿੱਤਾ ਸ਼ਾਇਦ ਹੀ ਹੋਰ ਕਿਸੇ ਨੂੰ ਦੇ ਸਕਣ। ਹਰਜੀਤ ਦੀ ਯਾਦ ਵਿਚ ਉਸਦੇ ਮਿੱਤਰ ਆਏ ਵਰ੍ਹੇ ਤਿੰਨ ਵੱਡੇ ਅੰਤਰਰਾਸ਼ਟਰੀ ਕਬੱਡੀ ਕੱਪ ਕਰਵਾਉਂਦੇ ਹਨ। ਭਾਵੇਂ ਉਸ ਨੂੰ ਸਾਡੇ ਤੋਂ ਵਿਛੜੇ 10 ਸਾਲ ਤੋਂ ਵੱਧ ਸਮਾਂ ਹੋ ਗਿਆ ਪਰ ਅੱਜ ਵੀ ਜਦੋਂ ਸਤੰਬਰ-ਅਕਤੂਬਰ 'ਚ ਕਬੱਡੀ ਦੇ ਮੈਚਾਂ ਦਾ ਬਿਗਲ ਵੱਜਦਾ ਹੈ ਉਹ ਮੱਲੋ-ਮੱਲੀ ਚੇਤੇ ਆ ਜਾਂਦਾ ਹੈ।

# .ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਅਮਰੀਕਾ, ਸੈਕਰਾਮੈਂਟੋ

ਦੀ ਪੇਸ਼ਕਸ਼



ਪਹਿਲੀ .ਗਦਰ ਮੈਮੋਰੀਅਲ ਪੰਜਾਬੀ ਕਾਨਫਰੰਸ ਅਤੇ ਪੰਜਾਬੀ ਨਾਟਕ

# .ਗਦਰ ਐਕਸਪ੍ਰੈਸ

ਹੁੰਦਾ ਹੋਰ ਇਤਿਹਾਸ ਦਾ ਰੰਗ,
ਜੇ ਬਣ ਜਾਂਦਾ ਰੇਲ .ਗਦਰ।
ਆਉ ਰਲ ਕੇ ਤੈਅ ਕਰੀਏ,
ਪਾਸ ਹੋਇਆ ਕਿ ਫੇਲ੍ਹ .ਗਦਰ।



ਤਰੀਕ : 22 ਅਗਸਤ 2009
ਸਮਾਂ : ਦੁਪਹਿਰ 12 ਵਜੇ
ਦਿਨ : ਸਨਿਚਰਵਾਰ
ਜਗ੍ਹਾ : ਪਰਫਾਰਮਿੰਗ ਆਰਟ ਸੈਂਟਰ
ਸ਼ੈਲਡਨ ਹਾਈ ਸਕੂਲ
8333 ਕਿੰਗਜ਼ ਬ੍ਰਿਜ ਡਰਾ.
ਸੈਕਰਾਮੈਂਟੋ, ਕੈਲੀਫੋਰਨੀਆ 95849

Co-Director : Surinder Singh Dhanoa
Music & Playback : Paramjit & Renu Singh
Cool Punjabi Virsa Group, Stockton.

*Playwright & Director*



Dr. Atamjit (India)

*Chief Guest*



Dr. Jaspal Singh
(Vice-Chancellor Punjabi University, Patiala)

*Keynote Address*



Dr. Harish Puri (India)

*Keynote Address*



Dr. Surinder Mand (India)

*Inauguration by*



Dr. Gurdev Singh Khush
(Davis University of California)

*Opening the Discussion*



Dr. J. S. Neki

## Drama Artist :

Surinder Singh Dhanoa, Jaswinder Dhanoa, Dilawar Chahal, Jaswinder Bawa, Jaswinder Chhoti, Harmesh Sidhu, Balwinder Mahey, Dharmapal Ranko, Amritpal Sra, Sonu Randhawa, Kamal Randhawa, Rashpal Khangura, Jaspal Saini, Darshan Aujla, Manjit Singh & Pali Dhanaula

## A Tribute to Freedom Fighters

DIRECTIONS: FROM FREEWAY 99 TAKE EXIT TO 289 CALVINE RD. GOING EAST. ABOUT 3 MILES TAKE LEFT ON KINGSBRIDGE DR.SHELDON High SCHOOL IS IN THE RIGHT HAND SIDE.

Note: Free Entry, Free Parking & Free Food

Thanks To: Punjab Lok Rang
(Theatrical Group of CA)
Date: August 22nd, 2009
Time: 12:00 Noon
Day: Saturday
Venue: Performing Art Center
Sheldon High School
8333 Kings Bridge Dr.
Sacramento, CA 95849

ਆਰਗੇਨਾਈਜ਼ਰ : ਚਰਨ ਸਿੰਘ ਜੱਜ, ਜਰਨੈਲ ਸਿੰਘ ਮੰਡੇਰ, ਜਗਜੀਤ ਸਿੰਘ ਕੰਡੋਲਾ, ਕੁਲਦੀਪ ਸਿੰਘ ਅਟਵਾਲ, ਬਲਵਿੰਦਰ ਸਿੰਘ ਦੁਲਕੂ, ਗੁਰਦੀਪ ਸਿੰਘ ਗਿੱਲ, ਸੁਰਜੀਤ ਸਿੰਘ ਅਟਵਾਲ, ਗੁਲਿੰਦਰ ਸਿੰਘ ਗਿੱਲ

For More Info. Contact:
**916.256.5367, 916.320.5595, 916.844.5310**

# ...ਤੇ ਮੰਨੂਵਾਦ ਇਕ ਵਾਰ ਫਿਰ ਜਿੱਤ ਗਿਆ!

**ਮਝੈਲ ਸਿੰਘ ਸਰਾਂ**

ਮੰਨੂਵਾਦ ਹਿੰਦੋਸਤਾਨ ਦਾ ਇਕ ਅਜਿਹਾ ਖਤਰਨਾਕ ਜਿੰਨ ਹੈ, ਜਿਸਦੀ ਆਪਣੀ ਸ਼ਕਲ-ਸੂਰਤ ਤਾਂ ਸ਼ਾਇਦ ਕੋਈ ਹੈ ਨਹੀਂ, ਪਰ ਇਹ ਜਿਥੇ ਵੀ, ਜਿਨ੍ਹਾਂ ਵੀ ਲੋਕਾਂ 'ਚ ਵੜ੍ਹਦਾ ਹੈ, ਉਨ੍ਹਾਂ ਵਰਗੀ ਸ਼ਕਲ ਧਾਰ ਕੇ ਜਾਂਦਾ ਹੈ। ਇਸ ਕਰਕੇ ਇਸ ਨਾਂ ਨੂੰ ਨਫਰਤ ਕਰਨ ਵਾਲੇ ਵੀ ਉਸਦਾ ਭੁਲੇਖੇਵੱਸ ਬੜਾ ਨਿੰਘਾ ਆਦਰ-ਮਾਣ ਕਰਦੇ ਹਨ। ਇਹਦੀਆਂ ਚਾਲਬਾਜ਼ੀਆਂ ਨੂੰ ਸਮਝ ਸਕਣਾ ਹਾਰੀ-ਸਾਰੀ ਦਾ ਕੰਮ ਨਹੀਂ, ਚੰਗੇ ਭਲੇ ਦਿਮਾਗ ਰੱਖਣ ਵਾਲਿਆਂ ਨੂੰ ਆਪਣੇ ਪੰਜੇ 'ਚ ਫਸਾ ਕੇ ਬੁੱਧੀ ਤੇ ਸੋਚ ਨੂੰ ਐਸਾ ਪੁੱਠਾ ਗੇੜਾ ਦਿੰਦਾ ਹੈ ਕਿ ਆਪਣਿਆਂ ਹੀ ਹਮਸਾਇਆਂ ਦਾ ਗਲ ਵੱਢਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਐਸਾ ਭਤਬ੍ਹੂ ਪੁਆਉਂਦਾ ਹੈ ਕਿ ਥੱਲੇ ਦੀ ਉਪਰ ਕਰਵਾ ਦਿੰਦਾ ਹੈ। ਐਹੋ ਜਿਹੀਆਂ ਕਰਤੂਤਾਂ ਕਰਵਾਉਂਦਾ ਹੈ ਕਿ ਚੰਗੇ-ਭਲੇ ਵਸਦੇ ਸਮਾਜ ਵਿਚ ਐਨੀਆਂ ਡੂੰਘੀਆਂ ਲਕੀਰਾਂ ਖਿਚਵਾ ਦਿੰਦਾ ਹੈ, ਜਿਹਤੀਆਂ ਮੇਟਣੀਆਂ ਵੀ ਔਖੀਆਂ ਹੋ ਜਾਂਦੀਆਂ ਹਨ। ਜਦੋਂ ਇਹਦਾ ਭੂਤ ਸਿਰ ਚੜ੍ਹਿਆ ਹੁੰਦਾ ਹੈ ਤਾਂ ਦਿਨ ਰਾਤ ਕੀਤੀ ਹੱਡ ਭੰਨਵੀਂ ਕਮਾਈ ਨਾਲ ਬਣਾਏ ਮਾੜੇ ਮੋਟੇ ਜੁਗਾੜ ਨੂੰ ਨਫਰਤਵੱਸ ਹੋ ਕੇ ਫੂਕਣ ਨੂੰ ਵੀ ਪੁੰਨ ਦਾ ਕੰਮ ਸਮਝਿਆ ਜਾਂਦਾ ਹੈ।



ਮਝੈਲ ਸਿੰਘ ਸਰਾਂ

ਇਹ ਮੰਨੂਵਾਦ ਕਦ ਸ਼ੁਰੂ ਹੋਇਆ? ਕਹਿੰਦੇ ਹਨ ਕਿ ਮੰਨੂ ਨੇ ਸਮਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਸ ਦੀ ਵੰਡ ਕਿੱਤਿਆਂ ਦੇ ਆਧਾਰ 'ਤੇ ਚਹੁੰ ਵਰਨਾਂ ਵਿਚ ਕਰ ਦਿੱਤੀ, ਜਿਹੜੇ ਇਕ ਦੂਜੇ ਦੇ ਸਹਾਈ ਵੀ ਸਨ ਤੇ ਬਰਾਬਰ ਵੀ ਸਨ। ਕੋਈ ਵੀ ਕਿਸੇ ਨਾਲ ਨਫਰਤ ਨਹੀਂ ਸੀ ਕਰਦਾ। ਫਿਰ ਕਹਿੰਦੇ ਪਈ ਸਮੇਂ ਦੇ ਬੀਤਣ ਨਾਲ ਇਹ ਵੰਡ ਬਰਾਬਰੀ ਨਾਲੋਂ ਉਚ-ਨੀਚ ਵਿਚ ਬਦਲ ਗਈ। ਪਰ ਇਹ ਗੱਲ ਮਨ ਨੂੰ ਲੱਗਦੀ ਨਹੀਂ ਕਿ ਵੰਡ ਦਾ ਆਧਾਰ ਬਰਾਬਰੀ ਦਾ ਹੋਊ। ਇਹਦੀ ਤਾਂ ਨੀਂਹ ਹੀ ਲੱਗਦਾ ਕਿ ਉਚ-ਨੀਚ ਜਾਤੀਵਾਦ 'ਤੇ ਰੱਖੀ ਸੀ, ਕਿਉਂਕਿ ਅਤੀਤ ਵਿਚ ਝਾਤੀ ਮਾਰਦੇ ਹਾਂ ਤਾਂ ਇਹੋ ਹੀ ਦਿਸਦਾ ਹੈ ਕਿ ਜ਼ੋਰਾਵਰਾਂ ਦਾ ਸਦਾ ਹੀ ਸੱਤੀਂ ਵੀਹੀਂ ਸੌ ਹੋਇਆ ਤੇ ਇਨ੍ਹਾਂ ਜ਼ੋਰਾਵਰਾਂ ਵਿਚ ਸਾਰੇ ਹੀ ਤੇਤੀ ਕਰੋੜ ਦੇਵਤੇ (ਮਿਥਿਹਾਸਕ) ਅਵਤਾਰ, ਮਹਾਰਾਜੇ, ਰਾਜੇ, ਵਜ਼ੀਰ, ਚੌਧਰੀ ਤੇ ਅੱਗੋਂ ਉਨ੍ਹਾਂ ਦੇ ਕੁਣਬੇ ਸਾਰੇ ਹੀ ਤਾਂ ਉੱਚ ਵਰਗਾਂ ਵਿਚੋਂ ਰਹੇ ਤੇ ਹੇਠਲੇ ਵਰਗਾਂ 'ਤੇ ਸਦਾ ਹੀ ਅਤਿਆਚਾਰ ਹੋਇਆ ਜਾਂ ਉਨ੍ਹਾਂ ਤੋਂ ਗੁਲਾਮੀ ਕਰਵਾਈ ਤੇ ਕੁਦਰਤ ਦਾ ਬਖਸ਼ਿਆ ਜਿਉਣ ਦਾ ਹੱਕ ਵੀ ਮਾਰਿਆ ਗਿਆ।

ਸਤਿਯੁੱਗ ਤੋਂ ਬਾਅਦ ਤ੍ਰੇਤਾ ਯੁੱਗ ਮੰਨਿਆ ਗਿਆ ਜਿਸ ਦੇ ਅਵਤਾਰ ਸ੍ਰੀ ਰਾਮ ਚੰਦਰ ਹੋਏ ਦੱਸੇ ਜਾਂਦੇ ਹਨ। ਕਿੰਨਾ ਕੁ ਸੱਚ-ਝੂਠ ਹੈ ਇਹ ਤਾਂ ਪਾਠਕਾਂ 'ਤੇ ਹੀ ਛੱਡ ਦਿਨਾਂ। ਸ੍ਰੀ ਰਾਮ ਚੰਦਰ ਨੇ ਕਿੰਨੇ ਯੱਗ ਕਰਵਾਏ? ਅਤੇ ਉਨ੍ਹਾਂ ਵਿਚ ਹੋਰਨਾਂ ਗੱਲਾਂ ਤੋਂ ਇਲਾਵਾ ਯੱਗ ਸਫਲ ਕਰਨ ਲਈ ਇਨਸਾਨਾਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਸਨ ਤੇ ਉਹ ਆਦਮੀ ਲਏ ਕਿੱਥੋਂ ਜਾਂਦੇ ਸਨ? ਹੇਠਲੇ ਵਰਗਾਂ 'ਚੋਂ ਜਾਂ ਇਉਂ ਕਹੀਏ ਕਿ ਅਛੂਤਾਂ ਵਿਚੋਂ। ਆਪਣੇ ਸਾਹਮਣੇ ਮਜ਼ਲੂਮਾਂ ਦੀਆਂ ਗਰਦਣਾਂ ਵਢਾਉਣ ਵਾਲੇ ਨੂੰ ਮਰਯਾਦਾ ਪ੍ਰਸ਼ੋਤਮ ਕਹਿ ਕੇ ਵਡਿਆਇਆ ਤੇ ਪੂਜਿਆ ਜਾਂਦਾ ਹੈ। ਸਿਤਮ ਇਹ ਹੈ ਕਿ ਜ਼ੁਲਮ ਸਹਿਣ ਵਾਲੇ ਵੀ ਉਸ ਦੀ ਹੀ ਪੂਜਾ ਕਰਦੇ ਰਹੇ। ਤੀਜਾ ਯੁੱਗ ਦੁਆਪਰ ਕਿਹਾ ਜਾਂਦਾ ਹੈ, ਜਿਸ ਦਾ ਅਵਤਾਰ ਸ੍ਰੀ ਕ੍ਰਿਸ਼ਨ ਨੂੰ ਕਿਹਾ ਜਾਂਦਾ ਹੈ। ਉਸ ਦੇ ਸਮੇਂ ਦੀ ਵੀ ਇਕ ਗੱਲ ਸਾਂਝੀ ਕਰ ਲਈਏ। ਦਰੋਣਾਚਾਰੀਆ ਵਰਗਾ ਗੁਰੂ ਅਜੇ ਤੱਕ ਨਹੀਂ ਹੋਇਆ। ਪਰ ਇਸ ਸਭ ਤੋਂ ਵੱਡੇ ਗੁਰੂ ਦਾ ਕਰੈਕਟਰ ਇਹ ਹੋਇਆ ਕਿ ਇਸ ਨੇ ਗੁਰੂ-ਦਕਸ਼ਣਾ ਵਿਚ ਏਕਲਵਯਾ ਤੋਂ ਉਸ ਦੇ ਸੱਜੇ ਹੱਥ ਦਾ ਅੰਗੂਠਾ ਕਟਵਾ ਕੇ ਲੈ ਲਿਆ ਤਾਂ ਕਿ ਉਹ ਅੱਗੋਂ ਤੀਰ ਨਾ ਚਲਾ ਸਕੇ। ਉਹਦਾ ਕਸੂਰ ਇਹੋ ਸੀ ਕਿ ਉਹ ਨੀਚ ਜਾਤ ਵਿਚੋਂ ਹੋਣ ਕਰਕੇ ਬਿਨਾ ਕਿਸੇ ਗੁਰੂ ਦੀ ਆਗਿਆ ਦੇ ਇਹੋ ਜਿਹਾ ਤੀਰਅੰਦਾਜ਼ ਬਣ ਗਿਆ ਸੀ ਕਿ ਦਰੋਣਾਚਾਰੀਆ ਦੇ ਸ਼ਾਗਿਰਦ ਅਰਜੁਨ ਨਾਲੋਂ ਕਿਤੇ ਅੱਗੇ ਸੀ ਜਿਸ ਨੂੰ ਦਰੋਣਾਚਾਰੀਆ ਕਿੱਦਾਂ ਜਰ ਸਕਦਾ ਸੀ? ਘਟਘਟ ਜਾਨਣ ਵਾਲੇ ਸ੍ਰੀ ਕ੍ਰਿਸ਼ਨ ਭਗਵਾਨ ਦੇ ਸਾਹਮਣੇ ਹੀ ਇਹ ਵਰਤਾਰਾ ਹੋਇਆ ਹੋਣਾ। ਯੁੱਗਾਂ ਦਾ ਇਹ ਮਾੜਾ ਜਿਹਾ ਬਿਰਤਾਂਤ ਇਸ ਲਈ ਸਾਂਝਾ ਕੀਤਾ ਹੈ ਤਾਂ ਕਿ ਮੰਨੂਵਾਦ ਦਾ ਥੋੜਾ ਜਿਹਾ ਚਿਹਰਾ ਮੋਹਰਾ ਪਤਾ ਲੱਗੇ।

ਇਕ ਨਿਗ੍ਹਾ ਹਿੰਦੋਸਤਾਨ ਦੇ ਇਤਿਹਾਸ 'ਤੇ ਜੇ ਪਾਈਏ ਤਾਂ ਪਤਾ ਲੱਗਦਾ ਕਿ ਵੱਡੇ-ਵੱਡੇ ਹਿੰਦੂ ਸਮਰਾਟਾਂ ਸਮੇਤ ਅਸ਼ੋਕ ਦੀਆਂ ਫੌਜਾਂ ਵਿਚ ਜ਼ਿਆਦਾ ਗਿਣਤੀ ਹੇਠਲੇ ਵਰਗਾਂ ਵਿਚੋਂ ਭਰਤੀ ਕੀਤੀ ਜਾਂਦੀ ਸੀ ਜਦੋਂਕਿ ਲੜਾਈ-ਭਿੜਾਈ ਤੇ ਸਮਾਜ ਦੀ ਸੁਰੱਖਿਆ ਦਾ ਜਿੰਮਾ ਤਾਂ ਖੱਤਰੀ (ਕਸ਼ਤਰੀ) ਵਰਗ 'ਤੇ ਬਣਦਾ ਸੀ ਪਰ ਉਹ ਤਾਂ ਲੜਨ-ਮਰਨ ਨੂੰ ਮੋਹਰੇ ਵੀ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਕਰਦੇ ਰਹੇ। ਸੱਤਵੀਂ ਸਦੀ ਵਿਚ ਅਰਬਾਂ ਦੇ ਹਮਲਿਆਂ ਨਾਲ ਹਿੰਦੂ ਸਾਮਰਾਜਾਂ ਦਾ ਤਾਂ ਖਾਤਮਾ ਹੋ ਗਿਆ ਤੇ ਰਾਜ ਸਿੰਘਾਸਨ 'ਤੇ ਮੁਸਲਮਾਨਾਂ ਦਾ ਕਬਜ਼ਾ ਹੋ ਗਿਆ ਪਰ ਹਿੰਦੂ ਸਮਾਜ ਵਿਚ ਚੌਧਰਪੁਣਾ, ਮੰਨੂਵਾਦੀ ਉਪਰਲੇ ਤਬਕਿਆ ਦਾ ਹੀ ਰਿਹਾ। ਇੰਨਾ ਹੀ ਨਹੀਂ ਹੇਠਲੀਆਂ ਨੀਚ ਜਾਤਾਂ ਦਾ ਤਾਂ ਜੀਣਾ ਹੀ ਦੁੱਭਰ ਕੀਤਾ ਹੋਇਆ ਸੀ। ਕੋਈ ਪੀਰ-ਪੈਗੰਬਰ, ਅਵਤਾਰ, ਇਨ੍ਹਾਂ ਦਾ ਹੱਥ ਫੜਨ ਨਾ ਆਇਆ ਤੇ ਇਹ ਫਨੀਅਰ ਦਿਨ-ਬ-ਦਿਨ ਖ਼ਤਰਨਾਕ ਬਣਦਾ ਗਿਆ। ਇਸ ਨੂੰ ਸਿਰੀ ਤੋਂ ਫੜ੍ਹਨ ਲਈ ਜਿਹੜਾ ਪਹਿਲਾ ਹੱਥ ਨਿਕਲਿਆ, ਉਹ ਜਗਤ ਗੁਰੂ ਬਾਬਾ ਨਾਨਕ ਦੇਵ ਜੀ ਦਾ ਸੀ। ਬਾਬੇ ਨੇ ਸਭ ਤੋਂ ਪਹਿਲਾ ਵਾਰ ਹੀ ਹਿੰਦੂ ਪਖੰਡ 'ਤੇ ਕੀਤਾ ਅਤੇ ਉਹ ਵੀ ਬਾਦਲੀਲ। ਬਾਬੇ ਨੇ ਕਿਰਤ ਨੂੰ ਵਡਿਆਇਆ ਤਾਂ ਭਾਈ ਲਾਲੋ ਦੀ ਝੁੱਗੀ 'ਚ ਬਹਿ ਕੇ, ਨੀਚ ਕਹੇ ਜਾਣ ਵਾਲਿਆਂ ਨੂੰ ਦੱਸ ਦਿੱਤਾ ਕਿ ਰੱਬ ਦਾ ਤਾਂ ਵਾਸਾ ਹੀ ਉਨ੍ਹਾਂ ਵਿਚ ਹੈ। ਇਹ ਉਚ ਜਾਤੀਏ ਤਾਂ ਹਉਮੈ 'ਚ ਗੁਸੇ ਰੱਬ ਤੋਂ ਦੂਰ ਹੋਏ ਫਿਰਦੇ ਆ। ਆਪਣੀਆਂ ਉਦਾਸੀਆਂ ਵਿਚ ਜਿੱਥੇ ਗੁਰੂ ਨਾਨਕ ਨੇ ਰੂਹਾਨੀਅਤ ਦੇ ਛਿੱਟੇ ਮਾਰੇ, ਉੱਥੇ ਅਖੌਤੀ ਨੀਵੀਆਂ ਜਾਤਾਂ ਨੂੰ ਜਾਗ੍ਰਿਤ ਵੀ ਕੀਤਾ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਬਾਬੇ ਨਾਨਕ ਦੀ ਉਦਾਸੀ ਸਮੇਂ ਆਪ ਜੀ ਕਾਂਸ਼ੀ ਵਿਚ ਭਗਤ ਰਵਿਦਾਸ ਜੀ ਨੂੰ ਮਿਲੇ ਤੇ ਉਨ੍ਹਾਂ ਵਲੋਂ ਉਚਾਰੀ ਬਾਣੀ ਆਪਣੇ ਨਾਲ ਲੈ ਆਏ, ਜੋ ਅੱਗੋਂ ਗੁਰੂ ਅੰਗਦ ਜੀ ਤੋਂ ਪੋਥੀਆਂ ਦੇ ਰੂਪ ਵਿਚ ਬਾਬਾ ਮੋਹਨ ਜੀ ਨੂੰ ਮਿਲੀ। ਅੱਗੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਵਿਚ ਦਰਜ ਕਰ ਦਿੱਤੀ। ਮਨੁੱਖਤਾ ਦੇ ਭਲੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸਦੀਵ ਕਾਲ ਲਈ ਸ਼ਬਦ ਨੂੰ ਗੁਰੂ ਦਾ ਰੁਤਬਾ ਦੇ ਦਿੱਤਾ।




ਜਾਤ-ਪਾਤ ਇਕ ਸਮਾਜਿਕ ਵਰਤਾਰਾ ਹੈ। ਧਰਮ/ਰੂਹਾਨੀਅਤ ਦੇ ਅਕੀਦਿਆਂ ਤੇ ਇਕ ਅਕਾਲ ਪੁਰਖ ਵਿਚ ਵਿਸ਼ਵਾਸ ਰੱਖਦੇ ਹੋਏ ਤੇ ਨਿੱਤ ਪ੍ਰਤੀ ਦੇ ਕੰਮਕਾਜ ਕਰਦੇ ਹੋਏ ਇਨਸਾਨ ਸੌਖੀ ਜ਼ਿੰਦਗੀ ਬਿਨਾ ਕਿਸੇ ਦੇ ਦਖਲ ਬਸਰ ਕਰਨੀ ਲੋਚਦਾ ਹੈ। ਸਮਾਜ ਵਿਚ ਵਿਚਰਦਿਆਂ ਇਨਸਾਨ ਜਾਤ-ਪਾਤ ਤੇ ਅਖੌਤੀ ਉਚ-ਨੀਚ ਵਿਚ ਫਸਿਆ ਰਹਿੰਦਾ ਹੈ, ਜਦੋਂਕਿ ਧਰਮ ਵਿਚ ਇਹ ਵਰਜਿਤ ਹੈ। ਜਿਹੜਾ ਧਰਮ ਜਾਤਾਂ ਦੀ ਭਿੱਟ ਨੂੰ ਸਵੀਕਾਰਦਾ ਹੋਵੇ, ਉਹ ਕਿਸੇ ਵੀ ਤਰ੍ਹਾਂ ਨਾ ਤਾਂ ਰੱਬ ਦਾ ਹੀ ਧਰਮ ਹੋ ਸਕਦਾ ਹੈ ਤੇ ਨਾ ਹੀ ਇਨਸਾਨੀਅਤ ਦਾ। ਇਸ ਭਿੱਟ ਨੂੰ ਬਾਬੇ ਨਾਨਕ ਦੇ ਧਰਮ ਨੇ ਜੜ੍ਹੋਂ ਉਖਾੜਿਆ, ਜਦੋਂ ਗੁਰੂ ਸਾਹਿਬਾਨ ਨੇ ਨੀਵੀਆਂ ਜਾਤਾਂ ਕਹਾਉਣ ਵਾਲਿਆਂ ਨੂੰ ਅਖੌਤੀ ਉਚੀਆਂ ਜਾਤਾਂ ਦੇ ਬਰਾਬਰ ਬਿਠਾਲ ਕੇ ਲੰਗਰ ਛਕਾਏ। ਇਹੋ ਹੀ ਨਹੀਂ ਜਿਨ੍ਹਾਂ ਨੂੰ ਸਦੀਆਂ ਤੋਂ ਉੱਚ ਜਾਤਾਂ ਵਾਲੇ ਚੌਂਕੇ 'ਚ ਪੈਰ ਨਹੀਂ ਸੀ ਪਾਉਣ ਦਿੰਦੇ, ਗੁਰੂਆਂ ਨੇ ਉਨ੍ਹਾਂ ਪਾਸੋਂ ਗੁਰੂ-ਰਸੋਈਆਂ ਵਿਚ ਲੰਗਰ ਤਿਆਰ ਕਰਵਾਏ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤਪਾਨ ਵੀ ਇਕੋ ਬਾਟੇ 'ਚੋਂ ਕਰਵਾਇਆ ਤਾਂ ਕਿ ਅਕਾਲ ਪੁਰਖ ਦੀ ਫੌਜ ਖਾਲਸੇ ਵਿਚੋਂ ਜੂਠ ਦੀ ਭਿੱਟ ਵੀ ਖਤਮ ਕਰ ਦਿੱਤੀ ਜਾਵੇ। ਨੀਚ-ਜਾਤਾਂ ਵਾਲਿਆਂ ਨੂੰ ਮੂੰਹ 'ਚੋਂ ਮੰਤਰ ਉਚਾਰਨਾ ਤਾਂ ਇਕ ਪਾਸੇ ਮੰਦਰਾਂ ਦੇ ਲਾਗਿਓਂ ਵੀ ਲੰਘਣ ਨਹੀਂ ਸੀ ਦਿੱਤਾ ਜਾਂਦਾ ਅਤੇ ਇਸ ਤਰ੍ਹਾਂ ਕਰਨ ਨੂੰ ਪਾਪ ਗਰਦਾਨ ਕੇ ਅਣਹੋਣੀ ਸਜ਼ਾ ਦਿੱਤੀ ਜਾਂਦੀ ਸੀ। ਬਾਬੇ ਨਾਨਕ ਨੇ ਇਨ੍ਹਾਂ ਨੂੰ ਧਰਮ ਵਿਚ ਉੱਚ ਧਾਰਮਿਕ ਸਥਾਨਾਂ 'ਤੇ ਨਿਵਾਜ ਕੇ ਇਨ੍ਹਾਂ ਪਾਸੋਂ ਸਿੱਖੀ ਦਾ ਪ੍ਰਚਾਰ ਕਰਵਾਇਆ। ਇਹ ਸ਼ਾਇਦ ਗੁਰੂ ਸਾਹਿਬਾਨ ਦੀ ਹੀ ਰਹਿਮਤ ਹੈ ਕਿ ਅੱਜ ਤੱਕ ਵੀ ਇਹ ਪ੍ਰੰਪਰਾ ਸਿੱਖ ਧਰਮ ਵਿਚ ਕਾਇਮ ਹੈ। ਗੁਰੂ ਸਾਹਿਬਾਨ ਨੇ ਕਿਸੇ ਵੀ ਸਿੱਖ ਦੀ ਜਾਤ ਨਹੀਂ ਸੀ ਗੌਲ਼ੀ, ਸਿਰਫ ਉਸ ਦਾ ਸਿਦਕ, ਕਰਮ, ਅਕੀਦਾ, ਵਿਸ਼ਵਾਸ, ਸਹਿਜ ਅਵਸਥਾ ਤੇ ਅਕਾਲ ਪੁਰਖ ਲਈ ਆਤਮ ਸਮਰਪਣ ਪਰਖ ਕੇ ਉਸ ਨੂੰ ਬਣਦਾ ਅਦਬ ਤੇ ਰੁਤਬਾ ਬਖਸ਼ਿਆ। ਇਸ ਸਿਧਾਂਤ ਵਿਚ ਬਹੁਤੇ ਅਖੌਤੀ ਨੀਵੀਆਂ ਜਾਤਾਂ ਵਾਲਿਆਂ ਨੇ ਗੁਰੂ ਸਾਹਿਬਾਨਾਂ ਪਾਸੋਂ ਉੱਚਾ ਰੁਤਬਾ ਪਾਇਆ ਤੇ ਉੱਚ ਜਾਤੀਆਂ ਵਾਲੇ ਉਨ੍ਹਾਂ ਦੀ ਧਾਰਮਿਕ ਅਗਵਾਈ ਕਬੂਲਦੇ ਸਨ। ਇਹ ਸਿਲਸਿਲਾ ਗੁਰੂ ਕਾਲ ਤੋਂ ਮਗਰੋਂ ਵੀ ਕਈ ਸਾਲ ਚੱਲਦਾ ਰਿਹਾ, ਭਲਾਂ ਹੀ ਸਿੱਖਾਂ 'ਤੇ ਸਮਾਂ ਬੜਾ ਕਹਿਰਵਾਨ ਸੀ। ਅਸਲ ਵਿਚ ਇਸ ਸਮੇਂ ਵਿਚ 'ਮੰਨੂਵਾਦੀ ਜਿੰਨ' ਸਿੱਖਾਂ ਦੇ ਕਾਬੂ 'ਚ ਰਿਹਾ। ਬਾਅਦ ਵਿਚ ਮਿਸਲਾਂ ਦੇ ਦੌਰ ਉਪਰੰਤ ਰਣਜੀਤ ਸਿੰਘ (ਮਹਾਰਾਜਾ) ਦਾ ਰਾਜ ਹੋ ਗਿਆ ਜਿਸ ਦਾ ਪ੍ਰਬੰਧ ਚਾਲਬਾਜ਼, ਮੱਕਾਰ, ਲਾਲਚੀ, ਮੰਨੂਵਾਦੀ ਡੋਗਰਿਆਂ ਤੇ ਮਿਸਰਿਆਂ ਦਾ ਰਿਹਾ। ਇਨ੍ਹਾਂ ਨੇ ਸਿੱਖਾਂ ਅੰਦਰ ਮੁੜ ਬਾਬੇ ਨਾਨਕ ਤੋਂ ਪਹਿਲਾਂ ਵਾਲੀ ਜਾਤਪਾਤ ਨੂੰ ਜਗ੍ਹਾ ਦਿੱਤੀ ਤੇ ਅੱਗੋਂ ਅੰਗਰੇਜ਼ਾਂ ਨੇ ਹੋਰ ਹਵਾ ਦਿੱਤੀ। ਇਸ ਸਭ ਕੁਝ ਦੇ ਬਾਵਜੂਦ ਵੀ ਸਿੱਖ ਚੇਤਨਾ ਨੇ ਇਸ ਘਿਨਾਉਣੇ ਵਾਰ ਨੂੰ ਖੁੰਢਾ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ।

ਇਹ ਤਾਂ ਆਪਾਂ ਸਾਰਿਆਂ ਨੇ ਪੜ੍ਹਿਆ-ਸੁਣਿਆ ਹੀ ਹੋਇਆ ਕਿ ਕਿਵੇਂ ਦਰਬਾਰ ਸਾਹਿਬ ਵੀ ਮੰਨੂਵਾਦੀ, ਆਰੀਆ ਸਮਾਜੀਆਂ ਦੇ ਅਸਰ ਹੇਠ ਆ ਗਿਆ ਸੀ ਅਤੇ ਸਿੱਖਾਂ ਨੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰਖਵਾ ਲਈਆਂ ਸਨ। ਹੋਰ ਤਾਂ ਹੋਰ ਮਹੰਤਾਂ ਨੇ ਗੁਰਦੁਆਰਿਆਂ ਵਿਚ ਉਹ ਸਾਰੀਆਂ ਅਨਮਤੀਆ ਸ਼ੁਰੂ ਕਰ ਦਿੱਤੀਆਂ, ਜਿਨ੍ਹਾਂ ਤੋਂ ਬਾਬਾ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਆਪਣੇ ਖਾਲਸੇ ਨੂੰ ਵਰਜ ਗਏ ਸੀ। ਹਾਂ ਇਹ ਸੱਚ ਹੈ ਕਿ ਕਾਬਜ਼ ਮੰਨੂਵਾਦੀਆਂ ਨੇ ਪ੍ਰਬੰਧ ਗੜਬੜਾ ਦਿੱਤਾ ਸੀ, ਪਰ ਬਾਬੇ ਨਾਨਕ ਦਾ ਸਰਬ-ਸਾਂਝੀਵਲਤਾ ਦਾ ਸਿਧਾਂਤ ਤਾਂ ਸਿੱਖ ਚੇਤਨਾ ਵਿਚ ਧੁਰ ਅੰਦਰ ਵਸਿਆ ਹੋਇਆ ਸੀ। ਬੱਸ ਇਕ ਲੋੜ ਸੀ ਤਾਂ ਪੂਰਨ ਗੁਰਸਿੱਖ ਰਹਿਣੀ, ਬਹਿਣੀ ਤੇ ਕਥਨੀ ਵਾਲੇ ਰੌਸ਼ਨ ਦਿਮਾਗ ਖਾਲਸੇ ਦੀ ਜਿਹੜੀ ਗਿਆਨੀ ਦਿੱਤ ਸਿੰਘ ਵਰਗੀ ਬੇਮਿਸਾਲ ਸ਼ਖਸੀਅਤ ਨੇ ਪੂਰੀ ਕੀਤੀ ਜਿਸ ਨੇ ਮੰਨੂਵਾਦੀਆਂ ਨੂੰ ਗੁਰਬਾਣੀ ਮੁਤਾਬਕ ਦਲੀਲਾਂ ਦੇ ਕੇ ਚੁੱਪ ਕਰਵਾਇਆ। ਇਥੇ ਇਹ ਜ਼ਿਕਰ ਵੀ ਕਰਨਾ ਬਣਦਾ ਹੈ ਕਿ ਗਿਆਨੀ ਦਿੱਤ ਸਿੰਘ ਨੂੰ ਵੀ ਸਿੱਖਾਂ ਵਿਚ ਰਹਿੰਦੇ ਹੋਏ ਕਈ ਵਾਰੀ ਨੀਵੀਂ ਜਾਤ ਦਾ ਅਹਿਸਾਸ ਕਰਵਾ ਦਿੱਤਾ ਜਾਂਦਾ ਸੀ ਪਰ ਉਹ ਮਹਾਨ ਸ਼ਖਸੀਅਤ ਸ਼ਰਤਾਂ ਦੇ ਅਧੀਨ ਸਿੱਖ ਨਹੀਂ ਸੀ ਸਜੇ, ਬਲਕਿ ਉਹ ਤਾਂ ਗੁਰੂ ਸਿਧਾਂਤ ਨੂੰ ਪ੍ਰਣਾਏ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸਨ।

ਅੱਜ ਕੱਲ ਇਕ ਗੱਲ ਬੜੀ ਉਭਾਰ ਕੇ ਇਕ ਖਾਸ ਵਰਗ ਕਹਿ ਰਿਹਾ ਹੈ ਕਿ ਅੰਬੇਦਕਰ ਸਾਹਿਬ ਸਿੱਖ ਸਜਣਾ ਚਾਹੁੰਦੇ ਸਨ, ਪਰ ਉਸ ਵੇਲੇ ਸਿੱਖਾਂ ਨੇ ਉਸ ਨੂੰ ਐਸਾ ਦੁਰਕਾਰਿਆ ਕਿ ਉਹਨੇ ਸਿੱਖ ਬਣਨ ਦਾ ਵਿਚਾਰ ਅੱਗੇ ਹੀ ਨਹੀਂ ਪਾਇਆ, ਸਗੋਂ ਸਦਾ ਲਈ ਤਿਆਗ ਦਿੱਤਾ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਵੇਲੇ ਸਿਰਫ ਉਹ ਹੀ ਦਲਿਤਾਂ ਦਾ ਵਾਹਦ ਲੀਡਰ ਸੀ ਤੇ ਉਸ ਨਾਲ 6-7 ਕਰੋੜ ਦਲਿਤਾਂ ਨੇ ਸਿੱਖ ਬਣ ਜਾਣਾ ਸੀ। ਦਲੀਲ ਤਾਂ ਇਹ ਵੀ ਦਿੱਤੀ ਜਾਂਦੀ ਹੈ ਕਿ ਡਾ. ਅੰਬੇਦਕਰ ਉਸ ਸਮੇਂ ਸਿੱਖ ਧਰਮ ਵਿਚ ਜੱਟਾਂ ਦੇ ਦਬਦਬੇ ਕਰਕੇ ਕੰਨੀ ਕਤਰਾ ਗਏ। ਕੁਝ ਸਚਾਈ ਵੀ ਹੋ ਸਕਦੀ ਹੈ ਉਪਰਲੀਆਂ ਗੱਲਾਂ ਵਿਚ ਪਰ ਇਕ ਗੱਲ ਹੋਰ ਜਿਹੜੀ ਬੜੀ ਅਹਿਮ ਹੈ ਅਤੇ ਜਿਸ ਦਾ ਜ਼ਿਕਰ ਘੱਟ ਕੀਤਾ ਜਾਂਦਾ, ਉਹ ਇਹ ਹੈ ਕਿ ਡਾ. ਅੰਬੇਦਕਰ ਮਹਾਤਮਾ ਗਾਂਧੀ ਨੂੰ ਆਪਣਾ ਰਾਜਨੀਤਕ ਗੁਰੂ ਮੰਨਦੇ ਸਨ। ਉਹ ਕਾਂਗਰਸ ਅਤੇ ਇਸ ਦੇ ਹੋਰ ਲੀਡਰਾਂ ਦੀ ਨੁਕਤਾਚੀਨੀ ਤਾਂ ਕਰ ਦਿੰਦੇ ਸਨ, ਪਰ ਗਾਂਧੀ ਬਾਰੇ ਕੁਝ ਨਹੀਂ ਸੀ ਕਹਿੰਦੇ ਜਦੋਂ ਕਿ ਕਾਂਗਰਸ ਪਾਰਟੀ ਦੇ ਹਰ ਫੈਸਲੇ ਦਾ ਸੂਤਰਧਾਰ ਮਹਾਤਮਾ ਗਾਂਧੀ ਹੀ ਹੁੰਦਾ ਸੀ। ਆਪਣੇ ਸਿੱਖ ਸਜਣ ਦੇ ਮਨਸ਼ੇ ਨੂੰ ਜਦੋਂ ਡਾ. ਅੰਬੇਦਕਰ ਨੇ ਗਾਂਧੀ ਨਾਲ ਸਾਂਝਾ ਕੀਤਾ ਤਾਂ ਉਸ ਨੇ ਦੋ ਟੁੱਕ ਫੈਸਲਾ ਸੁਣਾਇਆ ਕਿ ਸਿੱਖ ਬਣਨ ਬਾਰੇ ਕਦੀ ਵੀ ਸੋਚੀਂ ਨਾ, ਹੋਰ ਭਾਵੇਂ ਜਿਹੜਾ ਮਰਜ਼ੀ ਧਰਮ ਅਪਨਾ ਲਵੀਂ। ਇਹੋ ਜਿਹੇ ਸਖ਼ਤ ਫੈਸਲੇ ਬਾਰੇ ਸ਼ਾਇਦ ਡਾ. ਅੰਬੇਦਕਰ ਨੇ ਵੀ ਗਾਂਧੀ ਤੋਂ ਉਮੀਦ ਨਹੀਂ ਸੀ ਰੱਖੀ। ਦੂਜੀ ਗੱਲ ਇਹ ਸੀ ਪਈ ਡਾ. ਅੰਬੇਦਕਰ ਨਿਰੋਲ ਧਾਰਮਿਕ ਜਜ਼ਬੇ ਕਰਕੇ ਹੀ ਸਿੱਖ ਬਣਨਾ ਨਹੀਂ ਸੀ ਚਾਹੁੰਦਾ। ਇਸੇ ਕਰਕੇ ਸਿੱਖ ਲੀਡਰ ਨਾਲ 1936 ਵੇਲੇ ਅੰਮ੍ਰਿਤਸਰ ਵਿਚ ਕੀਤੀਆਂ ਮੁਲਾਕਾਤਾਂ ਵਿਚ ਉਹ ਕਈ ਸ਼ਰਤਾਂ ਵੀ ਰੱਖਦਾ ਸੀ ਤਾਂ ਕਿ ਉਸ ਦਾ ਰਾਜਨੀਤਕ ਕੱਦ ਵੀ ਵੱਡਾ ਹੋਵੇ। ਹੁਣ ਜੇ ਦੇਖਿਆ ਜਾਵੇ ਕਿ ਕੀ ਸਿੱਖ ਸਜਨ ਲਈ ਪਹਿਲਾਂ ਸਿੱਖ ਲੀਡਰਾਂ ਨਾਲ ਗੱਲ ਕਰਨੀ ਜ਼ਰੂਰੀ ਸੀ? ਜੇ ਸੱਚੇ ਦਿਲੋਂ ਸਿੱਖ ਹੀ ਸਜਣਾ ਸੀ ਤਾਂ ਕਿਤੇ ਵੀ ਰਹਿ ਕੇ ਸਜ ਸਕਦਾ ਸੀ ਬਿਨਾ ਕਿਸੇ ਸ਼ਰਤ ਦੇ। ਜਿਵੇਂ ਗਿਆਨੀ ਦਿੱਤ ਸਿੰਘ ਸਜੇ ਸਨ ਜਾਂ ਮਾਸਟਰ ਤਾਰਾ ਸਿੰਘ ਹਿੰਦੂ ਤੋਂ ਸਿੱਖ ਬਣਿਆ ਸੀ। ਡਾ. ਅੰਬੇਦਕਰ ਵੀ ਤਾਂ ਇਸ ਸਿੱਖ ਸਿਧਾਂਤ ਨੂੰ ਜਾਣਦੇ ਹੀ ਹੋਣੇ ਨੇ ਕਿ ਸਿੱਖੀ ਮਾਰਗ 'ਤੇ ਤੁਰਨ ਲਈ "ਜੇ ਤਉ ਪ੍ਰੇਮ ਖੇਲਣ ਕਾ ਚਾਉ, ਸਿਰਿ ਧਰਿ ਤਲੀ ਗਲੀ ਮੇਰੀ ਆਉ, ਇਤਿ ਮਾਰਗਿ ਪੈਰ ਧਰੀਜੈ ਸਿਰ ਦੀਜੈ ਕਾਣ ਨਾ ਕੀਜੈ।।" ਦੀ ਹੀ ਇਕੋ ਇਕ ਸ਼ਰਤ ਹੈ। ਇਸ 'ਤੇ ਚੱਲ ਕੇ ਆਪ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ ਤੇ ਬਾਕੀ ਰਹਿੰਦੀ ਉਮਰ ਇਸ ਸਿਧਾਂਤ 'ਤੇ ਪਹਿਰਾ ਦਿੰਦੇ ਹੋਏ ਸਮੇਤ ਪਰਿਵਾਰ ਕੁਰਬਾਨ ਹੋ ਗਏ। ਡਾ. ਅੰਬੇਦਕਰ 'ਤੇ ਮਹਾਤਮਾ ਗਾਂਧੀ ਦੇ ਮੰਨੂਵਾਦ ਦਾ ਅਸਰ ਹੋ ਚੁੱਕਾ ਸੀ ਤੇ ਬਹਾਨਾ ਕੋਈ ਵੀ ਲਾਇਆ ਜਾ ਸਕਦਾ ਸੀ। ਜਿੱਥੋਂ ਤੱਕ ਡਾ. ਅੰਬੇਦਕਰ ਦੇ ਵਾਹਦ ਦਲਿਤ ਲੀਡਰ ਹੋਣ ਦੀ ਗੱਲ ਹੈ ਕਿ ਉਸ ਦੇ ਨਾਲ ਹੀ 6-7 ਕਰੋੜ ਦਲਿਤਾਂ ਨੇ ਵੀ ਸਿੱਖ ਸਜਣਾ ਸੀ, ਇਹ ਵੀ ਗੱਲ ਕੋਈ 100% ਸਹੀ ਨਹੀਂ ਲਗਦੀ। ਉਹ ਦੱਖਣ ਭਾਰਤ ਵਿਚ ਤਾਂ ਦਲਿਤਾਂ ਦਾ ਲੀਡਰ ਉਸ ਵੇਲੇ ਦਾ ਮੰਨਿਆ ਜਾ ਸਕਦਾ ਹੈ ਪਰ ਜਿੱਥੋਂ ਤੱਕ ਉੱਤਰੀ ਭਾਰਤ, ਖਾਸ ਕਰਕੇ ਪੰਜਾਬ ਦੀਆਂ ਹੇਠਲੀਆਂ ਜਾਤਾਂ ਦੀ ਗੱਲ ਹੈ, ਡਾ. ਅੰਬੇਦਕਰ ਉਨ੍ਹਾਂ ਦਾ ਵਾਹਦ ਲੀਡਰ ਨਹੀਂ ਸੀ, ਕਿਉਂਕਿ ਉਸ ਵੇਲੇ ਤੱਕ ਤਾਂ ਬਹੁਤ ਸਾਰੇ ਹੇਠਲੀਆਂ ਜਾਤਾਂ ਕਹਾਉਣ ਵਾਲੇ ਪਹਿਲਾਂ ਹੀ ਅੰਮ੍ਰਿਤ ਛੱਕ ਕੇ ਗੁਰੂ ਦੇ ਪੂਰੇ-ਸੂਰੇ ਸਿੰਘ ਸਜ ਚੁੱਕੇ ਸਨ। ਅਗਲੀ ਗੱਲ ਪਈ ਜੇ ਡਾ. ਅੰਬੇਦਕਰ ਸਿੱਖ ਬਣਦੇ ਤਾਂ ਸਾਰੇ ਅਛੂਤਾਂ ਨੇ ਸਿੱਖ ਬਣ ਜਾਣਾ ਸੀ, ਵੀ ਕੋਈ ਬਹੁਤੀ ਜੱਚਦੀ ਨਹੀਂ ਕਿਉਂਕਿ ਜਦੋਂ ਉਸ ਨੇ ਅਛੂਤਾਂ ਨੂੰ ਬੁੱਧ ਧਰਮ ਧਾਰਨ ਕਰਨ ਨੂੰ ਕਿਹਾ ਤਾਂ ਕਿੰਨੇ ਕੁ ਅਛੂਤ ਉਸ ਦੇ ਕਹੇ 'ਤੇ ਬੋਧੀ ਬਣੇ? ਬਲਕਿ ਜ਼ਿਆਦਾਤਰ ਅਛੂਤ ਕਹਾਉਣ ਵਾਲੇ ਇਸ ਤੋਂ ਉਲਟ ਈਸਾਈ ਬਣ ਗਏ ਅਤੇ ਅੱਜ ਵੀ ਹਨ।

ਜਿੱਥੋਂ ਤੱਕ ਮਹਾਤਮਾ ਗਾਂਧੀ ਦਾ ਸੁਆਲ ਹੈ ਉਹ ਸਿੱਖਾਂ ਨਾਲ ਨਫਰਤ ਆਖਰੀ ਦਮ ਤੱਕ ਰੱਖਦਾ ਰਿਹਾ ਤੇ ਇਸ ਨਫਰਤ ਦਾ ਪ੍ਰਭਾਵ ਉਸ ਨੇ ਅੰਬੇਦਕਰ 'ਤੇ ਵੀ ਪਾ ਦਿੱਤਾ ਸੀ। ਜਿਸ ਦੀ ਪ੍ਰਤੱਖ ਮਿਸਾਲ ਇਹ ਹੈ ਕਿ ਭਾਰਤ ਦੇ ਸੰਵਿਧਾਨ ਦਾ ਰਚਨਹਾਰਾ ਅੰਬੇਦਕਰ ਇਹ ਜਾਣਦਾ ਹੋਇਆ ਵੀ ਕਿ ਸਿੱਖ ਇਕ ਵੱਖਰਾ ਧਰਮ ਤੇ ਕੌਮ ਹੈ, ਸੰਵਿਧਾਨ ਵਿਚ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਲਿਖ ਗਿਆ। ਇਸ ਦਾ ਖਮਿਆਜ਼ਾ ਸਿੱਖ ਤਾਂ ਅੱਜ ਤੱਕ ਭੁਗਤ ਰਹੇ ਹਨ, ਨਾਲ-ਨਾਲ ਪੰਜਾਬ ਵੀ ਭੁਗਤ ਰਿਹਾ ਹੈ। ਇਕ ਵਾਰੀ ਤਾਂ ਉਹਨੂੰ ਵੀ ਕਹਿਣਾ ਪਿਆ ਸੀ ਕਿ "ਜਨਮ ਤਾਂ ਮੇਰੇ ਵਸ ਨਹੀਂ ਸੀ ਪਈ ਮੈਂ ਹਿੰਦੂ ਅਛੂਤ ਘਰ 'ਚ ਪੈਦਾ ਹੋਇਆ, ਪਰ ਇਹ ਪੱਕਾ ਕਿ ਮੈਂ ਹਿੰਦੂ ਮਰਾਂਗਾ ਨਹੀਂ।"

1947 ਤੋਂ ਬਾਅਦ ਪੰਜਾਬ ਵਿਚ ਜੋ ਰੋਲ ਆਰੀਆ ਸਮਾਜੀ ਕੱਟੜ ਹਿੰਦੂਵਾਦ ਨੇ ਅਦਾ ਕੀਤਾ, ਉਸ ਬਾਰੇ ਆਪਾਂ ਨੇ ਬਹੁਤ ਕੁਝ ਪੜ੍ਹਿਆ ਸੁਣਿਆ ਹੈ ਕਿਉਂਕਿ ਇਨ੍ਹਾਂ ਨੂੰ ਸਿੱਖਾਂ ਦੇ ਨਾਲ-ਨਾਲ ਪੰਜਾਬੀ ਜ਼ੁਬਾਨ ਨਾਲ ਵੀ ਨਫ਼ਰਤ ਸੀ ਅਤੇ ਇਨ੍ਹਾਂ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਫਿਰਕਾਪ੍ਰਸਤੀ ਤੇ ਵੱਖਵਾਦ ਦੇ ਨਾਂ ਨਾਲ ਪ੍ਰਚਾਰਿਆ। ਚੰਗੀ ਭਲੀ ਪੰਜਾਬੀ ਬੋਲਣ ਵਾਲੇ ਹਿੰਦੂ ਆਪਣੀ ਮਾਂ-ਬੋਲੀ ਹਿੰਦੀ ਦਰਜ ਕਰਵਾਉਂਦੇ ਸੀ। ਇੰਨਾ ਹੀ ਨਹੀਂ ਇਨ੍ਹਾਂ ਨੇ ਚਾਲਬਾਜ਼ੀ ਵਰਤ ਕੇ ਬਹੁਤੇ ਦਲਿਤ ਵੀਰਾਂ ਤੋਂ ਵੀ 1961 ਦੀ ਮਰਦਮਸ਼ੁਮਾਰੀ ਵਿਚ ਮਾਂ-ਬੋਲੀ ਹਿੰਦੀ ਲਿਖਵਾਈ ਤਾਂ ਕਿ ਬੋਲੀ ਦੇ ਆਧਾਰ 'ਤੇ ਸੂਬਾ ਹੀ ਨਾ ਬਣ ਸਕੇ। ਡਰਾਵਾ ਇਹ ਦਿੱਤਾ ਕਿ ਪੰਜਾਬੀ ਸੂਬੇ ਦਾ ਮਤਲਬ ਸਿੱਖਾਂ ਦਾ ਰਾਜ, ਜਿਸ ਵਿਚ ਇਨ੍ਹਾਂ ਨੇ ਸਿਵਾਏ ਸਿੱਖਾਂ ਦੇ ਹੋਰ ਕਿਸੇ ਨੂੰ ਰਹਿਣ ਨਹੀਂ ਦੇਣਾ। ਐਡੇ ਮੱਕਾਰੀ ਭਰਪੂਰ ਸ਼ੋਸ਼ੇ ਛੱਡੇ ਕਿ ਚੰਗੇ-ਭਲੇ ਲੋਕਾਂ ਵਿਚ ਫਜ਼ੂਲ ਦਾ ਸਹਿਮ ਖੜ੍ਹਾ ਕਰ ਦਿੱਤਾ ਤੇ ਪੇਂਡੂ-ਮਾਹੌਲ ਵਿਚ ਜੱਟ-ਚਮਾਰ ਦੀ ਕਤਾਰਬੰਦੀ ਉਦੋਂ ਤੋਂ ਜ਼ਿਆਦਾ ਉਭਰ ਕੇ ਆਉਣ ਲੱਗ ਪਈ। ਇਹੋ ਜਿਹੀਆਂ ਲੂਤੀਆਂ ਲਾਈਆਂ, ਜਿਸ ਨਾਲ ਦਲਿਤਾਂ ਨੂੰ ਇਹ ਪ੍ਰਭਾਵ ਦਿੱਤਾ ਕਿ ਪਿੰਡ ਵਿਚ ਜੱਟ ਹੀ

(ਬਾਕੀ ਸਫਾ 39 'ਤੇ)

# ਚੁੰਘੀ ਬੱਕਰੀ ਬਣਾ'ਤਾ ਡਾਕਾ...

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

***ਬਹੁਤੇ ਲੋਕ ਭਾਵੇਂ ਇਸ ਗੱਲ ਦਾ ਬੁਰਾ ਤਾਂ ਮਨਾਉਣਗੇ, ਪਰ ਧਾਰਮਿਕ ਗ੍ਰੰਥਾਂ 'ਚੋਂ ਜਾਂ ਧਾਰਮਿਕ ਲੋਕਾਂ ਤੋਂ ਅੱਖਰ ਕੱਢਵਾ ਕੇ ਨਾਂ ਰਖਵਾਉਣ ਵਿਚ ਫਰਕ ਨਹੀਂ ਪੈਂਦਾ। ਨਾਂ ਦੀ ਲੱਜ ਪਾਲਣ ਤੇ ਨਾਂ ਬਣਾਉਣ ਲਈ ਕਮਾਈ ਕਰਨੀ ਪੈਂਦੀ ਹੈ। ਇਹ ਵੱਖਰੀ ਗੱਲ ਹੈ ਕਿ ਕਈਆਂ ਨੇ ਗੰਗੂ ਤੇ ਚੰਦੂ ਵਾਂਗ ਪਾਪ ਤੇ ਧੋਖੇ ਜਾਂ ਗੱਦਾਰੀ ਦੀ ਖੋਟੀ ਕਮਾਈ ਕਰ ਲਈ ਹੋਵੇ। ਇਕ ਇਤਿਹਾਸਕਾਰ ਦਾ ਕਥਨ ਸੀ ਜੇ ਮੁਲਕ 'ਚੋਂ ਜੁਰਮ, ਧੱਕਾ ਤੇ ਪਾਪ ਮੁਕਾਉਣਾ ਹੈ ਤਾਂ ਸਭ ਤੋਂ ਪਹਿਲਾਂ ਹਾਕਮਾਂ ਤੇ ਰਾਜਨੀਤਕ ਲੋਕਾਂ ਨੂੰ ਇਨਸਾਨੀਅਤ ਦੀ ਸਹੁੰ ਚੁੱਕਣੀ ਪਵੇਗੀ। ਜਿਹੜੀਆਂ ਸਹੁੰਆਂ ਕੁਰਸੀਆਂ 'ਤੇ ਕਬਜ਼ੇ ਲਈ ਚੁੱਕੀਆਂ ਜਾਂਦੀਆਂ ਨੇ ਉਹ ਸਿਰਫ ਲੋਕ-ਵਿਖਾਵਾ ਹੀ ਹੁੰਦੀਆਂ ਨੇ। ਮਹਾਤਮਾ ਬੁੱਧ ਤਾਂ ਇਹ ਕਹਿੰਦਾ ਰਿਹਾ ਕਿ ਮੂਰਤੀਆਂ ਨਾ ਪੂਜੋ, ਪਰ ਦੁਨੀਆਂ ਵਿਚ ਸਭ ਤੋਂ ਵਧ ਮੂਰਤੀਆਂ ਉਸੇ ਦੀਆਂ ਹਨ ਤੇ ਇਹ ਵੀ ਉਚਿਤ ਹੈ ਕਿ ਲੀਡਰ ਦੇ ਭਾਸ਼ਣ 'ਤੇ ਨਹੀਂ ਕਿਰਦਾਰ 'ਤੇ ਵਿਸ਼ਵਾਸ ਕਰੋ। ਹਕੂਮਤ ਦੇ ਨਸ਼ੇ ਵਿਚ ਪਾਪ ਦੀ ਹੱਦ ਇਸ ਤੋਂ ਵੱਡੀ ਕੀ ਹੋ ਸਕਦੀ ਹੈ ਕਿ ਰਾਜ ਸੱਤਾ ਲਈ ਪੁੱਤਰ ਪਿਓ ਦਾ ਕਤਲ ਕਰਦਾ ਰਿਹਾ ਹੈ ਤੇ ਪਿਓ ਹੱਥੀਂ ਪੁੱਤਾਂ ਦੇ ਸਿਰ ਲਾਹੁੰਦਾ ਆਇਆ ਹੈ। ਅਸਲ ਵਿਚ ਹਕੂਮਤਾਂ ਭਲਮਾਣਸੀ ਨਾਲ ਮਿਲਦੀਆਂ ਹੀ ਨਹੀਂ, ਇਸੇ ਕਰਕੇ ਭਲੇਮਾਣਸ ਘਰਾਂ 'ਚ ਹੀ ਰਹਿੰਦੇ ਨੇ। ਹੀਰ ਬਾਅਦ 'ਚ ਜੰਮੀ ਸੀ, ਕੈਦੋਂ ਪਹਿਲਾਂ ਆ ਗਿਆ ਸੀ। ਜਿਵੇਂ ਸਿਆਣੇ ਕਹਿੰਦੇ ਨੇ ਕਿ ਸੋਹਣੀ ਔਰਤ ਦਾ ਮਹਿਮਾਨ ਬਣਨ ਲਈ ਹਰ ਬੰਦਾ ਕਾਹਲਾ ਹੁੰਦਾ ਹੈ ਤੇ ਸਭ ਅਸੂਲਾਂ ਨੂੰ ਧਲਿਆਰੇ ਪਾ ਕੇ ਹੀ ਚਿੱਟੇ ਕੱਪੜੇ ਪਹਿਨਣ ਦਾ ਨੁਸਖਾ ਸਮਝਣ ਲੱਗਦਾ ਹੈ। ਮਾਈਕਰੋਫੋਨ ਦੀ ਕਾਢ ਤਾਂ ਚੰਗੀਆਂ ਗੱਲਾਂ ਬਹੁਤੇ ਲੋਕਾਂ ਦੇ ਖਾਨੇ 'ਚ ਪਾਉਣ ਲਈ, ਉਨ੍ਹਾਂ ਦੇ ਕੰਨਾਂ ਤੱਕ ਪੁੱਜਦੀ ਕਰਨ ਲਈ ਕੱਢੀ ਗਈ ਸੀ, ਪਰ ਲਗਦਾ ਨਹੀਂ ਕਿ ਰਾਜਨੀਤੀ 'ਚ ਲਾਰੇ ਲਾਉਣੇ, ਝੂਠ ਬੋਲਣਾ ਇਨ੍ਹਾਂ ਲੋਕਾਂ ਨੇ ਮਾਈਕਰੋਫੋਨ ਨੂੰ ਵੀ ਸਿਖਾ ਦਿੱਤਾ ਹੈ। ਕਾਨੂੰਨ ਤੋਂ ਕੋਈ ਉਪਰ ਨਹੀਂ ਕਹਿਣ ਵਾਲੇ ਕਾਨੂੰਨ ਨੂੰ ਕਦੋਂ ਦਾ ਗੋਡਿਆਂ ਥੱਲੇ ਲਈ ਬੈਠੇ ਹੁੰਦੇ ਹਨ। ਇਸੇ ਕਰਕੇ ਬਹੁਤੇ ਰਾਜਨੀਤਕ ਲੋਕਾਂ ਦੇ ਮਾੜੇ ਕੰਮਾਂ ਕਰਕੇ ਚਰਚੇ ਤਾਂ ਹੋਏ ਨੇ, ਪਰ ਸਜ਼ਾਵਾਂ ਨਹੀਂ ਹੋਈਆਂ। ਸੱਚ ਬੋਲ ਕੇ ਰਾਜਨੀਤੀ ਚਲਦੀ ਕਦੋਂ ਹੈ? ਸ਼ਾਇਦ ਇਸ ਕਰਕੇ...।***

ਪਤਲੇ ਜਾਂ ਗੁੰਦਵੇਂ ਸ਼ਰੀਰ ਵਾਲੇ ਮਨੁੱਖ ਨੇ ਸਾਧਾਰਨ ਪਹਿਰਾਵਾ ਵੀ ਪਾਇਆ ਹੋਵੇ ਤਾਂ ਉਹ ਸੁੰਦਰ ਲੱਗਦਾ ਹੈ ਤੇ ਫੈਸ਼ਨ ਦਾ ਫਾਰਮੂਲਾ ਉਸ 'ਤੇ ਲਾਗੂ ਹੁੰਦਾ ਹੈ। ਮੋਟੇ ਬੰਦੇ ਕਿੰਨੀਆਂ ਵੀ ਪੁਸ਼ਾਕਾਂ ਪਹਿਨ ਲੈਣ ਤੰਬੂ 'ਚ ਵੜੇ ਹੋਏ ਹੀ ਲੱਗਦੇ ਨੇ। ਧਰਮ ਤੇ ਪਾਪ ਦੀ ਲੜਾਈ ਯੁੱਗਾਂ ਤੋਂ ਚੱਲਦੀ ਰਹੀ ਹੈ, ਜਿਸ ਦਿਨ ਪਾਪ ਮੁੱਕ ਗਿਆ ਧਰਮ ਵੀ ਨਹੀਂ ਰਹਿਣਾ। ਰਾਜਨੀਤਕ ਲੋਕਾਂ ਨੂੰ ਹੱਥ ਜੋੜ ਕੇ ਵੋਟਾਂ ਮੰਗਣ ਦੀ ਆਦਤ ਇਸ ਕਰਕੇ ਪਈ ਹੁੰਦੀ ਹੈ, ਕਿਉਂਕਿ ਉਹ ਜਾਣਦੇ ਹਨ ਕਿ ਜਿਸ ਦਿਨ ਹਕੂਮਤ ਹੱਥ ਆਈ ਚੰਮ ਦੀਆਂ ਵੀ ਇਨ੍ਹਾਂ ਹੱਥਾਂ ਨਾਲ ਚਲਾਵਾਂਗੇ। ਰਾਜਨੀਤੀ ਤੇ ਗੁੰਡਾਗਰਦੀ ਦਾ ਰਿਸ਼ਤਾ ਆਪਣੇ ਮੁਲਕ ਵਿਚ ਝੱਗੇ-ਪਜਾਮੇ ਵਾਲਾ ਬਣ ਗਿਆ ਹੈ।

ਪੰਜਾਬ ਵਿਚ ਜਿਨ੍ਹਾਂ ਦਿਨਾਂ ਵਿਚ ਕਾਲੇ ਕੱਛੇ ਵਾਲਿਆਂ ਦਾ ਰੌਲਾ ਕਾਲੀ ਨੇਰ੍ਹੀ ਵਾਂਗ ਚੜ੍ਹਿਆ, ਉਨ੍ਹਾਂ ਦਿਨਾਂ ਵਿਚ ਪ੍ਰੇਮੀਆਂ ਨੂੰ ਸਭ ਤੋਂ ਵਧ ਨੁਕਸਾਨ ਉਠਾਉਣਾ ਪਿਆ ਤੇ ਉਹ ਛਿੱਤਰਾਂ ਦੇ ਮੀਂਹ ਵਿਚ ਫਸ ਗਏ। ਕਈਆਂ ਦੀ ਗਿੱਚੀ ਏਨੀ ਬੁਰੀ ਤਰ੍ਹਾਂ ਭੰਨੀ ਗਈ ਕਿ ਆਪਣਾ ਹੀ ਮੂੰਹ ਵਾਰ ਵਾਰ ਧੋ ਕੇ ਸ਼ੀਸ਼ੇ ਕੋਲ ਪੁੱਛਦੇ ਰਹੇ-ਮੈਂ ਹੀ ਹਰਨੇਕ ਸਿਹੁੰ ਹਾਂ! ਕਿਉਂਕਿ ਰਾਤ ਨੂੰ ਕੱਚੀਆਂ ਕੰਧਾਂ ਟੱਪਦਿਆਂ ਲੋਕਾਂ ਨੇ ਕਾਲੇ ਕੱਛੇ ਆਲਿਆਂ ਦੇ ਭੁਲੇਖੇ 'ਚ ਸਾਧ ਵੀ ਗੜਬੀ ਵਾਂਗ ਮਾਂਜ ਦਿੱਤੇ। ਇਨ੍ਹਾਂ ਦਿਨਾਂ ਵਿਚ ਹੀ ਬੱਬੂ ਮਾਨ ਨੂੰ ਉਹਦਾ ਪਹਿਲਾ ਗੀਤ ਹੀ ਹਿੱਟ ਬਣਾ ਗਿਆ 'ਰਾਤੀਂ ਮਿਲਣ ਨਾ ਆਈਂ ਵੇ, ਪਿੰਡ ਪਹਿਰਾ ਲੱਗਦੈ।' ਗੀਤ ਲਿਖਣ ਵਾਲਿਆਂ ਨੂੰ ਪਤੈ ਕਿ ਵਿਸ਼ੇ ਲੱਭਣੇ ਕਿੰਨੇ ਔਖੇ ਹੁੰਦੇ ਨੇ? ਬਾਬੂ ਸਿੰਘ ਮਾਨ ਦੇ ਗੀਤ, ਜਿਸ ਨੂੰ ਸਦੀਕ-ਰਣਜੀਤ ਦੀ ਜੋੜੀ ਨੇ ਗਾਇਆ ਸੀ, 'ਮਾੜੀ ਹੋਈ ਅਮਲੀ ਨਾਲ ਚੁੰਘੀ ਬੱਕਰੀ ਬਣਾ'ਤਾ ਡਾਕਾ...' ਪਿੱਛੇ ਕਹਾਣੀ ਕੀ ਹੈ? ਇਹ ਤਾਂ ਤੁਹਾਡੇ ਵਾਂਗ ਮੈਨੂੰ ਵੀ ਪਤਾ ਨ੍ਹੀਂ ਪਰ ਸੁਣਦੇ ਇਹ ਹਾਂ ਕਿ ਮਾਲਵੇ ਦੇ ਜਿਨ੍ਹਾਂ ਪਿੰਡਾਂ ਵਿਚ ਅਮਲੀਆਂ ਦੀ ਗਿਣਤੀ ਵਧੇਰੇ ਰਹੀ ਹੈ ਉਥੇ ਰਾਤ ਨੂੰ ਜਾਂ ਤਾਂ ਕੁੱਕੜ ਵੱਧ ਚੋਰੀ ਹੋਏ ਹਨ ਤੇ ਜਾਂ ਫਿਰ ਕੁੱਤੇ ਵਾਂਗ ਕਾੜ੍ਹਨੀ ਇਹੋ ਲੋਕ ਚੱਟਦੇ ਰਹੇ ਹਨ। ਹਠੂਰ ਦੇ ਇਕ ਅਮਲੀ ਭਾਨੇ ਦੀ ਕਹਾਣੀ ਹੈ ਕਿ ਦਿਨ ਨੂੰ ਵਿਚਾਰਾ ਪੀਨਕ ਲਾ ਕੇ ਸੁੱਤਾ ਰਿਹਾ ਤੇ ਰਾਤ ਨੂੰ ਭੁੱਖ ਲੱਗੀ ਤਾਂ ਲੱਭੇ ਕੁਝ ਨਾ। ਦਿਮਾਗ ਕੰਮ ਕਰ ਗਿਆ ਕਿ ਸਾਂਸੀਆਂ ਦੇ ਵਾੜੇ 'ਚ ਬੱਕਰੀਆਂ ਖੁੱਲ੍ਹੀਆਂ ਹੁੰਦੀਆਂ ਨੇ ਉਥੇ ਦੁੱਧ ਚੁੰਘ ਆਉਂਦੇ ਹਾਂ। ਮਾੜੀ ਕਿਸਮਤ ਨੂੰ ਰੰਗੇ ਹੱਥੀਂ ਬੱਕਰੀ ਦੀਆਂ ਧਾਰਾਂ ਮੂੰਹ 'ਚ ਮਾਰਦਾ ਫੜ੍ਹਿਆ ਗਿਆ। ਵਿਚਾਰੇ ਦੇ ਪੈ ਗਿਆ ਨਿਆਣਾ। ਕੁੱਟ ਕੁੱਟ ਕੇ ਹਲਾਲ ਕਰਤਾ ਬੱਕਰੇ ਵਾਂਗ। ਦਿਨ ਚੜ੍ਹਦੇ ਨੂੰ ਪੁਲਿਸ ਫੜ੍ਹ ਕੇ ਲੈ ਗਈ ਤੇ ਡਾਕੇ ਦਾ ਕੇਸ ਬਣਾ ਕੇ ਜੇਲ੍ਹ ਡੱਕ'ਤਾ। ਬੱਕਰੀ ਦਾ ਦੁੱਧ ਊਠਣੀ ਨਾਲੋਂ ਵੀ ਮਹਿੰਗਾ ਪਿਆ, ਜਦੋਂ ਛੇ ਮਹੀਨੇ ਪਿੱਛੋਂ ਰਿਹਾ ਹੋ ਕੇ ਆਪਣੇ ਸਾਥੀ ਅਮਲੀਆਂ ਨੂੰ ਕਹਿੰਦਾ ਫਿਰੇ ਸਾਲਿਓ ਬੱਕਰੀ ਨਾਲੋਂ ਕੁੱਤੀ ਦਾ ਸਹਾਰਾ ਲੈ ਲਿਓ।

...ਤੇ ਜਿਹੜੀ ਮੈਂ ਹੱਡ ਬੀਤੀ ਸੁਣਾਉਣ ਲੱਗਾ ਹਾਂ ਉਹ ਇਉਂ ਹੈ ਕਿ ਬੱਕਰੀ ਤਾਂ ਅਸੀਂ ਨਹੀਂ ਚੁੰਘੀ, ਪਰ ਡਾਕਾ ਬੜਾ ਬੁਰਾ ਪਿਆ। ਹਾਲਾਂਕਿ ਜੇ ਗਰਮੀਆਂ ਵਿਚ ਢਿੱਡ ਦੁਖਣ ਲੱਗ ਪਵੇ ਤਾਂ ਮਲਮਲ ਦੀ ਕੁੜਤੀ ਵੀ ਖੇਸ ਵਾਂਗ ਭਾਰੀ ਲੱਗਦੀ ਹੈ। ਤੁਸੀਂ ਵੀ ਬੜੀਆਂ ਫ਼ਿਲਮਾਂ ਵੇਖੀਆਂ ਨੇ ਕਿ ਕਿਵੇਂ ਰਾਜਨੀਤਕ ਲੋਕ ਵੋਟਾਂ ਦਾ ਝੋਨਾ ਸਾਭੀਂ ਰੱਖਣ ਲਈ ਦੰਗੇ ਕਰਵਾਉਂਦੇ ਹਨ। ਕਤਲ ਕਰਵਾਉਂਦੇ ਹਨ। ਜੇ ਹਕੀਕਤ ਵੇਖਣੀ ਹੈ ਤਾਂ 84 ਦੇ ਦਿੱਲੀ ਆਲੇ ਸਿੱਖ ਕਤਲੇਆਮ ਵਿਚ ਟਾਈਟਲਰ ਵਰਗੇ ਲੱਖ ਗੰਗਾ ਨਹਾ ਕੇ ਆਈ ਜਾਣ, ਕਦੇ ਪਾਪ ਲਕੋਇਆਂ ਲੁਕਦੇ ਨਾ, ਗੱਲ ਸੱਚੀ ਆਖਰ ਨਿੱਤਰਦੀ...ਵਾਂਗ ਸੱਚਾਈ ਨੂੰ ਜੱਗ ਜਾਣਦੈ ਤੇ ਗੁਜਰਾਤ 'ਚ ਵੀ ਇਕ ਫਿਰਕੇ ਦੇ ਲੋਕਾਂ ਦੇ ਕਤਲ ਦਾ ਪਾਪ ਇਕ ਬੀਬੀ ਦਾੜ੍ਹੀ ਵਾਲਾ ਆਪਣੇ ਲੰਬੇ ਕੁੜਤੇ ਹੇਠ ਲੁਕਾਉਣ ਦੇ ਯਤਨ ਵਿਚ ਕਾਲੀਆਂ ਵਰਦੀਆਂ ਵਾਲੇ ਅੰਗ ਰੱਖਿਅਕਾਂ 'ਚ ਹਰ ਵੇਲੇ ਪਿੰਜਰੇ 'ਚ ਨੂੜਿਆ ਰਹਿੰਦੈ। ਧਰਨੇ, ਮੁਜ਼ਾਹਰੇ, ਸਾੜ ਫੂਕ, ਹੜਤਾਲਾਂ ਕੀਤੀਆਂ ਤਾਂ ਲੋਕਾਂ ਨੇ ਹੀ, ਪਰ ਬੰਦ ਦਰਵਾਜ਼ੇ ਓਹਲੇ ਰਿਮੋਟ ਇਨ੍ਹਾਂ ਚਿੱਟੇ ਕਪੜਿਆਂ ਵਾਲਿਆਂ ਦੇ ਖੀਸੇ 'ਚ ਹੀ ਰਿਹੈ।

ਪਤੀ ਦੀ ਸਤਾਈ ਪਤਨੀ ਮੱਥੇ 'ਤੇ ਹੱਥ ਮਾਰ ਕੇ ਅਲਜਬਰੇ ਵਾਂਗ ਫੁੱਟੇ ਲੇਖਾਂ ਦਾ ਬੜਾ ਹਿਸਾਬ ਕਰਦੀ ਹੈ ਕਿ ਪਤਾ ਨਹੀਂ ਪਿਛਲੇ ਜਨਮ ਵਿਚ ਕਿਹੜੇ ਪਾਪ ਕੀਤੇ ਹੋਣਗੇ, ਜਿਹੜਾ ਇਹ 'ਰਾਜਾ ਭੋਜ' ਪੱਲੇ ਪੈ ਗਿਆ ਹੈ। ਬੀ.ਆਰ. ਚੋਪੜਾ ਦਾ ਮਹਾਂਭਾਰਤ ਤੁਸੀਂ ਵੀ ਟੀ.ਵੀ. 'ਤੇ ਹੀ ਮੇਰੇ ਵਾਂਗ ਵੇਖਿਆ ਹੈ, ਪਰ ਜਿਹੜਾ ਮਹਾਂਭਾਰਤ ਕਲਯੁੱਗ ਹੱਡੀਂ ਵੇਖਿਆ ਤੇ ਤਨ 'ਤੇ ਹੰਢਾਇਆ, ਉਹ ਸਾਰਾ ਕੁਝ ਰਾਜਨੀਤਕ ਆਕਿਆਂ ਨਾਲ ਹੀ ਹੋਂਦ ਵਿਚ ਆਇਆ ਸੀ।

ਹੋਇਆ ਇਉਂ ਕਿ ਜਲੰਧਰ ਦੂਰਦਰਸ਼ਨ ਨੇ ਨਵੇਂ ਵਰ੍ਹੇ ਦੇ 'ਹੁੱਲੇ ਹੁਲਾਰੇ', 'ਜਰਾ ਬਚ ਕੇ ਮੋੜ ਤੋਂ", 'ਲਾਰਾ ਲੱਪਾ', ਵਰਗੇ ਅਨੇਕਾਂ ਹਿੱਟ ਪ੍ਰੋਗਰਾਮ ਪੰਜਾਬੀਆਂ ਨੂੰ ਦਿਤੇ ਹਨ, ਪਰ ਜਦੋਂ ਦਾ ਇਹ ਪਰਸਾਰ ਭਾਰਤੀ ਦੀ ਕਮਾਂਡ ਹੇਠ ਚਲਾ ਗਿਆ, ਬ੍ਰਾਡਕਾਸਟਿੰਗ ਮਹਿਕਮੇ ਲਈ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਬਣ ਗਿਆ ਹੈ। ਭਾਰਤ ਵਿਚ ਸਭ ਤੋਂ ਵਧ ਰੈਵੀਨਿਊ ਜਲੰਧਰ ਦੂਰਦਰਸ਼ਨ ਹੀ ਦਿੰਦਾ ਹੈ ਤੇ ਇਹਦੇ ਵਿਚ ਬਹੁਤਾ ਯੋਗਦਾਨ ਵਿਚਾਰੇ ਸੰਘਰਸ਼ ਕਰ ਰਹੇ ਗਾਇਕਾਂ ਦਾ ਹੈ। ਇਕ ਗੀਤ ਤਿੰਨ ਕੁ ਮਿੰਟ ਦਾ ਚਲਾਉਣ ਲਈ ਵੀਹ-ਪੰਝੀ ਹਜ਼ਾਰ ਦੇਣਾ ਪੈਂਦਾ। ਸਾਲ 2007 ਵਿਚ ਅਸੀਂ ਕੁਝ ਐਨ.ਆਰ.ਆਈ. ਮਿੱਤਰਾਂ ਨਾਲ ਰਲ ਕੇ ਬੋਲੀ ਨਾਲ ਬਾਰਾਂ ਲੱਖ 'ਚ ਖਰੀਦ ਲਿਆ ਤੇ ਇਕੱਤੀ ਦਸੰਬਰ ਰਾਤ ਦਸ ਤੋਂ ਗਿਆਰਾਂ ਵਜੇ ਤੱਕ ਚੱਲਣਾ ਸੀ। ਨਾਂ ਰੱਖ ਲਿਆ 'ਛਣਕਾਟਾ ਪੈਂਦਾ ਗਲੀ ਗਲੀ'। ਜਲੰਧਰ ਦੇ ਇਕ ਲਾਗਲੇ ਸ਼ਹਿਰ ਜਿਥੋਂ ਦੇ ਪੰਜਾਬੀ ਗਾਇਕ ਭਗਵਾਂ ਪਾਉਣ ਨੂੰ ਕਾਹਲੇ ਨੇ, ਵਿਚ ਇਕ ਮੈਰਿਜ ਪੈਲੇਸ ਕਿਰਾਏ 'ਤੇ ਰੱਖ ਕੇ ਮਹਿੰਗੇ ਭਾਅ ਦਾ ਸੈੱਟ ਲਾ ਕੇ ਸੂਟਿੰਗ ਸ਼ੁਰੂ ਕਰ ਲਈ। ਪਹਿਲੀ ਖਰੋੜ ਇਹ ਹੋਈ ਕਿ ਚਰਖੇ, ਪੂਣੀਆਂ ਭਿਉਣ ਵਾਲੇ ਗਾਇਕ ਨੇ ਟਾਈਟਲ ਗੀਤ ਗਾਉਣਾ ਸੀ ਇਕ ਨੱਚਣ ਵਾਲੀ ਕੁੜੀ ਨਾਲ। ਕਿਸੇ ਪੁਰਾਣੇ ਅੱਖ ਵੱਢੂ ਤੋਂ ਔਖਾ ਹੋ ਕੇ, ਸ਼ਰਾਬ ਨਾ ਮਿਲਣ ਕਰਕੇ ਗਾਲ੍ਹਾਂ ਕੱਢਦਾ ਅੱਧ ਵਿਚਾਕਾਰੋਂ ਨੱਸ ਗਿਆ ਤੇ ਉਹਨੇ ਮਾਲਵੇ ਦੇ ਚੰਡੀਗੜ੍ਹ ਰਹਿੰਦੇ ਇਕ ਦੋ ਗਾਣਾ ਗਾਇਕ ਨੂੰ ਵੀ ਭੰਨ ਲਿਆ।

ਸੂਟਿੰਗ ਸਰੋਤਿਆਂ ਦੀ ਹਾਜ਼ਰੀ ਵਿਚ ਰਾਤ ਭਰ ਚਲਦੀ ਸੀ। ਗਿੱਧੇ ਗੀਤਾਂ ਨੇ ਲੋਕਾਂ ਨੂੰ ਮਸਤ ਕੀਤਾ ਹੋਇਆ ਸੀ। ਰੱਬ ਦੀ ਮਰਜ਼ੀ ਇਹ ਹੋਈ ਕਿ ਪੈਲਿਸ ਵਾਲਿਆਂ ਦਾ ਇਕ ਮਿੱਤਰ ਜਿਹੜਾ ਸਾਡੀ ਮੁੱਠੀ ਚਾਪੀ ਤੇ ਸੇਵਾ ਵਧ ਕਰਦਾ ਸੀ, ਪੀਤੀ-ਖਾਧੀ ਵਿਚ ਸੈਟ 'ਤੇ ਚੜ੍ਹ ਕੇ ਕੁੜੀਆਂ ਨਾਲ ਪੰਜ ਕੁ ਮਿੰਟ ਬਾਅਦ ਨੱਚਣ ਲਈ ਆ ਚੜ੍ਹਿਆ। ਉਹਨੂੰ ਬੜਾ ਸਮਝਾਇਆ ਕਿ ਕੈਮਰੇ ਚਲਦੇ ਨੇ। ਇਹ ਦੂਰਦਰਸ਼ਨ ਦਾ ਅਹਿਮ ਪ੍ਰੋਗਰਾਮ ਹੈ, ਨਾ ਕਰ ਏਦਾਂ। ਪਰ ਉਹ ਪਿਓ ਦਾ ਪੁੱਤ ਬਾਜ ਨਾ ਆਇਆ। ਆਖਿਰ ਗਲ ਨਾ ਬਣਦੀ ਦੇਖ ਕੇ ਮੁੱਖ ਪ੍ਰੋਡਿਊਸਰ ਜੋ ਕੈਨੇਡਾ ਦਾ ਰਹਿਣ ਵਾਲਾ ਸੀ, ਦੇ ਦੋ-ਚਾਰ ਮਿੱਤਰ ਦੋਸਤਾਂ ਨੇ ਉਹਦੇ ਚਾਰ ਜੜ'ਤੀਆਂ। ਅੱਗੋਂ ਉਹਨੇ ਜਦੋਂ ਮਾਂ-ਭੈਣ ਇਕ ਕਰ'ਤੀ ਤਾਂ ਇਕ ਮੁੰਡੇ ਤੋਂ ਉਹਦੇ ਜਬਾੜੇ 'ਤੇ ਹੂਰਾ ਵੱਜ ਗਿਆ। ਬੁੱਲ੍ਹ ਪਾਟ ਗਏ, ਲਹੂ ਨਾਲ ਚਿੱਟਾ ਝੱਗਾ ਲਾਲ ਗੁਲਾਲ ਫੁੱਲਾਂ ਵਾਲਾ ਬਣ ਗਿਆ। ਇਹ ਸਾਰਾ ਕੁਝ ਹਾਲ ਤੋਂ ਬਾਹਰ ਹੀ ਵਾਪਰਿਆ ਸੀ। ਰੌਲੇ ਰੱਪੇ ਵਿਚ ਜਦੋਂ ਮੈਂ ਬਾਹਰ ਆਇਆ ਤਾਂ ਉਹਨੂੰ ਗਲ਼ ਨਾਲ ਲਾ ਕੇ ਠੰਢਾ ਕਰਦਿਆਂ ਹਜ਼ਾਰ ਰੁਪਿਆ, ਉਸ ਦੀ ਜੇਬ ਵਿਚ ਪਾ ਕੇ ਕਿਹਾ, ਤੇਰੇ ਨਾਲ ਜ਼ਿਆਦਤੀ ਹੋਈ ਹੈ, ਮੈਂ ਮੁਆਫੀ ਮੰਗਦਾ ਤੈਥੋਂ। ਤੂੰ ਤਾਂ ਮੇਰਾ ਬੜੇ ਭਰਾਵਾਂ ਵਰਗਾ ਐਂ। ਤੇ ਉਹ ਵਿਸ ਘੋਲਦਾ ਸਕੂਟਰ ਚੁੱਕ ਕੇ ਬਾਹਰ ਨਿਕਲ ਗਿਆ। ਅਸੀਂ ਤਾਂ ਇਹ ਸੋਚਿਆ ਸੀ ਕਿ ਸ਼ਾਂਤੀ ਦਾ ਛਰਾਟਾ ਪੈ ਗਿਆ ਹੈ, ਪਰ ਇਹ ਤਾਂ ਹਾਲੇ ਦਰੋਪਤੀ ਦਾ ਚੀਰ ਹਰਣ ਹੋਇਆ ਸੀ।

ਅਮ੍ਰਿਤ ਵਿਰਕ ਦਾ ਗੀਤ 'ਮੇਰੇ ਗੁੱਤ ਦੇ ਪਰਾਂਦੇ ਕੋਲੋਂ ਬੱਚ ਕੇ ਗੱਭਰੂਆਂ ਰਹਿ ਵੇ'... ਉੱਤੇ ਅੰਦਰ ਖੂਬ ਨਾਚ ਹੋ ਰਿਹਾ ਸੀ। ਸਰੋਤਿਆਂ ਦੀ ਭੀੜ ਕੁਰਸੀਆਂ 'ਤੇ ਖੜ੍ਹ ਕੇ ਭੰਗੜਾ ਪਾ ਰਹੀ ਸੀ। ਅੱਧੀ ਰਾਤ ਵੀ ਲੰਘ ਗਈ ਸੀ। ਅਗਲਾ ਗੀਤ ਹਾਲੇ ਕੁਲਦੀਪ ਮਾਣਕ ਦੇ ਬੇਟੇ ਯੁੱਧਵੀਰ ਮਾਣਕ ਦਾ ਸ਼ੁਰੂ ਹੀ ਕੀਤਾ ਸੀ ਕਿ ਆ ਗਈਆਂ ਧਾੜਾਂ, ਸਾਹਿਬਾਂ ਦੇ ਵੀਰ ਸ਼ਮੀਰਾਂ ਵਾਂਗ ਚੜ੍ਹ ਕੇ। ਲਿਸ਼ਕਦੀਆਂ ਤਲਵਾਰਾਂ, ਟਕੂਏ, ਗੰਡਾਸੇ ਜਿਵੇਂ ਜ਼ਮੀਨ ਦਾ ਕਬਜ਼ਾ ਲੈਣਾ ਹੁੰਦੈ। ਜਿੱਥੇ ਕੁਝ ਪਲ ਪਹਿਲਾਂ ਜਸ਼ਨ ਦਾ ਸ਼ੋਰ ਸੀ, ਉਥੇ ਮਾਰ ਤੇ ਓਏ, ਬਚਾ ਲੋ ਓਏ...ਭੱਜ ਲੋ ਓਏ, ਕਿੱਥੇ ਐ ਨੇਕਾ ਹੋਣ ਲਗੀ। ਜਿਸ ਸਟੇਜ ਉਤੇ ਕੁੜੀਆਂ ਨੱਚ ਰਹੀਆਂ ਸਨ, ਉਹ ਕਾਰਗਿਲ ਦੀ ਉੱਚੀ ਪੋਸਟ ਵਾਂਗ ਉਨ੍ਹਾਂ ਦੇ ਕਬਜ਼ੇ ਹੇਠ ਸੀ। ਜਿਵੇਂ ਛੱਲੀਆਂ ਉਤੇ ਡਾਂਗਾਂ ਵੱਜਦੀਆਂ ਹਨ ਇਵੇਂ ਦੋ ਬੁੱਲ੍ਹ ਪਾੜਨ ਵਾਲੇ ਮੁੰਡੇ ਤਾਂ ਬੁਰੀ ਤਰ੍ਹਾਂ ਵੱਢ ਦਿੱਤੇ। ਕਾਲਜਾਂ ਦੀਆਂ ਗਿੱਧਾ ਪਾਉਣ ਵਾਲੀਆਂ ਕੁੜੀਆਂ ਦੇ ਚੀਕ ਚਿਹਾੜੇ ਨਾਲ ਮੈਰਿਜ ਪੈਲਿਸ ਗੂੰਜ ਰਿਹਾ ਸੀ। ਸੈਂਕੜੇ ਤਲਵਾਰਾਂ ਦਰਯੋਧਨ ਦੀ ਸੈਨਾ ਵਾਂਗ ਉਲਰ ਰਹੀਆਂ ਸਨ। ਕੈਮਰਿਆਂ ਵਾਲੇ ਬਚਾ ਲੋ, ਬਚਾ ਲੋ ਕਰਦੇ ਜਿਧਰ ਦੇਖਿਆ ਉਧਰ ਨਿਕਲ ਗਏ। ਪ੍ਰੋਡਿਊਸਰ ਸਟੇਜ ਹੇਠਾਂ ਲੁੱਕ ਕੇ ਬੱਚਿਆ। ਮੈਂ ਪੈਲਿਸ ਦੇ ਮੇਨ ਗੇਟ ਵਲ ਭੱਜਿਆ। ਮੂਹਰੇ ਕਾਰਾਂ ਦਾ ਅੜਿੱਕਾ। ਬਾਹਰ ਹੱਲਾ-ਗੁੱਲਾ ਅੰਦਰ ਨਾਲੋਂ ਵੀ ਸਿਖ਼ਰ ਉੱਤੇ ਸੀ। ਇਕ ਸਰਦਾਰ ਬਜ਼ੁਰਗ ਮੁੱਖ ਗੇਟ ਦੇ ਬਾਹਰ, ਜੋ ਸ਼ਾਇਦ ਪਹਿਲ ਕਰਨ ਵਾਲੇ ਮੁੰਡਿਆਂ ਦਾ ਪਿਓ ਸੀ। ਲੱਤਾਂ ਨਿਸਾਲ ਕੇ ਪਾਣੀ ਮੰਗ ਰਿਹਾ ਸੀ। ਪੱਗ ਖੁੱਲ੍ਹ ਕੇ ਗਲ 'ਚ ਪਈ ਹੋਈ ਸੀ ਤੇ ਸਿਰ 'ਚੋਂ ਖੂਨ ਦੇ ਧਰਾਲ ਚੱਲ ਰਹੇ ਸਨ। ਮੇਰੇ ਪਿੱਛੇ ਵਿਗੜੇ ਕਾਕਿਆਂ ਦੀ ਮੁੰਡ੍ਹੀਰ ਪੈ ਗਈ ਅਖੇ ਆਹੀ ਚੁੱਕੀ ਫਿਰਦਾ ਸਾਰਿਆਂ ਨੂੰ ਤੇ ਲੱਗਦੇ ਹੱਥ ਹੀ ਤਾੜ ਕਰਦੀ ਡਾਂਗ ਮੋਰਾਂ 'ਚ ਵੱਜੀ। ਇਕ ਨੇ ਵਗ੍ਹਾ ਕੇ ਦਾਤ ਮਾਰਿਆ, ਪਰ ਨਿਸ਼ਾਨਾ ਖੁੰਝ ਗਿਆ। ਮੈਂ ਦਰਮਿਆਨੀ ਜਿਹੀ ਪੈਲੇਸ ਦੀ ਬਾਹਰਲੀ ਕੰਧ ਤਾਂ ਟੱਪ ਗਿਆ, ਪਰ ਬਾਹਰ ਚਰਬੀ, ਖ਼ੂਨ ਦੇ ਲੋਥੜਿਆਂ ਤੋਂ ਤਿਲਕ ਕੇ ਔਹ ਜਾ ਪਿਆ। ਸਿਰ ਵਿਚ ਸੱਟ ਲੱਗ ਗਈ। ਅੱਗ ਲੱਗੀ 'ਚ ਜੁੱਤੀ ਵੀ ਲੱਗਦੀ ਹੋਵੇ ਤਾਂ ਵੀ ਬੰਦਾ ਪਾਣੀ ਦੀਆਂ ਭਰ ਭਰ ਬਾਲਟੀਆਂ ਸੁੱਟਦਾ ਤੇ ਮੈਂ ਸੱਟ ਖਾ ਕੇ ਵੀ ਭੱਜ ਨਿਕਲਿਆ ਤੇ ਸਰਕਾਰੀ ਦਫਤਰ ਦੇ ਆਂਗਣ 'ਚ ਜਾ ਲੁੱਕਿਆ। ਨੇਰ੍ਹੇ ਵਿਚ ਮੈਂ ਭੀੜ ਦੀਆਂ ਅੱਖਾਂ ਤੋਂ ਓਹਲੇ ਹੋ ਗਿਆ। ਪੁਆੜੇ ਦੀ ਜੜ੍ਹ ਬੰਦਾ ਇਕ ਖਾਸ ਭਾਈਚਾਰੇ ਨਾਲ ਸਬੰਧਤ ਸੀ ਤੇ ਬਾਹਰ ਰੌਲਾ ਪੈ ਰਿਹਾ ਸੀ। ਭਰ ਦਿਓ ਗੰਦ ਨਾਲ ਪੈਲੇਸ। ਸਾਲੇ ਨਵੇਂ ਸਾਲ ਦੇ ਪ੍ਰੋਗਰਾਮਾਂ ਦੇ। 45 ਕੁ ਮਿੰਟ ਤੱਕ ਤਲਵਾਰਾਂ ਦੇ ਖੜਾਕ, ਸ਼ੋਰ ਤੇ ਪੈਰਾਂ ਦੀ ਦਗੜ ਦਗੜ ਹੁੰਦੀ ਰਹੀ। ਡੇਢ ਮੀਲ 'ਤੇ ਥਾਣਾ, ਡੀ.ਐਸ.ਪੀ. ਦਫਤਰ ਸੀ, ਪਰ ਪੁਲਿਸ ਘੰਟੇ ਪਿਛੋਂ ਪਹੁੰਚੀ ਜਦ ਤੱਕ ਉਨ੍ਹਾਂ ਗੁੰਡਿਆਂ ਦਾ ਬਿਨਾ ਨੰਬਰ ਵਾਲਾ ਫੋਰ ਵੀਲਰ ਨੌਂ ਦੋ ਗਿਆਰਾ ਹੋ ਗਿਆ ਸੀ। ਪੁਲਿਸ ਆਉਣ ਉੱਤੇ ਹੌਸਲੇ ਨਾਲ ਮੈਂ ਵੀ ਵਾਪਿਸ ਪੈਲੇਸ 'ਚ ਆ ਗਿਆ ਤੇ ਮੂੰਹ 'ਚੋਂ ਮਾੜੀ ਲਾਹਣ ਦੀ ਸੜਿਆਂਦ ਮਾਰਨ ਵਾਲਾ ਥਾਣੇਦਾਰ ਪੈਂਦੀ ਸੱਟੇ ਮੈਨੂੰ ਕਹਿਣ ਲੱਗਾ, ਕਿਥੇ ਐ ਤੁਹਾਡੀ ਮਨਜ਼ੂਰੀ। ਕਿਸ ਤੋਂ ਆਗਿਆ ਲੈ ਕੇ ਲੱਗੇ ਓ ਖੜਤੱਲ ਮਚਾਉਣ। ਮੈਂ ਨਿਮਰਤਾ ਨਾਲ ਕਿਹਾ ਕਿ ਜਨਾਬ ਇਹ ਕੇਂਦਰ ਸਰਕਾਰ ਤੋਂ ਮਨਜ਼ੂਰ ਪ੍ਰੋਗਰਾਮ ਦੀ ਸੂਟਿੰਗ ਕਰ ਰਹੇ ਹਨ। ਅਸੀਂ ਮਨਜ਼ੂਰੀ ਤੁਹਾਡੇ ਤੋਂ ਨਹੀਂ ਐਸ.ਐਸ.ਪੀ. ਤੋਂ ਲੈਣੀ ਸੀ। ਉਹ ਲਈ ਹੋਈ ਹੈ।

ਮੁਨਸ਼ੀ ਵਿਚੋਂ ਬੋਲਿਆ, "ਸਰ ਸਾਹਿਬ ਦੀ ਚਿੱਠੀ ਆਈ ਹੋਈ ਹੈ।"

"ਚੁੱਪ ਕਰ ਸਾਲਿਆ ਤੈਨੂੰ ਕੀ ਪਤੈ?"

ਥਾਣੇਦਾਰ ਨੇ ਉਹਦਾ ਸਰਾਲ ਵਾਂਗ ਸਾਹ ਪੀ ਲਿਆ। ਦੋ ਕੁ ਘੰਟੇ ਪਿਛੋਂ ਜਦੋਂ ਹਸਪਤਾਲ ਪਹੁੰਚੇ ਤਾਂ ਪਤਾ ਲੱਗਾ ਕਿ 9 ਜਣੇ ਜ਼ਖਮੀ ਹਨ। ਬਜ਼ੁਰਗ ਦੇ ਸਿਰ ਵਿਚ ਏਨੀਆਂ ਡੂੰਘੀਆਂ ਸੱਟਾਂ ਨੇ ਕਿ ਬਚਣ ਦੀ ਉਮੀਦ ਨਹੀਂ। ਦੋ ਮੁੰਡਿਆਂ 'ਚ ਇਕ ਦੀ ਬਾਂਹ ਤੇ ਇਕ ਦੀ ਲੱਤ ਜਿਵੇਂ ਕਸਾਈ ਬੱਕਰਿਆਂ ਦੀਆਂ ਲੱਤਾਂ ਭੰਨ ਸੁੱਟਦਾ, ਇਵੇਂ ਹਨ। ਖ਼ੈਰ ਪੁਲਿਸ ਨੂੰ ਸਾਰੀ ਕਹਾਣੀ ਦੱਸੀ। ਮੈਂ ਆਪਣਾ ਮੀਡੀਏ ਦਾ ਹਵਾਲਾ ਦੇ ਕੇ ਪੁਲਿਸ ਦੇ ਅਫਸਰਾਂ ਨੂੰ ਫੋਨ ਕਰਦਾ ਰਿਹਾ।

ਜਿਸ ਮੁਲਕ ਵਿਚ ਲੋਕੀਂ ਘਰੇ ਸੱਟਾਂ ਮਾਰ ਕੇ 324 ਜਾਂ 26 ਡਾਕਟਰਾਂ ਦੀ ਮਿਹਰਬਾਨੀ ਨਾਲ ਪਰਚਾ ਕਟਾ ਕੇ ਉਮਰ ਕੈਦ ਕਰਵਾ ਦਿੰਦੇ ਹਨ, ਮੰਨੋਗੇ ਕਿ ਇਸ ਹੌਲਨਾਕ ਕਤਲੇਆਮ ਦਾ ਹਾਲੇ ਤਕ ਰੋਜ਼ਨਾਮਚੇ ਵਿਚ 'ਸਾਧਾਰਨ ਝਗੜਾ' ਲਿਖ ਕੇ ਗਲ ਮੁੱਕਾ ਦਿੱਤੀ ਗਈ ਤੇ ਪਰਚਾ ਵੀ ਦਰਜ ਨਹੀਂ ਹੋਇਆ। ਮੁਜ਼ਰਮ ਦੀ ਗ੍ਰਿਫਤਾਰੀ ਕਿਵੇਂ ਹੋ ਸਕਦੀ ਹੈ। ਅਸਲ ਵਿਚ ਇਹ ਵੀ ਰਾਜਨੀਤੀ ਦੀ ਇਕ ਇਲਾਹੀ ਕਹਾਣੀ ਵਾਂਗ ਹੀ ਹੈ। ਮਾਰ ਖਾਣ ਵਾਲੇ ਹੋਰ ਪਾਰਟੀ ਦੇ ਸਨ ਤੇ ਜਿਹਦੇ ਵਿਰੁਧ ਇਨ੍ਹਾਂ ਨੇ ਵੋਟਾਂ ਪਾਈਆਂ ਸਨ, ਉਹ ਗੁੰਡਿਆਂ ਦਾ ਆਕਾ ਸੀ। ਬੁੱਲ੍ਹ ਪੜਵਾ ਕੇ ਉਹ ਭੱਦਰ ਪੁਰਸ਼ ਸਿੱਧਾ ਉਹਦੇ ਕੋਲ ਗਿਆ। ਸ਼ਰਾਬ ਨਾਲ ਟੱਲੀ ਹੋਏ ਲੀਡਰਾਂ ਨੂੰ ਉਠਾ ਲਿਆ। ਦੱਸਿਆ ਨਕਲੀ ਰੋਣੇ ਧੋਣੇ 'ਚ ਜ਼ਿਆਦਤੀ ਦਾ ਕਿੱਸਾ ਤੇ ਉਹਨੇ ਕਿਹਾ ਮੈਂ ਤਾਂ ਪਹਿਲਾਂ ਹੀ ਮੌਕਾ ਭਾਲਦਾ ਸੀ। ਚੱਕ ਲੋ ਹਥਿਆਰ ਤੇ ਕਰ ਦਿਓ ਟੁਕੜੇ ਸਾਲੇ ਕੁੱਤੇ... ਪਾਰਟੀ ਦੇ ਤੇ ਨਾਲ ਹੀ ਪੁਲਿਸ ਘੂਰ ਤੀ। ਰਹਿੰਦੀ ਖੂੰਹਦੀ ਕਸਰ ਰਾਜਧਾਨੀ ਦੇ ਮਹਿਲਾਂ ਚੋਂ ਵੱਡੇ ਭਲੇਮਾਣਸਾਂ ਤੋਂ ਹੁਕਮ ਕਰਵਾ ਕੇ ਕੱਢ 'ਤੀ। ਹੈਰਾਨੀ ਦੀ ਗੱਲ ਇਹ ਸੀ ਕਿ ਤੀਜੇ ਦਿਨ ਇਹੋ ਪਰਦੇ ਓਹਲੇ ਦਾ ਚਲਿੱਤਰੀ ਲੀਡਰ ਹਸਪਤਾਲ ਜ਼ਖਮੀਆਂ ਦਾ ਹਾਲਚਾਲ ਵੀ ਪੁੱਛਣ ਆਇਆ ਤੇ ਕਹਿਣ ਲੱਗਾ, "ਫਿਕਰ ਨਾ ਕਰੋ ਜੇ ਸਾਰੀ ਉਮਰ ਜੇਲ੍ਹ 'ਚੋਂ ਨਿਕਲਣ ਦੇ ਦਿੱਤੇ ਤਾਂ ਮੈਨੂੰ ...ਨਾ ਕਿਹੋ।"

ਵਾਹਿਗੁਰੂ ਦੀ ਕ੍ਰਿਪਾ ਨਾਲ ਸਾਲ ਕੁ ਦੇ ਇਲਾਜ ਪਿਛੋਂ ਬਜ਼ੁਰਗ ਵੀ ਠੀਕ ਹੈ ਤੇ ਮੁੰਡੇ ਵੀ। ਮੈਂ ਪਿੱਛੇ ਜਿਹੇ ਇਕ ਪੁਲਿਸ ਅਧਿਕਾਰੀ ਨੂੰ ਪੁੱਛਿਆ, "ਕੀ ਬਣਿਆ ਉਸ ਪ੍ਰੋਗਰਾਮ ਦੀ ਲੜਾਈ ਦੇ ਦੋਸ਼ੀਆਂ ਦਾ।"

ਬੜਾ ਸਰਲ ਜਿਹਾ ਜਵਾਬ ਦੇਖੋ। "ਉਹਦਾ ਕੀ ਬਣਨਾ। ਮਾੜੀ ਮੋਟੀ 7/51 ਚਲਦੀ ਰਹਿੰਦੀ ਹੈ।"

ਉਸੇ ਹਲਕੇ ਦੀ ਅਮਰੀਕਾ ਰਹਿੰਦੀ ਬੀਬੀ ਨੇ ਇਕ ਵਾਰ ਮੈਨੂੰ ਫੋਨ ਕਰਕੇ ਕਿਹਾ ਕਿ ਮੇਰੇ ਘਰ ਲੱਖਾਂ ਦੀ ਚੋਰੀ ਹੋ ਗਈ। ਪੁਲਿਸ ਚੋਰਾਂ ਨੂੰ ਜਾਣਦੀ ਹੈ, ਪਰ ਦਬਕੇ ਮੈਨੂੰ ਮਾਰਦੀ ਹੈ। ਮੇਰੀ ਮਦਦ ਕਰੋ।

"ਬੀਬੀ ਮੇਰਾ ਫੋੜਾ ਤਾਂ ਕੈਂਸਰ ਬਣਿਆ ਪਿਆ ਤੇਰੇ ਛਾਲੇ ਉਤੇ ਪੱਟੀ ਕੀਹਤੋਂ ਕਰਵਾ ਦਿਆਂ।"

ਰਾਜਨੀਤਕ ਲੋਕ ਆਮ ਕਰਕੇ ਨਿਮਰਤਾ 'ਚ ਵੀ ਮਾਂਹ ਦੇ ਆਟੇ ਵਰਗੇ ਹੁੰਦੇ ਹਨ। ਉਹ ਲੋਕ ਤਾਂ ਐਵੇਂ ਬਦਨਾਮ ਹੋਏ ਸਨ। ਲੋਕਾਂ ਨੂੰ ਪਤਾ ਹੀ ਘੱਟ ਲਗਦਾ ਹੈ ਕਿ ਚਿੱਟੇ ਕਪੜਿਆਂ ਦੇ ਹੇਠ ਕਛਹਿਰਾ ਕਾਲਾ ਵੀ ਹੋ ਸਕਦਾ ਹੈ। ਜੇ ਕੋਈ ਪੁੱਛੇ ਕਿ ਕੀਹਨੂੰ ਰੱਬ ਦਾ ਭਾਣਾ ਜਾਂ ਖੌਫ ਨਹੀਂ ਤਾਂ ਉਹੀ ਜਿਹੜੇ ਬੱਕਰੀ ਚੁੰਘਣ ਨੂੰ ਡਾਕੇ 'ਚ ਤਬਦੀਲ ਕਰਵਾ ਲੈਂਦੇ ਹਨ। ਬਗਲਿਆਂ ਨੂੰ ਡੱਡ ਖਾਣ ਦੀ ਆਦਤ ਭਲਾ ਜਾ ਸਕਦੀ ਹੈ?

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

ਵਿਚਾਰ-ਚਰਚਾ

# ਸ਼ਬਦ, ਇਲਹਾਮ, ਭਗਤ ਬਾਣੀ ਆਦਿ

***ਕਾਫੀ ਸਮਾਂ ਪਹਿਲਾਂ ਅਸੀਂ ਇਨ੍ਹਾਂ ਕਾਲਮਾਂ ਵਿਚ ਡਾ. ਹਰਭਜਨ ਸਿੰਘ ਦਾ ਲੇਖ ਮਹਿਬੂਬ ਦਾ ਇਸਲਾਮੀ ਉਲਾਰ ਛਾਪਿਆ ਸੀ ਜਿਸ ਦੇ ਪ੍ਰਤੀਕ੍ਰਮ ਵਿਚ ਇਕ ਲੰਮਾ ਲੇਖ ਡਾ. ਗੁਰਤਰਨ ਸਿੰਘ ਹੋਰਾਂ ਨੇ ਲਿਖਿਆ ਸੀ। ਉਸੇ ਲੇਖ ਦੇ ਜਵਾਬ ਵਿਚ ਪੰਜਾਬੀ ਯੂਨੀਵਰਸਿਟੀ ਵਿਚ ਅਧਿਆਪਕ ਡਾ. ਹਰਭਜਨ ਸਿੰਘ ਹੋਰਾਂ ਦਾ ਇਹ ਲੇਖ ਹੈ। ਅਸੀਂ ਇਹ ਲੇਖ ਵਿਚਾਰਾਂ ਦਾ ਇਕ ਮੰਚ ਮੁਹੱਈਆ ਕਰਨ ਦੇ ਮਨੋਰਥ ਨਾਲ ਛਾਪ ਰਹੇ ਹਾਂ। ਇਸ ਵਿਸ਼ੇ 'ਤੇ ਪਾਠਕਾਂ ਦੇ ਪ੍ਰਤੀਕ੍ਰਮ ਦਾ ਵੀ ਅਸੀਂ ਸਵਾਗਤ ਕਰਾਂਗੇ। -ਸੰਪਾਦਕ***

***(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)***

**ਡਾ. ਹਰਭਜਨ ਸਿੰਘ**

ਇਸ ਚਰਚਿਤ ਅਵਤਾਰੀ ਵਿਦਿਆ-ਪੁੰਜ ਫਰਿਥਜਾਫ ਸੂਨ ਸੰਬੰਧੀ ਗੁਰਤਰਨ ਸਿੰਘ ਲਿਖਦਾ ਹੈ "ਕੁਰਾਨ ਵਿਚ ਲਿਖਿਆ ਹੈ ਕਿ ਧਰਤੀ 'ਤੇ ਕਿੰਨਾ ਵੀ ਨਿਘਾਰ ਅਤੇ ਗਿਰਾਵਟ ਕਿਉਂ ਨਾ ਆ ਜਾਵੇ, ਪ੍ਰੰਤੂ ਰੱਬ ਵਲੋਂ ਭੇਜੇ ਵੱਖ ਵੱਖ ਧਰਮਾਂ ਦੇ ਸਬੰਧ ਵਿਚ ਇਸਨੂੰ ਸਿਦਕ ਦੇਣ ਲਈ ਚਾਲੀ ਚੁਣੇ ਹੋਏ ਮਨੁੱਖ (ਰੱਬ ਦੇ ਦੋਸਤ) ਏਸ ਧਰਤੀ 'ਤੇ ਜ਼ਰੂਰ ਰਹਿਣਗੇ। ਹਰਿੰਦਰ ਸਿੰਘ ਮਹਿਬੂਬ, ਪ੍ਰੋ. ਪੂਰਨ ਸਿੰਘ, ਰੈਨੇਗੁਈਨਾਨ, ਫਰਿਥਜਾਫ ਸੂਨ ਅਤੇ ਮਾਰਟਿਨ ਲਿੰਗਜ਼ ਇਨ੍ਹਾਂ ਉਪਰੋਕਤ ਚਾਲੀ ਬੰਦਿਆਂ ਵਿਚ ਹੀ ਆਪਣਾ ਸਥਾਨ ਰੱਖਦੇ ਹਨ। ਵਿਸ਼ਵ ਧਰਮਾਂ ਦੀ ਏਕਤਾ ਨੂੰ ਆਪਣੇ ਆਪਣੇ ਅਨੁਭਵ ਰਾਹੀਂ ਪਹਿਚਾਣਦਿਆਂ ਇਨ੍ਹਾਂ ਦੇ ਆਪਸੀ ਖਿਆਲ ਹਰ ਥਾਂ 'ਤੇ ਸਾਂਝੇ ਹਨ। ਕਿਤੇ ਵੀ ਕੋਈ ਮੱਤਭੇਦ ਨਹੀਂ। ਪਾਠਕ ਇਸ ਅਧਿਐਨ ਰਾਹੀਂ ਖੁਦ ਹੀ ਨਿਰਣਾ ਕਰ ਸਕਦੇ ਹਨ।" ਇਸੇ ਵਿਦਵਾਨ ਬਾਰੇ ਉਹ ਕਹਿੰਦਾ ਹੈ ਕਿ ਫਰਿਥਜਾਫ ਸੂਨ ਨੇ "ਭਾਵੇਂ ਗੁਰੂ ਗ੍ਰੰਥ ਸਾਹਿਬ ਤਾਂ ਨਹੀਂ ਸੀ ਪੜ੍ਹਿਆ, ਪ੍ਰੰਤੂ ਉਸਨੂੰ ਕਿਸੇ ਵਸੀਲੇ ਰਾਹੀਂ ਕੋਈ ਜਾਣਕਾਰੀ ਸਿੱਖ ਧਰਮ ਗ੍ਰੰਥ ਪ੍ਰਤੀ ਜ਼ਰੂਰ ਸੀ।" ਗੁਰਤਰਨ ਜੀ ਆਪਣੇ ਲੇਖ ਵਿਚ ਪਾਠਕਾਂ ਨੂੰ ਆਪ ਨਿਰਣਾ ਕਰ ਲੈਣ ਦਾ ਜਿਹੜਾ ਨਿਮੰਤ੍ਰਣ ਦਿੰਦੇ ਹਨ, ਉਸ ਦਾ ਮੈਂ ਹਾਰਦਿਕ ਅਤੇ ਪੁਰਜ਼ੋਰ ਸਮਰਥਨ ਕਰਦਾ ਹਾਂ। ਮੇਰਾ ਵਿਚਾਰ ਹੈ ਕਿ ਜੋ ਪਾਠਕ ਤੰਗਦਿਲੀ ਅਤੇ ਪੱਖਪਾਤ ਤਿਆਗ ਕੇ ਗੁਰਤਰਨ ਜੀ ਦੀਆਂ ਭਗਤ-ਬਾਣੀ ਬਾਰੇ ਅਜਿਹੀਆਂ ਭੱਦੀਆਂ ਟਿਪਣੀਆਂ ਨੂੰ ਵਿਚਾਰੇਗਾ, ਉਹ ਜ਼ਰੂਰ ਗੁਰਤਰਨ ਜੀ ਦੇ ਵਿਦਿਤ ਹੋਣ ਦਾ ਭਰਪੂਰ ਤ੍ਰਿਸਕਾਰ ਕਰੇਗਾ। ਫਰਿਥਜਾਫ ਸੂਨ ਵਰਗੇ ਜਿਸ ਵਿਅਕਤੀ ਨੂੰ ਸਿੱਖ ਧਰਮ ਦੇ ਮੂਲ-ਮੁੱਢ ਬਾਰੇ ਰਤਾ ਭਰ ਵੀ ਜਾਣਕਾਰੀ ਨਹੀਂ, ਜਿਸ ਨੇ ਸ਼ਾਇਦ ਕਿਸੇ ਤੋਂ ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਸੁਣਿਆ ਹੈ ਜਾਂ ਨਹੀਂ ਸੁਣਿਆ, ਉਸ ਦੇ ਬਹੁਤ ਤੁਛ, ਹੀਣੇ, ਅਗਿਆਨ-ਭਰਪੂਰ ਅਤੇ ਅਪਮਾਨਜਨਕ ਕਥਨਾਂ ਨੂੰ ਇਲਾਹੀ-ਸੱਤ ਦਰਸਾਉਣ ਵਾਲਾ ਗੁਰਤਰਨ ਸਿੰਘ ਵਰਗਾ ਵਿਅਕਤੀ ਸਿੱਖਾਂ ਦਾ ਮਿਤਰ ਹੈ ਜਾਂ ਕੱਟੜ ਦੁਸ਼ਮਣ, ਇਸ ਦਾ ਨਿਰਣਾ ਤਾਂ ਸਿੱਖ-ਚਿੰਤਕਾਂ ਨੂੰ ਜ਼ਰੂਰ ਕਰਨਾ ਪਵੇਗਾ।

ਫਰਿਥਜਾਫ ਸੂਨ ਦੀਆਂ ਉਪਰ ਦਿਤੀਆਂ ਬੇਥਵੀਆਂ ਅਤੇ ਬੇਹੂਦਾ ਸਥਾਪਨਾਵਾਂ ਦਾ ਸੰਖੇਪ ਜਿਹਾ ਵਿਸ਼ਲੇਸ਼ਣ ਜ਼ਰੂਰੀ ਹੈ-

1. ਉਸ ਦੀ ਇਹ ਧਾਰਨਾ ਕਿ ਕੁਰਾਨ ਤੋਂ ਬਾਅਦ ਕੋਈ ਇਲਹਾਮੀ ਗ੍ਰੰਥ ਨਹੀਂ ਹੋ ਸਕਦਾ, ਬਹੁਤ ਹੀ ਘਟੀਆ ਅਤੇ ਤੁਛ-ਬਿਰਤੀ ਵਿਚੋਂ ਉਪਜੀ ਹੈ। ਉਸ ਨੂੰ ਵਿਸ਼ਵ ਦੇ ਧਰਮਾਂ ਅਤੇ ਧਰਮ ਗ੍ਰੰਥਾਂ ਬਾਰੇ ਕੁਝ ਵੀ ਪਤਾ ਨਹੀਂ ਸੀ। ਜੇ ਉਹ ਗੁਰੂ ਗ੍ਰੰਥ ਸਾਹਿਬ ਬਾਰੇ ਕੁਝ ਜਾਣਦਾ ਹੁੰਦਾ ਤਾਂ ਅਜਿਹਾ ਕਦੇ ਨਾ ਲਿਖਦਾ। ਬਿਨਾ ਜਾਣਕਾਰੀ ਦੇ ਧਰਮਾਂ, ਧਰਮ ਗ੍ਰੰਥਾਂ ਅਤੇ ਧਰਮ-ਚਿੰਤਕਾਂ ਬਾਰੇ ਟਿਪਣੀਆਂ ਕਰਨਾ ਸਰਵਥਾ ਅਨੁਚਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਰੱਬ ਦਾ ਉਹ ਵਚਨ ਹੈ, ਜੋ ਸਿਧਾ ਦੈਵੀ ਹੈ। ਇਸ ਦੇ ਬਾਣੀਕਾਰ ਗੁਰੂ-ਪੁਰਖਾਂ ਜਾਂ ਮਹਾਨ ਸੰਤਾਂ ਨੂੰ ਨਾ ਕਿਸੇ ਜਬਰਾਈਲ ਦੀ ਵਿਚੋਲਗੀ ਚਾਹੀਦੀ ਸੀ, ਨਾ ਉਨ੍ਹਾਂ ਟਪਲਾ ਖਾ ਕੇ ਕਦੇ ਸ਼ੈਤਾਨ ਦੀ ਪ੍ਰੇਰਨਾ ਵਿਚ 'ਸ਼ੈਤਾਨ ਦੀਆਂ ਆਇਤਾਂ' ਨੂੰ ਇਲਹਾਮ ਸਮਝਿਆ ਸੀ। ਵਿਵੇਕੀ ਪਾਠਕ ਜਾਣਦੇ ਹਨ ਕਿ ਪੈਗੰਬਰ ਸਾਹਿਬ ਸਾਹਮਣੇ ਕਈ ਵਾਰ ਅਜਿਹੀ ਸਥਿਤੀ ਆਉਂਦੀ ਰਹੀ ਹੈ, ਜਦੋਂ ਉਨ੍ਹਾਂ ਸ਼ੈਤਾਨ ਨੂੰ ਫ਼ਰਿਸ਼ਤਾ ਸਮਝ ਲਿਆ। ਕੇਵਲ ਇਕ ਅੱਲਾਹ ਦੀ ਹੋਂਦ ਦੇ ਵਿਸ਼ਵਾਸੀ ਪੈਗੰਬਰ ਸਾਹਿਬ ਨੇ ਇਕ ਮੌਕੇ ਅਲ-ਉਜ਼ਾ, ਅਲ-ਲਾਤ ਅਤੇ ਅਲ-ਮਨਾਤ ਦੇਵੀਆਂ ਦੀ ਪੂਜਾ ਦਾ ਸਮਰਥਨ ਕੀਤਾ, ਪਰ ਮਗਰੋਂ ਉਨ੍ਹਾਂ ਬਚਨਾਂ ਨੂੰ 'ਸ਼ੈਤਾਨ ਦੀਆਂ ਆਇਤਾਂ' ਕਹਿ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਧੁਰ ਕੀ ਬਾਣੀ' ਦੇ ਅਵਤ੍ਰਣ ਸੰਬੰਧੀ ਸਿੱਖ ਇਤਿਹਾਸ ਵਿਚ ਕਿਸੇ ਅਜਿਹੇ ਟਪਲੇ ਦਾ ਜ਼ਿਕਰ ਨਹੀਂ, ਜਿਸ ਦੇ ਕਾਰਨ ਗੁਰੂ ਸਾਹਿਬਾਨ ਨੇ ਕਦੇ ਬੁੱਤ-ਪੂਜਾ ਜਾਂ ਦੇਵੀ-ਪੂਜਾ ਨੂੰ ਉਚਿਤ ਠਹਿਰਾਇਆ ਹੋਵੇ। ਦੂਜੀ ਗੱਲ ਇਹ ਕਿ ਕੁਰਾਨ ਦਾ ਸ਼ਬਦ ਪੈਗੰਬਰ ਸਾਹਿਬ ਨੂੰ ਅਸਿਧੇ ਤੌਰ 'ਤੇ, ਜਬਰਾਈਲ ਜੈਸੇ ਦੀ ਵਿਚੋਲਗੀ ਤੋਂ ਪ੍ਰਾਪਤ ਹੋਇਆ ਹੈ। ਗੁਰਬਾਣੀ ਹਰ ਉਚਾਰਨ-ਕਰਤਾ ਨੂੰ ਸਿਧੀ ਆਈ ਹੈ। ਗੁਰਤਰਨ ਸਿੰਘ ਪਾਠਕਾਂ ਨੂੰ ਜਵਾਬ ਦੇਣ ਕਿ ਸਿਧੀ ਆਈ ਬਾਣੀ ਰੱਬਤਾ ਦੇ ਜ਼ਿਆਦਾ ਨੇੜੇ ਹੈ ਜਾਂ ਅਸਿਧੇ ਤੌਰ 'ਤੇ ਆਈ।

2. ਨਾ ਕਬੀਰ ਜੀ ਸਿੱਖ ਧਰਮ ਦੇ ਸੰਸਥਾਪਕ ਸਨ, ਨਾ ਹੀ ਸਿੱਖ ਧਰਮ ਹਿੰਦੂ ਧਰਮ ਅਤੇ ਸੂਫ਼ੀਵਾਦ ਦਾ ਮਿਲਗੋਭਾ ਹੈ। ਮਹਿਬੂਬ ਅਤੇ ਗੁਰਤਰਨ ਵਾਂਗ ਕਬੀਰ ਆਦਿ ਭਗਤਾਂ ਨੂੰ ਹਿੰਦੂ ਭਗਤ ਕਹਿਣਾ ਕੇਵਲ ਅੰਧ-ਗਿਆਨ ਨਹੀਂ, ਬਲਕਿ ਉਨ੍ਹਾਂ ਗੁਰਮੁਖ ਲੋਕਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਰੀ ਅਪਮਾਨ ਹੈ, ਕਿਉਂਕਿ ਇਨ੍ਹਾਂ ਸੰਤ-ਜਨਾਂ ਨੇ ਡੰਕੇ ਦੀ ਚੋਟ ਤੇ ਘੋਸ਼ਣਾ ਕਰ ਦਿੱਤੀ ਸੀ 'ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ'। ਜੋ ਭਗਤ ਮੰਦਿਰ ਅਤੇ ਮਸਜਿਦ, ਪੂਜਾ ਅਤੇ ਨਮਾਜ਼, ਵੇਦ ਅਤੇ ਕਤੇਬ ਨਾਲੋਂ ਆਪਣੇ-ਆਪ ਨੂੰ ਹਮੇਸ਼ਾ ਅਸੰਬੰਧਿਤ ਕਰਦੇ ਸਨ, ਉਨ੍ਹਾਂ ਨੂੰ ਹਿੰਦੂ ਜਾਂ ਮੁਸਲਮਾਨ ਕਿਵੇਂ ਕਿਹਾ ਜਾ ਸਕਦਾ ਹੈ?

3. ਨਾ ਚੈਤੰਨਿਆ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਹੈ, ਨਾ ਉਸ ਨਾਲ ਸਿੱਖਾਂ ਦਾ ਕੋਈ ਸੰਬੰਧ ਹੈ। ਜਿਥੋਂ ਤਕ ਈਸਾਈ ਸੰਤਾਂ ਦੀ ਰਚਨਾ ਦਾ ਸੰਬੰਧ ਹੈ, ਭਗਤਾਂ ਦੀ ਬਾਣੀ ਨੂੰ ਉਸ ਨਾਲ ਮੇਲਣ ਤੋਂ ਵਡਾ ਪਾਪ ਹੋਰ ਕੋਈ ਨਹੀਂ ਹੋ ਸਕਦਾ, ਕਿਉਂਕਿ ਈਸਾਈ ਸੰਤਾਂ ਨੇ ਜਾਂ ਈਸਾ ਦੀਆਂ ਜੀਵਨ ਕਥਾਵਾਂ ਲਿਖੀਆਂ ਹਨ ਜਾਂ ਮਗਰਲੇ ਪੱਤਰਾਂ ਵਿਚ ਈਸਾਈ ਸ਼ਰਅ ਦੀ ਵਿਆਖਿਆ ਕੀਤੀ ਹੈ। ਭਗਤਾਂ ਦੀ ਬਾਣੀ ਵਿਚ ਕੇਵਲ ਪਰਮੇਸ਼ਰ ਦੀ ਉਸਤਤਿ ਹੈ, ਜਿਵੇਂ ਹੋਰ ਗੁਰਬਾਣੀ ਵਿਚ। ਜਿਥੋਂ ਤਕ ਬਾਣੀ ਦੇ ਰੱਬੀ ਪਿਆਰ ਵਿਚੋਂ ਉਪਜਣ ਦਾ ਪ੍ਰਸ਼ਨ ਹੈ, ਤਾਂ ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਰੱਬ ਨਾਲ ਪਿਆਰ ਤੋਂ ਬਿਨਾ, ਉਸ ਨਾਲ ਨਾ ਕਦੇ ਸੰਪਰਕ ਹੋ ਸਕਦਾ ਹੈ ਅਤੇ ਨਾ ਕੋਈ ਦੈਵੀ-ਬਾਣੀ ਜਨਮ ਲੈ ਸਕਦੀ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ-

ਸੰਤਾਂ ਸੰਗਤਿ ਪਾਈਐ<br>
ਜੇ ਮੇਲੇ ਮੇਲਣਹਾਰੁ॥<br>
ਮਿਲਿਆ ਹੋਇ ਨ ਵਿਛੁੜੈ<br>
ਜਿਸੁ ਅੰਤਰਿ ਜੋਤਿ ਅਪਾਰ॥<br>
ਸਚੈ ਆਸਣਿ ਸਚਿ ਰਹੈ<br>
ਸਚੈ ਪ੍ਰੇਮ ਪਿਆਰ॥4॥<br>
ਸਿਰੀ ਰਾਗ, ਮਹਲਾ 1, ਸਫ਼ਾ 56

ਬਾਣੀ ਦੇ ਅਵਤ੍ਰਣ ਯੋਗ ਉਚਤਮ ਸੁਰਤਿ ਦਾ ਆਗਮਨ ਪ੍ਰਭੂ ਦੇ ਪ੍ਰੇਮ ਨਾਲ ਹੀ ਸੰਭਵ ਹੋ ਸਕਦਾ ਹੈ। ਇਸੇ ਸੁਰਤਿ-ਸੰਜੋਗ ਵਿਚੋਂ ਪ੍ਰਭੂ ਦਾ ਪਰਮ-ਆਨੰਦਦਾਇਕ ਸੰਦੇਸ਼ ਪ੍ਰਾਪਤ ਹੁੰਦਾ ਹੈ-

ਸੁਣਿ ਸਾਜਨ ਪ੍ਰੇਮ ਸੰਦੇਸਰਾ<br>
ਅਖੀ ਤਾਰ ਲਗੰਨਿ॥<br>
ਗੁਰਿ ਤੁਠੈ ਸਜਣੁ ਮੇਲਿਆ<br>
ਜਨ ਨਾਨਕ ਸੁਖਿ ਸਵੰਨਿ॥<br>
ਸਲੋਕ, ਮਹਲਾ 4, ਸਫ਼ਾ 302

4. ਅਗਲੇ ਨੁਕਤੇ ਸੰਬੰਧੀ ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ ਰੱਬ ਦੀ ਆਪਣੀ ਕੋਈ ਬੋਲੀ ਨਹੀਂ। ਉਹ ਸਾਰੀਆਂ ਬੋਲੀਆਂ ਦਾ ਜਨਮ ਦਾਤਾ ਹੈ ਅਤੇ ਸਾਰੀਆਂ ਬੋਲੀਆਂ ਵਿਚ ਵਸਦਾ ਹੈ। ਸਾਰੀਆਂ ਬੋਲੀਆਂ ਪਿਛੇ ਇਕੋ ਭਾਵ ਦੀ ਮੌਜੂਦਗੀ ਉਸ ਦੀ ਸਰਬ-ਵਿਆਪੀ ਸੱਤਾ ਦਾ ਪ੍ਰਮਾਣ ਹੈ। ਕੇਵਲ ਮਾਨਵੀ ਹੀ ਨਹੀਂ, ਸਭ ਜੀਵਾਂ ਦੀਆਂ ਬੋਲੀਆਂ ਨੂੰ ਉਹ ਇਕ ਸਮਾਨ ਪਿਆਰ ਕਰਦਾ ਹੈ। ਗ਼ੈਬ ਵਿਚੋਂ ਪ੍ਰਗਟ ਹੋਏ ਰੱਬ ਦੀ ਬੋਲੀ ਦੇ ਨਿਰਾਰਥਕ ਸ਼ਬਦਾਂ ਦੀ ਹੋਂਦ ਸਰਵਥਾ ਭ੍ਰਾਂਤੀ-ਪੂਰਵਕ ਹੈ। ਹਾਂ, ਕਈ ਵਾਰ ਸਮਰਥ ਮਹਾਨ ਪੁਰਖ ਕਈਆਂ ਸ਼ਬਦਾਂ ਦੇ ਰੂਪ ਅਤੇ ਅਰਥ ਵਿਚ ਇਤਨਾ ਪਰਿਵਰਤਨ ਕਰ ਦਿੰਦੇ ਹਨ ਕਿ ਉਸ ਦੇ ਵਾਸਤਵਿਕ ਮੂਲ ਅਤੇ ਅਰਥਾਂ ਨੂੰ ਸਮਝਣਾ ਮਨੁੱਖ ਲਈ ਮੁਸ਼ਕਿਲ ਹੋ ਜਾਂਦਾ ਹੈ। ਕਿਸੇ ਪਦ ਦਾ ਸਮਝ ਵਿਚ ਨਾ ਆਉਣਾ ਉਸ ਦੇ ਦਿਵਯ ਹੋਣ ਦਾ ਸਬੂਤ ਨਹੀਂ।

5. ਫਰਿਥਜਾਫ ਦਾ ਇਹ ਵਿਚਾਰ ਬਹੁਤ ਹੀ ਘਟੀਆ ਅਤੇ ਅਗਿਆਨ ਆਧਾਰਿਤ ਹੈ ਕਿ ਰੱਬ ਕਦੇ-ਕਦੇ ਬੋਲਦਾ ਹੈ, ਫਿਰ ਲੰਬੇ ਸਮੇਂ ਲਈ ਬੋਲਣਾ ਬੰਦ ਕਰ ਦਿੰਦਾ ਹੈ ਅਤੇ ਕੁਰਾਨ ਦੇ ਅਵਤ੍ਰਣ ਤੋਂ ਬਾਅਦ ਉਸ ਦੀ ਜ਼ੁਬਾਨ ਉਤੇ ਤਾਲਾ ਲੱਗ ਗਿਆ ਹੈ। ਇਹੋ ਜਿਹੀਆਂ ਮੂਰਖਤਾਪੂਰਨ ਕਥਨੀਆਂ ਦਾ ਪ੍ਰਸ਼ੰਸਕ ਗੁਰਤਰਨ ਹੀ ਹੋ ਸਕਦਾ ਹੈ, ਕਿਉਂਕਿ ਉਸ ਨੇ ਬਾਣੀ ਦਾ ਕਦੇ ਪਾਠ ਨਹੀਂ ਕੀਤਾ, ਉਸ ਨੂੰ ਸਮਝਣਾ ਤਾਂ ਦੂਰ ਦੀ ਗੱਲ ਹੈ। ਜੇ ਗੁਰਤਰਨ ਨੇ ਬਾਣੀ ਪੜ੍ਹੀ ਹੁੰਦੀ ਤਾਂ ਘੱਟੋ ਘੱਟ ਗੁਰਬਾਣੀ ਦਾ ਇਹ ਵਾਕ ਯਾਦ ਕਰ ਕੇ 'ਠਾਕੁਰੁ ਹਮਰਾ ਸਦ ਬੋਲੰਤਾ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥' ਨਾ ਤਾਂ ਉਹ ਆਪਣੇ ਸਿਰ ਉਤੇ ਫਰਿਥਜਾਫ ਦੇ ਕੂੜੇ ਦਾ ਭਾਰ ਢੋਣ ਦਾ ਭਾਗੀ ਬਣਦਾ ਅਤੇ ਨਾ ਹੀ ਕੁਰਾਨ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਤੀ ਅਧਮ ਦਸਣ ਦੇ ਘੋਰ ਪਾਪ ਵਿਚ ਲਿਪਤ ਹੁੰਦਾ। ਸਿੱਖ ਧਰਮ ਦਾ ਪਾਰਬ੍ਰਹਮ ਆਪਣੇ ਸੰਤਾਂ ਦੇ ਸਦਾ ਸਮੀਪ, ਉਨ੍ਹਾਂ ਸਾਹਮਣੇ ਸਦਾ ਆਪਣਾ ਆਪਾ ਪ੍ਰਗਟ ਕਰਨ ਵਾਲਾ, ਸੇਵਕਾਂ ਦੀ ਸਦਾ ਪ੍ਰਾਰਥਨਾ ਸੁਣਨ ਵਾਲਾ ਅਤੇ ਸਦਾ ਉਨ੍ਹਾਂ ਨਾਲ ਬੋਲਣ ਵਾਲਾ ਹੈ। ਫਰਿਥਜਾਫ ਦੇ ਯੁਗਾਂ ਤਕ ਗੂੰਗੇ ਹੋ ਜਾਣ ਵਾਲੇ ਰੱਬ ਦਾ ਸਨੇਹੀ ਗੁਰਤਰਨ ਉਸ ਨੂੰ ਆਪਣੇ ਹੀ ਘਰ ਸੰਭਾਲ ਕੇ ਰਖੇ ਸਿੱਖਾਂ ਨੂੰ ਉਸ ਦੀ ਕੋਈ ਜ਼ਰੂਰਤ ਨਹੀਂ, ਬਲਕਿ ਕਿਸੇ ਗੂੰਗੇ-ਬੋਲੇ ਜੜ੍ਹ ਰੱਬ ਦੀ ਪੂਰੀ ਮਨੁੱਖਤਾ ਨੂੰ ਹੀ ਕੋਈ ਲੋੜ ਨਹੀਂ।

6. ਫਰਿਥਜਾਫ ਦੇ ਇਸ ਨਿੰਦਿਤ ਵਿਚਾਰ ਨੂੰ ਕਿ 'ਕੁਰਾਨ ਤੋਂ ਬਾਦ ਕਿਸੇ ਇਲਹਾਮ ਦੀ ਸੰਭਾਵਨਾ ਤਾਂ ਨਹੀਂ, ਪਰ ਕਬੀਰ ਦੁਆਰਾ ਸਥਾਪਿਤ ਸਿੱਖ ਧਰਮ ਇਸ ਦਾ ਹੱਕਦਾਰ ਹੋ ਸਕਦਾ ਹੈ' ਪ੍ਰਗਟ ਕਰਨ ਪਿਛੇ ਗੁਰਤਰਨ ਦਾ ਕੇਵਲ ਇਕੋ ਮਕਸਦ ਹੈ- ਇਸਲਾਮ ਦੇ ਸਾਹਮਣੇ ਸਿੱਖ ਧਰਮ ਨੂੰ ਅਤੇ ਕੁਰਾਨ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਨੂੰ ਛੋਟਾ ਦੱਸਣਾ। ਫਰਿਥਜਾਫ ਜਿਥੇ ਕੁਰਾਨ ਦੇ ਆਖਰੀ ਅਤੇ ਪ੍ਰਮਾਣਿਕ ਇਲਹਾਮੀ ਗ੍ਰੰਥ ਹੋਣ ਦੀ ਸਬਲ ਘੋਸ਼ਣਾ ਕਰਦਾ ਹੈ, ਉਥੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਲਿਖਦਾ ਹੈ ਕਿ ਇਸ ਦੇ ਵੀ ਇਲਹਾਮ ਦੇ ਥੋੜ੍ਹਾ-ਬਹੁਤ ਨਜ਼ਦੀਕ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਇੰਵ ਉਸ ਨੇ ਨਿਸ਼ਚਿਤ ਅਤੇ ਸਾਫ਼ ਤੌਰ 'ਤੇ ਗੁਰਬਾਣੀ ਨੂੰ ਕੁਰਾਨ ਤੋਂ ਬਹੁਤ ਥੱਲੇ ਰਖਿਆ ਹੈ। ਡਾ. ਗੁਰਤਰਨ ਸਿੰਘ ਵਲੋਂ ਇਸ ਧਾਰਨਾ ਦੀ ਭਰਪੂਰ ਪ੍ਰਸ਼ੰਸਾ ਸਿੱਖ ਧਰਮ ਉਤੇ ਬਹੁਤ ਵੱਡਾ ਹਮਲਾ ਹੈ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਤਰਨ ਜੀ ਨੂੰ ਉਹ ਸਾਰੀਆਂ ਖੂਬੀਆਂ ਨਜ਼ਰ ਨਹੀਂ ਆਉਂਦੀਆਂ, ਜੋ ਉਨ੍ਹਾਂ ਨੂੰ ਕੁਰਾਨ ਵਿਚ ਸਦੀਆਂ ਤੋਂ ਵਿਦਮਾਨ ਦਿਸਦੀਆਂ ਹਨ, ਜੇ ਉਨ੍ਹਾਂ ਨੂੰ ਬਾਬਰ ਦੇ ਵੰਸ਼ਜਾਂ ਦਾ ਜਲਾਲ ਗੁਰੂ-ਪ੍ਰਤਾਪ ਤੋਂ ਜ਼ਿਆਦਾ ਪ੍ਰਭਾਵਿਤ ਕਰਦਾ ਹੈ, ਜੇ ਉਨ੍ਹਾਂ ਨੂੰ ਸਿੱਖ ਧਰਮ ਦੇ ਪਾਠ-ਕੀਰਤਨ ਨਾਲੋਂ ਨਮਾਜ਼ ਜ਼ਿਆਦਾ ਜਾਨਦਾਰ ਅਤੇ ਪਾਕਿ ਜਾਪਦੀ ਹੈ, ਤਾਂ ਉਨ੍ਹਾਂ ਨੂੰ ਸੁੰਨਤ ਅਪਨਾਉਣ ਤੋਂ ਕੌਣ ਰੋਕਦਾ ਹੈ? ਹਾਂ ਇਹ ਜ਼ਰੂਰ ਹੈ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਦੂਸ਼ਿਤ ਅਤੇ ਭ੍ਰਿਸ਼ਟ ਕਰਨ ਦੀ ਇਜਾਜ਼ਤ ਨਾ ਸਿੱਖ ਉਨ੍ਹਾਂ ਨੂੰ ਦੇਣਗੇ, ਨਾ ਹੀ ਮਹਿਬੂਬ ਜਾਂ ਕਿਸੇ ਹੋਰ ਨੂੰ। ਇਕ ਪਾਸੇ ਭਗਤ ਕਬੀਰ ਨੂੰ ਛੋਟਾ ਕਹਿਣਾ ਅਤੇ ਉਨ੍ਹਾਂ ਦੇ ਬਚਨਾਂ ਨੂੰ ਰੱਬੀ ਬਚਨਾਂ ਦੇ ਦਰਜੇ ਤੋਂ ਵੰਚਿਤ ਕਰਨਾ, ਦੂਜੇ ਪਾਸੇ ਜਾਣ-ਬੁਝ ਕੇ ਉਨ੍ਹਾਂ ਨੂੰ ਸਿੱਖ ਧਰਮ ਦਾ ਸੰਸਥਾਪਕ ਲਿਖਣਾ ਅਤੇ ਕੁਰਾਨ ਦੀ ਗੁਰੂ ਗ੍ਰੰਥ ਸਾਹਿਬ ਉਤੇ ਉਚਤਾ ਸਥਾਪਿਤ ਕਰਨਾ, ਸਿੱਖ ਧਰਮ ਉਤੇ ਉਨ੍ਹਾਂ ਦਾ ਇਕ ਮਾਰੂ ਹਮਲਾ ਹੈ, ਜਿਸ ਦਾ ਵਿਰੋਧ ਮੈਂ ਤਾਂ ਹਰ ਹੀਲੇ ਕਰਾਂਗਾ ਹੀ, ਸਮੁੱਚੀ ਸਿੱਖ ਕੌਮ ਸਾਹਮਣੇ ਵੀ ਇਹ ਇਕ ਚੈਲੇਂਜ ਹੈ, ਜਿਸ ਨੂੰ ਤਮਾਸ਼ਾ ਜਾਣ ਕੇ ਪਾਸਾ ਵੱਟਣ ਵਾਲਾ ਕੋਈ ਵੀ ਵਿਅਕਤੀ ਸੁਹਿਰਦ ਸਿੱਖ ਨਹੀਂ ਅਖਵਾ ਸਕਦਾ।

7. ਸਿੱਖ ਧਰਮ ਵਿਰੁਧ ਪਾਪ-ਦਰ-ਪਾਪ ਕਰਦਿਆਂ ਗੁਰਤਰਨ ਜੀ ਦਾ ਮਨ ਜਦੋਂ ਸੰਤੁਸ਼ਟ ਨਹੀਂ ਹੋਇਆ, ਤਾਂ ਉਨ੍ਹਾਂ ਸਿੱਖ ਧਰਮ ਵਿਰੁਧ ਗੁਨਾਹਾਂ ਦੀਆਂ ਸਾਰੀਆਂ ਸੀਮਾਵਾਂ ਦਾ ਉਲੰਘਣ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ ਦਾ ਸਰੀਰ ਸ਼ਬਦ (Word in flesh)' ਬਣਾ ਦਿੱਤਾ ਹੈ। ਸਾਰੇ ਪਾਠਕ ਸ਼ਾਇਦ ਡਾ. ਗੁਰਤਰਨ ਸਿੰਘ ਦੇ ਇਸ ਅਗਿਆਨ-ਆਧਾਰਿਤ ਦੂਸ਼ਿਤ ਵਿਚਾਰ ਨੂੰ ਸਮਝ ਨਾ ਸਕਣ, ਇਸ ਲਈ ਇਸ ਵਿਚਾਰ ਦੇ ਮੂਲ ਨੂੰ ਸਮਝਣਾ ਜ਼ਰੂਰੀ ਹੈ। ਵਾਸਤਵ ਵਿਚ ਈਸਾਈ ਧਰਮ ਗ੍ਰੰਥ ਦੇ ਇੰਜੀਲ ਭਾਗ ਦੀ ਚੌਥੀ ਪੋਥੀ ਸੰਤ ਯੂਹੰਨਾ (Saint John) ਦੁਆਰਾ ਰਚਿਤ ਹੈ। ਇਸ ਦੇ ਆਰੰਭਿਕ ਪਦਾਂ ਦਾ ਭਾਵ ਹੈ ਕਿ ਸ਼ਬਦ ਆਦਿ ਕਾਲ ਤੋਂ ਚਲਦਾ ਆ ਰਿਹਾ ਹੈ ਅਤੇ ਇਹ ਸ਼ਬਦ ਹਮੇਸ਼ਾ ਪਰਮੇਸ਼ਰ ਦੇ ਨਾਲ ਸੀ। ਇਹ ਸ਼ਬਦ ਲਹੂ ਮਾਸ ਦਾ ਰੂਪ ਧਾਰਨ ਕਰ ਗਿਆ ਅਤੇ ਈਸਾ ਰੂਪ ਹੋ ਕੇ ਈਸਾਈਆਂ ਦੀ ਅਗਵਾਈ ਲਈ ਧਰਤੀ 'ਤੇ ਅਵਤ੍ਰਿਤ ਹੋਇਆ। ਹਕੀਕਤਨ ਇਹ ਵਿਚਾਰ ਈਸਾਈ ਸੰਤਾਂ ਨੇ ਯਹੂਦੀ ਧਰਮ ਵਿਚਲੀ ਸ਼ਬਦ-ਉਚਤਾ ਦੇ ਵਿਧਾਨ ਨੂੰ ਨਕਾਰਨ ਵਾਸਤੇ ਪ੍ਰਸਤੁਤ ਕੀਤਾ ਸੀ। ਯਹੂਦੀ ਲੋਕ ਧਰਮ-ਪੁਸਤਕਾਂ ਨੂੰ ਪੈਗੰਬਰਾਂ ਤੋਂ ਵੀ ਵਧ ਮਹੱਤਵ ਦੇ ਕੇ ਉਨ੍ਹਾਂ ਦੀ ਅਗਵਾਈ ਵਿਚ ਚਲਣ ਲਈ ਕ੍ਰਿਤ-ਸੰਕਲਪ ਸਨ। ਉਨ੍ਹਾਂ ਦੀ ਇਸ ਧਾਰਨਾ ਦੇ ਵਿਰੁਧ ਮਸੀਹੀ ਧਰਮ ਨੇ ਹਡ-ਮਾਸ ਦੇ ਪੈਗੰਬਰ ਈਸਾ ਨੂੰ ਸ਼ਬਦ ਵਾਲਾ ਸਥਾਨ ਦੇ ਦਿੱਤਾ। ਸ਼ਬਦ ਦੀ ਅਗਵਾਈ ਦਾ ਬਦਲ ਈਸਾ ਦੇ ਸਰੀਰ ਵਿਚ ਵੇਖਿਆ ਗਿਆ। ਸਿੱਖ ਧਰਮ ਵਿਚ '(Word in flesh)' ਦਾ ਕੋਈ ਵਿਧਾਨ ਨਹੀਂ। ਇਹ ਵਿਧਾਨ ਕੇਵਲ ਦੇਹ-ਪੂਜ ਕੌਮਾਂ ਵਿਚ ਹੋ ਸਕਦਾ ਹੈ। ਈਸਾਈ ਧਰਮ ਵਿਚ ਈਸਾ ਦਾ ਸਰੀਰ ਮਹੱਤਵਪੂਰਨ ਅਤੇ ਪੂਜਣਯੋਗ ਹੈ। ਹਜ਼ਰਤ ਈਸਾ ਅਤੇ ਉਸ ਦੀ ਮਾਤਾ ਮਰੀਅਮ ਦੀਆਂ ਮੂਰਤੀਆਂ ਪੂਜੀਆਂ ਜਾਂਦੀਆਂ ਹਨ। ਸਿੱਖ ਧਰਮ ਵਿਚ ਨਿਰਾਕਾਰ ਵਾਹਿਗੁਰੂ ਸ਼ਬਦ-ਬ੍ਰਹਮ ਹੈ। ਦੇਹ-ਪੂਜਾ ਵਰਜਿਤ ਹੈ। ਸਿੱਖ ਸਿਧਾਂਤ ਅਨੁਸਾਰ ਸ਼ਬਦ ਗੁਰੂ ਦੇ ਹਿਰਦੇ ਤੋਂ ਪ੍ਰਗਟ ਹੁੰਦਾ ਹੈ, ਪਰ ਗੁਰੂ ਦੀ ਹੱਡ-ਮਾਸ ਵਾਲੀ ਕਾਇਆ ਸ਼ਬਦ ਨਹੀਂ। ਸਿੱਖ ਰਵਾਇਤਾਂ ਅਨੁਸਾਰ ਗੁਰੂ-ਪੁਰਖ ਆਪਣੇ ਵਖ-ਵਖ ਸਰੂਪਾਂ ਵਿਚ ਸਿੱਖਾਂ ਨੂੰ ਦ੍ਰਿੜਤਾ ਸਹਿਤ ਸਮਝਾਂਦੇ ਰਹੇ ਕਿ ਉਨ੍ਹਾਂ ਦੀ ਕਾਇਆ ਪੂਜਣਯੋਗ ਨਹੀਂ। ਗੁਰੂ 'ਸ਼ਬਦ' ਵਿਚ ਸਥਿਤ ਹੈ ਅਤੇ 'ਸ਼ਬਦ' ਹੀ ਗੁਰੂ ਹੈ। ਸੋ, ਡਾ. ਗੁਰਤਰਨ ਸਿੰਘ ਦੇ ਦੂਸ਼ਿਤ ਵਿਚਾਰਾਂ ਤੋਂ ਉਪਜੀ ਇਹ ਸਥਾਪਤੀ ਵੀ ਕੇਵਲ ਆਪੱਤੀਜਨਕ ਹੀ ਨਹੀਂ, ਸਿੱਖ ਧਰਮ ਪ੍ਰਤੀ ਬਹੁਤ ਹੀ ਅਪਮਾਨਜਨਕ ਵੀ ਹੈ।

8. ਫਰਿਥਜਾਫ ਦੀ ਇਹ ਧਾਰਨਾ ਵੀ ਨਿਰਮੂਲ ਹੈ ਕਿ ਭਗਤਾਂ ਦੇ ਵਿਸ਼ਵਾਸ ਦਾ ਆਧਾਰ ਬੌਧਿਕ ਗਿਆਨ ਹੈ। ਇਹ ਧਾਰਨਾ ਚੈਤੰਨਿਆ ਆਦਿ ਭਗਤਾਂ ਸੰਬੰਧੀ ਜੇ ਕੁਝ ਹੱਦ ਤਕ ਸੱਚ ਵੀ ਹੋਵੇ, ਤਾਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭਗਤਾਂ ਸੰਬੰਧੀ ਪੂਰੀ ਤਰ੍ਹਾਂ ਨਿਰਾਧਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਦਾ ਇਹ ਵਾਕ 'ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ' ਅੰਕਿਤ ਕਰ ਕੇ ਸਪਸ਼ਟ ਕਰ ਦਿੱਤਾ ਹੈ ਕਿ ਭਗਤ-ਬਾਣੀ ਬੌਧਿਕ ਗਿਆਨ ਨਹੀਂ, ਦੈਵੀ ਅਨੁਭੂਤੀ ਹੈ। ਭਗਤਾਂ ਦੇ ਵਿਚਾਰਾਂ ਨੂੰ ਗੁਰੂ ਜੀ ਦੁਆਰਾ ਆਪਣੇ ਸ਼ਬਦਾਂ ਵਿਚ ਲਿਖਣਾ ਅਤੇ ਆਪਣੀ ਬਾਣੀ ਨੂੰ ਭਗਤਾਂ ਦੇ ਬਚਨਾਂ ਨਾਲ ਰਲਾ ਕੇ ਲਿਖਣਾ ਭਗਤ-ਬਾਣੀ ਅਤੇ ਗੁਰਬਾਣੀ ਦੀ ਅਭੇਦਤਾ ਦਾ ਪੁਖ਼ਤਾ ਪ੍ਰਮਾਣ ਹੈ। ਜੇ ਸਾਰੀ ਭਗਤ-ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਵੀ ਆ ਜਾਂਦੀ, ਤਾਂ ਵੀ ਸ਼ਾਇਦ ਕੋਈ ਅਸਮਾਨਤਾ ਪ੍ਰਤੀਤ ਹੁੰਦੀ, ਪਰ ਇਹ ਸਰਬ ਵਿਦਿਤ ਹੈ ਕਿ ਜਦੋਂ ਭਾਈ ਮਨੀ ਸਿੰਘ ਨੇ ਭਗਤ-ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਲਿਜਾਣ ਦਾ ਪ੍ਰਯਤਨ ਕੀਤਾ ਸੀ, ਤਾਂ ਸਮੁੱਚੇ ਖ਼ਾਲਸਾ ਪੰਥ ਨੇ ਇਸ ਕਰਮ ਨੂੰ ਅਤਿ ਨਿੰਦਿਤ ਸਮਝਦਿਆਂ ਇਸ ਨੂੰ ਅਪ੍ਰਵਾਣ ਕਰ ਦਿੱਤਾ ਸੀ।

**ਗੁਰੂ ਅਤੇ ਭਗਤ ਵਿਚ ਅੰਤਰ:** ਸਾਡੇ ਉਪਰੋਕਤ ਵਿਚਾਰਾਂ ਦਾ ਭਾਵ ਕਦੇ ਵੀ ਇਹ ਨਹੀਂ ਕਿ ਭਗਤ-ਬਾਣੀ ਦੇ ਸਿਰਜਕ ਸਿੱਖ ਲਈ ਗੁਰੂ ਵਾਂਗ ਪੂਜਯ ਹਨ। ਭਗਤਾਂ ਅਤੇ ਗੁਰੂ-ਪੁਰਖਾਂ ਦੀ ਬਾਣੀ ਦੀ ਦਿਵਯ ਉਚਾਈ ਵਿਚ ਰਤਾ ਭਰ ਵੀ ਫ਼ਰਕ ਨਾ ਹੋਣ ਦੇ ਬਾਵਜੂਦ ਭਗਤ ਦਾ ਵਿਅਕਤਿਤ੍ਵ ਗੁਰੂ ਤੁਲ ਨਹੀਂ। ਇਸ ਨੂੰ ਸਮਝ ਲੈਣਾ ਆਵਸ਼ਕ ਹੈ। ਅਸਲ ਵਿਚ ਪੂਰਨ ਗੁਰੂ ਦੇ ਦੋ ਮੁਖ ਅੰਗ ਹਨ। ਇਕ 'ਜੋਤਿ' ਅਤੇ ਦੂਜਾ 'ਜੁਗਤਿ'। ਇਸ ਸੰਬੰਧੀ ਅਸੀਂ ਸੱਤੇ ਅਤੇ ਬਲਵੰਡ ਦੀ ਬਾਣੀ ਵਿਚੋਂ ਇਹ ਪ੍ਰਮਾਣ ਵੇਖ ਸਕਦੇ ਹਾਂ- ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ। ਅਰਥਾਤ ਗੁਰੂ ਅੰਗਦ ਦੇਵ ਜੀ ਕੋਲ 'ਜੋਤਿ' ਅਤੇ 'ਜੁਗਤਿ' ਗੁਰੂ ਨਾਨਕ ਦੇਵ ਜੀ ਵਾਲੀ ਸੀ, ਕੇਵਲ ਗੁਰੂ ਨੇ ਸਰੀਰ ਬਦਲਿਆ ਸੀ। 'ਜੋਤਿ' ਉਹ ਆਦਿ ਪ੍ਰਕਾਸ਼ ਹੈ, ਜਿਸ ਦੀ ਵਿਦਮਾਨਤਾ ਸ਼ਬਦ ਵਿਚ ਰਹਿੰਦੀ ਹੈ। ਹਰ ਉਸ ਅਵਤਾਰੀ ਪੁਰਖ ਅਤੇ ਸਾਧਕ ਵਿਚ, ਜੋ ਅਕਾਲ-ਪੁਰਖ ਨਾਲ ਪੂਰੀ ਤਰ੍ਹਾਂ ਅਭੇਦ ਹੋ ਜਾਂਦਾ ਹੈ, ਇਹ ਜੋਤਿ ਇਕ-ਸਮਾਨ ਪ੍ਰਕਾਸ਼ਮਾਨ ਹੁੰਦੀ ਹੈ। ਅਭੇਦ ਪੁਰਖਾਂ ਵਿਚ ਚਾਹੇ ਉਹ ਗੁਰੂ ਹੋਵੇ ਜਾਂ ਸਿੱਖ ਹੋਵੇ ਜਾਂ ਭਗਤ ਹੋਵੇ ਜੋਤਿ ਪੱਖੋਂ ਦਰਜੇਬੰਦੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਹਰ ਪਰਮ-ਪੁਰਖ ਜਾਂ ਸਾਧਕ ਇਕੋ ਪਰਮੇਸ਼ਰ ਵਿਚ ਅਭੇਦ ਹੁੰਦਾ ਹੈ। ਕਿਉਂਕਿ 'ਸ਼ਬਦ' ਦਾ ਪ੍ਰਗਟਾਅ ਰੱਬ ਅਤੇ ਸਾਧਕ ਦੀ ਇਸ ਅਭੇਦਤਾ ਵਿਚੋਂ ਹੁੰਦਾ ਹੈ, ਇਸ ਲਈ ਮਹਾਪੁਰਖਾਂ ਦੀ ਬਾਣੀ ਵਿਚ ਅੰਤਰ ਨਹੀਂ ਸਥਾਪਿਤ ਕੀਤਾ ਜਾ ਸਕਦਾ। ਉਂਵ ਵੀ ਬਾਣੀ ਵਿਚ ਦਰਜੇਬੰਦੀ ਤਾਂ ਹੀ ਕੀਤੀ ਜਾ ਸਕਦੀ ਹੈ, ਜੇ ਇਹ ਵਖ-ਵਖ ਪਰਮੇਸ਼ਰਾਂ ਦੀ ਹੋਵੇ। ਇਕੋ ਪਰਮੇਸ਼ਰ ਦੀ ਬਾਣੀ ਵਿਚ ਭੇਦ-ਭਾਵ ਦੀ ਦੀਵਾਰ ਕਿਵੇਂ ਉਸਾਰੀ ਜਾ ਸਕਦੀ ਹੈ? ਪਰ ਇਸ ਕਥਨ ਤੋਂ ਇਕ ਸੰਸਾ ਪੈਦਾ ਹੋ ਸਕਦਾ ਹੈ ਕਿ ਕੀ ਗੁਰੂ-ਕਾਲ ਤੋਂ ਮਗਰੋਂ ਵੀ ਰੱਬ ਦੇ ਕਿਸੇ ਪ੍ਰੇਮੀ ਨੂੰ ਰੱਬੀ ਸ਼ਬਦ ਅਨੁਭੂਤ ਹੋ ਸਕਦਾ ਹੈ? ਮੇਰੀ ਮਾਨਤਾ ਹੈ ਕਿ ਜੇ ਰੱਬ ਕਾਇਮ ਹੈ, ਉਸ ਤਕ ਪਹੁੰਚਣ ਵਾਲੇ ਵੀ ਰਹਿਣਗੇ, ਉਸ ਦੀ ਸ਼ਬਦ-ਸ਼ਕਤੀ ਵੀ ਵਿਨਸ਼ਟ ਨਹੀਂ ਹੋ ਸਕਦੀ, ਤਾਂ ਬਾਣੀ ਕਿਸੇ ਸਮੇਂ ਵਿਚ ਵੀ ਅਵਤ੍ਰਿਤ ਹੋ ਸਕਦੀ ਹੈ। ਗੁਰੂ ਕਾਲ ਵਿਚ ਇਹ ਕੀਰਤਨਕਾਰਾਂ ਨੂੰ ਅਤੇ ਭੱਟ-ਕਵੀਆਂ ਜੈਸੇ ਗੁਰਮੁਖਾਂ ਨੂੰ ਵੀ ਅਨੁਭੂਤ ਹੋਈ ਸੀ। ਪਰ ਸੱਚੀ ਬਾਣੀ ਅਤੇ ਕੱਚੀ ਬਾਣੀ ਵਿਚ ਅੰਤਰ ਕੇਵਲ ਗੁਰੂ ਕਰ ਸਕਦਾ ਹੈ, ਸਿੱਖ ਨਹੀਂ। ਇਸ ਕਾਰਨ ਗੁਰੂ ਦੁਆਰਾ ਪ੍ਰਮਾਣਿਤ ਬਾਣੀ ਤੋਂ ਬਾਅਦ ਸਿੱਖ ਕਿਸੇ ਹੋਰ ਬਾਣੀ ਦੇ ਦਿਵਯ ਹੋਣ ਉਤੇ ਵਿਸ਼ਵਾਸ ਨਹੀਂ ਕਰ ਸਕਦਾ। ਫਿਰ ਵੀ ਇਸਲਾਮ ਵਾਂਗ ਸਿੱਖ ਮੱਤ ਇਹ ਨਹੀਂ ਕਹਿੰਦਾ ਕਿ ਗੁਰੂ-ਕਾਲ ਤੋਂ ਬਾਅਦ ਰੱਬ ਗੂੰਗਾ ਹੋ ਗਿਆ ਹੈ।

ਅਸੀਂ ਉਪਰ ਇਹ ਵਿਚਾਰ ਰਹੇ ਸੀ ਕਿ ਗੁਰੂ ਦੇ ਇਕ ਅੰਗ 'ਜੋਤਿ' ਦਾ ਨਿਵਾਸ ਜਿਵੇਂ ਭਗਤਾਂ ਵਿਚ ਸੀ, ਤਿਵੇਂ ਗੁਰੂ ਸਾਹਿਬਾਨ ਵਿਚ ਸੀ, ਉਸੇ ਤਰ੍ਹਾਂ ਬਾਣੀਕਾਰ ਗੁਰਸਿੱਖਾਂ ਵਿਚ। ਉਨ੍ਹਾਂ ਦੀ ਬਾਣੀ ਵਿਚ ਇਕੋ 'ਜੋਤਿ' ਦਾ ਪ੍ਰਕਾਸ਼ ਸੀ। ਇਕੋ ਜੋਤਿ ਦੇ ਗਿਆਨ-ਚਾਨਣ ਤੋਂ ਭਰਪੂਰ ਸਾਰੀ ਬਾਣੀ ਦਾ ਦਰਜਾ ਇਕੋ ਜਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਈ ਬਾਣੀ ਦੂਜੀ ਤੋਂ ਸ੍ਰੇਸ਼ਠ ਜਾਂ ਤੁਛ ਨਹੀਂ ਹੋ ਸਕਦੀ, ਸਭ ਪਦਾਂ ਵਿਚ ਇਕੋ ਜੋਤਿ ਦਾ ਪ੍ਰਕਾਸ਼ ਹੈ, ਕਿਉਂਕਿ ਉਸ ਦੇ ਰਚਨਹਾਰ ਇਕੋ ਨੂਰ ਵਿਚ ਅਭੇਦ ਸਨ।

ਗੁਰੂ ਦਾ ਦੂਜਾ ਅਹਿਮ ਅੰਗ 'ਜੁਗਤਿ' ਹੈ। 'ਜੁਗਤਿ' ਦਾ ਭਾਵ ਉਸ ਸਫਲ ਵਿਧੀ ਤੋਂ ਹੈ, ਜਿਸ ਦੁਆਰਾ ਗੁਰੂ ਆਪਣੇ ਸਿੱਖਾਂ ਦੇ ਹਿਰਦਿਆਂ ਵਿਚ ਸ਼ਬਦ-ਜੋਤਿ ਦਾ ਪ੍ਰਕਾਸ਼ ਕਰਦਾ ਹੈ। ਇਹ 'ਜੁਗਤਿ' ਕੋਈ ਸਾਧਾਰਨ ਵਿਧੀ ਨਹੀਂ, ਬਲਕਿ ਇਕ ਦੈਵੀ-ਅਧਿਕਾਰ ਹੈ। ਪੈਗੰਬਰ ਜਾਂ ਗੁਰੂ ਇਸੇ ਵਿਸ਼ੇਸ਼ ਅਧਿਕਾਰ ਕਾਰਨ ਭਗਤਾਂ ਅਤੇ ਸਾਧਕਾਂ ਤੋਂ ਵਖ ਹੋ ਜਾਂਦੇ ਹਨ। ਭਗਤਾਂ ਨੇ ਆਪਣੀ ਸਾਧਨਾ ਦੁਆਰਾ ਆਪਣਾ ਅੰਤਹਕਰਣ ਪ੍ਰਕਾਸ਼ਮਾਨ ਕੀਤਾ ਹੈ, ਉਸ ਅੰਤਹਕਰਣ ਵਿਚੋਂ 'ਦਿਵਯ-ਜੋਤਿ' ਸ਼ਬਦ ਦਾ ਰੂਪ ਧਾਰਨ ਕਰ ਕੇ ਬਾਹਰ ਪ੍ਰਗਟ ਹੋਈ ਹੈ, ਪਰ ਉਸ ਜੋਤਿ ਦੇ ਮਾਨਵ-ਮਨ ਵਿਚ ਸਫਲ ਸੰਚਾਰ ਦਾ ਜੋ ਵਿਸ਼ੇਸ਼ ਅਧਿਕਾਰ ਗੁਰੂ-ਪੁਰਖ ਕੋਲ ਹੈ, ਉਹ ਭਗਤਾਂ ਕੋਲ ਨਹੀਂ। ਭਗਤ ਕਬੀਰ ਨੇ ਜਾਤਿ-ਪਾਤਿ ਦਾ ਨਿਖੇਧ ਕਰਨ ਵਾਲੇ ਜੋਤਿਮਈ ਸ਼ਬਦ ਤਾਂ ਉਚਾਰਨ ਕੀਤੇ ਹਨ, ਆਪ ਇਨ੍ਹਾਂ ਭੇਦ-ਭਾਵਾਂ ਤੋਂ ਉਹ ਉਪਰ ਵੀ ਉਠ ਜਾਂਦੇ ਹਨ, ਪਰ ਜਾਤਿ-ਮੁਕਤ ਸਮਾਜ ਸਿਰਜਣ ਦਾ ਉਨ੍ਹਾਂ ਕੋਲ ਉਹ ਅਧਿਕਾਰ ਨਹੀਂ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਹੋਰ ਨੌਂ ਸਰੀਰਾਂ ਕੋਲ ਸੀ। ਭਾਵ ਇਹ ਕਿ ਭਗਤ ਜੋਤਿ ਕਾਰਨ ਗੁਰੂ ਨਾਲ ਅਭੇਦ ਹਨ। ਉਨ੍ਹਾਂ ਦੇ ਬਚਨ ਗੁਰੂ ਦੀ ਬਾਣੀ ਤੁਲ ਹਨ, ਪਰ ਉਨ੍ਹਾਂ ਦਾ ਸਮੁੱਚਾ ਵਿਅਕਤਿਤ੍ਵ ਗੁਰੂ ਜੇਡਾ ਨਹੀਂ। ਸਿੱਖ ਮੱਤ ਇਸ ਸੰਬੰਧੀ ਬਹੁਤ ਸਪਸ਼ਟ ਹੈ। ਹਰ ਸਿੱਖ ਭਗਤਾਂ ਦੀ ਬਾਣੀ ਨੂੰ ਗੁਰਬਾਣੀ ਨਾਲ ਅਭਿੰਨ ਮੰਨਦਾ ਹੈ। ਭਗਤਾਂ ਦੀ ਬਾਣੀ ਨੂੰ ਉਹੋ ਸਨਮਾਨ ਦਿੰਦਾ ਹੈ, ਜਿਹੜਾ ਉਹ ਗੁਰਬਾਣੀ ਨੂੰ ਦਿੰਦਾ ਹੈ, ਪਰ ਭਗਤਾਂ ਦੇ ਵਿਅਕਤਿਤ੍ਵ ਨੂੰ ਉਹ ਸਥਾਨ ਕਦੇ ਨਹੀਂ ਦਿੰਦਾ, ਜਿਹੜਾ ਗੁਰੂ ਪਾਤਸ਼ਾਹਾਂ ਨੂੰ ਦਿੰਦਾ ਹੈ। ਇਹ ਸੂਖਮ ਅੰਤਰ ਗੁਰੂ ਅਤੇ ਭਗਤ ਦਾ ਹੈ, ਜਿਸ ਦੀ ਠੀਕ ਸਮਝ ਨਾ ਹੋਣ ਕਾਰਨ ਗੁਰਤਰਨ ਸਿੰਘ ਅਤੇ ਉਨ੍ਹਾਂ ਦੇ ਪੂਜਯ 'ਕਲਿਕੀ ਅਵਤਾਰ' ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਕੁਝ ਭਾਗ ਨੂੰ ਛੋਟਾ ਸਮਝਣ ਦਾ ਅਪਰਾਧ ਕਰ ਰਹੇ ਹਨ।

***(ਬਾਕੀ ਅਗਲੇ ਅੰਕ 'ਚ)***

ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

# ਲਾਹੌਰ ਦਾ ਸ਼ੌਕੀਨ

ਕੁੜੀ ਨੇ ਮੇਰੇ ਦੋਸਤ ਤੇ ਗੁਆਂਢੀ ਕਮਰੇ 'ਚ ਰਹਿੰਦੇ ਗੁਰਦੀਪ ਬੈਂਸ ਨੂੰ ਗਿਆਰਾਂ ਵਜੇ ਪੀ.ਜੀ.ਆਈ. ਗੇਟ ਦੇ ਸਾਹਮਣੇ ਮਿਲਣ ਦਾ ਇਕਰਾਰ ਕੀਤਾ ਸੀ ਪਰ ਗੁਰਦੀਪ ਮੈਨੂੰ ਸਾਢੇ ਦਸ ਵਜੇ ਹੀ ਨਾਲ ਲੈ ਆਇਆ। ਮੈਂ ਕਿੱਥੇ ਆਉਂਦਾ ਸੀ। ਕਬਾਬ ਵਿਚ ਹੱਡੀ ਬਨਣਾ ਕਿਸਨੂੰ ਚੰਗਾ ਲੱਗਦਾ। ਨਾਲੇ ਆਪਣੀਆਂ ਅੱਖਾਂ ਮੂਹਰੇ ਝੁੱਡੂ ਦੋਸਤ ਆਸ਼ਕੀਆਂ ਕਰੇ, ਇਹ ਤਾਂ ਸਰਾਸਰ ਹਿੱਕ 'ਤੇ ਮੂੰਗ ਦਲਣ ਵਾਲੀ ਗੱਲ ਹੋਣੀ ਸੀ। ਉਧਰ ਪਹਿਲੀ ਵਾਰ ਕੋਠੇ ਜਿੱਡੀ ਕੁੜੀ ਦਾ ਸਾਹਮਣਾ ਕਰਨ ਦੀ ਸੋਚ ਕੇ ਹੀ ਗੁਰਦੀਪ ਦੇ ਪੈਰ ਹਿੱਲੇ ਪਏ ਸਨ। ਉਸਨੂੰ ਸਹਾਰੇ ਦੀ ਲੋੜ ਸੀ। ਮੈਨੂੰ ਬਹੁਤੀਆਂ ਕਿਤਾਬਾਂ ਪੜ੍ਹਦੇ ਨੂੰ ਦੇਖਕੇ ਉਸਨੇ ਮੈਨੂੰ ਬਹੁਤ ਸਿਆਣਾ ਸਮਝਿਆ ਹੋਣਾ। ਉਸਨੂੰ ਕੀ ਪਤਾ ਕੁੜੀ ਨਾਂ ਦੀ ਜਿਣਸ ਦੇਖ ਕੇ ਮੇਰਾ ਤਾਂ ਢਾਂਚਾ ਹੀ ਹਿੱਲਣ ਲਗਦਾ ਹੈ। ਪਰ ਉਸਨੇ ਇਕ ਇਕ ਤੇ ਦੋ ਗਿਆਰਾਂ ਦੀ ਰੱਟ ਲਾਈ। ਮੈਂ ਉਸਨੂੰ ਬਥੇਰਾ ਕਿਹਾ ਦੋਂਹ ਨੂੰ ਦੇਖਕੇ ਕੁੜੀ ਨੌਂ ਦੋ ਗਿਆਰਾਂ ਵੀ ਹੋ ਸਕਦੀ ਹੈ ਤੇ ਨਾਲੇ ਦੋ ਨਾਲ ਦਵੇਖ ਵੀ ਪੈਦਾ ਹੁੰਦਾ ਹੈ। ਪਰ ਉਸ ਦੇ ਕੰਨਾਂ 'ਤੇ ਜੂੰ ਨਾ ਸਰਕੀ, ਮੈਨੂੰ ਆਪਣੇ ਨਾਲ ਘਸੀਟ ਹੀ ਲਿਆਇਆ।

ਉਹ ਪਿਛਲੀ ਸਾਰੀ ਰਾਤ ਸੁੱਤਾ ਨਹੀਂ ਸੀ। ਮਸਾਂ ਮਸਾਂ ਇਕ ਜਿਊਂਦੀ ਜਾਗਦੀ ਟਿੱਪ-ਟੌਪ ਕੁੜੀ ਉਸਦੇ ਅੜਿੱਕੇ ਆਈ ਸੀ, ਕਿੱਥੇ ਲੱਗਣੀਆਂ ਸੀ ਉਸਦੀਆਂ ਅੱਖਾਂ ਤੇ ਕਿੱਥੇ ਲੱਗਣੇ ਸਨ ਉਸਦੇ ਪੈਰ। ਇਸ ਪ੍ਰਾਪਤੀ ਲਈ ਉਹ ਕਿੰਨਾ ਜੂਝਦਾ ਤੇ ਤੜਪਦਾ ਰਿਹਾ ਸੀ। ਆਪ ਭਲਾ ਕੀ ਸੀ ਉਹ। ਅਜੇ ਛੇ ਮਹੀਨੇ ਪਹਿਲਾਂ: ਕਿੱਥੇ ਹੁਸ਼ਿਆਰਪੁਰ, ਫਿਰ ਹੋਰ ਪਰੇ ਟਾਂਡਾ ਉੜਮੁੜ, ਹੋਰ ਪਰੇ ਚਿੜੀ ਦੇ ਪਹੁੰਚੇ ਜਿੱਡਾ ਪਿੰਡ ਖਡਿਆਲਾ। ਧੁਰ ਉਤਰ ਦਿਸ਼ਾ 'ਚੋਂ ਉਹ ਚੱਲ ਕੇ ਆਇਆ ਸੀ ਜਿਵੇਂ ਕਿਸੇ ਖੱਡ ਚੋਂ ਨਿਕਲਿਆ ਹੁੰਦਾ, ਕਪੜੇ ਝਾੜਦਾ। ਉਸਦੀਆਂ ਝੋਟੇ ਵਰਗੀਆਂ ਡਿਗੂੰ ਡਿਗੂੰ ਕਰਦੀਆਂ ਅੱਖਾਂ, ਤੌਲੇ ਜਿੱਡਾ ਸਿਰ, ਸਿਕੋੜੇ ਹੋਏ ਮੋਢੇ, ਲੋਹੇ ਵਰਗਾ ਰੰਗ ਤੇ ਫੁੱਲਿਆ ਹੋਇਆ ਸਰੀਰ ਇਕ ਉਜੱਡ ਪੇਂਡੂ ਦਾ ਹੁਲੀਆ ਸੀ। ਕੁੜੀਆਂ ਅਜਿਹੇ ਮੁੰਡਿਆਂ ਤੋਂ ਹਜ਼ਾਰ ਕੋਹ ਦੂਰ ਹੀ ਰਹਿੰਦੀਆਂ ਹਨ। ਫਿਰ ਲਿਆਕਤ ਦਾ ਨਮੂਨਾ ਦੇਖੋ: ਬੀ.ਏ. ਵਿਚੋਂ ਸਿਵਾਏ ਪੰਜਾਬੀ ਦੇ ਹਰ ਸਬਜੈਕਟ ਚੋਂ ਪੈਂਤੀ ਪੈਂਤੀ ਪਰਸੈਂਟ ਨੰਬਰ। ਪੰਜਾਬੀ ਦੇ ਪੰਤਾਲੀ ਪਰਸੈਂਟ ਰੰਗ ਲਿਆਏ, ਉਸ ਨੂੰ ਯੂਨੀਵਰਸਿਟੀ ਪੰਜਾਬੀ ਐਮ.ਏ. ਵਿਚ ਦਾਖਲਾ ਮਿਲ ਗਿਆ ਤੇ ਉਹ ਚੰਡੀਗੜ੍ਹ ਦੀ ਰੁਮਾਂਚਕ ਦੁਨੀਆਂ ਵਿਚ ਠਿਲ ਪਿਆ।

ਹੌਲੀ ਹੌਲੀ ਚੰਡੀਗੜ੍ਹ ਦੀ ਮਟਰ-ਗਸ਼ਤੀ, ਹੋਸਟਲ ਦੇ ਖੁਸ਼ਕ ਰਾਜਮਾਂਹ ਤੇ ਸੁਆਹ ਵਾਲੀਆਂ ਰੋਟੀਆਂ ਨੇ ਉਸਦੀ ਕਾਇਆ ਚੋਂ ਸਾਰੀ ਮਮਿਆਈ ਖਿੱਚ ਲਈ। ਉਸਦਾ ਸਰੀਰ ਹੌਲਾ ਫੁੱਲ ਹੋ ਗਿਆ, ਮੌਰ ਸਿੱਧੇ ਹੋ ਗਏ, ਤੇ ਲੋਹਾ-ਰੰਗ ਫਿੱਕਾ ਪੈ ਗਿਆ। ਕੁੜੀਆਂ ਵਲੋਂ ਉਸਦਾ ਝਾਕਾ ਖੁਲ੍ਹਦਾ ਗਿਆ, ਉਸਨੂੰ ਗੱਲ ਕਰਨੀ ਤੇ ਬਣਾਉਣੀ ਆ ਗਈ। ਕੁੜੀਆਂ ਉਸ ਨਾਲ ਖੁਲ੍ਹਣ ਲੱਗ ਪਈਆਂ ਤੇ ਉਸ ਨਾਲ ਗੱਲ ਕਰਕੇ ਖੁਸ਼ ਹੁੰਦੀਆਂ, ਪਰ ਏਧਰ ਗੁਰਦੀਪ ਸਿੰਘ ਬੈਂਸ ਦੇ ਆਪਣੇ ਤੇਵਰ ਬਦਲਦੇ ਬਦਲਦੇ ਹੋਰ ਦੇ ਹੋਰ ਹੋ ਗਏ। ਹੁਣ ਪੰਜਾਬੀ ਵਿਭਾਗ ਦੀਆਂ ਕੁੜੀਆਂ ਉਸਨੂੰ ਗੰਵਾਰ, ਜਾਹਲ ਤੇ ਝੱਲ ਵਲੱਲੀਆਂ ਲੱਗਣ ਲੱਗ ਪਈਆਂ। ਮੇਰੇ ਕੋਲ ਰੋਣੇ ਰੋਂਦਾ,"ਕੀ ਹੈ ਯਾਰ ਇਹ ਪੰਜਾਬੀ ਡਿਪਾਰਟਮੈਂਟ, ਨਿਰ੍ਹਾ ਭੈਣਾਂ-ਭਰਾਵਾਂ ਦਾ ਮਹਿਕਮਾ। ਕਿਸੇ ਮੁੰਡੇ ਵੱਲ ਰੁਮਾਂਟਕ ਨਜ਼ਰਾਂ ਨਾਲ ਦੇਖਦੀਆ ਹੀ ਨਹੀਂ ਇਹ ਕੁੜੀਆਂ, ਬੱਸ ਰੱਖੜੀ ਬੰਨ੍ਹਣ ਨੂੰ ਕਰਦੀਆਂ ਰਹਿੰਦੀਆਂ। ਹੱਡਲ ਜਿਹੀਆਂ ਜੱਟੀਆਂ, ਜਿਵੇਂ ਕਪਾਹ ਚੁਗਦੀਆਂ ਯੂਨੀਵਰਸਿਟੀ ਵਿਚ ਆ ਵੜ੍ਹੀਆਂ ਹੋਣ। ਚੁੰਨੀ ਦੀ ਡੂਢੀ ਬੁੱਕਲ ਮਾਰ ਲੈਣਗੀਆਂ। ਇਨ੍ਹਾਂ ਲੱਸੀ-ਪੀਣੀਆਂ ਨੂੰ ਕੋਈ ਕਿੱਦਾਂ ਕਾਫ਼ੀ ਹਾਊਸ ਵਿਚ ਲਿਜਾਵੇ। ਕੋਈ ਗੱਲ ਏਧਰ ਉਧਰ ਦੀ ਹੋ ਜਾਵੇ ਤਾਂ ਕਹਿ ਦੇਣਗੀਆਂ ਆ ਤੈਨੂੰ ਦੱਸਾਂ, ਜਿਵੇਂ ਹੁਣੇ ਆਪਣੇ ਛੇ ਫੁਟੇ ਭਰਾ ਤੋਂ ਕੁਟਵਾ ਦੇਣਗੀਆਂ। ਪਤਾ ਨਹੀਂ ਕਿੱਥੋਂ ਦੁਰਾਹੇ, ਗਿੱਦੜਵਾਹੇ ਦੇ ਕਾਲਜਾਂ ਤੋਂ ਪੜ੍ਹ ਕੇ ਆ ਧਮਕੀਆਂ।"

ਗੁਰਦੀਪ ਦੀ ਨਜ਼ਰ ਹੋਰ ਵਿਭਾਗਾਂ ਦੀਆਂ ਕੁੜੀਆਂ ਖਾਸ ਤੌਰ 'ਤੇ ਅੰਗਰੇਜ਼ੀ ਵਾਲੀਆਂ ਹੁਸੀਨਾਂ ਵੱਲ ਲੱਗੀਆਂ ਰਹਿੰਦੀਆਂ ਪਰ ਉਧਰ ਇਹ ਮਜਾਜਣਾਂ ਪੰਜਾਬੀ ਦੇ "ਗਿਆਨੀ ਜਿਹੇ" ਮੁੰਡਿਆਂ 'ਤੇ ਨੱਕ ਹੀ ਨਾ ਰੱਖਦੀਆਂ। ਗੁਰਦੀਪ ਦੀ ਕਲਪਨਾ 'ਚ ਟੱਪ ਟੱਪ ਕਰਦੀ ਜੀਨਾਂ ਵਾਲੀ ਯੈਂਕਣ ਦੀ ਚਾਹਤ ਹਸਰਤ ਬਣ ਗਈ। ਮੈਂ ਉਸ ਨੂੰ ਕਹਿਣਾ ਪੰਜਾਬੀ ਛੱਡ ਕੇ ਕਿਸੇ ਹੋਰ ਡਿਪਾਰਟਮੈਂਟ 'ਚ ਦਾਖਲਾ ਲੈ ਲਾ ਪਰ ਉਸ ਨੇ ਖੀ ਖੀ ਕਰ ਛੱਡਣਾ... ਉਸਦੇ ਪੈਂਤੀ ਪੈਂਤੀ ਪਰਸੈਂਟ ਨੰਬਰ...।

ਗੁਲਾਬੀ ਸਿਆਲ ਆ ਰਿਹਾ ਸੀ ਤੇ ਗੁਰਦੀਪ ਨੂੰ ਕੁੜੀ ਦੇ ਸਾਥ ਦੀ ਹੋਰ ਵੀ ਤਲਬ ਹੋਣ ਲੱਗ ਪਈ। ਉਸਦੀ ਨਿਰਾਸ਼ਾ ਵਧ ਰਹੀ ਸੀ, ਉਹ ਉਖੜਿਆ ਉਖੜਿਆ ਰਹਿਣ ਲੱਗਾ। ਕਮਰੇ 'ਚ ਆਉਂਦਿਆਂ ਹੀ ਕਿਤਾਬਾਂ ਸੁੱਟ ਦਿੰਦਾ ਤੇ ਬਿਸਤਰੇ 'ਤੇ ਢੇਰੀ ਹੋ ਜਾਂਦਾ। ਕੁਝ ਦਿਨਾਂ ਤੋਂ ਤਾਂ ਉਹ ਮੈਨੂੰ ਨਜ਼ਰ ਹੀ ਆਉਣੋਂ ਹਟ ਗਿਆ। ਮੈਨੂੰ ਫ਼ਿਕਰ ਹੋਣ ਲੱਗਾ ਕਿਤੇ ਲੇਕ 'ਤੇ... ਪਰ ਅਚਾਨਕ ਕਲ੍ਹ ਰਾਤ ਉਹ ਪ੍ਰਗਟ ਹੋ ਗਿਆ। ਆਉਂਦਿਆਂ ਹੀ ਆਪਣੀ ਰਾਮ ਕਹਾਣੀ ਸੁਣਾਉਣ ਲੱਗ ਪਿਆ।

ਉਸਨੇ ਦੱਸਿਆ ਕਿ ਸਿਆਲ ਦੀ ਰੁੱਤ ਸ਼ੁਰੂ ਹੋ ਜਾਣ ਕਾਰਨ ਉਹ ਰਜਾਈ ਲੈਣ ਪਿੰਡ ਚਲੇ ਗਿਆ ਸੀ। ਕਿੰਨਾ ਬੂਝੜ ਸੀ ਉਹ, ਰਜਾਈ ਜਿਹੀ ਨਹਿਸ਼ ਚੀਜ਼ ਨੂੰ ਘਰੋਂ ਅੱਡੇ ਤੱਕ ਸਿਰ 'ਤੇ ਚੁੱਕੀ ਲਿਆਇਆ। ਫਿਰ ਟਾਂਡੇ ਵੱਲ ਜਾਂਦੇ ਤੂੜੇ ਹੋਏ ਟੈਂਪੂ ਦੇ ਡਾਲੇ ਉਤੇ ਉਹ ਇੱਕ ਲੱਤ ਭਾਰ ਖੜਾ ਹੋ ਗਿਆ। ਚੁੱਕੀ ਹੋਈ ਲੱਤ ਹੇਠਾਂ ਇਕ ਗਧੀਲਣ ਬੈਠੀ ਆਪਣੇ ਬੱਚੇ ਨੂੰ ਦੁੱਧ ਚੁੰਘਾਉਂਦੀ ਰਹੀ ਸੀ। ਉਸਨੇ ਰਜਾਈ ਨੂੰ ਪੱਟ 'ਤੇ ਧਰ ਕੇ ਘੁੱਟ ਕੇ ਫੜੀ ਰਖਿਆ। ਇਸ ਤਰ੍ਹਾਂ ਉਸਨੇ ਆਪਣਾ ਸੰਤੁਲਨ ਬਣਾਈ ਰੱਖਿਆ ਤੇ ਰਜਾਈ ਨੂੰ ਵੀ ਮਿੱਟੀ ਪਲੀਤ ਹੋਣ ਤੋਂ ਬਚਾਈ ਰਖਿਆ। ਟਾਂਡੇ ਤੋਂ ਲੁਧਿਆਣੇ ਤੱਕ ਉਸਨੂੰ ਜੋ ਬੱਸ ਮਿਲੀ, ਉਸ ਵਿਚ ਤਿਲ ਸੁੱਟਣ ਜੋਗੀ ਵੀ ਥਾਂ ਨਹੀਂ ਸੀ। ਅਧੀਆਂ ਸਵਾਰੀਆਂ ਤਾਂ ਖੜੀਆਂ ਸਨ। ਉਹ ਬੱਸ ਦੇ ਪਿਛਲੇ ਪਾਸੇ ਦਰਵਾਜ਼ੇ ਕੋਲ ਫਿੱਟ ਹੋ ਗਿਆ ਤੇ ਰਜਾਈ ਨੂੰ ਉਸਨੇ ਦੋਵੇਂ ਗੋਡਿਆਂ ਵਿਚਕਾਰ ਘੁੱਟ ਲਿਆ। ਰਾਹ ਵਿਚ ਜਿੰਨੀਆਂ ਸਵਾਰੀਆਂ ਉਤਰਦੀਆਂ, ਓਨੀਆਂ ਹੀ ਚੜ੍ਹ ਜਾਂਦੀਆਂ। ਏਸੇ ਮੁਦਰਾ ਵਿਚ ਉਹ ਲੁਧਿਆਣੇ ਤੱਕ ਖੜਾ ਹੀ ਰਿਹਾ। ਲੁਧਿਆਣੇ ਪਹੁੰਚਿਆ ਤਾਂ ਚੰਡੀਗੜ੍ਹ ਦੀ ਬੱਸ ਤਿਆਰ ਖੜੀ ਸੀ। ਉਸਨੇ ਰਜਾਈ ਨੂੰ ਬੱਸ ਦੇ ਇੰਜਣ ਉਤੇ ਟਿਕਾਇਆ ਤੇ ਇੱਕ ਦੋ ਜਣਿਆਂ ਵਾਲੀ ਖਾਲੀ ਸੀਟ 'ਤੇ ਬੈਠ ਕੇ ਰਜਾਈ ਤੋਂ ਮੁਕਤ ਹੋਈਆਂ ਲੱਤਾਂ ਦੇ ਸੁਖ ਨੂੰ ਮਾਨਣ ਲੱਗਾ। ਪਰ ਲੱਤਾਂ ਨੂੰ ਆਜ਼ਾਦ ਕਰਕੇ ਉਸਨੇ ਅੱਖਾਂ ਨੂੰ ਵਖਤ ਪਾ ਦਿੱਤਾ: ਰਜਾਈ ਦੀ ਲਗਾਤਾਰ ਨਜ਼ਰਸਾਨੀ ਨਿਹਾਇਤ ਜ਼ਰੂਰੀ ਸੀ।

ਰਜਾਈ ਦੇ ਮੰਦੇ ਭਾਗ, ਗੁਰਦੀਪ ਦੇ ਸੁਪਨਿਆਂ ਦੀ ਪਰੀ, ਇਕ ਹੁਸੀਨ ਕੁੜੀ ਉਸਦੇ ਨਾਲ ਵਾਲੀ ਸੀਟ 'ਤੇ ਆ ਬੈਠੀ। ਕੁੜੀ ਬੈਠਣ ਲੱਗੀ ਤਾਂ ਉਹ ਸੁੰਗੜ ਕੇ ਬਾਰੀ ਨਾਲ ਜਾ ਲੱਗਾ, ਪਤਾ ਨਹੀਂ ਕੁੜੀ ਤੋਂ ਸੰਗਦਾ ਜਾਂ ਉਸ ਲਈ ਖੁੱਲ੍ਹੀ ਜਗ੍ਹਾ ਛੱਡਦਾ, ਪਰ ਸਹਿਜੇ ਸਹਿਜੇ ਉਹ ਚੌੜਾ ਹੋਣਾ ਸ਼ੁਰੂ ਹੋ ਗਿਆ ਤੇ ਕੁੜੀ ਵੱਲ ਸਰਕਣ ਲੱਗਾ। ਕੁੜੀ ਗੁਰਦੀਪ ਵੱਲ ਦੇਖਕੇ ਕੁਝ ਮੁਸਕਾਈ ਤਾਂ ਗੁਰਦੀਪ ਨੇ ਇਕ ਹੱਥ ਅਗੇ ਕਰਕੇ 'ਹਜ਼ੂਰ' ਕਿਹਾ। ਕੁੜੀ ਨੂੰ ਉਸਦੀ ਇਹ ਹਰਕਤ ਦਿਲ ਦੀਆਂ ਡੂੰਘਾਣਾਂ ਤੱਕ ਹਲੂਣ ਗਈ, ਉਹ ਥੋੜ੍ਹਾ ਹੋਰ ਮੁਸਕਾਈ ਤਾਂ ਗੁਰਦੀਪ ਦੇ ਰੁਮਾਂਟਕ ਸਫ਼ਰ ਦਾ ਆਗ਼ਾਜ਼ ਹੋ ਗਿਆ। ਸ਼ਾਇਦ ਇਹ ਸਫ਼ਰ ਜ਼ਿੰਦਗੀ ਦਾ ਸਫ਼ਰ ਹੀ ਬਣ ਜਾਵੇ, ਗੁਰਦੀਪ ਲੰਬੀ ਸੋਚ ਗਿਆ ਤੇ ਉਸਦੀਆਂ ਅੱਖਾਂ ਰਜਾਈ ਵਲੋਂ ਬੇਵਫ਼ਾਈ ਕਰਕੇ ਕੁੜੀ ਦੇ ਵਜੂਦ ਵੱਲ ਟਿਕ ਗਈਆਂ। ਪਰ ਚਾਣਚੱਕ ਉਸ ਦੇ ਕੰਨਾਂ ਨੇ ਕੰਡਕਟਰ ਦੀ ਕੜ੍ਹਕਵੇਂ ਬੋਲ ਸੁਣੇ," ਓਇ ਇਹ ਕੀਹਦਾ ਬਈ ਗੁੱਦੜ ਮਾਲ, ਚੁੱਕੋ ਏਥੋਂ।" ਸਵਾਰੀਆਂ ਨੇ ਸਿਰ ਚੁੱਕੇ ਤੇ ਚਾਰੇ ਪਾਸੇ ਘੁਮਾਏ।

ਗੁਰਦੀਪ ਚੌਂਕ ਉਠਿਆ, ਉਸ ਦੀ ਰਜਾਈ ਧਿਤਕਾਰ ਦਾ ਪਾਤਰ ਬਣੀ ਪਈ ਸੀ। ਘੋਰ ਸੰਕਟ ਦੀ ਘੜੀ ਸੀ: ਇਕ ਪਾਸੇ ਨੀਲੀ ਜੀਨ ਵਾਲੀ ਯੈਂਕਣ ਤੇ ਦੂਜੇ ਪਾਸੇ ਸੁਰਖ ਚੰਦੇ ਵਾਲੀ ਰਜਾਈ। ਅੱਖਾਂ ਚ ਖੁਭਦੀਆਂ ਵੱਡੀਆਂ ਵੱਡੀਆਂ ਦਕਿਆਨੂਸੀ ਅੰਬੀਆਂ ਦੀ ਛਾਪ ਵਾਲਾ ਲਾਲ ਚੰਦਾ ਦੇਖ ਕੇ ਉਸਨੂੰ ਝੁਣਝੁਣੀ ਆਈ, ਉਹ ਕਿਵੇਂ ਇਸ ਗ਼ਲਾਜ਼ਤ ਨੂੰ ਏਨੀ ਦੂਰ ਚੁੱਕੀ ਲਿਆਇਆ ਸੀ। ਉਸ ਨੂੰ ਮਾਂ ਤੇ ਖਿਝ ਆਈ, ਰਜਾਈ ਤੇ ਗਿਲਾਫ਼ ਤਾਂ ਚੜ੍ਹਾ ਦਿੰਦੀ। ਫਿਰ ਆਪਣੇ ਆਪ ਵਿਚ ਕਲਪਿਆ, ਉਹ ਕਿਉਂ ਇਸ ਨੂੰ ਸਣ ਦੀ ਰੱਸੀ ਨਾਲ ਲਪੇਟ ਕੇ ਲੈ ਆਇਆ ਸੀ, ਉਸਨੂੰ ਕੋਈ ਬਿਸਤਰਾ ਬੰਨ੍ਹ ਨਾ ਲੱਭਾ? ਕੀ ਸੋਚੇਗੀ ਇਹ ਕੁੜੀ, ਪਿੰਡ ਚੁੱਕੀ ਫਿਰਦਾ ਨਾਲ ਨਾਲ, ਲਾਹੌਰ ਦਾ ਸ਼ੌਕੀਨ ਤੇ ਬੋਝੇ 'ਚ ਗਾਜਰਾਂ। ਉਹ ਕਦੇ ਰਜਾਈ ਵੱਲ ਚੋਰ ਅੱਖੀਂ ਦੇਖਦਾ ਤੇ ਕਦੇ ਕੁੜੀ ਵੱਲ।

ਟਿਕਟਾਂ ਕੱਟ ਕੇ ਮੁੜਦਾ ਕੰਡਕਟਰ ਉਵੇਂ ਪਈ ਰਜਾਈ ਦੇਖਕੇ ਫਿਰ ਗਰਜਿਆ,"ਆਹ ਹਿਲਾਈ ਨਹੀਂ ਕਿਸੇ ਨੇ ਆਪਣੀ ਜੁੱਲੀ? ਚੁੱਕੋ ਇਹਨੂੰ, ਛੱਤ ਤੇ ਚੜ੍ਹਾਓ।" ਸਵਾਰੀਆਂ ਏਧਰ ਉਧਰ ਝਾਕਣ ਪਰ ਐਵੇਂ ਕੌਣ ਦਾਅਵੇਦਾਰ ਬਣਦਾ। ਗੁਰਦੀਪ ਦੇ ਅੰਦਰ ਚੜ੍ਹਨ-ਲੱਥਣ ਲੱਗੀਆਂ। ਉਸਨੂੰ ਰਜਾਈ ਨਾਲ ਹੇਜ ਸੀ, ਆਖਰ ਉਸਦੀ ਆਪਣੀ ਰਜਾਈ ਸੀ, ਇਸਦੀ ਖਾਤਿਰ ਉਸਨੇ ਸਰੀਰ ਨੂੰ ਕਿੰਨਾ ਕਸ਼ਟ ਦਿੱਤਾ ਸੀ। ਪਰ ਵਕਤ ਦੀ ਆਪਣੀ ਨਜ਼ਾਕਤ ਸੀ। ਕਰੜਾ ਮਨ ਕਰਕੇ ਉਸਨੇ ਦੋ-ਟੁੱਕ ਫੈਸਲਾ ਕਰ ਲਿਆ, ਰਜਾਈ ਜਾਏ ਤਾਂ ਜਾਏ ਪਰ ਉਹ ਕੁੜੀ ਅੱਗੇ ਹੇਚ ਨਹੀਂ ਹੋਵੇਗਾ ਤੇ ਉਹ ਨਿਸ਼ਚਿੰਤ ਹੋ ਗਿਆ। ਚਿੰਤਾਂ 'ਚ ਡੁੱਬੀਆਂ ਸਵਾਰੀਆਂ ਨੇ ਕੰਡਕਟਰ ਨੂੰ ਕਿਹਾ ਕਿ ਸ਼ਾਇਦ ਕੋਈ ਭੁੱਲ ਕੇ ਛੱਡ ਗਿਆ ਹੋਵੇਗਾ। ਕੰਡਕਟਰ ਲੋਹਾ-ਲਾਖਾ ਹੋਇਆ ਪਿਆ ਸੀ। ਉਸਨੇ ਯਕਾ ਯਕ ਰਜਾਈ ਨੂੰ ਠੁੱਡ ਮਾਰਕੇ ਬੱਸ ਤੋਂ ਬਾਹਰ ਰੋੜ੍ਹ ਦਿੱਤਾ ਤੇ ਬੇਪਰਵਾਹੀ ਨਾਲ ਬੱਸ ਦੀ ਛੱਤ ਤੇ ਵਗਾਹ ਮਾਰਿਆ। ਗੁਰਦੀਪ ਤ੍ਰਭਕਿਆ ਪਰ ਉਸਦੀ ਜਾਨ ਵਿਚ ਜਾਨ ਆਈ। ਸੱਪ ਵੀ ਬਚ ਗਿਆ ਤੇ ਲਾਠੀ ਵੀ। ਰਜਾਈ ਕਰਕੇ ਉਸਦੀ ਕਿੰਨੀ ਸ਼ਰਮਸਾਰੀ ਹੋ ਸਕਦੀ ਸੀ। ਪਹਿਲ ਪਲੇਠੀ ਤਾਂ ਇਹ ਕੁੜੀ ਸੀ ਜੋ ਉਸਦੇ ਏਨੇ ਕਰੀਬ ਆਈ ਸੀ।

ਡਰਾਈਵਰ ਆ ਗਿਆ ਤੇ ਬੱਸ ਚੱਲ ਪਈ। ਗੁਰਦੀਪ ਨੇ ਆਪਣੇ ਬੈਗ ਨੂੰ ਪੈਰਾਂ ਹੇਠਾਂ ਦੇ ਲਿਆ ਤੇ ਮਨ ਵਿਚ ਤਹੱਈਆ ਕੀਤਾ ਕਿ ਰਸਤੇ ਵਿਚ



ਇਸਨੂੰ ਭੁੱਲ ਕੇ ਵੀ ਖੋਲ੍ਹਣਾ ਨਹੀਂ, ਕੁੜੀ ਕੀ ਦੇਖੇਗੀ ਪੰਜਾਬੀ ਦੀਆਂ ਕਿਤਾਬਾਂ-ਰਸਾਲੇ। ਉਸਨੇ ਡੂੰਘਾ ਸਾਹ ਲਿਆ ਤੇ ਕੁੜੀ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਛੇੜ ਲਈਆ। "ਹਜ਼ੂਰ ਕਿਧਰ ਜਾ ਰਹੇ ਹੋ?" ਉਹ ਅਕਸਰ ਹੀ ਦੂਸਰਿਆਂ ਨੂੰ 'ਹਜ਼ੂਰ' ਨਾਲ ਹੀ ਸੰਬੋਧਿਤ ਹੁੰਦਾ ਸੀ। ਹਜ਼ੂਰ ਉਸਦਾ ਤਕੀਆ ਕਲਾਮ ਬਣ ਗਿਆ ਸੀ। ਕੁੜੀ ਗੁਦਗੁਦਾਈ, ਉਸਨੇ ਹਲਕੀ ਮੁਸਕਰਾਹਟ ਛੱਡੀ ਤੇ ਬੋਲੀ,"ਜੀ ਚੰਡੀਗੜ੍ਹ, ਤੇ ਜਨਾਬ ?" ਕੁੜੀ ਨੇ ਜਨਾਬ ਕਹਿ ਕੇ ਅਦਬ ਕਾਇਮ ਰੱਖਿਆ। ਗੁਰਦੀਪ ਨੇ ਏਨੇ ਵਿਚ ਅਨੁਮਾਨ ਲਾ ਲਿਆ ਕਿ ਕੁੜੀ 'ਸ਼ੀਲ' ਹੈ। "ਹਜ਼ੂਰ ਦਾ ਕੀ ਸ਼ੁਗਲ ਹੈ ਉਥੇ?" ਉਹ ਹਜ਼ੂਰ ਦਾ ਅਜੇ ਹੋਰ ਚੱਕਰ ਚਲਾਉਣਾ ਚਾਹੁੰਦਾ ਸੀ।

"ਚੰਡੀਗੜ੍ਹ ਤਾਂ ਮੈਂ ਵੈਸੇ ਆਪਣੇ ਅੰਕਲ ਕੋਲ ਚੱਲੀ ਹਾਂ, ਸਾਡਾ ਘਰ ਤਾਂ ਲੁਧਿਆਣੇ ਹੀ ਹੈ, ਮੈਂ ਉਥੇ ਮਾਸਟਰਜ਼ ਕਰ ਰਹੀ ਹਾਂ, ਤੇ ਜਨਾਬ?" ਕੁੜੀ ਦੀ ਦਿਲਚਸਪੀ ਤੇ ਅਦਬ ਬਰਾਬਰ ਸੀ। ਪਰ ਗੁਰਦੀਪ ਕੁਝ ਝੇਪ ਗਿਆ ਸੀ। ਉਹ ਲੁਧਿਆਣੇ ਸ਼ਹਿਰ ਦੀ ਤੇ ਮੈਂ ਟਾਂਡੇ ਦਾ ਵੀ ਨਹੀਂ। ਉਹ ਕੁਝ ਹੋਰ ਕਹਿਣ ਲੱਗਾ ਸੀ ਪਰ ਉਸਦੇ ਮੂੰਹੋਂ ਨਿਕਲ ਗਿਆ,"ਤੁਸੀਂ ਟਾਂਡਾ ਦੇਖਿਆ?"

"ਵ੍ਹਟ ਇਜ਼ ਦੈਟ?" ਕੁੜੀ ਨੇ ਹੈਰਾਨੀ ਪ੍ਰਗਟ ਕੀਤੀ। ਗੁਰਦੀਪ ਹੱਥ ਮਲਣ ਲੱਗਾ। ਕਿਥੇ ਟਾਂਡੇ ਦਾ ਪਟੌਟਾ ਛੇੜ ਬੈਠਾ, ਕੁੜੀ ਨੇ ਤਾਂ ਇਸ ਦਾ ਨਾਂ ਵੀ ਨਹੀਂ ਸੁਣਿਆ।

"ਇਹ ਪੰਜਾਬ ਦਾ ਇਕ ਟਾਊਨ ਹੈ, ਦਰਅਸਲ ਏਥੇ ਇਕ ਫਿਲਮ ਦੀ ਸ਼ੂਟਿੰਗ ਚਲ ਰਹੀ ਹੈ, ਮੈਂ ਵੀ ਅਜੀਤ ਅਖਬਾਰ ..." ਉਸਨੇ ਸ਼ੂਟਿੰਗ ਦੀ ਤਾਂ ਗੱਲ ਬਣਾਈ ਸੀ ਪਰ ਉਸ ਕੋਲੋਂ ਪੰਜਾਬੀ ਦੀ ਅਖਬਾਰ ਪੜ੍ਹਦੇ ਹੋਣ ਦਾ ਪੋਲ ਖੁਲ੍ਹਣ ਲੱਗਾ ਸੀ ਕਿ ਉਸਦੇ ਦੰਦਾਂ ਨੇ ਜੀਭ ਘੁਟ ਲਈ। "ਮੇਰਾ ਮਤਲਬ ਮੈਂ ਟ੍ਰਿਬਿਊਨ ਵਿਚ ਪੜ੍ਹਿਆ ਸੀ।"

"ਅੱਛਾ, ਕਿਹੜੀ ਫਿਲਮ ? ਮੈਂ ਤਾਂ ਪੜ੍ਹਿਆ ਨਹੀਂ।" ਫਿਲਮਾਂ ਵਿਚ ਕੁੜੀਆਂ ਦੀ ਦਿਲਚਸਪੀ ਤਾਂ ਵਿਸ਼ਵਵਿਆਪੀ ਤੱਥ ਹੈ। "ਛੱਡੋ ਜੀ, ਐਵੇਂ ਕੋਈ ਪੰਜਾਬੀ ਦੀ ਮੂਵੀ ਹੋਵੇਗੀ, ਮੇਰੀ ਮਾੜੀ ਜਿਹੀ ਕਿਤੇ ਅਖਬਾਰ ਵਿਚ ਨਜ਼ਰ ਪੈ ਗਈ।" ਉਸਦਾ ਮਨ ਪੰਜਾਬੀ ਪੰਜਾਬੀ ਵਿਚੋਂ ਨਿਕਲਦਾ ਨਹੀਂ ਸੀ। ਹੁਣ ਉਸਦੇ ਅੰਦਰ ਇਕ ਖੁਤਖੁਤੀ ਸੀ, ਕਿਤੇ ਪੰਜਾਬੀ ਦੀ ਐਮ.ਏ. ਕਰਦੇ ਹੋਣ ਦੀ ਗੱਲ ਉਸਦੇ ਮੂੰਹੋਂ ਨਾ ਨਿਕਲ ਜਾਵੇ। ਇਹ ਸੁਣਕੇ ਤਾਂ ਉਹ ਜ਼ਰੂਰ ਬਾਰੀ ਤੋਂ ਬਾਹਰ ਹੀ ਦੇਖਣਾ ਸ਼ੁਰੂ ਕਰ ਦੇਵੇਗੀ। ਮਸੀਂ ਤਾਂ ਰਜਾਈ ਤੋਂ ਖਹਿੜਾ ਛਡਵਾਇਆ ਸੀ ਤੇ ਹੁਣ ਪੰਜਾਬੀ। ਉਸਨੂੰ ਲੱਗਾ ਰਜਾਈ ਤੇ ਪੰਜਾਬੀ ਦੀ ਐਮ.ਏ. ਵਿਚ ਕੋਈ ਅਜ਼ਲੀ ਸਾਂਝ ਹੈ। ਖੈਰ, ਉਸਨੇ ਗੱਲ ਨੂੰ ਵਲ ਪਾ ਲਿਆ,"ਦਾਸ ਵੀ ਚੰਡੀਗੜ੍ਹ ਯੂਨੀਵਰਸਿਟੀ ਵਿਚ ਮਾਸਟਰਜ਼ ਹੀ ਕਰ ਰਿਹਾ ਹੈ।

ਮੇਰੇ ਫ਼ਾਦਰ ਕੈਨੇਡਾ ਵਿਚ ਰਹਿੰਦੇ ਹਨ ਤੇ ਆਪਾਂ ਇਕ ਦਿਨ ਬਾਹਰ ਹੀ ਜਾਣਾ ਹੈ।" ਇਸ ਵਿਚ ਕੋਈ ਝੂਠ ਨਹੀਂ, ਗੁਰਦੀਪ ਦਾ ਪਿਉ ਸੱਚਮੁੱਚ ਬਾਹਰ ਹੀ ਰਹਿੰਦਾ ਸੀ। ਪਰ ਐਸ ਵੇਲੇ ਉਸਨੇ ਕੈਨੇਡਾ ਦਾ ਪਟਾਖਾ ਗੱਲ ਦਾ ਸੰਭਾਵੀ ਰੁਖ ਮੋੜਨ ਲਈ ਚਲਾਇਆ ਸੀ, ਕੁੜੀ ਕਿਤੇ ਇਹ ਨਾਂ ਪੁੱਛ ਲਵੇ, 'ਕਾਹਦੀ ਐਮ.ਏ. ਕਰਦੇ ਹੋ'।

ਉਸਨੇ ਆਪਣੇ ਲਹਿਜ਼ੇ ਵਿਚ ਪਰਿਹਾਸ ਦੀ ਚੱਸ ਕਾਇਮ ਰੱਖੀ। ਉਸ ਨੇ ਸਿਖ ਲਿਆ ਸੀ ਕੁੜੀਆਂ ਨੂੰ ਪ੍ਰਭਾਵਤ ਕਰਨ ਲਈ ਚੁਸਤ ਤੇ ਮਜ਼ਾਕੀਆ ਗੱਲਾਂ ਦੇ ਬਾਣ ਅਸਰ ਕਰਦੇ ਹਨ।

"ਵਾਓ ! ਰੀਅਲੀ ? ਦੈਟ ਇਜ਼ ਗਰੇਟ, ਤੁਸੀਂ ਬੜੇ ਲੱਕੀ ਹੋ। ਅਸੀਂ ਤਾਂ ਐਧਰ ਦੀ ਹੀ ਖਾਕ ਛਾਣਾਂਗੇ।"

ਗੁਰਦੀਪ ਨੂੰ ਲੱਗਾ ਉਸ ਦੇ ਤੁੱਕੇ ਮਾਰ ਕਰ ਰਹੇ ਹਨ। "ਤੁਹਾਡਾ ਵੀ ਫ਼ੌਰਨ ਜਾਣ ਦਾ ਮਨ ਹੈ?" ਉਹ ਕੁੜੀ ਨੂੰ ਆਪਣੀ ਲੀਹ 'ਤੇ ਲਿਆਉਣ ਲੱਗਾ।

"ਕਦੇ ਸੋਚਿਆ ਨਹੀਂ ਪਰ ਜੇ ਚਾਂਸ ਬਣੇ ਤਾਂ ਕੌਣ ਫ਼ੌਰਨ ਨਹੀਂ ਜਾਣਾ ਚਾਹੇਗਾ।"

ਸਮਰਾਲਾ ਆ ਗਿਆ ਸੀ। ਬੱਸ ਕੁਝ ਚਿਰ ਰੁਕੀ। ਜੁੰਬਸ਼ 'ਚ ਆਇਆ ਗੁਰਦੀਪ ਉਤਰ ਕੇ ਦੋ ਕੋਲਡ ਡਰਿੰਕ ਫੜ੍ਹ ਲਿਆਇਆ। ਇਕ ਕੁੜੀ ਨੂੰ ਪੇਸ਼ ਕੀਤਾ ਜੋ ਉਸਨੇ ਬਿਨਾ ਝਿਜਕ 'ਥੈਂਕ ਯੂ, ਕਿਉਂ ਖੇਚਲ ਕਰਨੀ ਸੀ' ਕਹਿੰਦਿਆਂ ਸਵੀਕਾਰ ਕਰ ਲਿਆ। ਬੱਸ ਚੱਲ ਪਈ। ਗੱਲਾਂ ਕਦੇ ਵਧੇਰੇ ਹੀ ਨਿੱਜੀ ਪਰ ਫਿਰ ਅਚਾਨਕ ਬੜਾ ਹੀ ਓਪਰਾ ਰੁਖ ਅਖਤਿਆਰ ਕਰ ਲੈਂਦੀਆਂ। ਗੁਰਦੀਪ ਵਿਚ ਵਿਚ ਖਹਿਸਰਬਾਜ਼ੀ ਦੀ ਕੋਸਿਸ਼ ਕਰਨ ਲੱਗਦਾ ਪਰ ਯਕਦਮ ਪਰੇ ਹੋ ਜਾਂਦਾ। ਉਸਨੇ ਕੁਝ ਫੜ੍ਹਾਂ ਵੀ ਸ਼ੁਰੂ ਕਰ ਦਿੱਤੀਆਂ। ਕੈਨੇਡਾ ਜਾ ਕੇ ਉਹ ਆਪਣੇ ਪਿਉ ਦਾ ਬਿਜ਼ਨਿਸ ਸੰਭਾਲੇਗਾ, ਦੁਨੀਆਂ ਭਰ ਦੀ ਸੈਰ ਕਰਨਾ ਉਸਦੀ ਇਕ ਵੱਡੀ ਤਮੰਨਾ ਹੈ, ਚੰਡੀਗੜ੍ਹ ਵਿਚ ਉਹ ਇਕ ਵੱਡੀ ਕੋਠੀ ਪਾਏਗਾ।

ਕੁੜੀ ਨੇ ਦੱਸਿਆ ਕਿ ਉਸ ਦੇ ਘਰਦਿਆਂ ਦਾ ਟਰਾਂਸਪੋਰਟ ਦਾ ਬਿਜ਼ਨਿਸ ਹੈ, ਉਹ ਆਪ ਪੱਤਰਕਾਰੀ ਦਾ ਕੋਰਸ ਕਰਕੇ ਪੱਤਰਕਾਰ ਬਣਨਾ ਚਾਹੁੰਦੀ ਹੈ। ਗੁਰਦੀਪ ਦੇ ਰਵੱਈਏ ਵਿਚ ਹੁਣ ਕੁਝ ਠਹਿਰਾਅ ਆ ਗਿਆ ਸੀ, ਕੁੜੀ ਨੂੰ ਗੱਲੀਂ ਲਾ ਕੇ ਕੁਝ ਕੁਝ ਉਸਨੂੰ ਆਕ੍ਰਸ਼ਤ ਕਰ ਲਿਆ ਸੀ। ਇਸਦਾ ਪਰਿਣਾਮ ਸੀ ਕਿ ਕੁੜੀ ਹੁਣ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲਾਂ ਕਰਨ ਲੱਗ ਪਈ ਸੀ। ਪਰ ਅਜੇ ਤੱਕ ਵੀ ਉਹ ਕੋਈ ਅਜਿਹੀ ਗੱਲ ਨਹੀਂ ਸੀ ਕਰ ਸਕਿਆ ਜਿਸ ਵਿਚ ਪਿਆਰ ਨਾਂ ਦੇ ਜਜ਼ਬੇ ਘੁਲੇ ਹੋਏ ਹੋਣ। ਰਜਾਈ, ਟਾਂਡਾ ਤੇ ਪੰਜਾਬੀ ਕਦਮ ਕਦਮ 'ਤੇ ਉਸਦੀ ਪੇਸ਼ਕਦਮੀ ਨੂੰ ਤੁਨਕੇ ਮਾਰ ਰਹੇ ਸਨ।

ਚੰਡੀਗੜ੍ਹ ਦਾ ਬੱਸ ਅੱਡਾ ਆ ਗਿਆ ਸੀ। ਬੱਸ ਖੜ੍ਹੋਨ ਲੱਗੀ ਤਾਂ ਗੁਰਦੀਪ ਨੇ ਉਸਨੂੰ ਫਿਰ ਮਿਲਣ ਦੀ ਗੱਲ ਕੀਤੀ। ਕੁੜੀ ਨੂੰ ਕੋਈ ਲੈਣ ਵਾਲੇ ਬਾਹਰ ਆਏ ਹੋਏ ਸਨ।

ਕਾਹਲੀ ਨਾਲ ਕੁੜੀ ਨੇ ਕਿਹਾ ਕਿ ਅਗਲੇ ਦਿਨ ਯੂਨੀਵਰਸਿਟੀ ਦੇ ਅੱਗੇ ਪੀ.ਜੀ.ਆਈ. ਵਾਲੇ ਗੇਟ ਕੋਲ ਸਵੇਰੇ ਗਿਆਰਾਂ ਵਜੇ ਉਹ ਉਸਨੂੰ ਮਿਲੇਗੀ। ਉਸ ਨੇ ਟਾਅ ਟਾਅ ਬਾਇ ਬਾਇ ਕੀਤੀ ਤੇ ਟਿੱਪ-ਟਿੱਪ ਕਰਦੀ ਉਤਰ ਕੇ ਥਰੀ ਵ੍ਹੀਲਰ ਵਿਚ ਬੈਠ ਗਈ। ਕੁੜੀ ਗਈ ਤਾਂ ਗੁਰਦੀਪ ਨੂੰ ਹੋਸ਼ ਆਈ, ਉਹ ਖਾਸ ਚੰਡੀਗੜ੍ਹ ਵਿਚ ਸੀ। ਉਹ ਪਰੇ ਰਿਕਸ਼ੇ ਵੱਲ ਵਧਣ ਲੱਗਾ ਕਿ ਉਸਨੂੰ ਰਜਾਈ ਚੇਤੇ ਆ ਗਈ ਜੋ ਕੰਡਕਟਰ ਦੀ ਮਿਹਰ ਸਦਕਾ ਬੱਸ ਦੀ ਛੱਤ ਉਪਰ ਚੜ੍ਹ ਗਈ ਸੀ। ਉਹ ਦਵਾ ਸੱਟ ਪੌੜੀਆਂ ਰਾਹੀਂ ਬੱਸ 'ਤੇ ਚੜ੍ਹਿਆ ਪਰ ਰਜਾਈ ਨੇ ਉਥੇ ਕਿਥੇ ਹੋਣਾ ਸੀ।

ਹੇਠਾਂ ਉਤਰ ਕੇ ਉਸਨੇ ਕੰਡਕਟਰ ਤੋਂ ਸੰਗਦਿਆਂ ਪੁਛਿਆ ਜੋ ਅਜੇ ਹੁਣੇ ਸਵਾਰੀਆਂ ਨਾਲ ਬਕਾਏ ਦਾ ਹਿਸਾਬ ਨਿਬੇੜ ਕੇ ਹਟਿਆ ਸੀ, "ਭਾਈ ਸਾਹਿਬ ਰਜਾਈ ਕਿੱਧਰ ਗਈ, ਉਪਰ ਤਾਂ ਹੈ ਨਹੀਂ?" ਕੰਡਕਟਰ ਸ਼ਰਾਰਤੀ ਹਾਸਾ ਹੱਸਿਆ,"ਅੱਛਾ ਤਾਂ ਉਹ ਤੇਰੀ ਰਜਾਈ ਸੀ?

ਉਦੋਂ ਤਾਂ ਬੜੀ ਮਸ਼ਟ ਮਾਰੀ ਹੋਈ ਸੀ?"

"ਤੂੰ ਮੇਰੀ ਰਜਾਈ ਦੱਸ ਕਿਧਰ ਗਈ, ਤੈਨੂੰ ਮੇਰੀ ਮਸ਼ਟ ਨਾਲ ਕੀ?" ਗੁਰਦੀਪ ਬੌਖਲਾਇਆ ਪਿਆ ਸੀ।

"ਰਜਾਈਆਂ ਏਥੇ ਕਿੱਥੇ ਰਹਿੰਦੀਆਂ ਐਡੀ ਹਵਾ ਵਿਚ, ਉੜ ਗਈ ਹੋਣੀ ਹੈ। ਛੱਤ ਉਪਰ ਰਜਾਈ ਨੂੰ ਭਾਰ ਪਾ ਕੇ ਰੱਖੀਦਾ, ਤਾਂ ਜਾ ਕੇ ਟਿਕਦੀ ਹੈ।" ਕਹਿੰਦਿਆ ਕੰਡਕਟਰ ਪਤਰਾ ਵਾਚ ਗਿਆ। ਗੁਰਦੀਪ ਨੂੰ ਰਜਾਈ ਖੁਸਣ ਦੀ ਕੋਈ ਬਹੁਤੀ ਨਮੋਸ਼ੀ ਨਹੀਂ ਹੋਈ। ਰਜਾਈ ਸੀ ਹੀ ਕੀ, ਇਕ ਕੁੜੀ ਦੀ ਪ੍ਰਾਪਤੀ ਦੇ ਮੁਕਾਬਲੇ। ਇਕ ਕੁੜੀ ਦੀ ਖਾਤਰ ਉਹ ਹਜ਼ਾਰ ਰਜਾਈਆਂ ਕੁਰਬਾਨ ਕਰ ਸਕਦਾ ਸੀ।

ਗੁਰਦੀਪ ਨੇ ਰਾਤੀਂ ਇਹ ਸਾਰੀ ਵਿਥਿਆ ਸੁਣਾਈ ਸੀ ਤੇ ਸਵੇਰੇ ਤਰਲੇ ਕਰਦਿਆਂ ਮੈਨੂੰ ਸਾਥ ਦੇਣ ਲਈ ਤਿਆਰ ਕਰ ਹੀ ਲਿਆ। ...ਤੇ ਅਸੀਂ ਪੀ.ਜੀ.ਆਈ. ਤੇ ਯੂਨੀਵਰਸਿਟੀ ਦੇ ਵਿਚਕਾਰਲੀ ਸੜਕ ਤੇ ਕੁੜੀ ਦਾ ਇੰਤਜ਼ਾਰ ਕਰ ਰਹੇ ਸਾਂ। ਗਿਆਰਾਂ ਵੱਜ ਗਏ। ਗੁਰਦੀਪ ਦੀ ਬੇਚੈਨੀ ਸ਼ੁਰੂ ਹੋ ਗਈ। ਅਸੀਂ ਏਧਰ ਉਧਰ ਘੁੰਮਣ ਲੱਗੇ। ਸਵਾ ਗਿਆਰਾਂ ਵੱਜੇ, ਗੁਰਦੀਪ ਦੇ ਪੈਰ ਲੜਖੜ੍ਹਾਉਣ ਲੱਗੇ। ਮੈਂ ਉਸਨੂੰ ਸਿਧਾਂਤਕ ਦਿਲਾਸਾ ਦਿੱਤਾ ਕਿ ਇਹੋ ਜਿਹੇ ਮਾਮਲਿਆਂ ਵਿਚ ਵਕਤ ਦੀ ਪਾਬੰਦੀ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਸਾਢੇ ਬਾਰਾਂ ਇਕ ਤੋਂ ਹੁੰਦੇ ਹੋਏ ਦੋ ਵੱਜ ਗਏ ਪਰ ਦੂਰ ਤੱਕ ਉਡੀਕੀ ਜਾ ਰਹੀ ਕੁੜੀ ਦਾ ਭੂਤ ਵੀ ਦਿਖਾਈ ਨਹੀਂ ਸੀ ਦਿੰਦਾ।

ਗੁਰਦੀਪ ਡੁੰਨ-ਵੱਟਾ ਬਣਿਆ ਪਿਆ ਸੀ, ਨੀਵੀਂ ਪਾਈ ਬੂਟਾਂ ਨਾਲ ਸੜਕ ਤੋਂ ਮਿੱਟੀ ਉਚੇੜਦਾ। ਮੇਰੇ ਵੱਲ ਤਾਂ ਝਾਕ ਵੀ ਨਹੀਂ ਸੀ ਰਿਹਾ। ਨੇੜੇ ਹੀ ਪੀ.ਜੀ.ਆਈ. ਦੇ ਲੋਕਲ ਬੱਸ ਅੱਡੇ ਤੇ ਬੱਸ ਸਟੈਂਡ ਨੂੰ ਜਾਣ ਵਾਲੀ ਇਕ ਬੱਸ ਆਈ। ਗੁਰਦੀਪ ਉਧਰ ਨੂੰ ਦੌੜਿਆ। ਸੋਚਿਆ ਉਸ ਨੂੰ ਕੁੜੀ ਦਿਸੀ ਹੈ। "ਕਿਧਰ ਜਾ ਰਿਹਾ ਏਂ?" ਅਚੰਭਤ ਹੋਏ ਨੇ ਮੈਂ ਪੁਛਿਆ, "ਪਿੰਡ ਜਾਣ ਲੱਗਾਂ, ਹੋਰ ਰਜਾਈ ਲੈਣ, ਦਿਨ ਤਾਂ ਅਜੇ ਬਥੇਰਾ ਖੜਾ।" ਉਸਨੇ ਮੇਰੇ ਵੱਲ ਨਹੀਂ ਦੇਖਿਆ ਤੇ ਬੱਸ ਵਿਚ ਛਾਲ ਮਾਰ ਦਿੱਤੀ।

## ਕਹਾਣੀ

# ਮਲ੍ਹਮ

ਸੰਤਾਲੀ ਤੋਂ ਪਹਿਲਾਂ ਨਾਰੂ ਨੰਗਲ ਮੈਦਾਨੀ ਇਲਾਕਿਆਂ ਤੋਂ ਪਹਾੜੀ ਲੋਕਾਂ ਨਾਲ਼ ਹੁੰਦੇ ਵਪਾਰ ਦਾ ਕੇਂਦਰ ਸੀ। ਉਨ੍ਹਾਂ ਦਿਨਾਂ ਵਿਚ ਪਿਸ਼ਾਵਰ ਦੇ ਤੰਬਾਕੂ ਤੇ ਦੂਰ ਪਹਾੜ ਦੇ ਮਸਾਲਿਆਂ ਦੀ ਮਹਿਕ ਇਸ ਪਿੰਡ ਦੇ ਬਾਜ਼ਾਰ 'ਚੋਂ ਉੱਠ ਕੇ ਫਿਜ਼ਾ 'ਚ ਘੁਲ-ਮਿਲ ਜਾਂਦੀ ਸੀ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ 'ਚ ਵੱਸਿਆ ਤੇ ਬੁੱਢੇ ਪਿੱਪਲਾਂ, ਅੰਬਾਂ ਤੇ ਜਾਮਣਾਂ 'ਚ ਅੱਧ-ਲੁਕਿਆ ਇਹ ਪਿੰਡ ਨਾਰੂ ਗੋਤ ਦੇ ਰਾਜਪੂਤ ਮੁਸਲਮਾਨਾਂ ਨੇ

ਸਾਂਵਲ ਧਾਮੀ

ਬੰਨ੍ਹਿਆਂ ਸੀ।

ਜ਼ਮੀਨਾਂ ਦੇ ਮਾਲਕ ਰਾਜਪੂਤ ਪਰ੍ਹਿਆਂ ਤੇ ਹਵੇਲੀਆਂ 'ਚ ਬੈਠੇ ਹੁੱਕੇ ਗੁੜਗੁੜਾਂਦੇ, ਗੱਲਾਂ 'ਚ ਮਸਤ ਰਹਿੰਦੇ। ਜ਼ਮੀਨਾਂ ਹਿੰਦੂ ਸੈਣੀਆਂ ਤੇ ਸਿੱਖ ਲੁਬਾਣਿਆਂ ਨੂੰ ਪਟੇ 'ਤੇ ਦੇ ਦਿੰਦੇ। ਮੁਜ਼ਾਰੇ ਹੋਰਨਾਂ ਫਸਲਾਂ ਨਾਲ਼ ਮਾਲਕਾਂ ਜੋਗਾ ਤੰਬਾਕੂ ਵੀ ਬੀਜ ਲੈਂਦੇ।

ਏਸ ਪਿੰਡ ਦਾ ਸਭ ਨਾਲ਼ੋਂ ਮੋਹਤਬਾਰ ਬੰਦਾ ਸੀ-ਮੀਆਂ ਮੁਹੰਮਦ ਬਖਸ਼। ਲੋਕ ਉਸਨੂੰ ਇੱਜ਼ਤ ਨਾਲ਼ 'ਮੀਆਂ ਜੀ' ਆਖ ਬੁਲਾਂਦੇ ਸਨ। ਕੁੱਲੇ ਵਾਲ਼ੀ ਪੱਗ, ਸਲਵਾਰ-ਕਮੀਜ਼ ਤੇ ਤਿੱਲੇਦਾਰ ਜੁੱਤੀ ਪਾਈ, ਉਹ ਜਿਧਰੋਂ ਵੀ ਗੁਜ਼ਰਦਾ, ਲੋਕ ਉੱਠ ਖੜੇ ਹੁੰਦੇ। ਉਹ ਅਕਸਰ ਮੋਢੇ 'ਤੇ ਬੰਦੂਕ ਲਮਕਾਈ ਘੋੜੀ 'ਤੇ ਸਵਾਰ ਹੋਇਆ ਦਿਖਾਈ ਦਿੰਦਾ। ਹਰ ਕੋਈ ਝੁਕ ਕੇ ਸਲਾਮ ਕਰਦਾ ਤੇ ਉਹ ਅੱਧ-ਪਚੱਧਾ ਜਵਾਬ ਦੇ ਕੇ ਅਗਾਂਹ ਲੰਘ ਜਾਂਦਾ। ਉਸ ਦੀ ਘੋੜੀ ਦੀ ਚਾਲ ਰਤਾ ਹੋਰ ਤਿਖੇਰੀ ਹੋ ਜਾਂਦੀ ਤੇ ਉਸਦੀ ਧੌਣ ਵੀ ਥੋੜ੍ਹਾ ਹੋਰ ਆਕੜ ਜਾਂਦੀ। ਉਹ ਪਿੰਡ ਦਾ ਚੌਧਰੀ ਸੀ। ਸਭ ਨਾਲ਼ੋਂ ਵੱਡੀ ਹਵੇਲੀ ਉਸ ਦੀ ਸੀ; ਅੱਧੇ ਕਿੱਲੇ ਦੇ ਵਗਲ਼ 'ਚ ਖੜੀ ਸ਼ਾਨਦਾਰ ਤੇ ਤਿਮੰਜ਼ਲੀ। ਸਭ ਨਾਲ਼ੋਂ ਵੱਧ ਜ਼ਮੀਨ ਉਸ ਕੋਲ਼ ਸੀ; ਅੱਸੀ ਕਿੱਲੇ ਇੱਕ-ਟੱਕ। ਪੰਜਾਂ ਖੂਹਾਂ ਦਾ ਮਾਲਕ ਸੀ ਉਹ। ਚਾਰ ਖੂਹ ਖੇਤਾਂ 'ਚ ਤੇ ਪੰਜਵਾਂ ਘਰ। ਏਸ ਖੂਹ ਦੀ ਮੌਣ ਨੂੰ ਹਵੇਲੀ ਦੀ ਲਹਿੰਦੀ ਗੁੱਠ ਵਾਲ਼ੀ ਕੰਧ ਦੋ ਹਿੱਸਿਆਂ 'ਚ ਵੰਡਦੀ ਸੀ। ਅੱਧੀ ਮੌਣ ਵਿਹੜੇ ਵਲ ਸੀ ਤੇ ਅੱਧੀ ਗਲ਼ੀ ਵਲ। ਇੱਥੋਂ ਤਕਰੀਬਨ ਸਾਰਾ ਪਿੰਡ ਪਾਣੀ ਭਰਦਾ ਸੀ।

ਮੀਏਂ ਦੀ ਬੇਗਮ ਤੇ ਧੀ ਨਫੀਸਾਂ ਜੇ ਕਦੇ ਘਰੋਂ ਬਾਹਰ ਆਉਂਦੀਆਂ ਤਾਂ ਬੁਰਕੇ ਪਾ ਕੇ। ਨਫੀਸਾਂ ਦੀਆਂ ਸਹੇਲੀਆਂ ਵੀ ਬਹੁਤ ਘੱਟ ਸਨ। ਹਵੇਲੀ ਦਾ ਦਰ ਟੱਪਣ ਦੀ ਇਜ਼ਾਜਤ ਗਿਣੇ-ਚੁਣੇ ਬੰਦਿਆਂ ਨੂੰ ਹੀ ਸੀ।

ਰੋਜ਼ ਸਵੇਰੇ ਮਿੱਥੇ ਸਮੇਂ 'ਤੇ ਹਕੀਮਾਂ ਦਾ ਫਜ਼ਲਾਂ ਮੀਏਂ ਦੀ ਦਾੜ੍ਹੀ ਦੀ ਹਜ਼ਾਮਤ ਕਰਨ ਜਾਇਆ ਕਰਦਾ ਸੀ। ਇਕ ਦਿਨ ਉਸਨੇ ਅਚਾਨਕ ਸਿਰ ਉਠਾਇਆ ਤਾਂ ਇਕ ਖੂਬਸੂਰਤ ਚਿਹਰਾ ਉਸ ਵਲ ਵੇਖ ਕੇ ਮੁਸਕਾ ਰਿਹਾ ਸੀ। ਨਫੀਸਾਂ ਦੀਆਂ ਅੱਖਾਂ 'ਚ ਪਿਆਰ ਜਿਹਾ ਕੁਝ ਸੀ। ਉਂਝ ਇਹ ਚਰਚਾ ਆਮ ਸੀ ਕਿ ਮੀਏਂ ਦੀ ਧੀ ਬਹੁਤ ਸੋਹਣੀ ਏ। ਏਸ ਗੱਲ ਦਾ ਚਸ਼ਮੇ-ਦੀਦ ਗਵਾਹ ਸਿਰਫ ਫਜ਼ਲਾ ਹੀ ਬਣਿਆ ਸੀ। ਉਸਨੇ ਇਹ ਗੱਲ ਬੜੇ ਹੀ ਚਾਅ ਨਾਲ਼ ਕਰਮੂ ਸੈਣੀ ਨੂੰ ਸੁਣਾ ਦਿੱਤੀ ਸੀ।

"ਕਰਮੂਆਂ ਓਹ ਤਾਂ ਪੋਸਤ ਦੇ ਫੁੱਲਾਂ ਨੂੰ ਵੀ ਮਾਤ ਪਾਉਂਦੀ ਆ।"

ਕਰਮੂ ਤੋਂ ਤੁਰੀ ਇਹ ਗੱਲ, ਹੋਠਾਂ ਦਾ ਸਫਰ ਤੈਅ ਕਰਦੀ ਜਦੋਂ ਤਰਕਾਲਾਂ ਵੇਲੇ ਮੁੜ ਮੀਏਂ ਦੀ ਹਵੇਲੀ ਦਾ ਦਰ ਲੰਘੀ ਤਾਂ ਹਵੇਲੀ 'ਚ ਜਿਉਂ ਭੂਚਾਲ ਆ ਗਿਆ। ਮੀਏਂ ਨੂੰ ਹਰ ਸ਼ੈਅ ਕੰਬਦੀ ਹੋਈ ਵਿਖਾਈ ਦੇਣ ਲੱਗੀ। ਅਸਲਮ ਮੋਚੀ ਨੂੰ ਕਰਮਦੀਨ ਦੇ ਘਰ ਵਲ ਦੁੜਾਇਆ ਗਿਆ। ਕਰਮਦੀਨ ਫਜ਼ਲੇ ਦਾ ਬਾਪ ਸੀ। ਉਨ੍ਹਾਂ ਦੀ ਬਾਜ਼ਾਰ 'ਚ ਹਿਕਮਤ ਤੇ ਹਜ਼ਾਮਤ ਦੀ ਦੁਕਾਨ ਸੀ। ਦੁਕਾਨ ਦੇ ਪਿਛਵਾੜੇ ਘਰ ਸੀ। ਪੁੱਤ ਦੁਕਾਨ ਵਾਲਾ ਕੰਮ ਸੰਭਾਲਦਾ ਤੇ ਬਾਪ ਆਲ਼ੇ-ਦੁਆਲੇ ਦੇ ਪਿੰਡਾਂ 'ਚ ਘੁੰਮ-ਫਿਰ ਕੇ ਦਵਾ-ਦਾਰੂ ਤੇ ਹਜ਼ਾਮਤਾਂ ਕਰਦਾ। ਕਈ ਪੀੜੀਆਂ ਤੋਂ ਇਹ ਪਰਿਵਾਰ ਓਸ ਮਲ੍ਹਮ ਕਾਰਨ ਬਹੁਤ ਮਸ਼ਹੂਰ ਸੀ ਜੋ ਡੂੰਘੇ ਤੋਂ ਡੂੰਘੇ, ਪੁਰਾਣੇ ਤੋਂ ਪੁਰਾਣੇ ਤੇ ਵਿਗੜੇ ਤੋਂ ਵਿਗੜੇ ਜ਼ਖਮ ਨੂੰ ਦਿਨਾਂ 'ਚ ਭਰ ਦਿੰਦੀ ਸੀ। ਕਰਮਦੀਨ ਨੇਕ ਦਿਲ ਇਨਸਾਨ ਸੀ। ਪਿੰਡ ਤੇ ਇਲਾਕੇ 'ਚ ਉਸਦੀ ਪੂਰੀ ਇੱਜ਼ਤ ਸੀ ਪਰ ਉਸ ਦਿਨ ਮੀਏਂ ਦੇ ਘਰ ਵਲ ਜਾਂਦਿਆਂ, ਉਸ ਨੂੰ ਮਹਿਸੂਸ ਹੋਇਆ ਜਿਉਂ ਹਰੇਕ ਕਦਮ ਦੇ ਨਾਲ਼ ਉਸਦੀ ਪੱਗ 'ਤੇ ਬਦਇਖਲਾਕੀ ਦੇ ਦਾਗ ਵਧਦੇ ਜਾ ਰਹੇ ਹੋਣ। ਫਜ਼ਲਾ ਥੱਕੇ-ਟੁੱਟੇ ਕਦਮਾਂ ਤੇ ਡਰਦੇ ਦਿਲ ਦੇ ਨਾਲ਼ ਅੱਬਾ ਦੇ ਪਿੱਛੇ-ਪਿੱਛੇ ਤੁਰ ਰਿਹਾ ਸੀ। ਥੱਪੜਾਂ ਦੀ ਆਵਾਜ਼ ਪੂਰੀ ਹਵੇਲੀ 'ਚ ਗੂੰਜੀ ਸੀ। ਫਜ਼ਲੇ ਨੂੰ ਲੱਗਿਆ ਸੀ ਕਿ ਨਫੀਸਾਂ ਖਿੜਕੀ 'ਚ ਖੜੀ ਸਾਰਾ ਤਮਾਸ਼ਾ ਵੇਖ ਰਹੀ ਏ ਤੇ ਖੂਹ ਨੇ ਵੀ ਇਸ ਹੱਤਕ ਦੇ ਹੱਸ-ਹੱਸ ਕੇ ਹੁੰਗਾਰੇ ਭਰੇ ਨੇ।

ਇਸ ਘਟਨਾ ਤੋਂ ਬਾਅਦ ਹਕੀਮਾਂ ਦੇ ਪਰਿਵਾਰ ਲਈ ਹਵੇਲੀ ਦੇ ਦਰਵਾਜ਼ੇ ਬੰਦ ਹੋ ਗਏ ਸਨ। ਫਜ਼ਲਾ ਨਮੋਸ਼ੀ 'ਚ ਡੁੱਬਿਆ ਗੁੰਮ-ਸੁੰਮ ਜਿਹਾ ਰਹਿਣ ਲੱਗ ਪਿਆ ਸੀ।

ਕੋਈ ਛੇ ਕੁ ਮਹੀਨਿਆਂ ਦੇ ਬਾਅਦ, ਇਹ ਨਮੋਸ਼ੀ ਇਕ ਮਾਣ ਜਿਹੇ 'ਚ ਬਦਲ ਗਈ ਸੀ। ਮੀਏਂ ਦੇ ਪੈਰ ਦਾ ਜ਼ਖਮ ਵਿਗੜ ਗਿਆ ਸੀ। ਪਹਿਲਾਂ ਤਾਂ ਉਹ ਸ਼ਹਿਰ ਦੇ ਇਕ ਮੰਨੇ-ਪ੍ਰਮੰਨੇ ਹਕੀਮ ਤੋਂ ਇਲਾਜ ਕਰਵਾਉਂਦਾ ਰਿਹਾ ਸੀ। ਜਦੋਂ ਪੈਰ ਗਲ਼ਣ ਲੱਗਾ ਤਾਂ ਉਸਨੂੰ ਕਰਮਦੀਨ ਦੀ ਯਾਦ ਆਈ।

ਸੱਦਣ ਆਏ ਮੀਏਂ ਦੇ ਨੌਕਰ ਨੂੰ ਹਿਰਖ ਜਿਹੇ 'ਚ ਮੋੜ ਕੇ ਫਜ਼ਲਾ ਬਹੁਤ ਖੁਸ਼ ਸੀ। ਉਸਨੂੰ ਲੱਗਿਆ ਸੀ ਜਿਉਂ ਮੀਏਂ ਦੀ ਤਿਮੰਜ਼ਲੀ ਹਵੇਲੀ, ਮਲ੍ਹਮ ਦੀ ਇਕ ਨਿੱਕੀ ਜਿਹੀ ਡੱਬੀ 'ਚ ਸਿਮਟ ਜਾਣ ਦੇ ਲਈ ਤਰਸ ਰਹੀ ਹੋਵੇ। ਉਹ ਸ਼ਾਮ ਤੱਕ ਆਨੇ-ਬਹਾਨੇ ਸਭ ਨੂੰ ਇਹ ਵਾਕਿਆ ਸੁਣਾਉਂਦਾ ਰਿਹਾ ਸੀ। ਦਿਨ ਢਲੇ ਉਸਦਾ ਅੱਬਾ ਘਰ ਪਰਤਿਆ ਤਾਂ ਵਿਲ਼ਕ ਉੱਠਿਆ।

"ਤੂੰ ਤਾਂ ਕਈ ਪੀੜੀਆਂ ਦੀ ਕਮਾਈ ਖੂਹ 'ਚ ਪਾ ਦਿੱਤੀ। ਫਜ਼ਲਿਆ ਏਸ ਮਲ੍ਹਮ ਨੂੰ ਲੈ ਕੇ ਕਦੇ ਵੀ ਹੰਕਾਰੀਂ ਨਾ, ਨਹੀਂ ਤਾਂ ਸਾਡੇ ਹੱਥਾਂ 'ਚੋਂ ਸ਼ਫਾ ਤੁਰ ਜਾਏਗੀ। ਵੈਰੀ ਜਾਂ ਸੱਜਣ ਨਾ ਵੇਖੀਂ, ਬਸ ਜ਼ਖਮ ਵੇਖੀਂ ਪੁੱਤਰਾ।"

ਉਹ ਬਿਨਾ ਕੁਝ ਖਾਧੇ-ਪੀਤੇ ਹਿਕਮਤ ਵਾਲਾ ਝੋਲ਼ਾ ਚੁੱਕ ਕੇ ਤੇਜ਼-ਤੇਜ਼ ਕਦਮਾਂ ਨਾਲ਼ ਮੀਏਂ ਦੀ ਹਵੇਲੀ ਵਲ ਤੁਰ ਪਿਆ ਸੀ। ਦੋ ਟੁੱਟੇ ਹੋਏ ਅਸਾਵੇਂ ਪਰਿਵਾਰਾਂ ਦਰਮਿਆਨ ਮਲ੍ਹਮ ਦੀ ਡੱਬੀ ਇਕ ਪੁਲ਼ ਬਣ ਗਈ ਸੀ।

◆◆◆

ਮੇਲਿਆਂ, ਤਿਉਹਾਰਾਂ ਤੇ ਗੁਰਪੁਰਬਾਂ ਨੂੰ ਮਾਣਦਾ ਇਹ ਪਿੰਡ, ਹੌਲ਼ੀ-ਹੌਲ਼ੀ ਤੁਰਦਾ ਜਾ ਰਿਹਾ ਸੀ, ਸ਼ਮਸ਼ੂ ਤੇਲੀ ਦੇ ਬਲ਼ਦ ਵਾਂਗ। ਪਰ ਖੁਸ਼ੀਆਂ ਤੇ ਸਾਂਝਾਂ ਭਰੀਆਂ ਰੌਣਕਾਂ ਦਾ ਇਹ ਕਾਫਲਾ ਇਕ ਖਬਰ ਨੇ ਡੱਕ ਲਿਆ ਸੀ, ਦੇਸ਼ ਦੀ ਵੰਡ ਦੀ ਖ਼ਬਰ ਨੇ। ਡਰ ਤੇ ਅਨਿਸ਼ਚਿਤਤਾ ਨੇ ਪਿੰਡ ਦੀਆਂ ਸਰਗਰਮੀਆਂ ਨੂੰ ਛਾਂਗਣਾ ਸ਼ੁਰੂ ਕਰ ਦਿੱਤਾ ਸੀ। ਪਰ੍ਹਿਆਂ, ਖੇਤਾਂ, ਗਲ਼ੀਆਂ, ਧਰਮ-ਸਥਾਨਾਂ ਤੇ ਹੱਟੀਆਂ-ਭੱਠੀਆਂ 'ਚੋਂ ਖਿਸਕ-ਖਿਸਕ ਕੇ ਜ਼ਿੰਦਗੀ ਘਰਾਂ ਦੀਆਂ ਕੰਧਾਂ ਅੰਦਰ ਸਿਮਟਦੀ ਗਈ। ਮੀਏਂ ਦੇ ਘਰ ਬੋਲਦੇ ਰੇਡੀਓ ਦੀਆਂ ਗੱਲਾਂ ਦੀ ਪੁਸ਼ਟੀ ਇਲਾਕੇ 'ਚ ਵਾਪਰੀਆਂ ਘਟਨਾਵਾਂ ਦੀਆਂ ਖ਼ਬਰਾਂ ਤੇ ਅਫਵਾਹਾਂ ਨੇ ਕਰ ਦਿੱਤੀ ਸੀ। ਪਿੰਡ-ਵਾਸੀਆਂ ਦੇ ਦਿਲਾਂ ਵਿਚਕਾਰ ਇਕ ਅਸ਼ਪਸਟ ਜਿਹੀ ਲਕੀਰ ਖਿੱਚੀ ਗਈ।

ਦਿਨ-ਬ-ਦਿਨ ਇਹ ਲਕੀਰ ਗੂੜ੍ਹੀ ਤੇ ਸ਼ਪਸਟ ਹੁੰਦੀ ਗਈ। ਲੁਹਾਰਾਂ ਦਾ ਸੱਤਾ, ਪਿਉ ਵਾਂਗ ਛਵੀਆਂ ਤੇ ਦਾਤਰ ਬਣਾਉਣ 'ਚ ਮਸ਼ਹੂਰ ਸੀ। ਉਸਨੂੰ ਨੇੜਲੇ ਪਿੰਡ ਲਹਿਲੀ ਖੁਰਦ ਦੇ ਜੱਟ ਸੱਦ ਕੇ ਲੈ ਗਏ। ਉਹ ਕਈ ਦਿਨ ਘਰ ਨਾ ਮੁੜਿਆ। ਲੋਕ ਤਰ੍ਹਾਂ-ਤਰ੍ਹਾਂ ਦੀਆਂ ਕਿਆਸਅਰਾਈਆਂ ਲਾਉਣ ਲੱਗੇ। ਮੁਸਲਮਾਨਾਂ ਦੇ ਮਨਾਂ 'ਚ ਉਪਜੀ ਸ਼ੱਕ ਜ਼ਰਬ ਖਾ ਗਈ। ਸੱਤਾ ਪੰਜਵੇਂ ਦਿਨ ਨੰਗੇ ਸਿਰ ਤੇ ਨੰਗੇ ਪੈਰ ਪਿੰਡ ਪਰਤਿਆ ਤਾਂ ਪੀੜ ਨਾਲ਼ ਕਰਾਹ ਰਿਹਾ ਸੀ। ਉਹ ਥੱਕਿਆ-ਟੁੱਟਿਆ ਸੀ। ਅੱਖਾਂ ਉਨੀਂਦਰੇ ਦੇ ਕਾਰਨ ਲਾਲ ਸਨ। ਸੱਜਾ ਹੱਥ ਪੱਗ 'ਚ ਵਲੇਟਿਆ ਹੋਇਆ ਸੀ ਤੇ ਪੱਗ ਲਹੂ 'ਚ ਨੁੱਚੜੀ ਪਈ ਸੀ। ਛਵੀਆਂ ਚੰਡਦੇ ਸਮੇਂ ਘਣ ਵਾਹੁਣ ਵਾਲ਼ੇ ਥੱਕੇ ਤੇ



ਉਨੀਂਦਰੇ ਮੁੰਡੇ ਨੇ ਸੱਟ ਉਸਦੇ ਹੱਥ 'ਤੇ ਮਾਰ ਦਿੱਤੀ ਸੀ। ਵਿਚਕਾਰਲੀਆਂ ਦੋ ਉਂਗਲਾਂ ਫਿਸ ਗਈਆਂ ਸਨ। ਉਸ ਨੇ ਮਾਂ ਨੂੰ ਹਲ਼ ਦਾ ਫ਼ਾਲ ਚੰਡਦਿਆਂ ਸੱਟ ਲੱਗਣ ਦੀ ਗੱਲ ਕਹੀ ਤਾਂ ਉਹ ਗੁੱਸੇ 'ਚ ਬੋਲੀ ਸੀ, "ਕੁੱਖੋਂ ਜੰਮ ਕੇ ਪਰਦੇ ਨਾ ਪਾ ਬੇਗੁਰਿਆ, ਵੇ ਜੱਟਾਂ ਨੇ ਤਾਂ ਮੁੰਨੀਆਂ ਛੱਡ ਕੇ ਛਵੀਆਂ ਚੁੱਕ ਲਈਆਂ। ਤੂੰ ਕ੍ਹਿਨਾਂ ਹਲ਼ਾਂ ਲਈ ਫਾਲ਼ ਚੰਡਦਾ ਆਇਆਂ।ਤੂੰ ਚੜ੍ਹਿਆਂ ਜੱਟਾਂ ਦੇ ਢਹੇ। ਇਨ੍ਹਾਂ ਭੂਤਨਿਆਂ ਕੋਲੋਂ ਤਾਂ ਰੱਬ ਵੀ ਡਰਦਾ। ਵੇ ਅਸੀਂ ਆਂ ਕੰਮੀਂ-ਕਮੀਣ, ਸਾਥੋਂ ਨ੍ਹੀ ਪੁਗਣਗੀਆਂ ਇਹ ਮਲ੍ਹਾਜ਼ੇਦਾਰੀਆਂ।"

ਸੱਤਾ ਨੀਵੀਂ ਪਾਈ ਸੁਣਦਾ ਰਿਹਾ।

ਜਿਸ ਸ਼ਾਮ ਸੱਤਾ ਪਿੰਡ ਪਰਤਿਆ, ਮੀਏਂ ਦੀ ਹਵੇਲੀ ਮੁਸਲਮਾਨਾਂ ਦਾ ਇੱਕਠ ਹੋਇਆ ਸੀ। ਕਲ੍ਹ ਦੇ ਅਛੂਤ ਤੇ ਕੰਮੀ-ਕਮੀਣ ਅੱਜ ਰਾਜਪੂਤਾਂ ਨੂੰ ਆਪਣੇ ਹਮ-ਮਜ਼੍ਹਬ ਭਰਾ ਲੱਗ ਰਹੇ ਸਨ। ਤੇਲੀਆਂ, ਮੋਚੀਆਂ, ਨਾਈਆਂ ਤੇ ਭਰਾਈਆਂ ਨੂੰ ਬਰਾਬਰ ਬਿਠਾ ਕੇ ਬਚਾਅ ਦੀਆਂ ਤਰਕੀਬਾਂ ਪੁੱਛੀਆਂ ਜਾ ਰਹੀਆਂ ਸਨ।

"ਚੌਧਰੀਓ।" ਲਾਗੀ ਬਰਾਦਰੀ ਵਲੋਂ ਚਿਰਾਗਦੀਨ ਮਰਾਸੀ ਨੇ ਖੜਦਿਆਂ ਹੱਥ ਜੋੜ ਲਏ ਸਨ, "ਤੁਸੀਂ ਪਹਿਲਾਂ ਵੀ ਸਾਡੇ ਮਾਲਕ ਸੀ ਤੇ ਅੱਜ ਵੀ ਹੋ। ਅਸੀਂ ਗਰੀਬ-ਗੁਰਬਿਆਂ ਨੇ ਤਾਂ ਤੁਹਾਡੀ ਓਟ ਲੈ ਕੇ ਬਚਣਾ। ਬਾਕੀ ਮਾਲਕੋ ਜੋ ਤੁਹਾਡਾ ਹੁਕਮ ਹੋਇਆ ਸਾਡੇ ਸਿਰ-ਮੱਥੇ।"

ਲੰਬੇ ਵਿਚਾਰ-ਵਟਾਂਦਰੇ ਤੋਂ ਬਾਅਦ ਮੀਆਂ ਉੱਠ ਖੜਾ ਹੋਇਆ। ਅੱਜ ਉਸਦਾ ਚਿਹਰਾ ਉਦਾਸ ਤੇ ਧੌਣ ਥੋੜ੍ਹੀ ਝੁਕੀ ਹੋਈ ਸੀ। "ਪਹਿਲੀ ਗੱਲ ਤਾਂ ਇਹ।" ਉਹ ਹੱਥ ਜੋੜ ਕੇ ਖੜ੍ਹਾ ਸਭ ਨੂੰ ਓਪਰਾ-ਓਪਰਾ ਤੇ ਵਿਚਾਰਾ ਜਿਹਾ ਲੱਗਿਆ।

"ਹਿੰਦੂ-ਸਿੱਖਾਂ 'ਤੇ ਬਿਲਕੁਲ ਵਿਸ਼ਵਾਸ ਨਾ ਕੀਤਾ ਜਾਏ। ਦੂਜੀ ਗੱਲ, ਲੜਾਈ ਲਈ ਹਮੇਸ਼ਾ ਤਿਆਰ ਰਹੋ। ਹਥਿਆਰ ਨਹੀਂ ਤਾਂ ਰੋੜੇ-ਬੱਟੇ ਈ 'ਕੱਠੇ ਕਰੋ। ਤੀਸਰੀ ਗੱਲ, ਔਰਤਾਂ ਘਰੋਂ ਬਿਲਕੁਲ ਬਾਹਰ ਪੈਰ ਨਾ ਪਾਉਣ ਤੇ ਮਰਦ ਵੀ ਕੁਝ ਦਿਨਾਂ ਲਈ ਪਿੰਡੋਂ ਬਾਹਰ ਨਾ ਜਾਣ। ਚੌਥੀ ਗੱਲ, ਬੜੇ ਹੀ ਖੁਫੀਆ ਢੰਗ ਨਾਲ਼ ਨੇੜਲੇ ਪਿੰਡਾ ਦੇ ਹਮ-ਮਜ਼੍ਹਬੀਆਂ ਨਾਲ਼ ਰਾਬਤਾ ਕਾਇਮ ਕਰਕੇ ਸਾਂਝੀ ਕਾਰਵਾਈ ਲਈ ਵਿਚਾਰ ਕੀਤੀ ਜਾਏ। ਪਹਿਰਾ ਬਿਲਕੁਲ ਲਾਜ਼ਮੀ ਏ।

ਖੂਹ ਦੀ ਖਾਸ ਤੌਰ 'ਤੇ ਰਾਖੀ ਕੀਤੀ ਜਾਏ। ਪਿੰਡ ਛੱਡਣ ਬਾਰੇ..। " ਇੱਥੇ ਆ ਕੇ ਉਸਦੀ ਆਵਾਜ਼ ਭਾਰੀ ਹੋ ਗਈ।

"ਫੈਸਲਾ...ਦੋ-ਚਾਰ ਦਿਨਾਂ ਬਾਅਦ ਹਾਲਾਤ ਦੇਖ ਕੇ ਲਿਆ ਜਾਏਗਾ।" ਇਸ ਆਖਰੀ ਗੱਲ ਨੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਕੋਈ ਵੀ ਮੀਏਂ ਦੀਆਂ ਹਦਾਇਤਾਂ ਦਾ ਹੁੰਗਾਰਾ ਬੋਲ ਕੇ ਨਾ ਭਰ ਸਕਿਆ। ਸਹਿਮਤੀ 'ਚ 'ਚ ਸਿਰ ਮਾਰ ਕੇ ਜਦ ਉਹ ਘਰਾਂ ਵਲ ਜਾਣ ਲਈ ਉਠ ਖੜੇ ਹੋਏ।

◆◆◆

"ਕਰਮਦੀਨਾਂ ਛੇਤੀਂ ਬਹੁੜ ਵੇ, ਸੱਤੇ ਦੇ ਸੱਟ ਵੱਜ ਗਈ ਆ।" ਸੱਤੇ ਦੀ ਮਾਂ ਦੀ ਇਹ ਗੱਲ ਸੁਣ ਕੇ ਖਿੰਡ ਰਹੀ ਮਜਲਿਸ 'ਚ ਸੰਨਾਟਾ ਛਾ ਗਿਆ ਸੀ।

"ਸੁਣ ਹਕੀਮਾ।" ਨੂਰ ਮੁਹੰਮਦ ਕਰਮਦੀਨ ਦੇ ਸਾਹਵੇਂ ਹੁੰਦਿਆਂ ਬੋਲਿਆ। "ਜੇ ਭਾਈਚਾਰੇ 'ਚ ਰਹਿਣਾ ਏਂ ਤਾਂ ਲੁਹਾਰ ਦੇ ਮਲ੍ਹਮ-ਪੱਟੀ ਨਾ ਕਰੀਂ।"

"ਛਵੀਆਂ ਚੰਡਦਾ ਆਇਆ, ਮਾਂ ਆਪਣੀ ਦਾ..., ਲਹਿਲੀ ਤੋਂ।" ਹਸਨਦੀਨ ਨੇ ਨਫਰਤ ਨਾਲ਼ ਕਿਹਾ।

"ਮਰ ਲੈਣ ਦੇ ਸਾਲੇ ਨੂੰ ਕੁੱਤੇ ਦੀ ਮੌਤ।" ਗਾਮੀ ਨੇ ਕੁੜਤਣ ਨਾਲ਼ ਆਖਿਆ ਸੀ।

ਚੁਗਾਠ ਦਾ ਆਸਰਾ ਲੈ ਕੇ ਖੜੀ ਸੱਤੇ ਦੀ ਮਾਂ ਇਹ ਗੱਲਾਂ ਸੁਣ ਕੇ ਥੱਕੇ ਤੇ ਝੂਠੇ ਪੈਂਦੇ ਪੈਰਾਂ ਨਾਲ਼, ਡੂੰਘੀ ਚਿੰਤਾ 'ਚ ਡੁੱਬੀ ਘਰ ਵਲ ਮੁੜ ਗਈ ਸੀ।

ਘਰ ਵਲ ਮੁੜਦਿਆਂ ਕਰਮਦੀਨ ਸੱਤੇ ਨੂੰ ਛਵੀਆਂ ਚੰਡਦਿਆਂ ਤਸੱਵਰ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਪਰ ਹਰ ਵਾਰ ਉਹ ਪੀੜ ਨਾਲ਼ ਕਰਾਹੁੰਦਾ ਨਜ਼ਰ ਆਉਂਦਾ। ਸੱਤਾ ਫਜ਼ਲੇ ਦਾ ਹਮ-ਉਮਰ ਤੇ ਜਮਾਤੀ ਸੀ। ਸੱਤੇ ਦਾ ਬਾਪ ਮੀਣਾ, ਜਿਸਦੀ ਪਿਛਲੇ ਸਾਲ ਬਰੀਕ ਤਾਪ ਨਾਲ਼ ਮੌਤ ਹੋ ਗਈ ਸੀ, ਕਰਮਦੀਨ ਦਾ ਗੂੜ੍ਹਾ ਮਿੱਤਰ ਸੀ।

ਉਸ ਨੇ ਦੁਕਾਨ 'ਚੋਂ ਹਿਕਮਤ ਵਾਲ਼ਾ ਝੋਲ਼ਾ ਚੁੱਕਿਆ ਤੇ ਸਭ ਦੀ ਨਜ਼ਰ ਤੋਂ ਬਚਦਾ ਤੇ ਡਰਦਾ, ਤੇਜ਼-ਤੇਜ਼ ਕਦਮਾਂ ਦੇ ਨਾਲ਼ ਸੱਤੇ ਦੇ ਘਰ ਮੂਹਰੇ ਪਹੁੰਚ ਗਿਆ।

"ਜੇ ਤੇਰਾ ਧਰਮ ਜਾਗਿਆ ਤਾਂ ਅਗਲੇ ਨੇ ਵੀ ਭਾਈਚਾਰੇ ਤੋਂ ਬਾਹਰ ਨਹੀਂ ਜਾਣਾ। ਹਕੀਮ ਨਹੀਂ ਔਣ ਲੱਗਾ। ਹੁਣ ਮਾਰ ਲੈ ਵਾਜਾਂ ਲਹਿਲੀ ਆਲ਼ੇ ਜੱਟਾਂ ਨੂੰ, ਜਿਨ੍ਹਾਂ ਕੋਲੋਂ ਲੀਰ ਸਾਰਖੀ ਵੀ ਨਾ ਜੁੜੀ।"

ਕਰਮਦੀਨ ਦਰ ਲੰਘਿਆ ਤਾਂ ਸੱਤੇ ਦੀ ਮਾਂ ਹੈਰਾਨ ਹੋ ਕੇ ਚੁੱਪ ਕਰ ਗਈ। ਸੱਤੇ ਨੇ ਕਰਾਹੁਣਾ ਛੱਡ ਕੇ ਨੀਵੀਂ ਪਾ ਲਈ। ਮਲ੍ਹਮ-ਪੱਟੀ ਸਮੇਂ ਵੀ ਉਸਦੀਆਂ ਅੱਖਾਂ ਝੁਕੀਆਂ ਹੀ ਰਹੀਆਂ। ਉਹ ਪੀੜ ਨੂੰ ਅੰਦਰੋਂ-ਅੰਦਰੀਂ ਪੀਂਦਾ ਚੁੱਪ ਰਿਹਾ।

ਸਵੇਰ ਤਕ ਸੱਤੇ ਦੇ ਜ਼ਖਮਾਂ 'ਚੋਂ ਤਾਂ ਲਹੂ ਰਿਸਣਾ ਬੰਦ ਹੋ ਗਿਆ ਸੀ, ਪਰ ਪੂਰੇ ਦੇਸ਼ 'ਚੋਂ ਲਹੂ-ਭਿੱਜੀਆਂ ਖ਼ਬਰਾਂ ਦਾ ਆਉਣਾ ਨਿਰੰਤਰ ਜਾਰੀ ਰਿਹਾ। ਆਲ਼ੇ-ਦੁਆਲ਼ੇ ਦੇ ਪਿੰਡਾਂ 'ਚ ਵੱਢ-ਟੁਕ ਸ਼ੁਰੂ ਹੋ ਗਈ ਸੀ। ਬਸੀ ਅਲੀ ਖਾਨ, ਬਸੀ ਹਸਤ ਖਾਨ, ਬਸੀ ਕਲਾਂ ਤੇ ਬਸੀ ਜੌੜਾ ਆਦਿ ਪਠਾਣਾਂ ਦੇ ਪਿੰਡਾਂ ਦੇ ਖਾਲੀ ਹੋ ਜਾਣ ਦੀਆਂ ਖ਼ਬਰਾਂ ਨੇ ਨਾਰੂ ਨੰਗਲ ਦੇ ਮੁਸਲਮਾਨਾਂ ਨੂੰ ਖ਼ੌਫ ਨਾਲ਼ ਭਰ ਦਿੱਤਾ ਸੀ।

ਉਸੇ ਦੁਪਹਿਰ ਹੱਥਾਂ 'ਚ ਛਵੀਆਂ ਉਲਾਰੀ, ਸਿੱਖ ਮੁੰਡਿਆਂ ਦੀ ਇਕ ਟੋਲੀ ਨਾਰੂ ਨੰਗਲ ਦੇ ਬਾਜ਼ਾਰ 'ਚ ਆਣ ਪਹੁੰਚੀ। ਲੋਕਾਂ ਨੇ ਡਰਦਿਆਂ ਬੂਹੇ ਬੰਦ ਕਰ ਲਏ। ਉਨ੍ਹਾਂ ਅੱਖਾਂ ਗਲੀ ਵਲ ਖੁੱਲ੍ਹਦੀਆਂ ਬਾਰੀਆਂ ਨਾਲ਼ ਲਗਾ ਕੇ ਸਾਹ ਸੂਤ ਲਏ।

ਟੋਲੀ ਹਕੀਮ ਦੀ ਦੁਕਾਨ ਮੂਹਰੇ ਰੁਕ ਗਈ। ਟੇਢੀ ਪੱਗ ਵਾਲ਼ੇ ਮੁੰਡੇ ਨੇ ਅਗਾਂਹ ਵਧ ਕੇ ਕੁੰਡਾ ਖੜ੍ਹਕਾਇਆ ਪਰ ਅੰਦਰੋਂ ਕੋਈ ਹੁੰਗਾਰਾ ਨਾ ਮਿਲਿਆ।

"ਓਏ ਫਜਲਿਆ, ਮੈਂ ਧੰਨਾ ਆਂ। ਦਰ ਤਾਂ ਖੋਹਲ।" ਮੱਧਰੇ ਕੱਦ ਤੇ ਬਿੱਲੀਆਂ ਅੱਖਾਂ ਵਾਲ਼ੇ ਸਰਦਾਰ ਨੇ ਅਪਣੱਤ ਨਾਲ਼ ਕਿਹਾ।

ਫਜ਼ਲੇ ਨੇ ਦਰ ਖੋਹਲਿਆ ਤਾਂ ਅੱਠ-ਦਸ ਸਿੱਖ-ਮੁੰਡੇ ਦੁਕਾਨ ਅੰਦਰ ਆਣ ਵੜੇ।

"ਦੱਸੋ ਪੁੱਤਰੋ?"ਕਰਮਦੀਨ ਨੇ ਸਹਿਮ ਕੇ ਪੁੱਛਿਆ।

"ਬਾਪੂ ਦੇ ਸੱਟ ਵੱਜਗੀ ਚਾਚਾ। ਝੋਲਾ ਚੁੱਕ ਤੇ ਤੁਰ ਪੈ ਛੇਤੀ। ਮੁੰਡੇ ਵਾਪਸ ਛੱਡ ਜਾਣਗੇ।" ਬਿੱਲੀਆਂ ਅੱਖਾਂ ਵਾਲ਼ੇ ਮੁੰਡੇ ਦੀ ਗੱਲ ਸੁਣ ਕੇ ਹਕੀਮ ਸੋਚੀਂ ਪੈ ਗਿਆ। ਇਹ ਧੰਨਾ ਸੀ, ਨੇੜਲੇ ਪਿੰਡ ਲਹਿਲੀ ਖੁਰਦ ਤੋਂ। ਧੰਨਾ ਫਜ਼ਲੇ ਦਾ ਜਮਾਤੀ ਤੇ ਮਿੱਤਰ ਸੀ। ਸਕੂਲੋਂ ਦੌੜ ਕੇ ਉਨ੍ਹਾਂ ਦੂਰ-ਦੂਰ ਤਕ ਮੇਲੇ ਵੇਖੇ ਸਨ। ਉਨ੍ਹਾਂ ਕਈ ਵਾਰ ਮਾਸਟਰ ਫਤਿਹ ਮੁਹੰਮਦ ਤੇ ਦੀਨਾ ਨਾਥ ਕੋਲੋਂ ਇੱਕਠਿਆਂ ਕੁੱਟ ਖਾਧੀ ਸੀ।

ਨੌਵੀਂ 'ਚੋਂ ਫੇਲ੍ਹ ਹੋ ਕੇ ਦੋਹਾਂ ਨੇ ਇਕੱਠਿਆਂ ਹੀ ਪੜ੍ਹਾਈ ਛੱਡ ਦੇਣ ਦਾ ਫੈਸਲਾ ਕੀਤਾ ਸੀ। ਬਾਈ ਕੁ ਸਾਲਾਂ ਦਾ ਧੰਨਾ ਅੱਜ ਪੂਰਾ ਸਿੰਘ ਸਜ ਗਿਆ ਸੀ। ਉਸਨੇ ਇਲਾਕੇ ਦੇ ਅਲੂਏਂ ਮੁੰਡੇ ਇਕੱਠੇ ਕਰ ਕੇ ਇਕ ਜਥਾ ਖੜਾ ਕਰ ਲਿਆ ਸੀ। ਆਪ ਉਹ ਜਥੇਦਾਰ ਸੀ। ਜਥੇਦਾਰ ਧੰਨਾ ਸਿੰਘ ਬੈਂਸ। ਇਹ ਮੁੰਡੇ ਪਿੰਡਾਂ 'ਤੇ ਧਾਵੇ ਬੋਲਦੇ, ਘਰ ਲੁੱਟਦੇ, ਮੁਸਲਮਾਨਾਂ ਨੂੰ ਕਤਲ ਕਰਦੇ ਤੇ ਸੋਹਣੀਆਂ-ਸੁੱਨਖੀਆਂ ਕੁੜੀਆਂ ਤੇ ਔਰਤਾਂ ਨੂੰ ਚੁੱਕ ਕੇ ਲੈ ਜਾਂਦੇ। ਦੋ ਚਾਰ ਦਿਨ ਕੋਲ਼ ਰੱਖ ਕੇ ਅਗਾਂਹ ਤੋਰ ਦਿੰਦੇ। ਕਦੇ ਕਿਸੇ ਲੋੜਵੰਦ ਕੋਲੋਂ ਰੁਪਏ ਵੀ ਵੱਟ ਲੈਂਦੇ।

"ਉਹ ਤਾਂ ਠੀਕ ਆ ਪੁੱਤਰਾ।" ਹਕੀਮ ਡੂੰਘੀ ਸੋਚ 'ਚੋਂ ਉਭਰਦਿਆਂ ਬੋਲਿਆ- "ਪਰ ਮੀਏਂ ਹੁਰਾਂ ਮਨ੍ਹਾਂ ਕੀਤਾ ਪਿਆ ਹੋਇਆ ਪਿੰਡੋਂ ਬਾਹਰ ਜਾਣਾ।"

"ਚਾਚਾ।" ਧੰਨਾ ਤੈਸ਼ 'ਚ ਆਉਂਦਿਆਂ ਬੋਲਿਆ- "ਕਿਹੜੀਆਂ ਗੱਲਾਂ ਕਰਦਾਂ ਤੂੰ? ਮੀਆਂ-ਮੂਆਂ ਕੁਝ ਨਹੀਂ ਮੈਂ ਦੱਸਾਂ। ਆਪਣਾ ਰਾਜ ਏ ਪੂਰੇ ਇਲਾਕੇ 'ਤੇ। ਆਹ ਪਿੰਡ ਤਾਂ ਤ੍ਹਾਢੇ ਮੂੰਹ-ਮਲਾਜ਼ੇ ਨੂੰ ਬਚਿਆ। ਅਸੀਂ ਤਾਂ ਵੀਹ ਪਿੰਡਾਂ 'ਚੋਂ ਮੁਸਲਮਾਨ ਭਜਾ ਦਿੱਤੇ ਚਾਚਾ। ਤੁਰ ਪੈ ਤੂੰ ਚੁੱਪ ਕਰਕੇ। ਅਸੀਂ ਆਪੇ ਨਜਿੱਠ ਲਾਂਗੇ ਮੀਏਂ ਨਾਲ਼।" ਧੰਨੇ ਦੇ ਬੋਲਾਂ 'ਚ ਧਮਕੀ ਸੀ।

"ਅੱਬਾ ਜਾ ਆ। ਐਵੇਂ ਤਾਇਆ ਵਿਲਕਦਾ ਹੋਊ ਵਿਚਾਰਾ ਪੀੜ ਨਾਲ਼।" ਫਜ਼ਲਾ ਸੱਚ-ਮੁੱਚ ਫਿਕਰਮੰਦ ਸੀ।

"ਉਹ ਤਾਂ ਠੀਕ ਆ ਪੁੱਤਰਾ ਪਰ...।"

"ਪਰ ਕੀ ਅੱਬਾ? ਤੂੰ ਆਪੇ ਤਾਂ ਕਹਿੰਦਾਂ ਹੁੰਦਾਂ ਕਿ ਮਲ੍ਹਮ...।"

ਫਜ਼ਲੇ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਕਰਮਦੀਨ ਨੇ ਹਿਕਮਤ ਵਾਲ਼ੇ ਝੋਲੇ ਨੂੰ ਹੱਥ ਪਾ ਲਿਆ ਸੀ।

ਗਲੀ 'ਚ ਆਉਂਦਿਆਂ ਉਹ ਟੋਲੀ ਦੇ ਮੂਹਰੇ ਲੱਗ ਤੁਰਿਆ। ਪਿੰਡੋਂ ਨਿਕਲ ਕੇ ਲਹਿਲੀ ਵਾਲ਼ੇ ਰਾਹੇ ਪੈਂਦਿਆਂ ਮੁੰਡਿਆਂ ਦੀ ਚਾਲ 'ਚ ਤੇਜ਼ੀ ਆ ਗਈ। ਉਨ੍ਹਾਂ ਨੇ ਨਾ ਆਪਸ 'ਚ ਤੇ ਨਾਹੀਂ ਕਰਮਦੀਨ ਨਾਲ਼ ਕੋਈ ਗੱਲ ਕੀਤੀ। ਇਸ ਚੁੱਪ ਨੇ ਹਕੀਮ ਦੇ ਦਿਲੋ-ਦਿਮਾਗ 'ਤੇ ਛਾਈ ਸਹਿਮ ਭਰੀ ਉਦਾਸੀ ਹੋਰ ਸੰਘਣੀ ਕਰ ਦਿੱਤੀ।

ਮੁੰਡੇ ਅਚਾਨਕ ਸੱਜੇ ਹੱਥ ਤਕੀਏ ਵਲ ਜਾਂਦੇ ਰਾਹੇ ਪੈ ਗਏ। ਹਕੀਮ ਧੁਰ ਅੰਦਰ ਤੱਕ ਕੰਬ ਗਿਆ।

ਉਸਨੇ ਤਕੀਏ ਦੇ ਸਾਹਵੇਂ ਖੜੀ ਬੋਹੜ ਦੀ ਛਾਵੇਂ ਘੋੜੇ ਬੱਝੇ ਵੇਖੇ ਤਾਂ ਉਸਦੇ ਸਾਹ 'ਚ ਸਾਹ ਆਇਆ।

ਉਸ ਨੇ ਬਿਨਾ ਸਿਰ ਝੁਕਾਏ ਤਕੀਏ ਨੂੰ ਸਜਦਾ ਕੀਤਾ ਤੇ ਆਪਣੀ ਸਲਾਮਤੀ ਲਈ ਦੁਆ ਮੰਗੀ।

"ਦੇਖ ਚਾਚਾ, ਸਾਡੀ ਹੈਗੀ ਆ ਗੂੜੀ ਸਾਂਝ। ਮੈਂ ਤੇਰੇ ਮੂਹਰੇ ਹੋਰ ਝੂਠ ਨਹੀਂ ਬੋਲਣਾ। ਬਾਪੂ ਦੇ ਕੋਈ ਸੱਟ-ਸੁੱਟ ਨਈਂ ਵੱਜੀ। ਅਸੀਂ ਤੇਰੇ 'ਤੇ ਮਾਣ ਕਰਕੇ ਤੈਨੂੰ ਇੱਥੇ ਲਿਆਏ ਆਂ।"

ਇਹ ਗੱਲ ਸੁਣ ਕੇ ਕਰਮਦੀਨ ਨੇ ਕੰਬਦੇ ਹੱਥਾਂ ਨਾਲ਼ ਝੋਲ਼ਾ ਜ਼ਮੀਨ 'ਤੇ ਰੱਖ ਦਿੱਤਾ।

"ਤੇਰਾ ਤਾਂ ਹਕੀਮਾਂ ਹਰ ਘਰ 'ਚ ਔਣ-ਜਾਣ ਆ। ਸਾਨੂੰ ਸਿੱਧਾ-ਸਿੱਧਾ ਦੱਸ ਕਿ ਨੰਗਲ 'ਚ ਕਿੰਨਾ ਕੁ ਅਸਲਾ? ਕਿਹੜੇ-ਕਿਹੜੇ ਰਾਜਪੂਤ ਕੋਲ਼ ਬੰਦੂਕ ਆ?"

ਕਰਮਦੀਨ ਨੂੰ ਤਕੀਆ ਕੰਬਦਾ ਹੋਇਆ ਦਿਖਾਈ ਦਿੱਤਾ। ਉਹ ਡਿੱਗਦੇ ਮਨ ਨਾਲ਼ ਤਕੀਏ ਸਾਹਮਣਲੇ ਥੜ੍ਹੇ ਉੱਤੇ ਡਿੱਗ ਹੀ ਪਿਆ।

"ਪੁੱਤਰੋ ਅਸੀਂ ਤਾਂ ਹੋਏ ਕੈਂਚੀਆਂ-ਉਸਤਰਿਆਂ ਆਲ਼ੇ ਗਰੀਬ-ਗੁਰਬੇ ਲੋਕ। ਸਾਨੂੰ ਕੀ ਪਤਾ ਬੰਦੂਕਾਂ ਦਾ?"

ਉਸਦੇ ਬੋਲ ਥਿੜਕਦੇ ਜਾ ਰਹੇ ਸਨ।

"ਐਂ ਤਾਂ ਨਾ ਕਰ ਚਾਚਾ। ਮੇਰਾ ਮਾਣ ਰੱਖ। ਦੇਖ ਲੈ, ਜੇ ਇਹ ਪੁੱਠੀਆਂ ਮੱਤਾਂ ਆਲ਼ੇ ਵਿਗੜ ਗਏ ਤਾਂ ਮੈਥੋਂ ਵੀ ਨਹੀਂ ਸਾਂਭੇ ਜਾਣੇ।"

ਧੰਨਾ ਸਿਰ ਫੜ ਕੇ ਬੈਠੇ ਨਿਰਾਸ਼ ਕਰਮਦੀਨ ਕੋਲ਼ ਬੈਠ ਗਿਆ।

"ਦੇਖ ਚਾਚਾ, ਤੁਸੀਂ ਚਲੇ ਜਾਣਾ 'ਆਪਣੇ' ਪਾਕਿਸਤਾਨ। ਮੈਂ ਵੀ ਤਾਂ ਫਜ਼ਲੇ ਅਰਗਾ ਈ ਆਂ। ਮੈਨੂੰ ਮਲ੍ਹਮ ਦਾ ਨੁਸਖਾ ਈ ਦੱਸ ਜਾ।" ਧੰਨੇ ਨੇ ਤਨਜ਼ ਭਰੀ ਧੀਮੀ ਆਵਾਜ਼ 'ਚ ਕਿਹਾ। ਮੁੰਡੇ ਹੱਸ ਪਏ। ਕਰਮਦੀਨ ਦੀ ਦੇਹ ਗੁੱਸੇ 'ਚ ਤਪਣ ਤੇ ਕੰਬਣ ਲੱਗ ਪਈ। ਉਹ ਨਿਡਰਤਾ ਨਾਲ਼ ਬੋਲਿਆ, "ਓਏ ਧੰਨਿਆ, ਏਸ ਮਲ੍ਹਮ ਦੀ ਪਾਕੀਜ਼ਗੀ ਤੂੰ ਕੀ ਜਾਣੇ ਨਿਰਦੋਸ਼ਾਂ ਦੇ ਕਾਤਲਾ। ਇਹਦਾ ਵਾਰਿਸ ਬਣਨ ਲਈ ਤਾਂ ਭਾਈ ਘਨ੍ਹਈਆ ਜੀ ਅਰਗੀ ਸੋਚ ਚਾਹੀਦੀ ਆ।"

ਕਰਮਦੀਨ ਦੇ ਬਦਲੇ ਤੇਵਰ ਵੇਖ ਕੇ ਸਾਰੇ ਮੁੰਡੇ ਹੈਰਾਨ ਹੋ ਕੇ ਰਹਿ ਗਏ। ਗੁੰਮ-ਸੁੰਮ ਜਿਹੇ ਮੁੰਡੇ ਨੇ ਦੋ ਕਦਮ ਅਗਾਂਹ ਵਧਦਿਆਂ ਛਵੀ ਹਕੀਮ ਦੇ ਸਿਰ 'ਤੇ ਉਲਾਰ ਦਿੱਤੀ। ਹਕੀਮ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ।

"ਨਾ ਓਏ ਜ਼ੈਲਿਆ! ਚਾਚਾ ਏ ਆਪਣਾ।" ਧੰਨਾ ਤ੍ਰਭਕ ਕੇ ਬੋਲਿਆ ਤਾਂ ਜ਼ੈਲਾ ਪਿਛਾਂਹ ਹਟ ਗਿਆ।

ਧੰਨਾ ਹਕੀਮ ਦੇ ਥੋੜ੍ਹਾ ਹੋਰ ਕੋਲ ਹੁੰਦਿਆਂ ਬੋਲਿਆ, "ਚੱਲ ਚਾਚਾ ਐਂ ਦੱਸ ਕੇ ਤੇਰੇ ਪਿੰਡ 'ਚ ਸਭ ਨਾਲ਼ੋਂ ਸੋਹਣੀ ਕੁੜੀ ਕਿਹੜੇ ਮੁਸਲਮਾਨ ਦੀ ਆ?"

ਹਕੀਮ ਦੀਆਂ ਅੱਖਾਂ 'ਚ ਲਹੂ ਉਤਰ ਆਇਆ। ਉਹ ਉੱਠ ਖੜਾ ਹੋਇਆ ਤੇ ਹੱਥ ਨਾਲ਼ ਲਾਹਣਤ ਪਾਉਂਦਿਆਂ ਬੋਲਿਆ, "ਸ਼ਰਮ ਕਰ ਉਏ ਪੁੱਤਰਾ! ਮੇਰੀਆਂ ਤਾਂ ਧੀਆਂ ਨੇ ਸਾਰੀਆਂ। ਧੀਆਂ ਤੇ ਧੀਆਂ ਹੀ ਹੁੰਦੀਆਂ ਨੇ ਸੋਹਣੀਆਂ ਜਾਂ ਕੋਝੀਆਂ ਨਹੀਂ ਹੁੰਦੀਆਂ।" ਇਹ ਕਹਿ ਕੇ ਉਹ ਚੁੱਪ ਕਰ ਗਿਆ।

"ਉਏ ਸਰਦਾਰਾ!" ਖੁੰਡੀਆਂ ਮੁੱਛਾਂ ਵਾਲ਼ਾ ਮੁੰਡਾ ਰੋਹ 'ਚ ਬੋਲਿਆ। "ਬਥੇਰਾ ਕਿਹਾ ਸੀ ਕਿ ਕੋਈ ਰਾਜਪੂਤ ਚੁੱਕਦੇ ਆਂ। ਲੈ ਲਾ ਚਾਚੇ ਕੋਲ਼ੋ ਸੂਹਾਂ। ਬੜਾ ਮਾਣ ਸੀ ਤੈਨੂੰ ਚਾਚੇ 'ਤੇ। ਅਸੀਂ ਤਾਂ ਬੜੀ ਵਾਰ ਦੇਖਿਆ, ਇਹ ਸਾਲੇ ਕੰਮੀਂ-ਕੰਮੀਣ ਤਾਂ ਟੱਸ ਤੋਂ ਮੱਸ ਨਹੀਂ ਹੁੰਦੇ। ਲੈ ਲਾ ਚਾਚਾ ਜੀ ਕੋਲੋਂ ਬੰਦੂਕਾਂ ਦੇ ਸਿਰਨਾਵੇਂ।"

"ਨਾਲ਼ੇ ਨੁਸਖਾ ਮਲ੍ਹਮ ਦਾ।" ਕਾਲ਼ੇ ਕੁੜਤੇ ਵਾਲਾ ਹੱਸ ਕੇ ਬੋਲਿਆ।

"ਤੂੰ ਦੱਸ ਕੋਈ ਹਕੀਮੀ ਕਰਨੀ ਆ ਜੱਟਾ ਨੁਸਖਾ ਲੈ ਕੇ?" ਨੱਤੀਆਂ ਵਾਲ਼ੇ ਮੁੰਡੇ ਨੇ ਟਿੱਚਰ ਕੀਤੀ।

"ਐਵੈਂ ਵਕਤ ਬਰਬਾਦ ਕਰੀਂ ਜਾਨਾ।" ਪੱਕੇ ਰੰਗ ਤੇ ਚਿੱਟੀਆਂ ਅੱਖਾਂ ਵਾਲ਼ੇ ਨੇ ਪਛਤਾਵੇ ਨਾਲ਼ ਕਿਹਾ। ਜਦੋਂ ਸਾਰੇ ਮੁੰਡੇ ਖੁੰਡੀਆਂ ਮੁੱਛਾਂ ਵਾਲ਼ੇ ਦੀ ਹਾਮੀ ਭਰਨ ਲੱਗੇ ਤਾਂ ਧੰਨਾ ਉਠ ਕੇ ਤੁਰ ਪਿਆ।

"ਜੋ ਮਰਜ਼ੀ ਕਰੋ।" ਇਹ ਆਖ ਉਸਨੇ ਬੋਹੜ ਦੀ ਜੜ੍ਹ ਨਾਲ਼ੋਂ ਘੋੜੀ ਦੀ ਲਗਾਮ ਖੋਹਲੀ ਤੇ ਪਲਾਕੀ ਮਾਰ ਕੇ ਕਾਠੀ 'ਤੇ ਬੈਠਦਿਆਂ, ਘੋੜੀ ਦੁੜਾ ਕੇ ਧੂੜ 'ਚ ਅਲੋਪ ਹੋ ਗਿਆ।

ਗੁੰਮ-ਸੁੰਮ ਜਿਹੇ ਮੁੰਡੇ ਨੇ ਦੋਵੇਂ ਹੱਥ ਜੋੜ ਕੇ ਛਵੀ ਹਕੀਮ ਦੇ ਹਿੱਕ 'ਤੇ ਜੜ ਦਿੱਤੀ। ਉਹ ਚੀਕ ਮਾਰ ਕੇ ਧਰਤੀ 'ਤੇ ਚੁਫਾਲ ਡਿਗ ਪਿਆ। ਖੁੰਡੀਆਂ ਮੁੱਛਾਂ ਵਾਲ਼ੇ ਮੁੰਡੇ ਨੇ ਅਗਾਂਹ ਵਧ ਕੇ ਕਰਮਦੀਨ ਦੇ ਮੌਰਾਂ 'ਤੇ ਪੰਜ-ਸੱਤ ਵਾਰ ਹੋਰ ਕੀਤੇ। ...ਸਾਰੇ ਮੁੰਡੇ ਘੋੜੀਆਂ 'ਤੇ ਸਵਾਰ ਹੋ ਕੇ ਸਰਦਾਰ ਪਿੱਛੇ ਤੁਰ ਗਏ।

ਸ਼ਾਮ ਢਲਣ ਤਕ ਜਦੋਂ ਕਰਮਦੀਨ ਘਰ ਨਾ ਮੁੜਿਆ ਤਾਂ ਪਰਿਵਾਰ ਹੋਰ ਵੀ ਫਿਕਰਾਂ 'ਚ ਡੁੱਬ ਗਿਆ। ਮਾਂ ਤੇ ਭੈਣਾਂ ਦੇ ਰੋਕਦਿਆਂ, ਫਜ਼ਲਾ ਭਰਾਈਆਂ ਦੇ ਕਮਾਲ ਨੂੰ ਨਾਲ਼ ਲੈ ਕੇ ਲਹਿਲੀ ਵਾਲ਼ੇ ਰਾਹੇ ਪੈ ਗਿਆ। ਉਨ੍ਹਾਂ ਦੇ ਦਿਲ ਕਿਸੇ ਸੰਭਾਵੀ ਹੋਣੀ ਦੇ ਡਰ ਨਾਲ਼ ਕੰਬੀ ਜਾ ਰਹੇ ਸਨ। ਆਸੇ-ਪਾਸੇ ਦੀ ਹਲਕੀ ਜਿਹੀ ਹਿਲਜੁਲ ਵੀ ਉਨ੍ਹਾਂ ਦੇ ਸਰੀਰ ਸੁੰਨ ਕਰ ਜਾਂਦੀ ਸੀ। ਤਕੀਏ ਦੇ ਬਰਾਬਰ ਤੋਂ ਲੰਘਦਿਆਂ ਕਿਸੇ ਦੇ ਹੂੰਗਣ ਦੀ ਆਵਾਜ਼ ਸੁਣਾਈ ਦਿੱਤੀ। ਕੋਈ ਬਹੁਤ ਹੀ ਮੱਧਮ ਆਵਾਜ਼ 'ਚ ਰੁਕ-ਰੁਕ ਕੇ 'ਹਾਏ' ਕਹਿ ਰਿਹਾ ਸੀ। ਫਜ਼ਲਾ ਤਾਂ ਇਕ ਪਲ ਦੇ ਲਈ ਜਿਉਂ ਬੇਜਾਨ ਹੀ ਹੋ ਗਿਆ। ਉਸਦੇ ਪੈਰ ਇੱਕੋ ਥਾਂ ਜੰਮੇ ਰਹੇ। ਉਹ ਅਹਿੱਲ ਖੜਾ ਰਿਹਾ, ਕਿਸੇ ਬੁੱਤ ਦੇ ਵਾਂਗ।

ਕਮਾਲ ਨੇ ਉਸਨੂੰ ਝੰਜੋੜਿਆ ਤਾਂ ਉਹ ਹੋਸ਼ 'ਚ ਪਰਤਿਆ। ਉਹ ਅੱਭੜਵਾਹੇ ਵਿਲਕਦਾ-ਵਿਲਕਦਾ ਤਕੀਏ ਵਲ ਦੌੜ ਪਿਆ।

"ਹਾਏ ਓਏ ਰੱਬਾ!" ਅੱਬਾ ਦਾ ਕਲਾਵਾ ਭਰ ਕੇ ਉਹ ਜ਼ਾਰੋ-ਜ਼ਾਰ ਰੋਣ ਲੱਗ ਪਿਆ ਸੀ।

"ਫਜ਼ਲਿਆ ਹੋਸ਼ ਕਰ, ਪਾਸੇ ਹੋ, ਘਰ ਲੈ ਚੱਲੀਏ ਤਾਏ ਨੂੰ।" ਕਮਾਲ ਨੇ ਹਕੀਮ ਦੀ ਨਿਢਾਲ ਦੇਹ ਨੂੰ ਕਲਾਵਾ ਭਰ ਕੇ ਮੌਰਾਂ 'ਤੇ ਟਿਕਾ ਲਿਆ ਸੀ। ਉਹ ਤੇਜ਼-ਤੇਜ਼ ਕਦਮਾਂ ਦੇ ਨਾਲ਼ ਪਿੰਡ ਵਲ ਤੁਰ ਪਿਆ। ਫਜ਼ਲਾ ਅੱਬਾ ਦੀਆਂ ਲਮਕਦੀਆਂ ਬਾਹਵਾਂ ਨੂੰ ਬੋਚਦਾ ਪਿੱਛੇ-ਪਿੱਛੇ ਤੁਰ ਰਿਹਾ ਸੀ। ਕਰਮਦੀਨ ਦਾ ਹੂੰਗਣਾ ਵੀ ਬੰਦ ਹੋ ਗਿਆ ਸੀ। ਫਜ਼ਲਾ ਸਾਰੀ ਵਾਟ 'ਅੱਬਾ ਬੋਲ, ਅੱਬਾ ਬੋਲ' ਕਹੀ ਗਿਆ ਸੀ। ਘਰ ਪਹੁੰਚ ਕੇ ਜਦੋਂ ਕਰਮਦੀਨ ਨੂੰ ਮੰਜੇ 'ਤੇ ਉਤਾਰਿਆ ਗਿਆ ਤਾਂ ਉਹ ਪੂਰਾ ਹੋ ਚੁੱਕਾ ਸੀ। ਉਸਦਾ ਬਹੁਤਾ ਲਹੂ ਤਕੀਏ ਦੇ ਪੈਰਾਂ 'ਚ ਤੇ ਬਚਦਾ ਲਹਿਲੀ ਵਲ ਜਾਂਦੇ ਰੇਤੀਲੇ ਰਾਹ 'ਤੇ ਨੁੱਚੜ ਗਿਆ ਸੀ। ਚੀਕ-ਚਿਹਾੜਾ ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ ਸੀ। ਮੁਸਲਮਾਨਾਂ ਦੇ ਦਿਲ ਖ਼ੌਫ ਨਾਲ਼ ਦਹਿਲ ਗਏ ਸਨ। ਮਜ਼੍ਹਬੀ ਤੁਅੱਸਬ ਦੀ ਅੱਗ ਨੇ ਨਾਰੂ ਨੰਗਲ ਦੇ ਦਰਾਂ 'ਤੇ ਦਸਤਕ ਦੇ ਦਿੱਤੀ ਸੀ।

"ਭਾਈਚਾਰੇ ਨਾਲ਼ ਧਰੋਹ ਦਾ ਫਲ਼ ਏ। ਚੋਰੀ-ਚੋਰੀ ਕਾਫਰਾਂ ਦੇ ਜ਼ਖਮਾਂ 'ਤੇ ਮਲ੍ਹਮਾਂ ਲੌਣ ਜਾਂਦਾ ਸੀ। ਸਜ਼ਾ ਪਾ ਲਈ।" ਫਜ਼ਲੇ ਦੀ ਦੁਕਾਨ ਮੂਹਰੇ ਜੁੜੀ ਭੀੜ੍ਹ 'ਚੋਂ ਕਿਸੇ ਨੇ ਇਹ ਆਖਿਆ ਤਾਂ ਬਹੁਤਿਆਂ ਨੇ ਹੁੰਗਾਰਾ ਭਰ ਕੇ ਸਹਿਮਤੀ ਦਿੱਤੀ ਸੀ।

ਕਰਮਦੀਨ ਨੂੰ ਸਪੁਰਦੇ-ਖ਼ਾਕ ਕਰਨ ਸਮੇਂ ਸੱਤਾ ਵੀ ਇਕ ਪਾਸੇ ਖੜ੍ਹਾ ਪੱਗ ਦੇ ਲੜ ਨਾਲ਼ ਅੱਥਰੂ ਪੂੰਝ ਰਿਹਾ ਸੀ।

"ਪਿੱਠ 'ਤੇ ਬੜੇ ਡੂੰਘੇ ਟੱਕ ਆ ਛਵੀਆਂ ਦੇ।" ਕਰਮੂ ਦੀ ਗੱਲ ਸੁਣ ਕੇ ਉਸਨੇ ਨੀਵੀਂ ਪਾ ਲਈ ਸੀ। ਕਬਰਸਤਾਨ ਤੋਂ ਘਰਾਂ ਵਲ ਮੁੜਦਿਆਂ ਪਿੰਡ ਦੀ ਫਿਜ਼ਾ 'ਚ ਜ਼ਹਿਰ ਜਿਹੀ ਘੁਲ਼ ਗਈ ਸੀ। ਹਰ ਬਸ਼ਿੰਦਾ ਸ਼ੱਕ ਤੇ ਖੌਫ ਨਾਲ਼ ਭਰ ਗਿਆ ਸੀ। ਮੁਸਲਮਾਨਾਂ ਦੇ ਦਿਲਾਂ 'ਚ ਗੁੱਸਾ ਤੇ ਰੋਹ ਵੀ ਸੀ। ਸ਼ਾਮ ਤਕ ਇਹ ਅਫਵਾਹ ਫੈਲ ਗਈ ਸੀ ਕਿ ਉਨ੍ਹਾਂ ਨੇ ਘੱਟ ਗਿਣਤੀ ਹਿੰਦੂ ਤੇ ਸਿੱਖਾਂ ਨੂੰ ਕਤਲ ਕਰਨ ਦੀ ਯੋਜਨਾ ਬਣਾ ਲਈ ਏ। ਹਿੰਦੂ-ਸਿੱਖਾਂ ਨੇ ਕੀਮਤੀ ਸਾਮਾਨ ਦੀਆਂ ਗੰਠੜੀਆਂ ਬੰਨ੍ਹ ਕੇ ਗੱਡਿਆਂ 'ਤੇ ਲੱਦ ਲਈਆਂ। ਘਰਾਂ ਨੂੰ ਜੰਦਰੇ ਮਾਰ ਕੇ ਉਹ ਨੇੜਲੇ ਪਿੰਡਾਂ ਵਲ ਵਹੀਰਾਂ ਘੱਤਣ ਲੱਗੇ।

"ਭਰਾਵੋ ਤੁਾਢੇ ਆਸਰੇ ਤਾਂ ਅਸੀਂ ਟਿਕਿਓ ਸੀ। ਤੁਸੀਂ ਵੀ ਛੱਡ ਚੱਲੇ ਓ ਸਾਨੂੰ ਜ਼ਲੀਲ ਤੇ ਕਤਲ ਹੋਣ ਦੇ ਲਈ। ਵਾਸਤਾ ਈ ਨਾ ਕਰੋ ਏਦਾਂ।" ਫ਼ਜ਼ਲੇ ਦੀ ਗੱਲ ਸੁਣ ਕੇ ਕਰਮੂ ਦੀਆਂ ਅੱਖਾਂ ਛਲਕ ਪਈਆਂ।

ਉਹ ਚਾਹੁੰਦੇ ਹੋਏ ਵੀ ਕੁਝ ਬੋਲ ਨਾ ਸਕਿਆ। ਉਸਨੇ ਮੂੰਹ ਘੁੰਮਾ ਕੇ ਬਲ਼ਦ ਹਿੱਕ ਦਿੱਤੇ। ਉਦਾਸ ਤੇ ਨਿਰਾਸ਼ ਫਜ਼ਲਾ ਉਸਨੂੰ ਮੋੜ ਮੁੜਨ ਤਕ ਵੇਖਦਾ ਰਿਹਾ।

ਉਸੇ ਸ਼ਾਮ ਮੀਏਂ ਦੀ ਹਵੇਲੀ 'ਚ ਇਕੱਠ ਹੋਇਆ।

"ਬਸ ਕੀਮਤੀ-ਕੀਮਤੀ ਸਾਮਾਨ ਚੁੱਕੋ। ਦੇਰੀ ਬਿਲਕੁਲ ਨਾ ਕਰਨੀ। ਇਹ ਪਿੰਡ ਹੁਣ ਸਾਡਾ ਨਹੀਂ, ਇਹ ਵਤਨ ਹੁਣ ਸਾਡਾ ਨਹੀਂ। ਇੱਜ਼ਤ-ਅਣਖ ਤੋਂ ਵੱਡੀ ਕੋਈ ਚੀਜ਼ ਨਹੀ। ਧੀਆਂ-ਭੈਣਾਂ ਨੂੰ ਹੱਥੀਂ ਕਤਲ ਕਰ ਦਿਓ। ਕਾਫਰਾਂ ਦੇ ਹੱਥੀਂ ਜ਼ਲੀਲ ਹੋਣ ਲਈ ਨਾ ਛੱਡਿਓ। ਚੌਂਕੀਦਾਰ ਦਾ ਹੋਕਾ ਸੁਣ ਕੇ ਮਸਜਿਦ ਅੱਗੇ ਆ ਜੁੜਨਾ।" ਉਸਦੇ ਬੋਲ ਖੁਸ਼ਕ ਹੁੰਦੇ-ਹੁੰਦੇ ਉਸਦਾ ਸਾਥ ਛੱਡ ਗਏ। ਲੋਕ ਰੋ-ਰੋ ਸਾਮਾਨ ਦੀਆਂ ਗੰਠੜੀਆਂ ਬੰਨ੍ਹਣ ਲੱਗੇ। ਹੋਰ ਘੜੀ ਨੂੰ ਚੌਂਕੀਦਾਰ ਦੇ ਹੋਕੇ ਨੇ ਜੰਮਣ-ਭੋਂ ਨੂੰ ਛੱਡ ਦੇਣ ਦਾ ਐਲਾਨ ਕਰ ਦੇਣਾ ਸੀ। ਰੋਂਦੇ ਲੋਕ ਇਸ ਮਨਹੂਸ ਹੇਕ ਨੂੰ ਡਰਦੇ ਦਿਲਾਂ ਨਾਲ਼ ਉਡੀਕਣ ਲੱਗੇ। ਅਚਾਨਕ ਉਨ੍ਹਾਂ ਨੇ ਢੋਲ ਦੇ ਵੱਜਣ ਦੀ ਆਵਾਜ਼ ਸੁਣੀ। 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ਼ ਅੰਬਰ ਗੂੰਜ ਉਠਿਆ। ਕੁਝ ਦੇਰ ਦੇ ਚੀਕ-ਚਿਹਾੜੇ ਤੋਂ ਬਾਅਦ ਰਾਜਪੂਤਾਂ ਦੀਆਂ ਹਵੇਲੀਆਂ 'ਚੋਂ 'ਅੱਲਾ ਹੂ ਅਕਬਰ' ਦੀਆਂ ਹੇਕਾਂ ਉੱਠਣ ਲੱਗੀਆਂ। ਗੋਲ਼ੀਆਂ ਦੀ ਦਗੜ-ਦਗੜ ਨੇ ਕੁਝ ਦੇਰ ਛਵੀਆਂ ਨੂੰ ਬੌਣਿਆਂ ਕਰੀ ਰੱਖਿਆ। ਪਰ ਹੌਲ਼ੀ-ਹੌਲ਼ੀ ਧਾਵੀ ਹਾਵੀ ਹੁੰਦੇ ਗਏ। ਹੁਣ ਕਦੇ ਕਿਸੇ ਤੇ ਕਦੇ ਕਿਸੇ ਘਰ 'ਚੋਂ ਚੀਕਾਂ ਉਭਰਨ ਲੱਗੀਆਂ। ਪੰਡਤਾਂ ਵਾਲੀ ਖੂਹੀ ਤੇ ਮੀਏਂ ਵਾਲ਼ਾ ਖੂਹ ਲਾਸ਼ਾਂ ਨਾਲ਼ ਭਰ ਗਏ। ਬਹੁਤੇ ਰਾਜਪੂਤਾਂ ਨੇ ਧੀਆਂ ਦੀਆਂ ਸੰਘੀਆਂ ਆਪੇ ਨੱਪ ਦਿੱਤੀਆਂ। ਮੀਆਂ ਗੋਲੀਆਂ ਨਾਲ਼ ਮਾਰਿਆ ਗਿਆ ਤੇ ਬੇਗਮ ਨੇ ਖੂਹ 'ਚ ਛਾਲ ਮਾਰ ਦਿੱਤੀ। ਨਫੀਸਾਂ ਬਿਸਤਰਿਆਂ 'ਚ ਗੰਠੜੀ ਜਿਹੀ ਬਣ ਕੇ ਲੁਕੀ ਰਹੀ। ਇਸ ਰੌਲ਼ੇ-ਗੌਲ਼ੇ 'ਚ ਚੱਬੇਵਾਲੀਆ ਮਿੰਦਰ ਚੁਬਾਰੇ ਦੀਆਂ ਪੌੜੀਆਂ ਚੜ ਗਿਆ। ਨਫੀਸਾਂ ਉਸਦੇ ਹੱਥ ਲੱਗ ਗਈ। ਮਿੰਦਰ ਸੁੰਨ ਹੋਈ ਤੇ ਹੱਥ ਜੋੜਦੀ ਨਫੀਸਾਂ ਦਾ ਕਲ਼ਾਵਾ ਭਰ ਕੇ ਪੌੜੀਆਂ ਉਤਰ ਆਇਆ ਤੇ ਅੱਖ ਦੇ ਫੋਰ 'ਚ ਉਸਨੂੰ ਘੋੜੀ 'ਤੇ ਬਿਠਾ ਕੇ ਹਨੇਰੇ 'ਚ ਅਲੋਪ ਹੋ ਗਿਆ।

"ਕੁੱਤਾ ਭੈਣ ਆਪਣੀ ਦਾ...।" ਧੰਨਾ ਗੁੱਸੇ 'ਚ ਗਰਜਿਆ।

"ਗੁਰੂ ਦਾ ਝੂਠਾ ਸਿੰਘ। ਪਿੱਛਾ ਕਰੋ ਗੱਦਾਰ ਦਾ।"

ਜਥੇਦਾਰ ਦੇ ਹੁਕਮ ਦੀ ਪਾਲਣਾ ਕਰਦਿਆਂ ਬਹੁਤੇ ਮੁੰਡਿਆਂ ਨੇ ਮਿੰਦਰ ਪਿੱਛੇ ਘੋੜੇ ਦੁੜਾ ਲਏ। ਹਮਲੇ ਦੀ ਮਾਰ ਘਟ ਗਈ। ਜਥਾ ਪਿਛਾਂਹ ਵਲ ਪਰਤ ਗਿਆ।

ਹੁਣ ਪਿੰਡ ਮਾਤਮ ਤੇ ਸਹਿਮ 'ਚ ਡੁੱਬਿਆ ਪਿਆ ਸੀ।

ਕਿੰਨੇ ਹੀ ਘਰਾਂ 'ਚ ਲਹੂ ਡੁੱਲਿਆ ਪਿਆ ਸੀ। ਜ਼ਖਮੀ ਹੋਏ ਵੀ ਚੁੱਪ-ਚਾਪ ਰੋ ਰਹੇ ਤੇ ਤੜਫ ਰਹੇ ਸਨ।

ਜਿਉਂਦੀਆਂ ਦੇਹਾਂ ਲਾਸ਼ਾਂ ਦੇ ਸਿਰਹਾਣੇ ਚੁੱਪ-ਚਾਪ ਅੱਥਰੂ ਕੇਰ ਰਹੀਆਂ ਸਨ। ਚੀਕਾਂ ਤੇ ਵੈਣ ਤਾਂ ਜਿਉਂ ਵਰਜਿਤ ਸਨ। ਕੁਝ ਹਾਲੇ ਵੀ ਸਹਿਮੇ ਲੁਕੇ ਬੈਠੇ ਸਨ। ਇਕ ਮੁਰਦੇਹਾਣੀ ਸ਼ਾਂਤੀ ਨੇ ਸਾਰਾ ਪਿੰਡ ਬੁੱਕਲ 'ਚ ਲੈ ਲਿਆ ਸੀ।

◆◆◆

ਅੱਧੀ ਕੁ ਰਾਤੇ ਇਕ ਦਰਦੀਲੀ ਤੇ ਤਰਲਿਆਂ ਨਾਲ਼ ਭਰੀ ਆਵਾਜ਼ ਨੇ ਸਹਿਮੇ ਤੇ ਦੁਖੀ ਲੋਕਾਂ ਦੇ ਦਿਲ ਕੰਬਾ ਦਿੱਤੇ ਸਨ।

"ਉੱਠੋ ਭਰਾਵੋ ਉੱਠੋ। ਇਹ ਮਾਤਮ ਦਾ ਵੇਲਾ ਨਹੀਂ। ਮੈਂ ਸੱਤਾ ਆਂ ਲੁਹਾਰਾਂ ਦਾ। ਮੈਂ ਲਹਿਲੀਉਂ ਆਇਆਂ ਦੌੜਕੇ। ਵੱਡੇ ਤੜਕੇ ਫਿਰ ਹਮਲਾ ਹੋਣਾ। ਪੱਕੀਆਂ ਸਲਾਹਾਂ ਹੋ ਚੁੱਕੀਆਂ ਨੇ। ਉਠੋ, ਸੰਭਲੋ, ਚੱਕ ਸਾਦੂ ਕੈਂਪ ਪਹੁੰਚੋ।"

ਇਕ ਸਿੱਖ ਦੀ ਕਿਸੇ ਵੀ ਗੱਲ ਦਾ ਲੋਕਾਂ ਯਕੀਨ ਨਾ ਕੀਤਾ। ਬਹੁਤਿਆਂ ਨੂੰ ਇਹ ਧੰਨੇ ਦੇ ਜਥੇ ਦੀ ਕੋਈ ਚਾਲ ਹੀ ਲੱਗੀ।

"ਉਏ ਫਜ਼ਲਿਆ, ਤੂੰ ਹੀ ਉੱਠ ਜੇ ਜਿਉਂਦਾ ਏ ਤਾਂ। ਸਮਝਾ ਸਾਰਿਆ ਨੂੰ। ਰਾਤ ਮੁੱਕਣ ਤੋਂ ਪਹਿਲਾਂ-ਪਹਿਲਾਂ ਸਾਰੇ ਮੁਕਾ ਦੇਣੇ ਆਂ ਉਨ੍ਹਾਂ ਸਾਰੇ। ਓਏ ਕੁੰਡਾ ਤਾਂ ਖ੍ਹੋਲ।" ਸੱਤੇ ਦੀ ਕੜਕਦੀ ਆਵਾਜ਼ ਇਕ ਬਚਕਾਨਾ ਜਿਹੀ ਲੇਰ ਬਣ ਕੇ ਰਹਿ ਗਈ। ਫਜ਼ਲਾ ਉਠਿਆ। ਮਾਂ ਤੇ ਭੈਣਾਂ ਨੇ ਦਰ ਨਾ ਖੋਲ੍ਹਣ ਲਈ ਵਾਸਤੇ ਪਾਏ।

"ਅੱਗੇ ਘੱਟ ਧੋਖਾ ਖਾਧਾ ਅਸੀਂ ਇਨ੍ਹਾਂ ਸਿੱਖੜਿਆਂ ਕੋਲੋਂ! ਮਿੰਨਤ ਨਾਲ਼ ਦਰ ਨਾ ਖ੍ਹੋਲੀਂ। ਹੋਰ ਨਹੀਂ ਤਾਂ ਜਵਾਨ-ਜਹਾਨ ਭੈਣਾਂ ਦਾ ਈ ਖਿਆਲ ਕਰ।"

ਫਜ਼ਲਾ ਗਲੀ 'ਚ ਆ ਗਿਆ। ਉਹ ਤੇ ਸੱਤਾ ਗਲੀ-ਗਲੀ ਦੌੜ ਕੇ ਆਵਾਜ਼ਾਂ ਮਾਰਦੇ ਰਹੇ।

ਫਜ਼ਲੇ ਦੀ ਆਵਾਜ਼ ਸੁਣ ਕੇ ਖੌਫ ਤੇ ਦੁੱਖਾਂ ਨਾਲ਼ ਸੁੰਨ ਹੋਈਆਂ ਦੇਹਾਂ 'ਚ ਹਿਲਜੁਲ ਹੋਈ। ਉਹ ਉੱਠੀਆਂ ਮੋਏ ਪਤੀ, ਪਤਨੀ, ਪੁੱਤਰ, ਧੀ ਤੇ ਮਾਂ ਦੀਆਂ ਲਾਸ਼ਾਂ ਕੋਲੋਂ। ਉਨ੍ਹਾਂ ਦੇ ਅਹਿੱਲ ਮੁੱਖ ਚੁੰਮ ਕੇ। ਉਨ੍ਹਾਂ ਨੂੰ ਕਫਨ-ਦਫਨ ਦੇ ਬਗੈਰ ਛੱਡ ਕੇ ਤੁਰ ਜਾਣ ਲਈ ਮੁਆਫੀਆਂ ਮੰਗ ਕੇ। ਉਨ੍ਹਾਂ ਨੇ ਕੰਬਦੇ ਹੱਥਾਂ ਨਾਲ਼ ਬਚੇ-ਖੁਚੇ ਸਾਮਾਨ ਦੀਆਂ ਗੰਠੜੀਆਂ ਚੁੱਕੀਆਂ ਤੇ ਤੁਰ ਪਈਆਂ ਘਰਾਂ ਨੂੰ ਆਖਰੀ ਸਲਾਮ ਕਹਿ ਕੇ, ਚੁਗਾਠਾਂ ਨੂੰ ਚੁੰਮ ਕੇ, ਸਰਦਲਾਂ 'ਤੇ ਅੱਥਰੂ ਚੁਆ ਕੇ। ਉਹ ਥੱਕੇ-ਟੁੱਟੇ ਕਦਮਾਂ ਦੇ ਨਾਲ਼ ਗਲੀਆਂ 'ਚ ਆਉਂਦੀਆਂ ਗਈਆਂ ਤੇ ਹੌਲੀ-ਹੌਲੀ ਮਸਜਿਦ ਮੂਹਰਲੇ ਪਿੱਪਲ ਹੇਠ ਇੱਕਠੀਆਂ ਹੁੰਦੀਆਂ ਗਈਆਂ। ਦੁੱਖਾਂ ਨੇ ਉਨ੍ਹਾਂ ਦੇ ਗਲੇ ਹੰਝੂਆਂ ਨਾਲ਼ ਭਰ ਦਿੱਤੇ ਸਨ। ਉਹ ਅਬੋਲ ਇਕ-ਦੂਜੇ ਦੇ ਗਲੇ ਲੱਗ ਕੇ ਡੁਸਕ ਰਹੀਆਂ ਸਨ। ਧੜੱਲੇਦਾਰ ਰਾਜਪੂਤਾਂ ਦੇ ਸਿਰ ਅੱਜ ਮੋਚੀਆਂ ਤੇ ਮਰਾਸੀਆਂ ਦੇ ਮੋਢਿਆਂ 'ਤੇ ਟਿਕੇ ਹੋਏ ਸਨ। ਦੁੱਖਾਂ-ਭਰੇ ਸਿਰਾਂ ਨੂੰ ਜਿਉਂ ਜਾਤ-ਔਕਾਤ ਵਾਲਾ ਸਬਕ ਹੀ ਭੁੱਲ ਗਿਆ ਹੋਵੇ।

ਦੁਖੀਆਂ ਦਾ ਇਹ ਕਾਫਲਾ ਸੱਤੇ ਤੇ ਫਜ਼ਲੇ ਦੇ ਪਿੱਛੇ ਲੱਗ ਤੁਰਿਆ। ਇਕ ਅਣ-ਚਾਹੇ, ਅਣ-ਮੰਗੇ ਤੇ ਅਣ-ਦੇਖੇ ਵਤਨ ਦੇ ਵਲ। ਪਹੁ ਫੁੱਟਣ ਤੋਂ ਪਹਿਲਾਂ ਉਹ ਚੱਕ ਸਾਦੂ ਕੈਂਪ ਪਹੁੰਚ ਗਏ ਸਨ। ਉਥੇ ਉਨ੍ਹਾਂ ਦੀ ਹਿਫਾਜ਼ਤ ਲਈ ਬਲੋਚੀ ਰਜਮੰਟ ਸੀ। ਪਿੰਡ ਵਲ ਪਰਤਦਿਆਂ, ਸੱਤੇ ਨੂੰ ਇਉਂ ਲੱਗ ਰਿਹਾ ਸੀ, ਜਿਉਂ ਉਹ ਕਿਸੇ ਥੇਹ ਜਾਂ ਕਬਰਸਤਾਨ ਵਲ ਜਾ ਰਿਹਾ ਹੋਵੇ। ਪਿੰਡ ਦੀ ਜਾਨ ਨੂੰ ਤਾਂ ਉਹ ਆਪ ਮੂਹਰੇ ਲੱਗ ਕੇ ਛੱਡ ਆਇਆ ਸੀ, ਕਿਧਰੇ ਦੂਰ, ਬਹੁਤ ਦੂਰ ਚਲੇ ਜਾਣ ਦੇ ਲਈ। ਧੰਨੇ ਦਾ ਜਥਾ ਉੱਜੜੇ ਹੋਏ ਪਿੰਡ ਨੂੰ ਲੁੱਟ ਰਿਹਾ ਸੀ।

"ਮੁਸਲਿਆਂ ਨੂੰ ਕੀਹਨੇ ਸੂਹ ਦਿੱਤੀ ਆ? ਪਤਾ ਲੱਗ ਜਾਏ ਓਸ ਕੌਮ ਦੇ ਗੱਦਾਰ ਦਾ। ਗੁਰੂ ਦੀ ਸਹੁੰ, ਕੁੱਤੇ ਦੀ ਮੌਤ ਮਾਰਾਂਗੇ ਓਸ ਮਾਂ ਆਪਣੀ ਦੇ...।" 'ਸਿੰਘ' ਅੱਗ ਬਬੂਲਾ ਹੁੰਦੇ ਜਾ ਰਹੇ ਸਨ। ਮਿਹਰਦੀਨ ਲੰਬੜ ਦਾ ਸਾਰਾ ਘਰ ਲਾਸ਼ਾਂ ਨਾਲ਼ ਭਰਿਆ ਪਿਆ ਸੀ। ਉਸ ਦੀ ਇਕਲੌਤੀ ਮੁਟਿਆਰ ਧੀ ਚੌਂਕੇ ਦੇ ਓਟੇ ਕੋਲ ਲੁੜਕੀ ਪਈ ਸੀ। ਰਾਤੀਂ ਕਿਸੇ ਧਾਵੀ ਨੇ ਬਰਛਾ ਉਸਦੀ ਛਾਤੀ ਦੇ ਆਰ-ਪਾਰ ਕਰ ਦਿੱਤਾ ਸੀ।

"ਓਏ ਹਰਾਮਜ਼ਾਦਿਓ! ਇਹ ਕੀ ਗਲਤੀ ਕਰਤੀ ਤੁਸਾਂ। ਵਾਰ ਕਰਨ ਲੱਗੇ ਚਿਹਰਾ-ਮੋਹਰਾ ਤਾਂ ਦੇਖ ਲਿਆ ਕਰੋ।" ਧੰਨੇ ਨੇ ਮੋਈ ਕੁੜੀ ਦੇ ਚਿਹਰੇ 'ਤੇ ਪੋਲਾ-ਪੋਲਾ ਹੱਥ ਫੇਰਿਆ। ਉਸ ਦੀ ਨਿਗਾਹ ਕੁਝ ਪਲ ਲਈ ਕੁੜੀ ਦੇ ਉਭਾਰਾਂ 'ਤੇ ਟਿਕੀ ਰਹੀ। ਦੁਪਹਿਰੋਂ ਬਾਅਦ ਜੱਟਾਂ ਨੇ ਗੱਡਿਆਂ 'ਤੇ ਸਾਮਾਨ ਲੱਦ ਕੇ ਆਪੋ-ਆਪਣੇ ਪਿੰਡਾਂ ਵਲ ਮੋੜੇ ਪਾ ਦਿੱਤੇ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਖੁਸ਼ੀ ਤੇ ਗੱਲਾਂ 'ਚ ਇਕ ਚਾਅ ਜਿਹਾ ਸੀ।

"ਰਾਤੀਂ ਫੇ ਕਿਹੜੇ ਪਿੰਡ ਨਿਉਂਦਾ ਆ?" ਬਠੁੱਲੇ ਵਾਲ਼ੇ ਜਗਤੇ ਨੇ ਜਿਆਣੀਏ ਸੰਤੇ ਨੂੰ ਪੁੱਛਿਆ।

"ਭੁੱਲੇਆਲ ਰਾਠਾਂ ਈ ਬਚਿਆ ਹੁਣ ਤਾਂ। ਬੜੀਆਂ ਮਾਲਦਾਰ ਸਾਮੀਆਂ ਆ ਓਸ ਪਿੰਡ। ਨਾਲ਼ੇ ਧੰਨੇ ਦਾ ਤਾਂ ਚੁੱਲੇ ਨਿਉਂਦਾ ਏ ਰਾਤੀਂ।" ਸੰਤਾ ਬੋਲਿਆ।

"ਉਹ ਕਿੱਦਾਂ ਸੰਤਿਆ।"

"ਮੀਏਂ ਦੀ ਤਿਤਲੀ ਨੂੰ ਤਾਂ ਲੈ ਗਿਆ ਮਿੰਦਰ। ਵੱਡੇ ਰਾਠ ਦੀਆਂ ਤਿੰਨ ਧੀਆਂ। ਇਕ ਤੋਂ ਇਕ ਚੜ੍ਹਦੀ।

"ਧੰਨੇ ਨੇ ਉਨ੍ਹਾਂ 'ਚੋਂ ਸੋਹਣੀ ਛਾਂਟ ਕੇ ਘਰ ਵਸੌਣਾ।" ਸੰਤੇ ਨੇ ਹੱਸ ਕੇ ਗੱਲ ਮੁਕਾਈ। ਨਾਰੂ ਨੰਗਲ ਤੋਂ ਗਏ ਹਿੰਦੂ-ਸਿੱਖ ਦੂਸਰੇ ਦਿਨ ਵਾਪਸ ਪਰਤ ਆਏ। ਸੱਤੇ ਨੇ ਮੂਹਰੇ ਹੋ ਕੇ ਸਾਰੀਆਂ ਲਾਸ਼ਾਂ ਨੂੰ ਸਪੁਰਦੇ-ਖ਼ਾਕ ਕੀਤਾ ਸੀ। ਮੀਏਂ ਦੀ ਦੇਹ 'ਤੇ ਮਿੱਟੀ ਪਾਉਂਦਿਆਂ ਉਸ ਦਾ ਸਿਰ ਚਕਰਾ ਗਿਆ ਸੀ।

"ਕਿੰਨਾ ਰੋਹਬ ਸੀ, ਕਿੰਨੀ ਟੌਰ, ਕਿੰਨੀ ਜ਼ਮੀਨ ਤੇ ਕਿੰਨੀ ਇੱਜ਼ਤ। ਬਸ ਏਡੀ ਕੁ ਖੇਡ ਆ ਜ਼ਿੰਦਗੀ ਦੀ। ਵਾਹ ਨੀਂ ਕੁਜਰਤੇ! ਮੰਨ ਗਏ ਤੇਰੇ ਰੰਗਾਂ ਨੂੰ।" ਉਸ ਦੀ ਅੱਖ 'ਚੋਂ ਟਪਕ ਕੇ ਅੱਥਰੂ ਟੋਏ 'ਚ ਪਏ ਮੀਏਂ ਦੀ ਹਿੱਕ 'ਤੇ ਜਾ ਡਿੱਗੇ ਸਨ।

◆◆◆

ਹੌਲ਼ੀ-ਹੌਲ਼ੀ ਜਨੂੰਨੀ ਪੌਣਾਂ ਨੇ ਰੁਮਕਣਾ ਬੰਦ ਕਰ ਦਿੱਤਾ ਸੀ। ਅੰਬਰ ਤੱਕ ਉਡੀ ਧੂੜ ਮੁੜ ਧਰਤੀ 'ਤੇ ਬੈਠ ਗਈ ਸੀ।

ਰੌਲ਼ਿਆਂ ਦੀ ਵੱਤਰ ਸਾਂਭਣ ਵਾਲ਼ੇ ਜੱਟਾਂ ਨੇ ਜ਼ਮੀਨ ਦੀ ਵੱਤਰ ਸਾਂਭਣ ਦੇ ਲਈ ਹਲ਼ਾਂ ਦੀਆਂ ਮੁੰਨੀਆਂ ਫੜ੍ਹ ਲਈਆਂ। ਲੁੱਟ ਦੇ ਮਾਲ ਨਾਲ਼ ਭਰੇ ਘਰਾਂ ਦਾ ਚਾਅ ਉਨ੍ਹਾਂ ਨੂੰ ਥੱਕਣ ਹੀ ਨਹੀਂ ਸੀ ਦਿੰਦਾ। ਨਾਰੂ ਨੰਗਲ 'ਚ ਰਾਜਪੂਤਾਂ ਦੀਆਂ ਜ਼ਮੀਨਾਂ ਸਾਂਭਣ ਵਾਲ਼ੇ ਵੀ ਆਣ ਪਹੁੰਚੇ ਸਨ:ਸਿਆਲਕੋਟੀਏ ਭਿੰਡਰ, ਕਲੇਰ ਤੇ ਬਾਜਵੇ। ਕੁਝ ਬਾਹਮਣ ਵੀ ਆਏ, ਜੱਟਾਂ ਵਾਂਗ ਹੀ ਖੇਤੀ ਕਰਨ ਵਾਲ਼ੇ ਤੇ ਪੂਰੇ ਖਰਾਂਟ। ਇਨ੍ਹਾਂ 'ਨਵਿਆਂ' ਦੀਆਂ ਤਾਂ ਕੁੜੀਆਂ ਹੀ ਸੈਣੀ ਤੇ ਲੁਬਾਣਿਆਂ ਦੇ ਮੁੰਡਿਆਂ ਨੂੰ ਖੰਘਣ ਤੱਕ ਨਾ ਦਿੰਦੀਆਂ।

'ਨਵਿਆਂ' ਦੀ ਬੋਲੀ, ਵੇਸ ਤੇ ਕੰਮਕਾਰ ਜੱਦੀ ਬਸ਼ਿੰਦਿਆਂ ਨੂੰ ਓਪਰੇ-ਓਪਰੇ ਤੇ ਅਨੋਖੇ ਲੱਗਦੇ।

"ਜਿਹੜੇ ਚਲੇ ਗਏ ਉਹ ਚੰਗੇ ਸੀ।" ਕੋਈ ਉਦਾਸ ਸੁਰ 'ਚ ਆਖਦਾ।

"ਸੱਚ ਆਖਿਆ, ਬਹੁਤ ਚੰਗੇ।" ਹਰ ਕੋਈ ਹੁੰਗਾਰਾ ਭਰਦਾ।

"ਸਾਲਿਆਂ ਰੌਲ਼ਿਆਂ ਨੇ ਚੰਗੇ-ਚੰਗੇ ਸਾਥੋਂ ਖੋਹ ਲਏ।" ਕੋਈ ਵਿਗੋਚੇ 'ਚ ਆਖਦਾ।

"...ਤੇ ਆਹ ਵੱਢ-ਖਾਣੇ ਸਾਡੇ ਪੱਲੇ ਪਾ ਦਿੱਤੇ।" ਕੋਈ ਦੂਸਰਾ ਕੁੜੱਤਣ ਨਾਲ਼ ਆਖਦਾ ਤਾਂ ਬਹੁਤੇ ਸਹਿਮਤੀ 'ਚ ਸਿਰ ਮਾਰਦੇ। ਸਿਆਲਕੋਟੀਆਂ ਨੇ ਮਸਜਿਦ 'ਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਿਰਾਜਮਾਨ ਕਰ ਦਿੱਤੀ ਸੀ। ਲੁਹਾਰਾਂ ਤੇ ਲੁਬਾਣਿਆਂ ਦਾ ਗੁਰਦੁਆਰਾ ਪਹਿਲਾਂ ਤੋਂ ਸੀ। ਇਸ ਨਵੇਂ ਗੁਰਦੁਆਰੇ ਦਾ ਨਾਂ 'ਮਸਜਿਦ ਆਲਾ ਗੁਰਦੁਆਰਾ' ਪੈ ਗਿਆ। ਤੁਰ ਗਿਆਂ ਦੀਆਂ ਨਿਸ਼ਾਨਿਆ ਤੇ ਨਾਵਾਂ ਨੂੰ ਮੇਟਣਾ ਏਡਾ ਸੌਖਾ ਨਹੀਂ ਸੀ। ਨਾ ਤਾਂ ਜ਼ੁਬਾਨਾਂ ਤੋਂ ਜ਼ਿਕਰ ਟੁੱਟਦੇ ਸਨ ਤੇ ਨਾ ਹੀ ਚੇਤਿਆਂ 'ਚੋਂ ਸੂਰਤਾਂ ਖੁਰਦੀਆਂ ਸਨ। ਸੰਤਾ ਸਿੰਘ ਕਈ ਵਾਰ ਉਲਾਂਭਾ ਦਿੰਦਿਆਂ ਆਖਦਾ ਕਿ ਮੀਏਂ ਵਾਲ਼ੇ ਖੇਤਾਂ ਨੂੰ ਉਸ ਵਾਲ਼ੇ ਮੁਰੱਬੇ ਆਖਿਆ ਜਾਵੇ। ਇਸ ਤਰ੍ਹਾਂ ਦਾ ਗਿਲ੍ਹਾ ਕੌੜਾ ਮੱਲ ਝਾਂਗੀ ਨੂੰ ਵੀ ਸੀ ਕਿ ਉਸ ਦਾ ਘਰ ਹਾਲੇ ਵੀ ਦਿਲਸ਼ਾਦ ਵਾਲ਼ਾ ਚੁਬਾਰਾ ਸੀ। ਸ਼ੇਰ ਮੁਹੰਮਦ ਵਾਲ਼ੀ ਹਵੇਲੀ ਚਾਰ ਦਹਾਕਿਆਂ ਬਾਅਦ ਵੀ ਚੰਨਣ ਸਿੰਘ ਬਾਜਵੇ ਦੇ ਨਾਂ ਨਾਲ਼ ਨਹੀਂ ਸੀ ਜੁੜੀ। ਹੰਸੇ ਬਾਹਮਣ ਦੇ ਵਿਹੜੇ 'ਚ ਖੜ੍ਹੀ ਨਿੰਮ ਅੱਜ ਵੀ ਮੁਸਤਫੇ ਵਾਲ਼ੀ ਨਿੰਮ ਸੀ।

"ਚਾਲ਼ੀ ਸਾਲ ਹੋ ਗਏ ਇਹਦੀ ਛਾਂ ਮਾਣਦਿਆਂ, ਇਹ ਸਾਡੀ ਨਹੀਂ ਜੇ ਹੋਈ।" ਹੰਸੇ ਬਾਹਮਣ ਦਾ ਮੁੰਡਾ ਦੁਖੀ ਮਨ ਨਾਲ਼ ਆਖਦਾ। ਇਵੇਂ ਹੀ 'ਮੀਏਂ ਵਾਲ਼ੀ ਕੋਠੀ' ਤੇ 'ਹਕੀਮ ਕੀ ਦੁਕਾਨ' ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਸਨ।

◆◆◆

ਇਨ੍ਹਾਂ ਦਿਨਾਂ ਦੀ ਗੱਲ ਹੈ। ਗਰਮੀਆਂ ਦੀ ਰੁੱਤ ਦੀ ਸ਼ੁਰੂਆਤ ਸੀ। ਨਾਰੂ ਨੰਗਲ ਦੇ ਅੰਬਾਂ ਨੂੰ ਬੂਰ ਪੈ ਰਿਹਾ ਸੀ।

ਇਕ ਸ਼ਾਮ, ਅੱਡੇ 'ਤੇ ਇਕ ਵੱਖਰੀ ਜਿਹੀ ਦਿੱਖ ਵਾਲ਼ਾ ਓਪਰਾ ਜਿਹਾ ਵਿਅਕਤੀ ਮਿੰਨੀ ਬੱਸ ਤੋਂ ਉਤਰਿਆ। ਉਸਦੇ ਹੱਥ 'ਚ ਸੂਟਕੇਸ ਸੀ। ਲੰਬਾ ਕੱਦ, ਪਤਲਾ ਸਰੀਰ, ਕਤਰੀ ਹੋਈ ਬੱਗੀ ਦਾੜ੍ਹੀ, ਗੋਰਾ-ਨਿਛੋਹ ਰੰਗ ਤੇ ਮੋਟੀਆਂ-ਕਾਲੀਆਂ ਅੱਖਾਂ ਵਾਲ਼ੇ ਇਸ ਸ਼ਖਸ ਨੇ ਚਿੱਟੀ ਪੱਗ ਤੇ ਸਲਵਾਰ-ਕਮੀਜ਼ ਪਾਈ ਹੋਈ ਸੀ। ਇਹ ਜਦੋਂ ਪਿੰਡ ਦੇ ਬਾਜ਼ਾਰ 'ਚ ਆਇਆ ਤਾਂ ਹਰ ਕੋਈ ਹੈਰਾਨੀ-ਭਰੇ ਧਿਆਨ ਨਾਲ਼ ਵੇਖ ਰਿਹਾ ਸੀ।

ਆਲੇ-ਦੁਆਲੇ ਨੂੰ ਗਹੁ ਨਾਲ਼ ਵੇਖ ਕੇ ਤੁਰਦਾ ਉਹ ਇਕ ਦੁਕਾਨ ਮੂਹਰੇ ਰੁਕ ਗਿਆ। ਦੁਕਾਨਦਾਰ ਮੁੰਡੇ ਨੇ ਉਸਨੂੰ ਗਾਹਕ ਸਮਝਦਿਆਂ ਆਵਾਜ਼ ਦਿੱਤੀ। ਉਹ ਉਦਾਸ ਚਿਹਰਾ ਲਈ ਥੱਕੇ ਜਿਹੇ ਕਦਮਾਂ ਨਾਲ਼ ਦੁਕਾਨ ਦਾ ਦਰ ਲੰਘ ਗਿਆ।

'ਉਹੀ ਲਕੜੀ ਦਾ ਬੂਹਾ, ਉਹੀ ਕੰਧਾਂ ਤੇ ਉਹੀ ਰੋਸ਼ਨਦਾਨ, ਪਰ ਇਨਸਾਨ ਬਦਲ ਗਏ।' ਇਹ ਸੋਚਦਿਆਂ ਉਸਦਿਆਂ ਅੱਖਾਂ ਛਲਕ ਪਈਆਂ।

"ਦੱਸੋ ਜੀ ਕੀ ਚਾਹੀਦੈ?"

ਉਸਨੂੰ ਹਮੇਸ਼ਾ ਦੇ ਲਈ ਆਪਣਾ ਪਿੰਡ ਚਾਹੀਦਾ ਸੀ, ਆਪਣਾ ਨਾਰੂ ਨੰਗਲ।

"ਕੀ ਵਿਖਾਵਾਂ?" ਮੁੰਡੇ ਨੇ ਕੱਪੜਿਆਂ ਦੇ ਥਾਨ ਨੂੰ ਹੱਥ ਪਾਉਂਦਿਆਂ ਪੁੱਛਿਆ।

ਉਹ ਵੇਖਣਾ ਚਾਹੁੰਦਾ ਸੀ ਉਹ ਸਾਰੇ ਚਿਹਰੇ ਜਿਨ੍ਹਾਂ ਨੂੰ ਵੇਖੇ ਬਗੈਰ ਵਕਤ ਨਹੀਂ ਸੀ ਗੁਜ਼ਰਦਾ।

"ਕੁਝ ਤਾਂ ਲਵੋ ਤੁਹਾਡੀ ਆਪਣੀ ਦੁਕਾਨ ਏਂ।"

ਉਸਦੇ ਦਿਲ ਦਾ ਰੁੱਗ ਭਰਿਆ ਗਿਆ। ਉਹ ਦੁਕਾਨ 'ਚੋਂ ਨਿਕਲ ਕੇ ਤੇਜ਼-ਤੇਜ਼ ਕਦਮਾਂ ਨਾਲ਼ ਸੱਤੇ ਦੇ ਘਰ ਵਲ ਤੁਰ ਪਿਆ।

"ਅੱਲਾ ਕਰੇ ਉਹ ਜਿਉਂਦਾ ਹੋਵੇ।" ਹਰ ਕਦਮ ਨਾਲ਼ ਉਸਦੇ ਦਿਲ ਦੀ ਧੜਕਨ ਤੇਜ਼ ਹੋ ਰਹੀ ਸੀ।

ਸੱਤੇ ਕੇ ਕਾਰਖਨੇ ਵਾਲ਼ੀ ਥਾਂ 'ਤੇ ਆਟੇ ਵਾਲ਼ੀ ਚੱਕੀ ਚਲ ਰਹੀ ਸੀ। ਸਾਹਮਣਲੇ ਤੌੜ 'ਚ ਖੜੇ ਸ਼ਹਿਤੂਤ ਦੀ ਛਾਵੇਂ ਡੱਠੇ ਅਲ੍ਹਾਣੇ ਮੰਜੇ 'ਤੇ ਪਿਆ ਬਜ਼ੁਰਗ ਕਿਸੇ ਡੂੰਘੀ ਸੋਚ 'ਚ ਉਤਰਿਆ ਪਿਆ ਸੀ। ਆਉਣ ਵਾਲ਼ਾ ਕੁਝ ਦੇਰ ਮੰਜੇ ਦੇ ਸਿਰ੍ਹਾਣੇ ਖੜ੍ਹ ਕੇ ਉਸਨੂੰ ਪਛਾਣਦਾ ਰਿਹਾ।

"ਸੱਤਿਆ!" ਉਹ ਮੰਜੇ 'ਤੇ ਥੋੜ੍ਹਾ ਝੁਕਦਿਆਂ ਬੋਲਿਆ।

"ਕੌਣ?" ਐਨਕ ਦੇ ਮੋਟੇ ਸ਼ੀਸ਼ਿਆਂ 'ਚੋਂ ਦੀ ਝਾਕਦਾ ਸੱਤਾ ਉਠ ਕੇ ਬੈਠ ਗਿਆ।

"ਉਹ ਏਡੀ ਛੇਤੀਂ ਭੁੱਲ ਗਿਆਂ ਲੁਹਾਰਾ, ਸਾਨੂੰ ਹੱਥੀਂ ਰੁਖਸਤ ਕਰਕੇ।"

ਇਹ ਗੱਲ ਸੁਣ ਕੇ ਸੱਤਾ ਉਠ ਖੜਾ ਹੋ ਗਿਆ।

"ਬੱਲੇ ਬਈ ਬੱਲੇ! ਫਜ਼ਲਿਆ ਤੂੰ? ਆਹ ਤਾਂ ਕਮਾਲਾਂ ਹੋ ਗਈਆਂ ਯਾਰਾ। ਮੈਂ ਤਾਂ ਆਸ ਈ ਮੁਕਾ ਛੱਡੀ ਸੀ।"

ਸੱਤੇ ਨੇ ਫਜ਼ਲੇ ਨੂੰ ਕਲ਼ਾਵੇ 'ਚ ਲੈ ਲਿਆ। ਉਹ ਚੁੱਪ-ਚਾਪ ਖੜੇ ਰਹੇ। ਉਨ੍ਹਾਂ ਦੀਆਂ ਅੱਖਾਂ 'ਚੋਂ ਅੱਥਰੂ ਕਿਰਦੇ ਰਹੇ। ਜਦੋਂ ਉਨ੍ਹਾਂ ਦੀਆਂ ਬਾਹਵਾਂ ਖੁੱਲੀਆਂ ਤਾਂ ਇਕ ਨਿੱਕੀ ਜਿਹੀ ਭੀੜ ਉਨ੍ਹਾਂ ਦੇ ਦੁਆਲੇ ਜੁੜੀ ਪਈ ਸੀ। ਬੱਚਿਆਂ ਨੇ ਗਲੀਆਂ 'ਚ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ।

"ਚੱਕੀ ਆਲਿਆਂ ਦੇ ਇਕ ਸਲਵਾਰ ਵਾਲ਼ਾ ਭਾਈ ਆਇਆ।"

"ਪਿੰਡ 'ਚ ਇਕ ਮੁਸਲਮਾਨ ਆਇਆ।"

"ਲੁਹਾਰਾਂ ਦੇ ਪਾਕਿਸਤਾਨੀ ਆਇਆ।"

ਰਾਤ ਤੱਕ ਚੱਕੀ 'ਤੇ ਇਕ ਮੇਲਾ ਜਿਹਾ ਲੱਗਿਆ ਰਿਹਾ। ਲੋਕ ਆਉਂਦੇ ਰਹੇ ਜਾਂਦੇ ਰਹੇ। ਹਾਲ-ਚਾਲ ਪੁੱਛਦੇ ਰਹੇ, ਦੱਸਦੇ ਰਹੇ।...ਤੇ ਫਜ਼ਲੇ ਨੂੰ ਘਰ ਆਉਣ ਦਾ ਨਿਉਂਦਾ ਦਿੰਦੇ ਰਹੇ।

"ਫਿਕਰ ਨਾ ਕਰੋ ਭਰਾਵੋ। ਮੈਂ ਪੰਜ-ਸੱਤ ਦਿਨ ਇੱਥੇ ਈ ਆਂ। ਅਸੀਂ ਰੋਜ਼ ਮਿਲਾਂਗੇ। ਰੱਜ-ਰੱਜ ਗੱਲਾਂ ਕਰਾਗੇ। ਇਹ ਮੇਰਾ ਆਪਣਾ ਗਰਾਂ ਆ। ਮੈਂ ਹਰ ਘਰ ਆਵਾਂਗਾ।" ਫਜ਼ਲਾ ਹਰੇਕ ਨੂੰ ਇਹੋ ਜਿਹਾ ਜਵਾਬ ਦਿੰਦਾ ਰਿਹਾ। ਸੱਤਾ ਤੇ ਫਜ਼ਲਾ ਵੱਡੀ ਰਾਤ ਤੱਕ ਗੱਲਾਂ ਕਰਦੇ ਰਹੇ। ਫਜ਼ਲੇ ਨੇ ਪੂਰੀ ਵਿਥਿਆ ਸੁਣਾਈ। ਦੁੱਖ, ਸੰਤਾਪ ਤੇ ਗੁਰਬਤ ਭਰੀ ਵਿਥਿਆ। ਚੱਕ ਸਾਦੂ ਕੈਂਪ ਤੋਂ ਲਾਹੌਰ ਤੱਕ ਦੇ ਸਫਰ ਦੌਰਾਨ, ਮੌਤ ਦੇ ਕੀਤੇ ਨੰਗੇ ਦਰਸ਼ਨਾਂ ਦੀ ਵਿਥਿਆ। ਬਿਗਾਨੀ ਥਾਂ ਤੇ ਬਿਗਾਨੇ ਲੋਕਾਂ 'ਚ ਨਵੇਂ ਸਿਰਿਓਂ ਜ਼ਿੰਦਗੀ ਸ਼ੁਰੂ ਕਰਨ ਦੀ ਵਿਥਿਆ। ਉਸਨੇ ਕਈ ਵਾਰ ਅੱਖਾਂ ਪੂੰਝੀਆਂ। ਫਿਰ ਇਕ ਲੰਮੀ ਚੁੱਪ ਦੇ ਬਾਅਦ ਉਹ ਮਾਣ ਜਿਹੇ 'ਚ ਬੋਲਿਆ, "ਹੁਣ ਲਹੌਰ ਦੇ ਵਧੀਆ ਬਾਜ਼ਾਰ 'ਚ ਆਪਣੀ ਦੁਕਾਨ ਆ ਸੱਤਿਆ। ਦੋਹਾਂ ਮੁੰਡਿਆਂ ਨੇ ਬੜਾ ਸੋਹਣਾ ਕੰਮ ਸੰਭਾਲ ਲਿਆ ਆ। ਧੀ ਆਪਣੇ ਘਰ ਆ। ਬੜੀ ਖੁਸ਼ ਆ। ਚਾਰ ਰੁਪਏ ਵੀ ਆ ਸੁੱਖ ਨਾਲ਼। ਥੋੜ੍ਹਾ ਆਰਾਮ ਵੀ ਮਿਲਿਆ ਅੱਲਾ ਦੇ ਕਰਮ ਨਾਲ਼।"

**(ਬਾਕੀ ਅਗਲੇ ਅੰਕ 'ਚ)**

**"ਬਸ ਕੀਮਤੀ-ਕੀਮਤੀ ਸਮਾਨ ਚੁੱਕੋ।ਦੇਰੀ ਬਿਲਕੁਲ ਨਾ ਕਰਨੀ। ਇਹ ਪਿੰਡ ਹੁਣ ਸਾਡਾ ਨਹੀਂ, ਇਹ ਵਤਨ ਹੁਣ ਸਾਡਾ ਨਹੀਂ।ਇੱਜ਼ਤ-ਅਣਖ ਤੋਂ ਵੱਡੀ ਕੋਈ ਚੀਜ਼ ਨਹੀ।ਧੀਆਂ-ਭੈਣਾਂ ਨੂੰ ਹੱਥੀਂ ਕਤਲ ਕਰ ਦਿਓ।ਕਾਫਰਾਂ ਦੇ ਹੱਥੀਂ ਜ਼ਲੀਲ ਹੋਣ ਲਈ ਨਾ ਛੱਡਿਓ।ਚੌਂਕੀਦਾਰ ਦਾ ਹੌਕਾ ਸੁਣ ਕੇ ਮਸਜਿਦ ਅੱਗੇ ਆ ਜੁੜਨਾ।" ਉਸਦੇ ਬੋਲ ਖੁਸ਼ਕ ਹੁੰਦੇ-ਹੁੰਦੇ ਉਸਦਾ ਸਾਥ ਛੱਡ ਗਏ। ਲੋਕ ਰੋ-ਰੋ ਸਮਾਨ ਦੀਆਂ ਗੰਠੜੀਆਂ ਬੰਨ੍ਹਣ ਲੱਗੇ।ਹੋਰ ਘੜੀ ਨੂੰ ਚੌਂਕੀਦਾਰ ਦੇ ਹੌਕੇ ਨੇ ਜੰਮਣ-ਭੋਂ ਨੂੰ ਛੱਡ ਦੇਣ ਦਾ ਐਲਾਨ ਕਰ ਦੇਣਾ ਸੀ।ਰੋਂਦੇ ਲੋਕ ਇਸ ਮਨਹੂਸ ਹੇਕ ਨੂੰ ਡਰਦੇ ਦਿਲਾਂ ਨਾਲ਼ ਉਡੀਕਣ ਲੱਗੇ। ਅਚਾਨਕ ਉਹਨਾਂ ਨੇ ਢੋਲ ਦੇ ਵੱਜਣ ਦੀ ਅਵਾਜ਼ ਸੁਣੀ।'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ਼ ਅੰਬਰ ਗੂੰਜ ਉਠਿਆ। ਕੁਝ ਦੇਰ ਦੇ ਚੀਕ-ਚਿਹਾੜੇ ਤੋਂ ਬਾਅਦ ਰਾਜਪੂਤਾਂ ਦੀਆਂ ਹਵੇਲੀਆਂ 'ਚੋਂ 'ਅੱਲਾ ਹੂ ਅਕਬਰ' ਦੀਆਂ ਹੇਕਾਂ ਉੱਠਣ ਲੱਗੀਆਂ।**

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

ਭਾਗ – 1

ਅਮੋਲਕ ਕਿੰਨਾ ਚਿਰ ਅਵੇਸ਼ ਵਿਚ ਬੋਲਦਾ ਰਿਹਾ। ਹਰਪਾਲ ਮੁਗਧ ਹੋਇਆ ਉਸ ਨੂੰ ਸੁਣਦਾ ਰਿਹਾ। ਮਾਰੇ ਗਏ ਕਾਮਰੇਡ ਦੇ ਦਰਦਨਾਕ ਕਤਲ ਬਾਰੇ ਦੱਸਦਾ ਅਮੋਲਕ ਭਾਵੁਕ ਹੋਇਆ ਬੈਠਾ ਸੀ। ਹਰਪਾਲ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਪਲ ਝਟ ਮਗਰੋਂ ਉਸ ਨੂੰ ਚਾਰੇ ਪਾਸਿਉਂ ਅੱਗ ਲੱਗ ਜਾਵੇਗੀ। ਉਸੇ ਸ਼ਾਮ ਹਰਪਾਲ ਤੇ ਅਮੋਲਕ ਰਾਏਕੋਟ ਲਈ ਰਵਾਨਾ ਹੋ ਗਏ। ਸਾਰੇ ਰਾਹ ਅਮੋਲਕ ਕਤਲ ਹੋਏ ਸਾਥੀ ਦੀ ਦਿਆਨਤਦਾਰੀ, ਲਿਆਕਤ ਅਤੇ ਹੁਨਰਮੰਦੀ ਦੀਆਂ ਗੱਲਾਂ ਕਰਦਾ ਰਿਹਾ, ਹਰਪਾਲ ਸੁਣ ਸੁਣ ਹੈਰਾਨ ਹੋ ਰਿਹਾ ਸੀ, "ਇਹੋ ਜਿਹੇ ਬੰਦੇ ਵੀ ਕੁਰਬਾਨੀ ਦੇ ਪੁੰਜ ਇਥੇ ਜਨਮ ਲੈ ਲੈਂਦੇ ਐ ਤੇ ਧੱਕੇ ਖਾ ਕੇ ਤੁਰ ਜਾਂਦੇ ਐ!"

ਤਕੜਾ ਹਨੇਰਾ ਪੈ ਗਿਆ ਸੀ। ਜਦੋਂ ਨਿਰਵੈਰ ਦੇ ਖੇਤ ਪਹੁੰਚੇ, ਨਿਰਵੈਰ ਨੇ ਆਪਣੇ ਖੇਤ ਵਿਚ ਹੀ ਵਾਹਵਾ ਚੰਗੇ ਗੁਜ਼ਾਰੇ ਜੋਗਾ ਮਕਾਨ ਬਣਾਇਆ ਹੋਇਆ ਸੀ। ਅਮੋਲਕ ਤੇ ਹਰਪਾਲ ਹੌਲੀ ਹੌਲੀ ਗੱਲਾਂ ਕਰਦੇ ਪਹੀ-ਪਹੀ ਤੁਰੇ ਜਾਂਦੇ ਸਨ। ਖੇਤਾਂ ਵਿਚ ਸੁੰਨ-ਮਸਾਨ ਵਰਤੀ ਹੋਈ ਸੀ, ਚੁਫੇਰੇ ਹਨੇਰੇ ਦਾ ਤੰਬੂ ਤਣਿਆ ਹੋਇਆ ਸੀ। ਹਰਪਾਲ ਨੂੰ ਆਪਣੇ ਪੈਰੀਂ ਪਾਈ ਲੱਕ-ਮਰਵੀਂ ਜੁੱਤੀ ਵਿਚ ਦੀ ਪਹੀ ਦੇ ਖੁਸ਼ਕ ਜਿਹੇ ਘਾਹ ਨਾਲ ਮਾਮੂਲੀ ਜਿਹੀ ਠੰਢ ਮਹਿਸੂਸ ਹੋ ਰਹੀ ਸੀ। ਉਹ ਸਹਿਜ ਸੁਭਾਅ ਖੇਤਾਂ ਵੱਲ ਝਾਕਿਆ, ਹਨੇਰੇ ਦੀ ਪਤਲੀ ਝਾਲ ਵਿਚ ਕਣਕਾਂ ਦੇ ਬੁੰਬਲ ਨਜ਼ਰ ਆ ਰਹੇ ਸਨ।

ਪਹੀ ਵਿਚ ਪਏ ਖੱਡੇ ਕਾਰਨ ਪੁਰਾਣਾ ਸਾਈਕਲ ਖੜਕਿਆ, ਮਕਾਨ ਦੇ ਬਿਨ-ਗੇਟ ਅੱਗੋਂ ਇਕ ਕੁੱਤਾ ਉਨ੍ਹਾਂ ਨੂੰ ਪੈ ਨਿਕਲਿਆ, ਇਕ ਵਾਰ ਤਾਂ ਉਨ੍ਹਾਂ ਦਾ ਤ੍ਰਾਹ ਨਿਕਲ ਗਿਆ। ਹਰਪਾਲ ਨੇ ਵੇਖਿਆ, ਮਕਾਨ ਚੁਫੇਰਿਉਂ ਹਨੇਰੇ ਵਿਚ ਡੁੱਬਿਆ ਹੋਣ ਕਰਕੇ ਇਕ ਢੇਰ ਜਿਹਾ ਜਾਪਦਾ ਸੀ। ਉਸੇ ਵਕਤ ਵਿਹੜੇ ਵਾਲੀ ਬੱਤੀ ਜਗ ਪਈ, ਉਸ ਦਾ ਚਾਨਣ ਬਾਹਰ ਤੱਕ ਪੈਣ ਲੱਗ ਪਿਆ। ਸਾਹਮਣੀ ਸਬਾਤ ਦਾ ਬੂਹਾ ਖੜਕਿਆ, ਕੋਈ ਜਣਾ ਬਾਹਰ ਨਿਕਲਿਆ, ਫੇਰ ਬੁਸ਼ਕਰ ਮਾਰਨ ਦੀ ਆਵਾਜ਼ ਸੁਣਾਈ ਦਿੱਤੀ, ਕੁੱਤਾ ਅਜੇ ਵੀ ਕੰਨ ਪਾਈ ਸੁਣਨ ਨਹੀਂ ਦੇ ਰਿਹਾ ਸੀ। ਉਦੋਂ ਹੀ ਜਨਾਨਾ ਬੋਲ ਸੁਣਿਆ, "ਕੌਣ ਐ?"

ਕੁੱਤਾ ਆਵਾਜ਼ ਸੁਣਦਿਆਂ ਸਾਰ ਚੁੱਪ ਕਰ ਗਿਆ, ਪਿਛੇ ਵਲ ਮੁੜਦਾ ਪੂਛ ਮਾਰਨ ਲੱਗ ਪਿਆ। ਅਮੋਲਕ ਨੇ ਨਿਰਵੈਰ ਦੀ ਬੇਬੇ ਦਾ ਬੋਲ ਪਛਾਣ ਲਿਆ, ਉਸ ਉਸੇ ਤਰ੍ਹਾਂ ਖੁਸ਼ੀ ਜਿਹੀ ਵਿਚ ਆਖਿਆ, "ਮਾਤਾ ਜੀ ਅਸੀਂ ਆਂ ਅਮੋਲਕ ਹੋਣੀਂ!"

"ਵੇ, ਤੁਸੀਂ ਕਦੋਂ ਕੁ ਦੇ ਹੈਂ ਖੜੇ ਐਂ?"

"ਬੱਸ ਹੁਣੇ ਈ ਆਏ ਆਂ!" ਕਹਿੰਦਾ ਅਮੋਲਕ ਹੋਰ ਨੇੜੇ ਸਰਕਿਆ, ਕੁੱਤਾ ਫੇਰ ਭੌਂਕਣ ਲੱਗ ਪਿਆ। ਬੇਬੇ ਨੇ ਕੁੱਤੇ ਨੂੰ ਘੁਰਕੀ ਦਿੱਤੀ, ਉਹ ਪੂਛ ਮਾਰਦਾ, ਡੰਗਰਾਂ ਵਾਲੇ ਕੋਠੇ ਵਲ ਹੋ ਗਿਆ। ਬੇਬੇ ਨੇੜੇ ਆ ਗਈ ਸੀ।

"ਤੇ ਤੁਸੀਂ 'ਵਾਜ਼ ਕਾਹਤੋਂ ਨਾ ਮਾਰੀ?"

ਅਮੋਲਕ ਨੇ ਹੱਥ ਜੋੜਦਿਆਂ ਝੁਕ ਕੇ ਬੇਬੇ ਦੇ ਪੈਰੀਂ ਹੱਥ ਲਾਇਆ, ਮਗਰੇ ਹਰਪਾਲ ਨੇ ਝੁਕ ਕੇ ਕੰਡ ਜਿਹੀ ਨੀਵੀਂ ਕੀਤੀ।

"ਵਾਜ਼ ਕੀ ਮਾਰਦੇ, ਕੁੱਤੇ ਨੇ ਤਾਂ ਸਾਹ ਨਹੀਂ ਲਿਆ!"

ਬੇਬੇ ਨੇ ਸਬਾਤ ਦਾ ਭੇੜਿਆ ਹੋਇਆ ਬੂਹਾ ਖੋਲ੍ਹਦਿਆਂ ਕਿਹਾ, "ਆ-ਜੋ, ਇਹ ਹਰਾਮੀ, ਨੇਰੇ 'ਚ ਆਪਣੇ-ਪਰਾਏ ਦੀ ਪਛਾਣ ਭੁੱਲ ਜਾਂਦੈ!"

ਨਿਰਵੈਰ ਦੀ ਘਰਵਾਲੀ ਨੇ ਮੰਜ਼ੇ ਤੋਂ ਉਠਦਿਆਂ, ਮੂੰਹ ਫੇਰਦਿਆਂ ਮੂੰਹ ਵਿਚ ਮਲਵੀਂ ਜਿਹੀ ਆਵਾਜ਼ ਨਾਲ ਸਿਰ ਹਿਲਾਉਂਦਿਆਂ ਸਤਿ ਸ੍ਰੀ ਅਕਾਲ ਆਖੀ।

"ਸਾ ਸਰੀ ਅਕਾਲ!" ਅਮੋਲਕ ਨੇ ਉਸ ਦੇ ਕੋਲ ਜਿਹੇ ਹੁੰਦਿਆਂ ਆਖਿਆ। ਫੇਰ ਰਜਾਈ ਦਾ ਲੜ ਚੁੱਕ ਕੇ ਨਾਲ ਪਏ ਕਿੱਟੂ ਦਾ ਨਿੱਘਾ ਸਿਰ ਫੜ ਕੇ ਹਿਲਾਇਆ, "ਸੌਂ ਗਿਆ ਇਲਤਾਂ ਦੀ ਪੰਡ!"

"ਹੁਣੇ ਚਾਂਭੜਾਂ ਮਾਰਦਾ ਹਟਿਐ!" ਬੇਬੇ ਨੇ ਰਜਾਈ ਮੁੜ ਆਸੇ ਪਾਸਿਉਂ ਦੱਬ ਕੇ ਬਹਿੰਦਿਆਂ, ਵੱਡਾ ਸਾਰਾ ਸਾਹ ਭਰਿਆ, ਜਿਵੇਂ ਉਸ ਦੇ ਢਿੱਡ ਵਿਚ ਠੰਢ ਵੜ ਗਈ ਸੀ।

"ਨਿਰਵੈਰ ਕਿਤੇ ਗਿਆ ਹੋਇਐ?"

"ਨਹੀਂ, ਜਾਣਾ ਕਿਥੇ ਐ?...ਅਗਲੇ ਖੇਤ ਪਾਣੀ ਛੁਡਾਉਣ ਗਿਐ, ਭਈਏ ਨੂੰ! ਪਹਿਲਾਂ ਤਾਂ ਦਿਨ ਛਿਪੇ ਤੱਕ ਪਿੰਡ 'ਚ ਫਿਰਦੈ ਰਿਹੈ! ਤੈਨੂੰ ਪਤਾ ਈ ਐ, ਜਗਤਾਰ ਮਾਰ ਤਾ।"

"ਹਾਂ, ਉਸੇ ਕਰਕੇ ਤਾਂ ਅਸੀਂ ਆਏ ਆਂ!"

"ਉਨ੍ਹਾਂ ਜਾ-ਵੱਢਿਆਂ ਨੇ ਖੋਰ ਰੱਖਿਐ! ਤੈਨੂੰ ਪਤਾ ਈ ਐ, ਜਗਤਾਰ ਦਾ ਨਿਰਵੈਰ ਹੋਰਾਂ ਕੋਲ ਉੱਠਣ ਬੈਠਣ ਸੀ! ਹੁਣ ਤੂੰ ਵੀ ਤਾਂ ਏਨਾਂ ਚਿਰ ਦਾ ਆਉਨੈਂ! ਤਾਂ ਹੀ ਤੂੰ ਨਿਰਵੈਰ ਨੂੰ ਰਿਸ਼ਤਾ ਕਰਾਇਐ! ਅਸੀਂ ਵੀ ਘਰ ਦਾ ਧੀ-ਪੁੱਤ ਮੰਨ ਕੇ ਲੈ ਲਿਆ!"

"ਮਾਤਾ ਜੀ, ਇਉਂ ਈ ਆਪਣੀ ਧਿਰ ਪੱਕੀ ਹੁੰਦੀ ਐ!"

"ਉਹੀ ਤਾਂ ਗੱਲ ਐ, ਭਾਈ ਮੋਲਕਾ!- ਜਗਤਾਰ ਵੀ ਏਸੇ ਕਰਕੇ ਆਪਣੇ ਘਰ ਨਾਲ ਸਾਂਝ ਰੱਖਦਾ ਸੀ!... ਚਲ ਹੱਛਾ ਸੱਗੂ ਕੀ ਪੱਤੀਓਂ ਲੁੱਚੇ-ਲੰਡੇ ਦੋ ਤਿੰਨ ਘਰ ਐ! ਬਖਤੌਰ ਸਿਹੁੰ ਦੇ ਮੁੰਡੇ ਤਾਂ ਬਹੁਤੇ ਈ ਮੱਛਰੇ ਹੋਏ ਐ! ਚਲ ਭਾਈ, ਹਸਪਤਾਲ ਦੀ ਇਕ ਨਰਸ ਜਗਤਾਰ ਕੇ ਘਰ ਕੋਲ ਮਾਸਟਰਾਂ ਦੇ ਘਰ ਰਹਿੰਦੀ ਐ! ਇਨ੍ਹਾਂ ਕੁੱਤਿਆਂ ਨੇ ਸਮਝ ਲਿਆ ਬਈ ਚਲ ਕੱਲੀ-ਕਾਰੀ ਜਨਾਨੀ ਐ!...।"

"ਬਈ ਖਰਾਬ ਕਰੀਏ!" ਅਮੋਲਕ ਨੇ ਵਿਚ ਦੀ ਆਖਿਆ, "ਹਾਂਅ!"

"ਬੜਾ ਮੂੰਹ ਪਿਆ ਸੀ, ਸਾਲੇ ਮੁਸ਼ਟੰਡਿਆਂ ਦਾ!"

"ਬੱਸ ਪੁੱਛ ਨਾ, ਨਿਰਵੈਰ ਨੇ ਕਈ ਆਰੀਂ ਸਭਾ ਦੇ ਕੱਠ 'ਚ ਸੁਣਾਇਆ ਵੀ ਸੀ ਬਈ ਜਿਹੜੇ ਲੋਕ ਸਮਝਦੇ ਆ ਸਾਨੂੰ ਕੋਈ ਰੋਕਣ ਵਾਲਾ ਨ੍ਹੀਂ! ਅਸੀਂ ਉਨ੍ਹਾਂ ਦੇ ਨਾਸੀਂ ਧੂੰਆਂ ਲਿਆਵਾਂਗੇ!"

"ਨਿਰਵੈਰ ਨੇ ਮੇਰੇ ਕੋਲ ਕਦੇ ਗੱਲ ਈ ਨੀ ਕੀਤੀ!"

"ਗੱਲ ਤਾਂ ਕਰਦਾ ਜੇ ਇਹ ਬਹੁਤਾ ਵੱਡਾ ਮਸਲਾ ਹੁੰਦਾ!" ਹਰਪਾਲ ਦਾ ਮਸਲਾ ਸ਼ਬਦ ਸੁਣ ਕੇ ਹੌਲੀ ਜਿਹੀ ਹਾਸਾ ਨਿਕਲਿਆ, ਪਰ ਉਸ ਅੰਦਰ ਹੀ ਘੁੱਟ ਲਿਆ। ਅਮੋਲਕ ਨੇ ਟੇਢੀ ਅੱਖ ਹਰਪਾਲ ਵਲ ਵੇਖਿਆ।

"ਨਾਲੇ ਇਹ ਗੱਲ-ਚੀਜ਼ ਵੀ ਕੀ ਨੇ?- ਪਰ ਲੋਕ ਨ੍ਹੀਂ ਨਾ ਸਮਝਦੇ!... ਓਸ ਨਰਸ ਨੂੰ ਤਾਂ ਇਨ੍ਹਾਂ ਗੰਦਿਆਂ ਆਨੀ-ਬਹਾਨੀਂ ਤੰਗ ਕਰਨਾ ਸ਼ੁਰੂ ਕਰ-ਤਾ! ਜੇ ਭਾਈ, ਹਸਪਤਾਲ ਜਾਵੇ ਤਾਂ ਮਗਰੇ, ਜੇ ਘਰ ਆਵੇ, ਤਾਂ ਮਗਰੇ! ਕਈ ਵਾਰ ਬਹਾਨਾ ਬਣਾ ਕੇ ਮਾਸਟਰ ਕੋਲ ਵੀ ਆਏ! ਉਸ ਵਿਚਾਰੀ ਨੇ ਮਾਸਟਰ ਨੂੰ ਇਕ ਦਿਨ ਸਾਫ ਗੱਲ ਦੱਸ-ਤੀ ਮਾਸਟਰਾਂ ਬਾਰੇ ਹੁਣ ਆਪਾਂ ਨੂੰ ਪਤਾ ਈ ਐ, ਇਹ ਬਾਹਲੇ ਡਰੂ ਹੁੰਦੇ ਐ! ਮੁਜ਼ਾਰਿਆਂ-ਜਲਸਿਆਂ 'ਚ ਤਾਂ ਬਥੇਰਾ ਰੌਲਾ ਪਾ ਲੈਂਦੇ ਐ! ਪਿੰਡ ਦੇ ਮਾਮਲੇ 'ਚ ਤਾਂ ਇਹ ਭਿੱਜੀ ਬਿੱਲੀ ਵਰਗੇ ਹੁੰਦੇ ਐ! ਆਪਣੇ ਵਾਂਗੂੰ ਨ੍ਹੀਂ ਬਈ ਡਾਂਗ ਮੋਢੇ 'ਤੇ ਰੱਖ ਕੇ ਤੁਰ ਪੈਣ!"

ਹਰਪਾਲ ਦਾ ਚਿੱਤ ਫਿਰ ਹੱਸਿਆ, ਪਰ ਉਸ ਆਵਾਜ਼ ਬੁੱਲ੍ਹਾਂ ਤੋਂ ਬਾਹਰ ਨਾ ਆਉਣ ਦਿੱਤੀ। ਉਦੋਂ ਹੀ ਬਾਹਰੋਂ ਵਿਹੜੇ ਵਿਚੋਂ ਨਿਰਵੈਰ ਦਾ ਬੋਲ ਸੁਣਿਆ, ਪਲ ਕੁ ਪਿੱਛੋਂ ਸਬਾਤ ਦਾ ਭੇੜਿਆ ਬੂਹਾ ਚੁਕ ਕੇ ਖੁੱਲ੍ਹਿਆ, ਖੇਸ ਦੀ ਬੁਕਲ-ਮਾਰੀ ਨਿਰਵੈਰ ਅੰਦਰ ਆਇਆ, ਤਿੰਨਾਂ ਨੇ ਹੱਥ ਹਿਲਾਉਂਦਿਆਂ ਇਕ ਦੂਜੇ ਦੀ ਸੁਖ-ਸਾਂਦ ਪੁੱਛੀ, ਗੁਰਮੀਤ ਰੋਟੀ ਲੈ ਆਈ ਸੀ। ਰੋਟੀ ਖਾ ਕੇ ਉਹ ਡੰਗਰਾਂ ਵਾਲੇ ਕੋਠੇ ਨਾਲ ਬਣੀ ਬੈਠਕ ਵਿਚ ਪੈਣ ਲਈ ਉਠ ਖੜੋਤੇ। ਰਜਾਈਆਂ ਵਿਚ ਬੈਠਦਿਆਂ ਨਿਰਵੈਰ ਨੇ ਸਾਰੀ ਗੱਲ ਦੋਬਾਰਾ ਦੱਸਣੀ ਸ਼ੁਰੂ ਕੀਤੀ, ਅਮੋਲਕ ਨੇ ਵਿਚਕਾਰੋਂ ਟੋਕਦਿਆਂ ਪੁੱਛਿਆ, "ਕੰਜਰਾਂ ਨੇ ਕਤਲ ਕਿਉਂ ਕੀਤਾ?"

"ਬੱਸ ਐਵੇਂ ਜੱਟਪੁਣੇ 'ਚ! ਅਸਲ ਵਿਚ ਜਗਤਾਰ ਨੇ ਉਨ੍ਹਾਂ ਨੂੰ ਚਿਤਾਵਨੀ ਦੇ 'ਤੀ ਸੀ, ਬਈ ਜੇ ਤੁਸੀਂ ਆਪਣੇ ਕਰਤੂਤ ਖਿੰਡਾਉਣੋਂ ਬਾਜ਼ ਨਾ ਆਏ ਅਸੀਂ ਥੋਡੇ ਨਾਲ ਸਮਝਾਂਗੇ! ਏਨੇ ਨਾਲ ਈ ਸੱਪ ਲੜ ਗਿਆ!"

"ਮਾਰਿਆ ਕਿੱਥੇ?"

"ਵੱਡੀ ਸੜਕ 'ਤੇ! ਪੁਲੀ ਕੋਲ! ਟੂਸਿਆਂ ਤੋਂ ਆਉਂਦੇ ਨੂੰ ਕੁਵੇਲਾ ਹੋ ਗਿਆ। ਅੱਜ ਕੱਲ੍ਹ ਦਿਨ ਵੀ ਕੀ ਹੁੰਦੇ ਐ! ਪੰਜ ਵਜੇ ਤੋਂ ਮਗਰੋਂ ਦਿਨ ਜਮਾਂ ਛਿਪ ਜਾਂਦੈ!"

"ਫੇਰ ਹੁਣ ਪਾਰਟੀ ਕੀ ਆਖਦੀ ਐ?"

"ਪਾਰਟੀ ਨੇ ਕੀ ਆਖਣੈ, ਉਨ੍ਹਾਂ ਅਨੁਸਾਰ ਤਾਂ ਸਾਨੂੰ ਕਨੂੰਨੀ ਲੜਾਈ ਲੜਨੀ ਚਾਹੀਦੀ ਐ!"

"ਕਨੂੰਨੀ ਲੜਾਈ ਲੜ ਕੇ ਅੱਗੇ ਕੀ ਕੱਢਿਐ? ਉਨ੍ਹਾਂ ਨੂੰ ਪੁੱਛਣਾ ਹੋਵੇ, ਅੱਗੇ ਅਸੀਂ ਕਨੂੰਨੀ ਲੜਾਈਆਂ ਲੜ ਕੇ ਕਿਹੜੀ ਕੰਧ ਢਾਹ-ਤੀ?"

"ਆਖਿਆ ਸੀ!"

"ਫੇਰ...?"

ਨਿਰਵੈਰ ਅੱਗੇ ਕੁਝ ਨਾ ਬੋਲਿਆ। ਚਾਰੇ ਪਾਸਿਉਂ ਬੰਦ ਬੈਠਕ ਵਿਚ ਰਜਾਈ ਵਿਚ ਪਏ ਹਰਪਾਲ ਨੂੰ ਸੁੰਨ ਚੜ੍ਹਨ ਲਗ ਪਿਆ। ਕਿੰਨੇ ਸਮੇਂ ਬਾਦ ਨਿਰਵੈਰ ਨੇ ਹਿੱਕ ਉਗਾਸ ਕੇ ਲੰਮਾ ਸਾਰਾ ਸੂਕਵਾਂ ਸਾਹ ਛੱਡਿਆ। ਕਮਰੇ ਦੇ ਅੰਦਰ ਚੁੱਪ ਏਨੀ ਸੰਘਣੀ ਹੋਈ ਵੀ ਸੀ, ਮਾਮੂਲੀ ਪਰਿੰਦਿਆਂ ਦੀਆਂ ਬਰੀਕ ਆਵਾਜ਼ਾਂ ਦਾ ਸੰਗੀਤ-ਸ਼ੋਰ ਗੂੰਜ ਰਿਹਾ ਸੀ। ਬੱਲਬ ਦਾ ਮੱਧਮ ਪੀਲਾ ਚਾਨਣ ਵੀ ਹਰਪਾਲ ਨੂੰ ਥੱਕਿਆ-ਹਾਰਿਆ ਮਹਿਸੂਸ ਹੋਇਆ। ਅਖੀਰ ਕਿੰਨੇ ਚਿਰ ਮਗਰੋਂ ਨਿਰਵੈਰ ਨੇ ਖੰਘੂਰਾ ਮਾਰਿਆ, ਹਰਪਾਲ ਨੇ ਉਸ ਵਲ ਦੇਖਿਆ, "ਗੱਲ ਦਰਅਸਲ ਇਹ ਐ! ਸਵਾਲ ਇਥੇ ਨਾ ਇਹ ਐ ਬਈ ਜਗਤਾਰ ਦਾ ਬਦਲਾ ਲੈ ਕੇ ਉਸਦੀ ਵਿਧਵਾ ਪਤਨੀ 'ਤੇ ਉਸ ਦੇ ਅਨਾਥ ਬੱਚਿਆਂ ਨੂੰ ਸਵਰਗ ਉਸਾਰ ਦਿਆਂਗੇ! ਇਹ ਗੱਲ ਜਗਤਾਰ ਵੀ ਭਲੀ-ਭਾਂਤ ਜਾਣਦਾ ਸੀ। ਤੇ ਨਾ ਇਹ ਈ ਐ, ਜੇ ਅਸੀਂ ਅੱਜ ਉਨ੍ਹਾਂ ਦਾ ਇਕ ਬੰਦਾ ਮਾਰ ਦੇਈਏ, ਅਸੀਂ ਇਨਕਲਾਬ ਲੈ ਆਵਾਂਗੇ!" ਨਿਰਵੈਰ ਨੇ ਉਨ੍ਹਾਂ ਦੇ ਚਿਹਰਿਆਂ ਵਲ ਦੇਖਿਆ, ਪੀਲੇ ਚਾਨਣ ਵਿਚ ਉਸ ਦੀਆਂ ਅੱਖਾਂ ਮਸ਼ਾਲ ਵਾਂਗ ਮੱਚ ਰਹੀਆਂ ਸਨ।

"ਮਾੜੀ ਧਿਰ ਦਾ ਵਿਸ਼ਵਾਸ ਜਿੱਤਣ ਲਈ ਤਾਂ ਬਦਲਾ ਲੈਣਾ ਵੀ ਮਾੜਾ ਨਹੀਂ!"

"ਹਾਂਅ!" ਨਿਰਵੈਰ ਨੇ ਲਮਕਾ ਕੇ ਆਖਿਆ, "ਏਹੀ ਗੱਲ ਮੇਰੇ ਮਨ ਵਿਚ ਐ!...ਸਵੇਰੇ ਗਮਧੂਰ ਵੀ ਆ-ਜੂ!"

ਦੂਜੇ ਦਿਨ, ਸੂਰਜ ਛਿਪਦਿਆਂ ਹੀ, ਜਦੋਂ ਕਣਕਾਂ ਦੇ ਸਾਵੇ ਪਰਾਂ 'ਤੇ ਰਾਤ ਗੂੜ੍ਹੀ ਹੋਣ ਲੱਗੀ, ਬਹਾਦਰ ਨਾਲ ਇਕ ਹੋਰ ਅਧਖੜ ਗਮਧੂਰ ਨਾਂ ਦਾ ਬੰਦਾ ਆ ਗਿਆ। ਹਰਪਾਲ ਹੋਰੀਂ ਉਦੋਂ ਪਰਲੇ ਖੇਤੋਂ ਗੰਨੇ ਦੀ ਟਰਾਲੀ ਭਰਵਾ ਕੇ ਹੀ ਮੁੜੇ ਸਨ। ਨਿਰਵੈਰ ਭਈਏ ਨੂੰ ਪਸ਼ੂ ਅੰਦਰ ਬੰਨ੍ਹਣ ਆਖ ਕੇ, ਆਪ ਉਹ ਬੈਠਕ 'ਚ ਜੁੜੇ ਬੈਠੇ ਬੰਦਿਆਂ ਕੋਲ ਆ ਗਿਆ। ਅਲਮਾਰੀ ਵਿਚੋਂ ਦੇਸੀ ਸ਼ਰਾਬ ਦੀ ਬੋਤਲ ਕੱਢੀ, ਹਰਪਾਲ ਨੇ ਕੰਨ ਖੜ੍ਹੇ ਕੀਤੇ। ਜਦੋਂ ਸਾਰੇ ਜਣਿਆਂ ਘੁੱਟ-ਘੱਟ ਲਾਈ ਤਾਂ ਬਿਜਲੀ ਦੇ ਬੱਲਬ ਵਾਂਗ ਜਗਣ ਲਗ ਪਏ। ਸਾਰੇ ਰਾਤ ਵਾਲੇ ਮਸਲੇ ਨੂੰ ਫਰੋਲਣ ਲੱਗ ਪਏ, ਅਮੋਲਕ ਆਖ ਰਿਹਾ ਸੀ, "ਜੇ ਆਪਾਂ ਹੁਣ ਵੀ ਦਬਗੇ, ਆਪਣੀ ਸ਼ਾਖ਼ ਵਧਣੀ ਤਾਂ ਇਕ ਪਾਸੇ ਰਹੀ, ਸਗੋਂ ਹੋਰ ਵੀ ਘੱਟ-ਜੂਗੀ! ਜਿਹੜੇ ਹੁਣ ਆਪਣੇ ਮਗਰ ਤੁਰਦੇ ਐ! ਕੱਲ੍ਹ ਨੂੰ ਉਹ ਵੀ ਪਾਸਾ ਵੱਟ ਜਾਣਗੇ।"

"ਦੇਖ ਲਊ!" ਗਮਧੂਰ ਇਕ ਹੱਥ ਨਾਲ ਆਪਣੀਆਂ ਮੁੱਛਾਂ ਨੂੰ ਵਟ ਦਿੰਦਿਆਂ ਬੋਲਿਆ, "ਇਸ ਤਰ੍ਹਾਂ ਕਿਤੇ ਸ਼ਾਖ਼ ਉਂਈਂ ਨਾ ਮਿੱਟੀ 'ਚ ਮਿਲ ਜੇ!"

"ਕਿਵੇਂ?" ਅਮੋਲਕ ਨੇ ਅੱਖਾਂ ਚੜ੍ਹਾ ਕੇ ਗਮਧੂਰ ਵਲ ਵੇਖਿਆ।

"ਇਹ ਜੱਟ ਨੇ, ਇਸ ਤਰ੍ਹਾਂ ਮਗਰ ਲੱਗ ਜਾਣਗੇ?"

"ਹੋਰ ਗੁੰਡਿਆਂ ਦੇ ਮਗਰ ਲਗਣਗੇ!" ਨਿਰਵੈਰ ਨੇ ਨਿੰਕਾ ਜਿਹਾ ਹੱਸ ਕੇ ਬੋਤਲ ਚੁੱਕ ਕੇ ਗਲਾਸ ਵਿਚ ਥੋੜ੍ਹੀ ਜਿਹੀ ਸ਼ਰਾਬ ਪਾਈ। ਚੁੱਪ ਏਨੀ ਸੰਘਣੀ ਸੀ, ਗਲਾਸ ਵਿਚ ਡਿੱਗਦੀ ਧਾਰ ਦੀ ਆਵਾਜ਼ ਵੀ ਸੁਣਦੀ ਸੀ। ਬਾਹਰੋਂ ਭਈਏ ਦੀ ਕਿਸੇ ਪਸ਼ੂ ਮਗਰ 'ਹੋਏ' ਵਰਗੀ ਲੇਰ ਸੁਣਾਈ ਦਿੱਤੀ।

"ਤੂੰ ਠੀਕ ਨਹੀਂ ਸੋਚਦਾ!" ਨਿਰਵੈਰ ਨੇ ਗਲਾਸ ਚੁੱਕ ਕੇ ਮੂੰਹ ਨੂੰ ਲਾ ਕੇ ਇਕੋ ਸਾਹ ਹੀ ਪੀ ਲਿਆ।

ਇਹ ਕਾਮਰੇਡ, ਪੁਰਾਣਾ ਖਿਆਲ ਐ! ਜਮਾਤੀ ਲੜਾਈ ਨੂੰ ਤੇਜ਼ ਕਰਨ ਲਈ ਪੈਰ-ਪੈਰ 'ਤੇ ਪੈਂਤੜੇ ਬਦਲਣੇ ਪੈਂਦੇ ਐ। ਜਿਵੇਂ ਇਹ ਆਖਦਾ ਸੀ! ਉਸ ਅਮੋਲਕ ਵਲ ਅੱਖ ਦਾ ਇਸ਼ਾਰਾ ਕੀਤਾ, "ਬਈ ਜੇ ਆਪਾਂ ਹੁਣ ਕੁਸ਼ ਨਾ ਕਰੀਏ, ਆਪਣੀ ਸ਼ਾਖ ਸੁਰਤੀਆ ਘਟੂਗੀ! ਤੂੰ ਪੁੱਛ ਕਿਉਂ? ਸ਼ਾਖ਼ ਤਾਂ ਪਹਿਲਾਂ ਈ ਪਾਣੀਉਂ ਪਤਲੀ ਹੋਈ ਪਈ ਐ! ਲੋਕ ਸਾਨੂੰ ਛੱਡ-ਛੱਡ ਸਾਧ-ਸੰਤਾਂ ਮਗਰ ਲੱਗੀ ਜਾਂਦੇ ਐ!"

"ਹੋਰ ਲੋਕ ਕੀ ਕਰਨ?" ਅਮੋਲਕ ਨੇ ਗਲਾਸ ਨਿਰਵੈਰ ਹੱਥੋਂ ਫੜ ਲਿਆ, "ਲੋਕਾਂ ਨੇ ਜਿਉਣਾ ਐ। ਉਹ ਉਠ ਕੇ ਬੁੱਲ੍ਹ ਵਲ ਈ ਵੇਖੀ ਜਾਣ, ਕਦੋਂ ਡਿਗੂਗਾ! ਲੋਕ ਤਾਂ ਸ਼ੇਰ ਵਾਂਗ ਝੱਟ-ਫੱਟ ਝਪਟ ਮਾਰਨ 'ਚ ਹੁੰਦੇ ਐ!"

"ਕਾਮਰੇਡ, ਮੇਰਾ ਮਤਲਬ ਇਹ ਨਹੀਂ ਸੀ।" ਗਮਧੂਰ ਨੇ ਕਾਹਲੀ ਨਾਲ ਘਬਰਾ ਕੇ ਆਖਿਆ, "ਮੈਂ ਤਾਂ ਇਹ ਆਖਦਾ ਆਂ, ਆਪਾਂ ਲੋਕਾਂ ਨੂੰ ਜਥੇਬੰਦ ਕਾਹਤੋਂ ਨ੍ਹੀਂ ਕਰਦੇ।"

"ਹੁਣ ਤੱਕ ਆਪਾਂ ਕੀ ਕਰਦੇ ਰਹੇ ਆਂ।" ਨਿਰਵੈਰ ਨੇ ਨਸ਼ੇ ਨਾਲ ਸਰੂਰੀਆਂ ਅੱਖਾਂ ਉਗਾਸ ਕੇ ਗਮਧੂਰ ਤੋਂ ਪੁੱਛਿਆ, "ਜਥੇਬੰਦ ਈ ਕਰਦੇ ਰਹੇ ਆਂ! ਹੁਣ ਤਾਂ ਜਥੇਬੰਦ ਕਰਨ ਵਾਲੇ ਢੰਗ-ਤਰੀਕੇ ਵੀ ਘਸ ਗਏ! ਲੋਕ ਸਾਡੇ ਮਗਰ ਨਹੀਂ ਲੱਗੇ!" ਨਾਲ ਹੀ ਨਿਰਵੈਰ ਆਪਣੀਆਂ ਵਿਰਲੀਆਂ ਜਿਹੀਆਂ ਮੁੱਛਾਂ ਵਿਚ ਹੱਸ ਪਿਆ।

ਭਈਏ ਨੇ ਬੈਠਕ ਦੇ ਬਾਰ ਕੋਲ ਆ ਕੇ ਆਖਿਆ, "ਸਰਦਾਰ ਜੀ, ਮਾਤਾ ਜੀ ਰੋਟੀ ਕੇ ਲੀਏ ਬੋਲਤਾ ਹੈ!"

ਨਿਰਵੈਰ ਨੇ ਚੁੱਪ-ਚਾਪ ਸਾਰਿਆਂ ਵਲ ਵੇਖਿਆ ਤੇ ਰੋਟੀ ਲੈਣ ਚਲਿਆ ਗਿਆ! ਰੋਟੀ ਖਾਣ ਮਗਰੋਂ ਜਦੋਂ ਨਿਰਵੈਰ ਭਾਂਡੇ ਇਕੱਠੇ ਕਰਕੇ, ਨਿੱਕੇ ਜਿਹੇ ਡਕਾਰ ਮਾਰਦਾ ਬਾਹਰ ਲਿਜਾ ਰਿਹਾ ਸੀ, ਉਹ ਤਿੰਨੇ-ਚਾਰੇ ਬਾਹਰ ਹਵਾ ਖੋਰੀ ਕਰਨ ਨਿਕਲ ਪਏ। ਵਾਹਵਾ ਸਮਾਂ ਬਾਹਰ ਗੇਟ ਕੋਲ ਖੜੋਤੇ ਨਿਰਵੈਰ ਨੂੰ ਉਡੀਕਦੇ ਰਹੇ, ਪਰ ਉਸ ਨੂੰ ਆਉਂਦਿਆਂ ਨਾ ਵੇਖ ਕੇ, ਅਮੋਲਕ ਨੇ ਪਹੀ 'ਚ ਤੁਰਦਿਆਂ ਆਖਿਆ, "ਚਲੋ ਉਹਨੂੰ ਰਹਿਣ ਦਿਉ, ਕੋਈ ਕੰਮ-ਧੰਦਾ ਕਰਵਾ ਲਊ!"

ਹਰਪਾਲ ਚੁੱਪ ਚਾਪ ਉਨ੍ਹਾਂ ਦੇ ਨਾਲ ਤੁਰਿਆ ਜਾਂਦਾ ਸੀ, ਬਹਾਦਰ ਨੇ ਉਹਨੂੰ ਬਾਂਹ ਵਲਾ ਕੇ ਜੱਫੀ 'ਚ ਲੈਂਦਿਆਂ ਚਟਖਾਰੇ ਨਾਲ ਆਖਿਆ, "ਕੀ ਗੱਲ, ਮੁੰਡਿਆ! ਗੁੰਮ-ਸੁੰਮ ਜਿਆ ਬਣਿਐ ਫਿਰਦੈ!"

ਹਰਪਾਲ ਦਾ ਨਿੰਕਾ ਜਿਹਾ ਹਾਸਾ ਨਿਕਲ ਗਿਆ।

"ਕਿਤੇ ਡਰ ਤਾਂ ਨਹੀਂ ਗਿਆ?"

"ਡਰਨ ਆਲੀ ਕਿਹੜੀ ਗੱਲ ਐ!"

"ਮਖਿਆ ਬਈ ਕੀ ਐ? ਜੀਹਨੇ ਐਹੋ-ਜਿਹਾ ਕੁਸ਼ ਵੇਖਿਆ ਨਾ ਹੋਵੇ! ਕਾਲਜੀਏਟ ਬੜਕ ਤਾਂ ਮਾਰ ਬੈਠਦੇ ਐ ਮਗਰੋ...।"

ਹਰਪਾਲ ਖਿੜ ਖਿੜਾ ਕੇ ਹੱਸ ਪਿਆ। ਮੂਹਰੇ ਜਾਂਦੇ ਅਮੋਲਕ ਅਤੇ ਗਮਧੂਰ ਉਨ੍ਹਾਂ ਦਾ ਹਾਸਾ ਸੁਣ ਕੇ ਖੜੋ ਗਏ।

"ਕਿਉਂ ਬਈ, ਥੋਡੀ ਕਾਲਜੀਏਟ ਵਾਲੀ ਗੱਲ ਤੋਂ ਮੈਨੂੰ ਇਕ ਘਟਨਾ ਯਾਦ ਆ ਗਈ!" ਅਮੋਲਕ ਨੇ ਉਨ੍ਹਾਂ ਨੂੰ ਨੇੜੇ ਆਇਆਂ ਵੇਖ ਕੇ ਨਿੱਕੇ ਨਿੱਕੇ ਹਾਸੇ ਨਾਲ ਕਹਿਣਾ ਸ਼ੁਰੂ ਕੀਤਾ, "ਲਹਿਰ ਦੀ ਚੜ੍ਹਤ ਵੇਲੇ ਇਹਦੇ ਵਰਗਾ ਇਕ ਨਵਾਂ ਪਾਹੁਤ੍ਰ ਸਾਡੇ ਨਾਲ ਰਲ ਗਿਆ, ਸੀ ਤਾਂ ਉਦੋਂ ਮੈਂ ਵੀ ਨਵਾਂ ਨਵਾਂ ਈ, ਪਰ ਮੈਨੂੰ ਰੋਹ ਈ ਬੜਾ ਸੀ! ਉਨ੍ਹਾਂ ਦਿਨਾਂ ਵਿਚ...ਭਾਦੋਂ ਦਾ ਮਹੀਨਾ ਸੀ! ਅਸੀਂ ਸਾਰੇ ਖੰਨੇ ਕੋਲ ਇਕ ਮੱਕੀ ਦੇ ਖੇਤ ਵਿਚ ਬੈਠੇ ਸੀ। ਐਕਸ਼ਨ ਕਰਕੇ ਦਿਨੇ ਤਾਂ ਲੁਕਣਾ ਈ ਪੈਂਦਾ ਸੀ! ਗੱਲ ਕੀ ਹੋਈ, ਜਦੋਂ ਤਿੱਖੜ ਦੁਪਹਿਰਾ ਸਿਰ 'ਤੇ ਆਇਐ, ਵੱਟ ਨਾਲ ਜਾਨ ਨਿਕਲਣ ਵਾਲੀ ਹੋ ਗਈ! 'ਵਾ ਬੰਦ, ਧਰਤੀ ਸੇਕ ਮਾਰੇ! ਟਾਂਡਿਆਂ ਦੀ ਹਵਾੜ ਨਾਲ ਅਸੀਂ ਸਾਰੇ ਉਬਲੇ ਹੋਏ ਆਲੂ ਵਰਗੇ ਹੋਏ ਪਏ ਸੀ! ਬੈਠਿਆਂ ਬੈਠਿਆਂ ਸਾਥੀ, ਉਹ ਨਵਾਂ ਪਾਤ੍ਰ ਮੱਛੀ ਵਾਂਗੂੰ ਤੜਫਣ ਲੱਗ ਪਿਆ! ਉਹਨੇ ਕਦੇ ਕੰਮ ਵੀ ਘੱਟ-ਵਧ ਕੀਤਾ ਲਗਦਾ ਸੀ!- ਉਹ ਆਖੇ, ਮੈਂ ਨ੍ਹਾਉਣਾ ਆ! ਅਸੀਂ ਉਹਨੂੰ ਸਾਰਿਆਂ ਨੇ ਸਮਝਾਇਆ ਬਈ ਸਾਥੀ, ਬਾਹਰ ਆਪਣੇ ਲਈ ਖਤਰਾ ਈ ਖਤਰਾ! ਪਰ ਉਹ ਇਕ ਈ ਲੱਤ 'ਤੇ ਹੋ ਗਿਆ, ਕਹਿੰਦਾ ਮੇਰਾ ਨਹਾਤੇ ਬਿਨਾ ਸਰਦਾ ਈ ਨਹੀਂ!

– ਹਾਰ ਕੇ ਸਾਡਾ ਆਗੂ ਗੁਰਮਿੰਦਰ ਕਹਿਣ ਲੱਗਾ, "ਬਾਈ ਸਿੰਘਾਂ, ਤੇਰੇ ਵਰਗੇ ਸੋਧਵਾਦੀ ਦੀ ਲਹਿਰ 'ਚ ਵੜ ਕੇ ਇਨਕਲਾਬ ਦਾ ਕੂੰਡਾ ਕਰਦੇ ਐ। ਤੂੰ ਜੇ ਨਹਾਤੇ ਬਿਨਾ ਰਹਿ ਨੀ ਸਕਦਾ, ਸਾਡੇ ਨਾਲ ਰਲਣ ਲਈ ਤੈਨੂੰ ਕੀਹਨੇ ਆਖਿਆ ਸੀ! - ਗੱਲ ਕੀ ਗੁਰਮਿੰਦਰ ਨੇ ਉਹਦੇ 'ਤੇ ਚੰਗਾ ਤਵਾ ਲਾਇਆ! ਪਰ ਉਹ ਪੀਰ ਮੰਨਿਆ ਈ ਨਾ। ਅੰਤ ਗੁਰਮਿੰਦਰ ਕਹਿਣ ਲੱਗਾ, ਚੰਗਾ ਨਹਾ ਕੇ ਤੈਨੂੰ ਲਿਖ ਕੇ ਦੇਣਾ ਪਊ, ਬਈ ਮੇਰੇ 'ਚੋਂ ਹਾਲੇ ਸੋਧਵਾਦ ਨਹੀਂ ਨਿਕਲਿਆ। ਉਹ ਕਹਿੰਦਾ, ਭਰਾਵੋ, ਜੋ ਮਰਜ਼ੀ ਐ, ਲਿਖਾ ਲਉ, ਪਰ ਮੈਨੂੰ ਇਕ ਵਾਰੀ ਨਾਹ ਲੈਣ ਦਿਉ! ਖ਼ੈਰ ਸਾਥੀ, ਮੈਂ ਉਹਨੂੰ ਮੱਕੀ 'ਚੋਂ ਕੱਢ ਕੇ ਕੱਸੀ ਵੱਲ ਲੈ ਗਿਆ। ਮੈਂ ਚਾਰ ਚੁਫੇਰੇ ਬਾਜ਼ ਵਾਂਗ ਨਿਗਾਹ ਰੱਖੀ, ਉਹ ਸੋਧਵਾਦੀ ਉਥੇ ਨਹਾਉਣ ਲੱਗ ਪਿਆ! ਉਹ ਤਾਂ ਕੰਜਰ ਦਾ ਪੁੱਤ, ਪਾਣੀ 'ਚੋਂ ਨਿਕਲਣ ਦਾ ਨਾਂ ਈ ਨਾ ਲਵੇ...! ਡਰਦਾ ਮੈਂ ਉੱਚੀ ਵੀ ਨਾ ਬੋਲਾਂ!"

"ਉਹਨੇ ਫਿਰ ਸੱਚੀਂ ਲਿਖ ਕੇ ਦਿੱਤਾ?" ਹਰਪਾਲ ਜਿਹੜਾ ਹੈਰਾਨੀ ਨਾਲ ਘਿਰਿਆ ਹੋਇਆ ਸੀ, ਬੋਲਿਆ, "ਹੋਰ, ਲਿਖ ਕੇ ਤਾਂ ਦੇਣਾ ਈ ਪੈਣਾ ਸੀ! ਬਾਕਾਇਦਾ ਕਾਗਜ਼ ਉੱਤੇ ਸਾਡੇ ਸਾਰਿਆਂ ਦੇ ਦਸਤਖ਼ਤ ਹੋਏ! ਗੁਰਮਿੰਦਰ ਪੂਰਾ ਅੱਖੜ ਸੀ! ਉਹ ਕਿੱਥੇ ਮੰਨਣ ਵਾਲਾ ਸੀ!"

"ਬਈ ਮੇਰੇ 'ਚੋਂ ਹਾਲੇ ਸੋਧਵਾਦ ਨਹੀਂ ਨਿਕਲਿਆ!" ਬਹਾਦਰ ਹੌਲੀ ਪਰ ਟਿਕਵੀਂ ਆਵਾਜ਼ ਵਿਚ ਆਖਦਿਆਂ ਠਹਾਕਾ ਮਾਰ ਕੇ ਹੱਸ ਪਿਆ। ਜਦੋਂ ਹਾਸਾ ਰਤਾ ਕੁ ਟਿਕਿਆ, ਨਿੱਖਰੀ ਹੋਈ ਰਾਤ ਵਲ ਵੇਖਦਿਆਂ ਗਮਧੂਰ ਨੇ ਹੌਲੀ ਜਿਹੀ ਆਖਿਆ, "ਲਿਖ ਕੇ ਇਕ ਹੋਰ ਸਾਥੀ ਨੇ ਵੀ ਦਿੱਤਾ ਸੀ। ਪਰ ਉਹਨੇ ਕਾਗਜ਼ ਆਪਣੇ ਕੋਲ ਈ ਰੱਖ ਲਿਆ ਸੀ!"

ਅੱਗੋਂ ਕੋਈ ਨਾ ਬੋਲਿਆ, ਇਕ ਚੁੱਪ ਜਿਹੀ ਤਣੀ ਰਹੀ, ਕਾਲੀ ਸ਼ੂਫ ਵਰਗੀ ਰਾਤ ਵਿਚ ਘਾਹ-ਬਿੰਡੇ ਭਿੰਨੀ ਜਿਹੀ ਸੁਰ ਅਲਾਪ ਰਹੇ ਸਨ। ਹੌਲੀ ਹੌਲੀ ਚੁੱਪ-ਚਾਪ ਤੁਰਦੇ ਉਹ ਵੱਡੀ ਸੜਕ ਤੱਕ ਪਹੁੰਚ ਗਏ ਸਨ, ਹਨੇਰੇ ਵਿਚ ਕਾਲੀ ਸੁਰਮਈ ਸੜਕ ਸਰਾਲ ਵਾਂਗ ਸੁੱਤੀ ਪਈ ਸੀ। ਦੂਰੋਂ ਇਕ ਟਰੱਕ ਦੀ ਗੂੰਜ ਸੁਣਾਈ ਦਿੱਤੀ। ਟਰੱਕ ਦੀਆਂ ਲਾਈਟਾਂ ਵੇਖ ਕੇ ਬਹਾਦਰ ਬੋਲਿਆ, "ਮੁੜੀਏ?"

ਟਰੱਕ ਦੇ ਨੇੜੇ ਆਉਣ ਤੋਂ ਪਹਿਲਾਂ ਹੀ ਉਹ ਮੁੜ ਪਏ। ਟਰੱਕ ਦੀ ਗੂੰਜ ਬਿਲਕੁਲ ਨੇੜੇ ਆ ਗਈ, ਲਾਈਟਾਂ ਦਾ ਚਾਨਣ ਉਨ੍ਹਾਂ ਤੱਕ ਪਹੁੰਚ ਕੇ ਪਰ੍ਹਾਂ ਹੁੰਦਾ ਜਾਂਦਾ ਸੀ। ਬਹਾਦਰ ਨੇ ਸੁਤੇ ਸਿੱਧ ਤੁਰਦਿਆਂ ਪੁੱਛਿਆ, "ਫੀਟਾ ਨ੍ਹੀਂ ਆਇਆ?"

"ਉਹਨੇ ਕੀ ਆਉਣਾ?" ਅਮੋਲਕ ਦੱਬਵੀਂ ਸੁਰ 'ਚ ਬੋਲਿਆ।

"ਕਿਉਂ?"

"ਨਿਰਵੈਰ ਦੱਸਦਾ ਸੀ, ਜਦੋਂ ਇਹ ਕਿੱਸਾ ਸ਼ੁਰੂ ਹੋਇਐ, ਨਿਰਵੈਰ ਨੇ ਉਹਦੇ ਨਾਲ ਗੱਲ ਕੀਤੀ! ਕਹਿੰਦਾ, ਐਕਸ਼ਨ ਵਾਲੀ ਗੱਲ ਸੁਣ ਕੇ ਸਾਲਾ ਮੂਤਣ ਲੱਗ ਪਿਆ!"

"ਹੱਛਿਆ!" ਗਮਧੂਰ ਹੈਰਾਨੀ ਨਾਲ ਕਹਿ ਕੇ ਅਮੋਲਕ ਦੇ ਹੋਰ ਨੇੜੇ ਹੋ ਗਿਆ, "ਉਂ ਤਾਂ ਕੰਜਰ ਬੜੀਆਂ ਗੱਲਾਂ ਮਾਰਦਾ ਹੁੰਦੈ! ਆਹ ਕਰ ਦਿਆਂਗੇ, ਅਹੁ ਕਰ ਦਿਆਂਗੇ!"

"ਇਹ ਬੰਦੇ ਇਹੋ-ਜਿਹੇ ਈ ਹੁੰਦੇ ਐ! ਗੱਜਣ ਵਾਲੇ ਵਰ੍ਹਦੇ ਨ੍ਹੀਂ ਹੁੰਦੇ!" ਬਹਾਦਰ ਨੇ ਆਵਾਜ਼ ਵਿਚ ਲੋਹੜੇ ਦੀ ਤਨਜ਼ ਭਰ ਕੇ ਆਖਿਆ, "ਫੀਟੇ ਹੋਰਾਂ ਦੀਆਂ ਚੱਕਵੀਆਂ ਗੱਲਾਂ ਦਾ ਮਤਲਬ 'ਤੋਰੀ-ਫੁਲਕਾ' ਚਲਾਉਣਾ ਹੁੰਦੈ!"

"ਫੇਰ ਘਰ ਬੈਠਣ!" ਗਮਧੂਰ ਨੇ ਗੁੱਸੇ ਨਾਲ ਥੁੱਕਿਆ, "ਐਵੇਂ ਕਿਉਂ ਗਲ 'ਚ ਝੋਲਾ ਪਾ ਕੇ ਰਾਹ ਮਿਧਦੇ ਫਿਰਦੇ ਐ!"

"ਅਸਲ ਵਿਚ!" ਅਮੋਲਕ, ਬਿਨਾ ਕਿਸੇ

(ਬਾਕੀ ਅਗਲੇ ਸਫੇ 'ਤੇ)



# ...ਤੇ ਮੰਨੂਵਾਦ ਇਕ ਵਾਰ ਫਿਰ ਜਿੱਤ ਗਿਆ!

*(ਸਫਾ 32 ਦੀ ਬਾਕੀ)*

ਉਨ੍ਹਾਂ ਦੇ ਆਰਥਿਕ ਤੇ ਸਮਾਜਿਕ ਸ਼ੋਸ਼ਣ ਦਾ ਜ਼ਿੰਮੇਵਾਰ ਹੈ। ਹਰੇਕ ਜੱਟ ਨੂੰ ਜ਼ਿਮੀਦਾਰ ਗਰਦਾਨਿਆ, ਭਾਵੇਂ ਕਿ ਉਹਦਾ ਕਨਾਲ਼ਾਂ ਦੀ ਮਾਲਕੀ ਵਾਲੀ ਜ਼ਿਮੀਦਾਰੀ ਨਾਲ ਗੁਜ਼ਾਰਾ ਕਈ ਦਲਿਤਾਂ ਨਾਲੋਂ ਵੀ ਔਖਾ ਸੀ। ਅਸਲ ਵਿਚ ਇਹ ਦੋਵੇਂ ਵਰਗ ਜਿਸ ਮੰਨੂਵਾਦ ਤੋਂ ਸ਼ੋਸ਼ਿਤ ਸਨ, ਉਹਦੀ ਪਛਾਣ ਨਾ ਕਰ ਸਕੇ।

ਅਗਲੀ ਗੱਲ ਜੋ ਆਪਾਂ ਨੇ ਸਾਂਝੀ ਕਰਨੀ ਹੈ, ਉਹ ਹੈ ਆਸਟਰੀਆ ਦਾ ਗੋਲੀ ਕਾਂਡ। ਇਸ ਵਿਚ ਇਕ ਸੰਤ ਰਾਮਾਨੰਦ ਦਾ ਕਤਲ ਤੇ ਦੂਜੇ ਸੰਤ ਨਿਰੰਜਣਦਾਸ ਦੇ ਜ਼ਖ਼ਮੀ ਹੋਣ ਪਿਛੋਂ ਜੋ ਕੁਝ ਪੰਜਾਬ ਵਿਚ ਵਾਪਰਿਆ ਉਹ ਕਿਸ ਦੀ ਸ਼ਹਿ 'ਤੇ ਇੰਨਾ ਵੱਡਾ ਹੁੜਦੰਗ ਮਚਿਆ, ਕਿਸ ਨੇ ਅੱਗ ਦਾ ਫਲੂਹਾ ਸੁੱਟਿਆ ਤੇ ਕਿਸ ਨੇ ਹਵਾ ਦੇ ਕੇ ਭਾਂਬੜ ਬਾਲੇ? ਇਕ ਵਰਗ ਨੇ ਇਸ ਹੁੱਲੜਬਾਜ਼ੀ ਦੌਰਾਨ ਕੀਤੇ ਅਰਬਾਂ ਰੁਪਏ ਦੇ ਨੁਕਸਾਨ ਬਾਰੇ ਸਿਰਫ਼ ਚੁੱਪ ਹੀ ਨਹੀਂ ਧਾਰੀ ਰੱਖੀ, ਸਗੋਂ ਸਾੜ-ਫੂਕ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਦੇ ਕੇ ਵਡਿਆਇਆ ਵੀ। ਪਤਾ ਨਹੀਂ ਇਹ ਕਿਵੇਂ ਹੱਥਾਂ ਵਿਚ ਟਕੂਏ, ਕਿਰਪਾਨਾਂ ਲੈ ਕੇ ਬੜੇ ਉਕਸਾਹਟ ਭਰੇ ਭੜਕਾਊ ਨਾਅਰੇ ਲਾ ਕੇ ਤੇ ਲੋਕਾਂ ਦੀਆਂ ਜਾਇਦਾਦਾਂ ਨੂੰ ਅੱਗਾਂ ਲਾ ਕੇ ਕਿਹੜਾ 'ਬੇਗਮਪੁਰਾ' ਵਸਾਉਣ ਲੱਗੇ ਸਨ। ਮੰਨਿਆ ਪਈ ਸੰਤ ਦੇ ਕਤਲ ਦਾ ਰੋਸਾ ਜ਼ਾਹਿਰ ਕਰਨਾ ਸੀ, ਪਰ ਇਹ ਕਿਹੜਾ ਤਰੀਕਾ ਹੋਇਆ, ਜੋ ਅੱਗੇ ਆਇਆ ਭੰਨ-ਤੋੜ ਦਿੱਤਾ, ਅੱਗ ਲਾ ਦਿੱਤੀ। ਇਨਾ ਹੀ ਨਹੀਂ, ਖਾਸ ਵਰਗ ਦੇ ਲੋਕਾਂ 'ਤੇ ਹਮਲੇ ਵੀ ਕਰਨ ਦੀ ਕੋਸ਼ਿਸ਼ ਕੀਤੀ। ਇਕ ਵਰਗ ਦੀਆਂ ਜਾਇਦਾਦਾਂ ਨੂੰ ਸ਼ਹਿਰਾਂ ਵਿਚ ਖਾਸ ਨਿਸ਼ਾਨਾ ਬਣਾਇਆ ਗਿਆ। ਪੂਰੀ ਰੀਝ ਨਾਲ ਲੁੱਟ ਕੀਤੀ, ਧਾਰਮਿਕ ਅਸਥਾਨਾਂ ਦੀ ਬੇਅਦਬੀ ਕਰਨ ਦੀਆਂ ਕੁਚਾਲਾਂ ਕੀਤੀਆਂ, ਸਿਤਮ ਦੀ ਗੱਲ ਕਿ ਇਹ ਕਰਤੂਤਾਂ ਕੀਤੀਆਂ ਵੀ ਕਰਫਿਊ ਦੌਰਾਨ, ਜਿਸ ਵੇਲੇ ਬਾਹਰ ਚਿੜੀ ਵੀ ਫੜਕ ਨਹੀਂ ਸਕਦੀ ਸੀ। ਘਟਨਾਵਾਂ ਤਾਂ ਬਹੁਤ ਵਾਪਰੀਆਂ ਜਿਹੜੀਆਂ ਖ਼ਬਰਾਂ ਨਹੀਂ ਬਣ ਸਕੀਆਂ। ਇਕ ਗੱਲ ਜ਼ਰੂਰ ਸਾਂਝੀ ਕਰਾਂਗਾ, ਜਿਹੜੀ ਅੱਖੀਂ ਦੇਖਣ ਵਾਲਿਆਂ ਤੋਂ ਪਤਾ ਲੱਗੀ। ਜਲੰਧਰ ਸ਼ਹਿਰ ਦੇ ਫਗਵਾੜੇ ਵਲ ਦੀ ਚੁੰਗੀ ਜੀ.ਟੀ. ਰੋਡ 'ਤੇ ਪਿੰਡ ਖਜੂਰਲੇ ਕੋਲ ਹੈ। ਉਥੇ ਹੀ ਟਰੱਕ ਪਾਰਕਿੰਗ ਵੀ ਹੈ ਤੇ ਬੜਾ ਮਸ਼ਹੂਰ ਹਵੇਲੀ ਰੈਸਟੋਰੈਂਟ ਵੀ ਉਥੇ ਹੀ ਹੈ। ਜਦੋਂ ਜਲੰਧਰ ਵਿਚ ਕਰਫਿਊ ਲਾ ਦਿੱਤਾ ਗਿਆ ਤਾਂ ਇਧਰੋ ਜਾਣ ਵਾਲੇ ਟਰੱਕ ਪਾਰਕਿੰਗ ਵਿਚ ਲਾ ਦਿੱਤੇ ਤੇ ਕੁਝ ਬਾਹਰ ਚੁੰਗੀ 'ਤੇ ਖੜ੍ਹੇ ਕਰ ਦਿੱਤੇ ਗਏ। ਹੁੜਦੰਗ ਮਚਾਉਂਦੀ ਮੁੰਡੀਰ ਨੇ ਬਾਹਰ ਖੜ੍ਹੇ ਟਰੱਕਾਂ 'ਚੋਂ ਸਾਮਾਨ ਲੁੱਟਣਾ ਸ਼ੁਰੂ ਕਰ ਦਿੱਤਾ ਤੇ ਕੁਝ ਟਰੱਕਾਂ ਨੂੰ ਬਾਵਜੂਦ ਮਾਲਕਾਂ ਦੇ ਮਿੰਨਤਾਂ-ਤਰਲੇ ਕਰਨ ਦੇ, ਇਸ ਕਰਕੇ ਅੱਗ ਲਾਈ ਕਿ ਉਨ੍ਹਾਂ 'ਤੇ ਲਿਖਿਆ ਹੋਇਆ ਸੀ, 'ਪੁੱਤ ਜੱਟਾਂ ਦੇ ਡਰਾਈਵਰ ਟਰੱਕਾਂ ਦੇ।' ਇਕ ਟਰੱਕ ਵਾਲਾ ਤਾਂ ਇਸ ਸਦਮੇ ਨੂੰ ਇਨਾ ਦਿਲ ਨਾਲ ਲਾ ਗਿਆ ਕਿ ਉਹਨੇ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕੀਤੀ, ਜਿਹੜੀ ਉਹਦੇ ਨਾਲ ਵਾਲਿਆਂ ਨੇ ਪੂਰੀ ਨਾ ਹੋਣ ਦਿੱਤੀ। ਉਸ ਦਾ ਕਹਿਣਾ ਸੀ ਕਿ ਉਸ ਦੇ ਘਰ ਜ਼ੁਆਨ ਧੀਆਂ ਵਿਆਹੁਣ ਵਾਲੀਆਂ ਹਨ ਅਤੇ ਉਸ ਕੋਲ ਤਾਂ ਸਿਆੜ ਵੀ ਜ਼ਮੀਨ ਦਾ ਨਹੀਂ, ਟਰੱਕ 'ਤੇ ਹੀ ਸਾਰਾ ਗੁਜ਼ਾਰਾ ਸੀ।

ਪੰਜਾਬ ਵਿਚ ਡੇਰਾ ਇਕ ਤਰ੍ਹਾਂ ਨਾਲ ਪੂਰੀ ਰਿਆਸਤ ਹੀ ਹੁੰਦੀ ਹੈ, ਜਿਸ ਨੂੰ ਸਿਆਸੀ ਟਰਮ ਵਿਚ ਸਟੇਟ ਵਿਦਿਨ ਸਟੇਟ ਕਿਹਾ ਜਾਂਦਾ ਹੈ। ਡੇਰੇਦਾਰ, ਜਿਸ ਨੂੰ ਅਕਸਰ ਸੰਤ ਦੇ ਲਕਬ ਨਾਲ ਹੀ ਜਾਣਿਆ ਜਾਂਦਾ, ਉਸ ਦੀ ਪੁਜ਼ੀਸ਼ਨ ਬੇਤਾਜ ਬਾਦਸ਼ਾਹ ਵਰਗੀ ਹੈ। ਸਗੋਂ ਉਸ ਤੋਂ ਵੀ ਵਧ, ਕਿਉਂਕਿ ਅੱਜ ਕੱਲ੍ਹ ਦੀ ਗੰਧਲੀ ਵੋਟ ਰਾਜਨੀਤੀ ਨੇ ਤਾਂ ਸਾਰੇ ਰਾਜਨੀਤਕ ਬਾਦਸ਼ਾਹਾਂ ਨੂੰ ਡੇਰੇਦਾਰਾਂ ਦੀਆਂ ਚੌਂਕੀਆਂ ਭਰਨ 'ਤੇ ਲਾਇਆ ਹੋਇਆ ਹੈ। ਡੇਰੇਦਾਰ ਦੀ ਹੈਸੀਅਤ ਉਸ ਦੇ ਡੇਰੇ ਦੀ ਮਨੌਤ 'ਤੇ ਨਿਰਭਰ ਕਰਦੀ ਹੈ। ਮਤਲਬ ਕਿ ਉਸ ਦੀ ਪਰਜਾ ਜਾਂ ਧਾਰਮਿਕ ਲਹਿਜੇ 'ਚ ਕਹਿ ਲਈਏ, ਪੈਰੋਕਾਰਾਂ ਦਾ ਦਾਇਰਾ ਕਿੰਨਾ ਕੁ ਵੱਡਾ ਹੈ। ਜਿੰਨਾ ਵੱਡਾ ਦਾਇਰਾ, ਓਨਾ ਹੀ ਵੱਡਾ ਡੇਰੇਦਾਰ, ਓਨੀ ਹੀ ਵੱਡੀ ਉਹਦੀ ਸਰਕਾਰੇ-ਦਰਬਾਰੇ ਪਹੁੰਚ। ਅਸਲ ਵਿਚ ਹੁਣ ਸਮਾਂ ਇਸ ਤਰ੍ਹਾਂ ਦਾ ਹੈ ਕਿ ਸਰਕਾਰ ਚਲਾਉਂਦੀ ਪਾਰਟੀ ਅਤੇ ਡੇਰੇਦਾਰ ਰਲ ਗਏ ਹਨ, ਜਿਹੜੇ ਪਰਜਾ ਨੂੰ ਦੋਹੀਂ ਹੱਥੀਂ ਲੁੱਟ ਰਹੇ ਹਨ। ਸਾਰੇ ਲੋਕਾਂ ਨੂੰ ਇਹ ਖੇਡ ਸਮਝ ਨਹੀਂ ਆਉਂਦੀ।

ਬਾਬੇ ਨਾਨਕ ਦੇ ਫੁਰਮਾਨ ਮੁਤਾਬਕ 'ਰਾਜੇ ਸ਼ੀਹ ਮੁਕੱਦਮ ਕੁੱਤੇ' ਵਾਲੀ ਗੱਲ ਅੱਜ ਕੋਈ ਘੱਟ ਨਹੀਂ ਢੁੱਕਦੀ। ਲੋਕਾਂ 'ਚ ਡੇਰੇਦਾਰ ਦੀ ਅੰਨੀ ਸ਼ਰਧਾ ਇਥੋਂ ਤੱਕ ਜਾ ਪਹੁੰਚੀ ਹੈ ਕਿ ਜਿਸ ਡੇਰੇਦਾਰ 'ਤੇ ਕਤਲ ਅਤੇ ਬਲਾਤਕਾਰ ਦੇ ਮੁਕੱਦਮੇ ਚਲਦੇ ਹੋਣ, ਉਸ ਵਲੋਂ ਪੈਦਾ ਕੀਤੇ ਅੰਗੂਰਾਂ ਦੀ ਟੋਕਰੀ ਸ਼ਰਧਾਲੂ 52 ਲੱਖ ਰੁਪਏ ਵਿਚ ਪ੍ਰਸ਼ਾਦ ਸਮਝ ਕੇ ਖਰੀਦ ਲੈਣ। ਹੱਦ ਹੋ ਗਈ ਯਾਰੋ!! ਹਰ ਦੂ ਲਾਹਣਤ ਆ ਐਦਾਂ ਦੀ ਸਾਧਗਿਰੀ ਦੇ। ਜਿਥੇ ਪ੍ਰਸ਼ਾਦ ਨੂੰ ਬੋਲੀ ਲਾ ਕੇ ਵੇਚਿਆ ਜਾਂਦਾ ਹੋਵੇ। ਉਦਾਂ ਪ੍ਰਚਾਰ ਕਰਨਗੇ, "ਸੰਗਤੇ ਮਾਇਆ ਨਾਗਣੀ ਤੋਂ ਪਰ੍ਹੇ ਰਹਿਓ।" ਐਹੋ ਜਿਹੇ ਸਾਧ ਦੇ ਸ਼ਰਧਾਲੂਆਂ ਨੂੰ ਕਿਸ ਵਰਗ ਵਿਚ ਰੱਖੀਏ ਜਿਹੜੇ ਪ੍ਰਸ਼ਾਦ ਨੂੰ ਮੰਡੀ ਦਾ ਮਾਲ ਬਣਾ ਦਿੰਦੇ ਹਨ।

ਕਈ ਵੱਡੇ ਡੇਰਿਆਂ ਵਿਚ ਵੀ ਨੰਬਰਾਂ ਦੀ ਸਿਆਸਤ ਚੱਲਦੀ ਲੱਗਦੀ ਹੈ। ਨੰਬਰ ਤੋਂ ਭਾਵ ਕਿ ਡੇਰੇ ਵਿਚ ਮੁੱਖੀ ਸੰਤ ਤੋਂ ਇਲਾਵਾ ਦੂਜੇ, ਤੀਜੇ ਨੰਬਰ ਵਾਲੇ ਸੰਤ ਵੀ ਹੁੰਦੇ ਹਨ। ਉਨ੍ਹਾਂ ਦੀ ਮਾਨਤਾ ਵੀ ਡੇਰੇ ਵਿਚ ਪੂਰੀ ਹੁੰਦੀ ਹੈ, ਪਰ ਰਾਜ ਨੰਬਰ ਇਕ ਵਾਲੇ ਡੇਰੇ ਮੁੱਖੀ ਦਾ ਹੀ ਚੱਲਦਾ ਹੈ। ਇਹ ਮਾਨਸਿਕ ਚਾਹਤ ਹਰੇਕ ਵਿਚ ਲੁਕੀ ਬੈਠੀ ਹੈ ਕਿ ਪਹਿਲੇ ਨੰਬਰ ਵਾਲੀ ਗੱਦੀ (ਕੁਰਸੀ) 'ਤੇ ਛੇਤੀ ਤੋਂ ਛੇਤੀ ਬੈਠਿਆ ਜਾਵੇ। ਇਸ ਲਈ ਹਰ ਬਣਦਾ ਤਰੱਦਦ ਵੀ ਕੀਤਾ ਜਾਂਦਾ ਹੈ। ਚਾਹਤ ਦੂਜੇ-ਤੀਜੇ ਨੰਬਰ ਵਾਲੇ ਸੰਤਾਂ ਵਿਚ ਵੀ ਹੋਣੀ ਸੁਭਾਵਿਕ ਹੀ ਹੈ ਕਿ ਕਦੋਂ ਡੇਰੇ ਦੇ ਮੁਖੀ ਬਣਨ। ਪਰ ਇਸ ਵਿਚ ਰੁਕਾਵਟ ਹੁੰਦੀ ਹੈ, ਗੱਦੀ 'ਤੇ ਪਹਿਲਾਂ ਬੈਠਾ ਡੇਰੇਦਾਰ। ਜਿੰਨਾ ਚਿਰ ਉਹ ਹੈਗਾ, ਪਿਛਲਿਆਂ ਦਾ ਚਾਂਸ ਬੜਾ ਘੱਟ ਹੁੰਦਾ ਹੈ। ਫਿਰ ਜਾਂ ਤਾਂ ਉਹ ਲੰਮੀ ਉਡੀਕ ਕਰਨ ਜਾਂ ਕੋਈ ਹੋਰ ਢੰਗ ਤਰੀਕਾ ਲੱਭਣ। ਇਸ ਤਰ੍ਹਾਂ ਦੀ ਉਧੇੜ-ਬੁਣ ਵਿਚ ਕਿਸੇ ਘਟਨਾ ਨੂੰ ਵੀ ਅੰਜ਼ਾਮ ਦਿਵਾਇਆ ਜਾ ਸਕਦਾ ਹੈ, ਭਾਵੇਂ ਕਿੱਡੀ ਵੀ ਮਾਰੂ ਕਿਉਂ ਨਾ ਹੋਵੇ।

ਵਿਆਨਾ ਵਿਚ ਚਲੀ ਗੋਲੀ ਅਤੇ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦੀ ਕੜੀ ਨੂੰ ਜੋੜਿਆਂ ਇਸ ਤਰ੍ਹਾਂ ਜਾਪਦਾ ਹੈ ਕਿ ਇਸ ਦੀ ਤਿਆਰੀ ਜਿੰਦਾਂ ਪਹਿਲਾਂ ਹੀ ਹੋਈ ਹੁੰਦੀ ਹੈ। ਵਿਆਨਾ ਵਿਚ ਗੋਲੀ ਦੱਸਦੇ ਨੇ ਕਿ ਐਤਵਾਰ ਵਾਲੇ ਦਿਨ 11 ਕੁ ਵਜੇ ਚੱਲੀ ਤੇ ਜਲੰਧਰ ਦੇ ਨਕੋਦਰ ਚੌਂਕ ਵਿਚ ਉਸੇ ਦਿਨ ਸ਼ਾਮ ਨੂੰ 5-6 ਵਜੇ ਸਾੜ-ਫੂਕ ਸ਼ੁਰੂ ਹੋ ਗਈ। ਪੰਜਾਬ ਦਾ ਟਾਈਮ ਆਸਟਰੀਆ ਨਾਲੋਂ 4 ਕੁ ਘੰਟੇ ਅੱਗੇ ਵੀ ਹੈ। ਭਾਵ ਕਿ ਵਿਆਨਾ ਵਾਰਦਾਤ ਤੋਂ ਤਕਰੀਬਨ ਦੋ ਘੰਟਿਆਂ ਬਾਅਦ ਹੀ ਵੱਡੇ ਪੱਧਰ 'ਤੇ ਇਕ ਵੱਡਾ ਹਜੂਮ ਰਾਡਾਂ, ਕਿਰਪਾਨਾਂ, ਬੈਟ ਤੇ ਤੇਲ ਲੈ ਕੇ ਕਾਰਵਾਈ 'ਤੇ ਉਤਰ ਆਇਆ। ਇਸ ਗੋਲੀ ਦੀ ਪਹਿਲੀ ਖ਼ਬਰ ਸਭ ਤੋਂ ਪਹਿਲਾਂ ਉਮੀਦ ਹੈ ਕਿ ਡੇਰਾ ਬੱਲਾਂ ਵਿਚ ਹੀ ਟੈਲੀਫੋਨ 'ਤੇ ਆਈ ਹੋਊ। ਇੰਨੇ ਥੋੜ੍ਹੇ ਸਮੇਂ ਵਿਚ ਤਾਂ ਅੱਖੀਂ ਦੇਖਣ ਵਾਲੇ ਵੀ ਕੋਈ ਅੰਦਾਜ਼ਾ ਨਹੀਂ ਲਾ ਸਕਦੇ ਕਿ ਘਟਨਾ ਦਾ ਕੀ ਕਾਰਨ ਹੈ ਅਤੇ ਜ਼ਖ਼ਮੀਆਂ ਦੀ ਹਾਲਤ ਕਿਹੋ ਜਿਹੀ ਹੈ। ਫਿਰ ਸੱਤ ਸਮੁੰਦਰੋਂ ਪਾਰ ਬਿਨਾ ਕਿਸੇ ਦੇਰੀ ਦੇ ਇਹ ਕਹਿ ਕੇ ਵੱਡਾ ਐਕਸ਼ਨ ਸ਼ੁਰੂ ਕਰ ਦਿੱਤਾ ਗਿਆ ਕਿ ਸੰਤ ਮਾਰੇ ਗਏ। ਕਿਤਿਉਂ ਤਾਂ ਇਸ ਦੀ ਹਰੀ ਝੰਡੀ ਮਿਲੀ ਹੋਊ? ਹੋਰ ਤਾਂ ਹੋਰ ਹੰਗਾਮਾਕਾਰੀ ਵੀ ਪਹਿਲਾਂ ਹੀ ਤਿਆਰ ਹੋਣਗੇ। ਅਗਲੇ ਦਿਨ ਸੋਮਵਾਰ ਤਾਂ ਫਿਰ ਸਾਰਾ ਪੰਜਾਬ ਹੀ ਇਸ ਦੀ ਲਪੇਟ ਵਿਚ ਸੀ। ਜੋ ਆਪਾਂ ਸਾਰਿਆਂ ਨੇ ਟੀ.ਵੀ. ਚੈਨਲਾਂ 'ਤੇ ਵੇਖ ਹੀ ਲਿਆ।

ਸਭ ਪਾਸਿਉਂ ਇਕੋ ਆਵਾਜ਼ ਸੀ ਕਿ ਵਿਆਨਾ ਗੋਲੀ ਚਲਾਉਣ ਵਾਲਿਆਂ ਨੂੰ ਸਖ਼ਤ ਸਜ਼ਾ ਦਿੱਤਾ ਜਾਵੇ। ਜਦੋਂ ਕਿ ਇਹ ਪਤਾ ਹੈ ਕਿ ਇੰਟਰਨੈਸ਼ਨਲ ਲਾਅ ਮੁਤਾਬਕ ਜਿਸ ਮੁਲਕ ਵਿਚ ਜ਼ੁਰਮ ਹੁੰਦਾ ਹੈ, ਉਸੇ ਹੀ ਮੁਲਕ ਦੇ ਕਾਨੂੰਨਾਂ ਅਨੁਸਾਰ ਕਾਰਵਾਈ ਕਰਨੀ ਹੁੰਦੀ ਹੈ। ਇਹ ਸਜ਼ਾ ਨਾ ਤਾਂ ਪੰਜਾਬ ਸਰਕਾਰ ਨੇ ਦੇਣੀ ਸੀ ਤੇ ਨਾ ਹੀ ਹਿੰਦੋਸਤਾਨ ਦੀ ਸਰਕਾਰ ਨੇ। ਨਾਲੇ ਇਹ ਵੀ ਪਤਾ ਲੱਗ ਗਿਆ ਸੀ ਕਿ ਗੋਲੀ ਚਲਾਉਣ ਵਾਲੇ ਫੜੇ ਗਏ ਹਨ ਤੇ ਆਸਟਰੀਆ ਦੀ ਪੁਲਿਸ ਇਸ ਨੂੰ ਬੜੀ ਗੰਭੀਰਤਾ ਨਾਲ ਲੈ ਰਹੀ ਹੈ। ਇਥੇ ਇਹ ਤਾਂ ਹੈ ਨਹੀਂ ਪਈ ਪੰਜਾਬ ਪੁਲਿਸ ਨੇ ਕਿਸੇ ਨੂੰ ਪੈਸੇ ਲੈ ਕੇ ਛੱਡ ਦੇਣਾ ਤੇ ਕੋਈ ਨਿਹੱਥਾ ਹੀ ਰਗੜ ਦੇਣਾ। ਇਸ ਦੇ ਬਾਵਜੂਦ ਐਡਾ ਵੱਡਾ ਉਪੱਦਰ ਤੇ ਇੰਨੇ ਵੱਡੇ ਸਰਕਾਰੀ ਤੇ ਲੋਕਾਂ ਦੇ ਮਾਲ ਦਾ ਨੁਕਸਾਨ, ਸਮਝੋਂ ਬਾਹਰ ਦੀ ਗੱਲ ਹੈ। ਕਿਸੇ ਨੇ ਅੱਜ ਤਾਈਂ ਇਹ ਗੱਲ ਪੁੱਛਣ ਦੀ ਜਹਿਮਤ ਨਹੀਂ ਕੀਤੀ ਕਿ ਪੰਜਾਬ 'ਚ ਮਚਾਇਆ ਹੁੜਦੰਗ ਕਿਸ ਨੇ ਸ਼ੁਰੂ ਕੀਤਾ। ਇਸ ਦੌਰਾਨ ਚਾਰ ਪੰਜ ਬੰਦੇ ਸਾੜ ਫੂਕ ਤੇ ਭੰਨ-ਤੋੜ ਕਰਦੇ ਹੋਏ ਮਾਰੇ ਵੀ ਗਏ ਤੇ ਪਿੱਛੇ ਪਰਿਵਾਰਾਂ 'ਚ ਛੱਡ ਗਏ ਨਿੱਕੇ ਨਿੱਕੇ ਨਿਆਣਿਆਂ ਤੇ ਬਜ਼ੁਰਗ ਮਾਪਿਆਂ ਨੂੰ ਲੋਕਾਂ ਦੇ ਰਹਿਮੋ-ਕਰਮ 'ਤੇ ਜੀਣ ਲਈ। ਜਿਨ੍ਹਾਂ ਦੇ ਨਾਵਾਂ 'ਤੇ ਬਾਹਰਲੇ ਮੁਲਕਾਂ ਵਿਚ ਬੈਠੇ ਕਈ ਸ਼ਾਤਰ-ਦਿਮਾਗਾਂ ਨੇ ਲੋਕਾਂ ਦੀਆਂ ਭਾਵਨਾਵਾਂ ਉਕਸਾ ਕੇ ਪੌਂਡਾਂ-ਡਾਲਰਾਂ ਦੀਆਂ ਪੰਡਾਂ ਡਕਾਰ ਜਾਣੀਆਂ।

ਇਸ ਸਾਰੇ ਘਟਨਾਕ੍ਰਮ ਵਿਚ ਪੰਜਾਬ ਸਰਕਾਰ ਦਾ ਰਵੱਈਆ ਫਸਾਦੀਆਂ ਨੂੰ ਹੱਲਾਸ਼ੇਰੀ ਦੇਣ ਵਾਲਾ ਰਿਹਾ। ਹੈਰਾਨੀ ਦੀ ਗੱਲ ਕਿ ਦੋ ਦਿਨਾਂ ਵਿਚ ਸਾਰੇ ਪੰਜਾਬ ਵਿਚ ਇਕ ਅੰਦਾਜ਼ੇ ਮੁਤਾਬਕ 1500 ਕਰੋੜ ਰੁਪਏ ਦੀ ਜਾਇਦਾਦ ਤਬਾਹ ਹੋ ਗਈ। ਜਦੋਂ ਫਸਾਦੀ ਬੱਸਾਂ, ਟਰੇਨਾਂ, ਟਰੱਕਾਂ, ਕਾਰਾਂ, ਸਟੋਰਾਂ ਅਤੇ ਇਥੋਂ ਤੱਕ ਕਿ ਪ੍ਰਾਈਵੇਟ ਹਸਪਤਾਲਾਂ ਨੂੰ ਅੱਗਾਂ ਲਾ ਰਹੇ ਸਨ ਜਾਂ ਭੰਨ-ਤੋੜ ਕਰ ਰਹੇ ਸਨ ਤਾਂ ਪੰਜਾਬ ਪੁਲਿਸ ਖੜ੍ਹੀ ਦੇਖਦੀ ਸੀ ਤੇ ਪੰਜਾਬ ਦਾ ਸ਼ਹਿਜ਼ਾਦਾ ਉਪ-ਮੁੱਖ ਮੰਤਰੀ ਬਿਆਨ ਦਿੰਦਾ ਸੀ, "ਪਈ ਸਭ ਕੁਝ ਕੰਟਰੋਲ ਅਧੀਨ ਹੈ।" ਦੁੱਖ ਇਸ ਗੱਲ ਦਾ ਵੀ ਹੈ ਕਿ ਉਸ ਵੇਲੇ ਬੱਲਾਂ ਡੇਰੇ ਦੇ ਛੋਟੇ ਸੰਤਾਂ ਵਲੋਂ ਆਪਣੇ ਪੈਰੋਕਾਰਾਂ ਨੂੰ ਹਿੰਸਕ ਕਾਰਵਾਈਆਂ ਤੋਂ ਵਰਜਿਆ ਨਹੀਂ ਗਿਆ। ਸਿਰਫ ਤੀਜੇ ਦਿਨ ਆਪਸੀ ਭਾਈਚਾਰਾ ਕਾਇਮ ਰੱਖਣ ਦੀ ਹੀ ਗੱਲ ਕਹੀ ਗਈ।

ਇਕ ਪੱਖ ਵਿਆਨਾ ਗੋਲੀਕਾਂਡ ਦਾ ਜੋ ਹੋਰ ਸਾਹਮਣੇ ਆਇਆ ਉਹ ਇਹ ਹੈ ਕਿ ਪੰਜਾਬ ਦੀ ਹਰ ਸਿਆਸੀ ਪਾਰਟੀ ਨੇ ਸੰਤ ਰਾਮਾਨੰਦ ਜੀ ਦੀ ਮੌਤ ਨੂੰ ਵੋਟਾਂ ਦੀ ਤੱਕੜੀ 'ਚ ਰੱਖ ਕੇ ਹੀ ਅਗਾਂਹ ਪੈਰ ਪਾਇਆ, ਨਾ ਕਿ ਸੋਗ ਮਨਾਉਣ ਦੀ ਪੁਜ਼ੀਸ਼ਨ ਵਿਚ। ਸਭ ਤੋਂ ਪਹਿਲਾਂ ਬਾਦਲ ਅਕਾਲੀ ਦਲ ਦੀ ਜੇ ਗੱਲ ਕਰੀਏ ਇਹ ਤਾਂ ਸਿਆਸਤ ਹੀ ਡੇਰਿਆਂ ਦੇ ਸਿਰ 'ਤੇ ਕਰਦਾ ਹੈ ਜਾਂ ਵੱਡੇ ਮੰਨੂਵਾਦੀ ਅਡਵਾਨੀ ਦੀ ਸੋਚ 'ਤੇ ਪਹਿਰਾ ਦੇ ਕੇ, ਤਾਂ ਕਿ ਉਹ ਤੇ ਉਹਦਾ ਪਰਿਵਾਰ ਪੰਜਾਬ 'ਤੇ ਇੱਛਿਆਧਾਰੀ ਨਾਗ ਬਣ ਕੇ ਬੈਠਾ ਰਹੇ। ਇਹ ਗੱਲ ਡੇਰੇਦਾਰਾਂ ਨੂੰ ਵੀ ਪਤਾ ਹੈ ਕਿ ਭਾਵੇਂ ਉਹਦੇ ਪੈਰੋਕਾਰ ਸਾਰਾ ਪੰਜਾਬ ਫੂਕ ਦੇਣ, ਪਰ ਵੱਡੇ ਬਾਦਲ ਨੇ ਆ ਕੇ ਬਹਿਣਾ ਫਿਰ ਵੀ ਉਹਦੇ ਪੈਰਾਂ ਵਿਚ ਹੀ ਹੈ। ਪੰਜਾਬ ਕਾਂਗਰਸ ਦਾ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਆਪ ਭੀੜ ਦੀ ਅਗਵਾਈ ਕਰਕੇ ਸੜਕਾਂ ਰੋਕਦਾ ਫਿਰਦਾ ਸੀ ਤੇ ਭੜਕਾਊ ਨਾਅਰੇ ਲਾਉਣ ਵਾਲਿਆਂ ਦੀ ਭੀੜ ਦਾ ਮੋਹਰੀ ਸੀ। ਇਹ ਤਾਂ ਪਤਾ ਨਹੀਂ ਕਿ ਡੇਰਾ ਬੱਲਾਂ ਦਾ ਉਹ ਕਿੰਨਾ ਕੁ ਸ਼ਰਧਾਲੂ ਰਿਹਾ ਹੋਊ। ਤੀਜੀ ਪਾਰਟੀ ਉਥੇ ਹੈ ਬਹੁਜਨ ਸਮਾਜ ਪਾਰਟੀ ਜਿਹੜੀ ਆਪਣੇ ਆਪ ਨੂੰ ਦਲਿਤਾਂ ਦੀ ਇਕੋ ਇਕ ਭਲਾਈ ਵਾਲੀ ਪਾਰਟੀ ਸਮਝੀ ਬੈਠੀ ਹੈ ਤੇ ਜਿਹੜੀ ਸਭ ਤੋਂ ਵਧ ਮੰਨੂਵਾਦ ਦਾ ਰਾਗ ਅਲਾਪ ਕੇ ਵੋਟਾਂ ਲੈਣ ਦੀ ਕੋਸ਼ਿਸ਼ ਕਰਦੀ ਹੈ।

ਅੱਜ ਕੱਲ੍ਹ ਸਭ ਤੋਂ ਵਧ ਮੰਨੂਵਾਦ ਦਾ ਪਹਿਰਾ ਇਸ ਪਾਰਟੀ ਦੀ ਮੁਖੀ ਬੀਬੀ ਮਾਇਆਵਤੀ 'ਤੇ ਰਹਿੰਦਾ ਹੈ। ਜਿਸ ਮਨੂੰਵਾਦ ਨੂੰ ਇਹ ਬੁੱਤ ਪੂਜਕ ਤੇ ਲੱਛਮੀ (ਮਾਇਆ) ਦਾ ਪੁਜਾਰੀ ਕਹਿ ਕੇ ਨਿੰਦਦੀ ਰਹੀ, ਅੱਜ ਉਹ ਆਪਣੇ ਹੀ ਬੁੱਤ ਬਣਾ ਕੇ ਅਤੇ ਜਨਮ ਦਿਨ 'ਤੇ ਅਰਬਾਂ ਰੁਪਏ ਦੇ ਤੋਹਫੇ ਲੈਂਦੀ ਫਿਰਦੀ ਹੈ। ਫਿਰ ਵੀ ਦਲਿਤਾਂ ਦੀ ਮਸੀਹਾ ਕਹਾਉਂਦੀ ਥੱਕਦੀ ਨਹੀਂ ਜਦੋਂ ਕਿ ਸਭ ਤੋਂ ਵਧ ਜ਼ੁਲਮ ਉਸ ਦੀ ਆਪਣੀ ਸਰਕਾਰ ਵਾਲੇ ਸੂਬੇ ਯੂ.ਪੀ. 'ਚ ਦਲਿਤਾਂ 'ਤੇ ਹੋ ਰਹੇ ਹਨ। ਉਹਦੀ ਪਾਰਟੀ ਦਾ ਪੰਜਾਬ ਦਾ ਮੁਖੀ ਅਵਤਾਰ ਸਿੰਘ ਕਰੀਮਪੁਰੀ ਹੈ ਤੇ ਦਲਿਤਾਂ ਨਾਲ ਸਬੰਧਤ ਹੋਣ ਕਰਕੇ ਡੇਰਾ ਬੱਲਾਂ 'ਤੇ ਉਹ ਆਪਣਾ ਖਾਸ ਰਾਜਨੀਤਕ ਹੱਕ ਸਮਝਦਾ ਹੈ। ਉਸ ਨੇ ਸੰਤ ਰਾਮਾਨੰਦ ਦੀ ਮੌਤ ਉਪਰੰਤ ਪੰਜਾਬ 'ਚ ਕੀਤੀ ਹਿੰਸਾ 'ਤੇ ਸੋਗ ਵਿਚ ਬਿਆਨ ਦਿੱਤਾ, "ਡਾਂਗ ਸਿਰ 'ਚ ਮਾਰਨ ਦੀ ਲੋੜ ਨਹੀਂ ਹੁੰਦੀ, ਡਾਂਗ ਨੂੰ ਸੰਮ ਰਾਜਨੀਤਕ ਤਾਕਤ ਦੇ ਲਾਉਣੇ ਚਾਹੀਦੇ ਹਨ।" ਇਥੋਂ ਹੀ ਜ਼ਾਹਿਰ ਹੁੰਦਾ ਹੈ ਕਿ ਸੰਤ ਦੀ ਮੌਤ ਦਾ ਉਸ ਨੂੰ ਕਿੰਨਾ ਕੁ ਸੋਗ ਸੀ। ਚੌਥੀ ਪਾਰਟੀ ਹੈ, ਸਵਰਨ ਜਾਤਾਂ ਦੀ ਮਤਲਬ ਬੀ.ਜੇ.ਪੀ., ਜਿਸ ਨੂੰ ਜਮਾਂਦਰੂ ਹੀ ਨਫ਼ਰਤ ਹੈ ਘੱਟ ਗਿਣਤੀ ਵਾਲਿਆਂ ਤੋਂ ਅਤੇ ਅਛੂਤਾਂ ਤੋਂ। ਇਹ ਸਿੱਧਾ ਤਾਂ ਡੇਰਾ ਬੱਲਾਂ 'ਚ ਜਾ ਕੇ ਕੁਝ ਕਰ ਨਹੀਂ ਸਕਦੇ ਸਨ, ਪਰ ਇਨ੍ਹਾਂ ਦੀ ਅਸਰ ਵਾਲੀ ਜਲੰਧਰ ਪ੍ਰੈੱਸ ਨੇ ਵਿਆਨਾ ਕਾਂਡ ਨੂੰ ਬੜੇ ਫਿਰਕੂ ਤਰੀਕੇ ਨਾਲ ਪੇਸ਼ ਕੀਤਾ। ਇਸ ਵਿਚ ਲਿਖਿਆ ਗਿਆ ਕਿ ਸੰਤਾਂ ਨੂੰ ਮਾਰਨ ਵਾਲੇ ਇਕ ਖਾਸ ਵਰਗ ਨਾਲ ਸਬੰਧਤ ਹਨ ਤੇ ਡੇਰਾ ਬੱਲਾਂ ਦੇ ਕੱਟੜ ਦੁਸ਼ਮਣ ਵੀ ਹਨ। ਕਹਿਣ ਦਾ ਭਾਵ ਕਿ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਇਸ ਘਟਨਾ ਨੂੰ ਫਿਰਕਾਪ੍ਰਸਤੀ ਦਾ ਰੰਗ ਚਾੜ੍ਹ ਕੇ ਦੋ ਵਰਗਾਂ ਵਿਚ ਨਫ਼ਰਤ ਪੈਦਾ ਕਰਨ ਦੀ ਕੁਚਾਲ ਚੱਲੀ ਤੇ ਕਾਫੀ ਹੱਦ ਤੱਕ ਕਾਮਯਾਬ ਵੀ ਰਹੀ। ਇਹਦਾ ਐਨਾ ਅਸਰ ਕਬੂਲਿਆ ਗਿਆ ਕਿ ਡੇਰਾ ਬੱਲਾਂ ਦੇ ਪੈਰੋਕਾਰਾਂ ਵਲੋਂ ਉਸੇ ਤਰ੍ਹਾਂ ਦੇ ਨਾਅਰੇ ਲਾਏ ਗਏ, ਜਿੰਦਾਂ ਦੇ 80ਵਿਆਂ ਵਿਚ ਜਨੂੰਨੀ ਭੜਕਾਹਟ ਵੇਲੇ ("ਕੱਛ, ਕੜਾ, ਕ੍ਰਿਪਾਨ, ਇਨ੍ਹਾਂ ਨੂੰ ਧੱਕੋ ਪਾਕਿਸਤਾਨ") ਇਸ ਪਾਰਟੀ ਵਾਲਿਆਂ ਨੇ ਅੰਮ੍ਰਿਤਸਰ ਵਿਚ ਲਾਏ ਸਨ। ਹੁਣ ਵਾਲੇ ਨਾਅਰੇ ਕੁਝ ਇਦਾਂ ਦੇ ਸਨ, "ਇਕੀ ਦੁੱਕੀ ਰਹਿਣ ਨ੍ਹੀਂ ਦੇਣਾ, ਜੱਟ ਬੰਨੇ 'ਤੇ ਬਹਿਣ ਨ੍ਹੀਂ ਦੇਣਾ।" ਹੁਣ ਸੋਚੋ ਪਈ ਗੋਲੀ ਤਾਂ ਚੱਲੀ ਵਿਆਨਾ 'ਚ ਤੇ ਪਿੰਡ ਬੈਠਾ ਜੱਟ ਕਿੱਦਾਂ ਕਸੂਰਵਾਰ ਹੋਇਆ। ਜਿੰਦਾਂ ਦੇ ਇਹ ਭੜਕਾਊ ਨਾਅਰੇ ਸਨ, ਜੇ ਕਿਤੇ ਮਾੜੀ ਕਿਸਮਤ ਨੂੰ ਦੂਜਾ ਪਾਸਾ ਵੀ ਜੁਆਬ ਦੇਣ ਲਈ ਉਠ ਖੜ੍ਹਦਾ ਤਾਂ 1947 ਦੇ ਰੌਲ਼ਿਆਂ ਤੋਂ ਵੀ ਨਤੀਜੇ ਭਿਆਨਕ ਹੋਣੇ ਸਨ।

ਡੇਰਾ ਬੱਲਾਂ ਅਤੇ ਉਥੋਂ ਦੇ ਸੰਤਾਂ ਦੇ ਧਾਰਮਿਕ ਪ੍ਰਚਾਰ ਦੀ ਜਿਥੋਂ ਤੱਕ ਗੱਲ ਹੈ, ਉਸ ਨੇ ਮੁੱਖ ਤੌਰ 'ਤੇ ਭਗਤ ਰਵਿਦਾਸ ਮਹਾਰਾਜ ਜੀ ਦੀ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਪ੍ਰਚਾਰ ਤੱਕ ਹੀ ਜ਼ਿਆਦਾ ਸੀਮਿਤ ਰੱਖਿਆ ਹੋਇਆ ਤੇ ਸ਼ਬਦ ਗੁਰੂ ਦੀ ਬਜਾਏ ਦੇਹਧਾਰੀ ਸੰਤਾਂ ਦੀ ਮਨੌਤ 'ਤੇ ਜ਼ੋਰ ਦਿੱਤਾ ਹੋਇਆ ਹੈ। ਪਹਿਲਾਂ ਤਾਂ ਸ਼ਾਇਦ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਹੀ ਲੈਂਦੇ ਹੋਣਗੇ, ਪਰ ਹੁਣ ਤਾਂ ਨਾ ਹੀ ਸੰਤ ਰਾਮਾਨੰਦ ਦੀ ਅੰਤਿਮ ਅਰਦਾਸ ਸਮੇਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਅਤੇ ਨਾ ਹੀ ਪ੍ਰਕਾਸ਼। ਕਾਰਨ ਸਾਫ ਹੈ ਕਿ ਗੁਰਬਾਣੀ ਨਾਲੋਂ ਵਧ (ਸਮੇਤ ਭਗਤ ਰਵਿਦਾਸ ਜੀ ਦੇ) ਇਨ੍ਹਾਂ ਸੰਤਾਂ ਨੇ ਆਪਣੀ ਪੂਜਾ ਕਰਾਉਣੀ ਸੀ। ਸਾਰੇ ਸਾਧੂ-ਸੰਤ ਜੇਕਰ ਭਗਤ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ 'ਤੇ ਚੱਲਣ ਤਾਂ ਸਰਬ ਸਾਂਝੀਵਾਲਤਾ ਦਾ ਸੁਨੇਹਾ ਪ੍ਰਮੁੱਖ ਹੋਵੇਗਾ। ਫਿਰ ਕੀ ਬੱਲਾਂ ਵਾਲੇ ਸੰਤਾਂ ਵਲੋਂ ਜੋ ਵੱਖਰੇ ਰਵਿਦਾਸੀਏ ਸੰਪਰਦਾ ਵਾਲੇ ਗੁਰਦੁਆਰੇ ਬਣਾਉਣੇ ਸ਼ੁਰੂ ਕੀਤੇ ਗਏ ਹਨ, ਉਹ ਠੀਕ ਹਨ? ਇਤਿਹਾਸ ਦੇ ਖੋਜਕਾਰਾਂ ਅਨੁਸਾਰ ਗੁਰੂ ਨਾਨਕ ਜੀ ਭਗਤ ਰਵਿਦਾਸ ਜੀ ਨੂੰ ਮਿਲੇ ਤੇ ਕਈ ਦਿਨ ਪ੍ਰਮਾਰਥ ਦੀਆਂ ਗੱਲਾਂ ਹੁੰਦੀਆਂ ਰਹੀਆਂ।

ਜਿਥੇ ਦਲਿਤਾਂ ਤੇ ਹੋਰ ਬਰਾਦਰੀਆਂ ਖਾਸ ਕਰਕੇ ਜੱਟਾਂ ਵਿਚ ਪਾੜਾ ਵਧਿਆ, ਉਥੇ ਕਥਿਤ ਦਲਿਤ ਵੀ ਤਿੰਨ ਹਿਸਿਆਂ ਵਿਚ ਵੰਡੇ ਗਏ। ਇਕ ਹਿੱਸਾ ਤਾਂ ਪਹਿਲਾਂ ਹੀ ਬਿਪਰ ਨੂੰ ਤਿਆਗ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਸਜੇ ਹੋਏ ਹਨ। ਜਿਨ੍ਹਾਂ ਦਾ ਪ੍ਰੇਰਨਾ ਸ੍ਰੋਤ ਸਿਰਫ ਤੇ ਸਿਰਫ ਗੁਰੂ ਗ੍ਰੰਥ ਸਾਹਿਬ ਹੈ। ਉਹ ਕਿਸੇ ਡੇਰੇ ਵਲ ਮੂੰਹ ਵੀ ਨਹੀਂ ਕਰਦੇ। ਜਿਨ੍ਹਾਂ ਨੇ ਆਪਣਾ ਸਿਰ ਸੱਚਖੰਡ ਦਰਬਾਰ ਸਾਹਿਬ ਝੁਕਾਇਆ ਹੋਇਆ ਹੈ, ਉਹ ਸਿਵਾਏ ਗੁਰੂ ਅਤੇ ਅਕਾਲ ਪੁਰਖ ਤੋਂ ਕਿਸੇ ਦੇਹਧਾਰੀ ਨੂੰ ਆਪਣਾ ਮਸੀਹਾ ਨਹੀਂ ਸਮਝਦੇ। ਇਕ ਹਿੱਸਾ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਵੱਖ ਨਹੀਂ ਦੇਖਣਾ ਚਾਹੁੰਦਾ ਤੇ ਹੋਰ ਕੱਚੀ-ਪਿੱਲੀ ਮਿਲਾਵਟ ਨੂੰ ਭਗਤ ਜੀ ਦੀ ਬਾਣੀ ਨਹੀਂ ਮੰਨਦਾ। ਤੀਜਾ ਜੋ ਡੇਰਾ ਬੱਲਾਂ ਵਾਲਿਆਂ ਦੇ ਅਸਰ ਵਿਚ ਆ ਗਿਆ, ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਸਮੇਤ ਭਗਤ ਰਵਿਦਾਸ ਜੀ ਦੀ ਬਾਣੀ ਤੋਂ ਹੀ ਮੂੰਹ ਫੇਰ ਲਿਆ। ਇਹੋ ਕੁਝ ਮੰਨੂਵਾਦ ਚਾਹੁੰਦਾ ਸੀ।

#

***ਪੰਜਾਬ ਵਿਚ ਡੇਰਾ ਇਕ ਤਰ੍ਹਾਂ ਨਾਲ ਪੂਰੀ ਰਿਆਸਤ ਹੀ ਹੁੰਦੀ ਹੈ, ਜਿਸ ਨੂੰ ਸਿਆਸੀ ਟਰਮ ਵਿਚ ਸਟੇਟ ਵਿਦਿਨ ਸਟੇਟ ਕਿਹਾ ਜਾਂਦਾ ਹੈ। ਡੇਰੇਦਾਰ, ਜਿਸ ਨੂੰ ਅਕਸਰ ਸੰਤ ਦੇ ਲਕਬ ਨਾਲ ਹੀ ਜਾਣਿਆ ਜਾਂਦਾ, ਉਸ ਦੀ ਪੁਜ਼ੀਸ਼ਨ ਬੇਤਾਜ ਬਾਦਸ਼ਾਹ ਵਰਗੀ ਹੈ। ਸਗੋਂ ਉਸ ਤੋਂ ਵੀ ਵਧ, ਕਿਉਂਕਿ ਅੱਜ ਕੱਲ੍ਹ ਦੀ ਗੰਧਲੀ ਵੋਟ ਰਾਜਨੀਤੀ ਨੇ ਤਾਂ ਸਾਰੇ ਰਾਜਨੀਤਕ ਬਾਦਸ਼ਾਹਾਂ ਨੂੰ ਡੇਰੇਦਾਰਾਂ ਦੀਆਂ ਚੌਂਕੀਆਂ ਭਰਨ 'ਤੇ ਲਾਇਆ ਹੋਇਆ ਹੈ। ਡੇਰੇਦਾਰ ਦੀ ਹੈਸੀਅਤ ਉਸ ਦੇ ਡੇਰੇ ਦੀ ਮਨੌਤ 'ਤੇ ਨਿਰਭਰ ਕਰਦੀ ਹੈ। ਮਤਲਬ ਕਿ ਉਸ ਦੀ ਪਰਜਾ ਜਾਂ ਧਾਰਮਿਕ ਲਹਿਜੇ 'ਚ ਕਹਿ ਲਈਏ, ਪੈਰੋਕਾਰਾਂ ਦਾ ਦਾਇਰਾ ਕਿੰਨਾ ਕੁ ਵੱਡਾ ਹੈ। ਜਿੰਨਾ ਵੱਡਾ ਦਾਇਰਾ, ਓਨਾ ਹੀ ਵੱਡਾ ਡੇਰੇਦਾਰ, ਓਨੀ ਹੀ ਵੱਡੀ ਉਹਦੀ ਸਰਕਾਰੇ-ਦਰਬਾਰੇ ਪਹੁੰਚ।***

---

# ਜ਼ਖ਼ਮੀ ਦਰਿਆ

ਵਲ ਵੇਖਿਆਂ, ਬੇਹੱਦ ਟਿਕਵੀਂ ਆਵਾਜ਼ ਵਿਚ ਬੋਲਿਆ, "ਫੀਟਾ ਕਦੇ ਕਹਿੰਦਾ-ਕਹਾਉਂਦਾ ਸਰਗਰਮ ਵਰਕਰ ਸੀ।"

"ਸਰਗਰਮ ਵਰਕਰ ਤਾਂ ਉਹ ਹੁਣ ਵੀ ਐ!"

ਹਰਪਾਲ ਨੇ ਬਹਾਦਰ ਦੇ ਮੂੰਹ ਵਲ ਵੇਖਿਆ, ਹਨੇਰੇ ਕਾਰਨ ਉਹ ਕੁਝ ਨਾ ਜਾਣ ਸਕਿਆ।

"ਵੱਡੀ ਗੱਲ ਫਰਸਟਰੇਸ਼ਨ ਦੀ ਐ, ਇਕ ਫੀਟੇ ਦੀ ਗੱਲ ਥੋੜੋ ਐ! ਹੋਰ ਕਿੰਨੇ ਐ, ਅਵਤਾਰ, ਮੱਲ, ਇਹ ਸਾਰੇ ਹੁਣ ਕੀ ਦੇ ਕੀ ਬਣ ਗਏ! ਫੀਟਾ ਫੇਰ ਉਨ੍ਹਾਂ ਨਾਲੋਂ ਚੰਗਾ ਐ, ਜਿਹੜਾ ਲਹਿਰ ਨੂੰ ਜਿਉਂਦੀ ਰੱਖਣ ਵਿਚ ਸਹਾਈ ਹੋ ਰਿਹਾ ਐ! ਤੇ ਦੂਜੇ ਮਿੱਟੀ ਪੱਟੀ ਜਾਂਦੇ ਐ।"

"ਕਾਮਰੇਡ!" ਗਮਧੂਰ ਕਰੜੀ ਆਵਾਜ਼ ਵਿਚ ਬੋਲਿਆ, "ਲਹਿਰਾਂ ਗੱਲੀਂ ਬਾਤੀਂ ਨ੍ਹੀਂ ਜਿਉਂਦੀਆਂ ਰਹਿੰਦੀਆਂ! ਕੁਸ਼ ਕਰਨਾ ਪੈਂਦੈ। ਨਹੀਂ ਲੋਕ ਕਾਣੀਂ-ਕੌਡੀ ਬਦਲੇ ਨ੍ਹੀਂ ਪਛਾਣਦੇ!"

"ਲੋਕਾਂ ਦਾ ਕੀ ਐ। ਲੋਕ ਤਾਂ ਸਾਧਾ ਸੰਤਾਂ ਮਗਰ ਹੋ ਤੁਰਦੇ ਐ!"

"ਤਾਂ ਈ ਤੁਰਦੇ ਐ, ਜੇ ਅਸੀਂ ਕੁਸ਼ ਕਰਦੇ ਨਹੀਂ।"

"ਤੂੰ ਕੀ ਕਰਦੈਂ?" ਅਮੋਲਕ ਨੇ ਹਨੇਰੇ ਵਿਚ ਗਮਧੂਰ ਵਲ ਅੱਖਾਂ ਕੱਢੀਆਂ, "ਤੂੰ ਵੀ ਗੱਲਾਂ ਈ ਕਰਦੈਂ!"

"ਜੇ ਮੈਂ ਗੱਲਾਂ ਕਰਦਾਂ, ਸਾਥੀ, ਚੀਨੀ ਇਨਕਲਾਬ ਦਾ ਮੁੱਢ ਤਾਂ ਤੂੰ ਵੀ ਨ੍ਹੀਂ ਬੰਨ੍ਹ ਰਿਹਾ!"

"ਯਾਰ, ਤੁਸੀਂ ਲੜਦੇ ਕਿਉਂ ਐਂ।" ਬਹਾਦਰ ਨੇ ਉਨ੍ਹਾਂ ਨੂੰ ਟਿਕਾਉਣ ਵਾਸਤੇ ਵਗ ਕੇ ਉਨ੍ਹਾਂ ਵਲ ਜਾਂਦਿਆਂ ਆਖਿਆ, "ਫੀਟੇ ਦੀ ਗੱਲ ਪਿੱਛੇ ਆਪਾਂ ਆਪਣੀ ਅਕਲ ਦਾ ਦਿਵਾਲਾ ਕਿਉਂ ਕੱਢਦੇ ਆਂ। ਉਹ ਵੀ ਬੰਦਾ ਈ ਐ, ਏਨਾ ਸਮਾਂ ਗ਼ਾਲ ਕੇ ਜਦੋਂ ਕਿਸੇ ਦੇ ਹੱਥ ਕੁਸ਼ ਨਹੀਂ ਲਗਦਾ, ਉਹਦਾ ਥਿੜ੍ਹਕ ਜਾਣਾ ਮਮੂਲੀ ਗੱਲ ਐ!"

ਹਰਪਾਲ ਉਨ੍ਹਾਂ ਦੀ ਕੁੜੱਤਣ ਭਰੀ ਬਹਿਸ ਸੁਣ ਕੇ ਸ਼ਸ਼ੋਪੰਜ ਵਿਚ ਪੈ ਗਿਆ। ਬਹਾਦਰ ਹੋਰ ਗੱਲਾਂ ਦੱਸਣ ਲੱਗ ਪਿਆ।

ਥੋੜੀ ਦੇਰ ਮਗਰੋਂ ਅਮੋਲਕ ਨੇ ਰਜਾਈ ਦਾ ਲੜ ਚੁੱਕ ਕੇ ਵੇਖਿਆ। ਦੂਸਰਿਆਂ ਮੰਜਿਆਂ ਤੋਂ ਦਬਵੇਂ-ਘੁਰਾੜੇ ਆ ਰਹੇ ਸਨ, ਪਰ ਉਸ ਦੀ ਅੱਖ ਲੱਗਣ ਵਿਚ ਨਹੀਂ ਆਉਂਦੀ ਸੀ। ਗਮਧੂਰ ਨਾਲ ਹੋਈ ਨਿੱਕੀ ਜਿਹੀ ਝੜਪ ਉਸ ਦੇ ਦਿਮਾਗ ਵਿਚ ਸਾਂ ਸਾਂ ਕਰ ਰਹੀ ਸੀ। "ਗਮਧੂਰ ਨੇ ਕੀ ਕਮਲ਼ ਮਾਰਿਐ! ਉਹਨੇ ਇਉਂ ਕਾਹਤੋਂ ਆਖਿਐ, ਲਿਖ ਕੇ ਤਾਂ ਇਕ ਹੋਰ ਬੰਦੇ ਨੇ ਵੀ ਦਿੱਤਾ ਸੀ। ਗ਼ਲਤੀਆਂ ਬੰਦੇ ਤੋਂ ਹੋ ਈ ਜਾਂਦੀਆਂ।" ਕਿੰਨਾ ਚਿਰ ਪਾਸੇ ਪਲਟਦਿਆਂ ਉਸ ਲੰਘਾ ਦਿੱਤਾ, ਅੱਚਵੀ ਕਾਰਨ ਉਸ ਦਾ ਦਿਲ ਫੜੱਕ ਫੜੱਕ ਵਜ ਰਿਹਾ ਸੀ। ਕਮਰਾ ਮਨੁੱਖੀ ਸਾਹਾਂ ਨਾਲ ਦਬਵੀਂ-ਸੁਰ ਵਿਚ ਸੂਕ ਰਿਹਾ ਸੀ।

ਤਖਤਿਆਂ ਨੂੰ ਧੱਕਾ ਵੱਜਾ ਅਤੇ ਢੋਏ ਹੋਏ ਬਾਰ ਖੁੱਲ੍ਹ ਗਏ। ਵਿਚ ਦੀ ਪੀਲੀ ਚਾਨਣੀ ਦਿਸ ਰਹੀ ਸੀ। ਉੱਠ ਕੇ ਤਖ਼ਤੇ ਮੁੜ ਭੇੜ ਦਿੱਤੇ, ਲਾਈਟ ਜਗਾਉਂਦਿਆਂ ਸਾਰ ਪਾਣੀ ਵਾਲਾ ਜੱਗ ਦਿੱਸਿਆ, ਉਹਨੇ ਕੋਲ ਜਾ ਕੇ ਜੱਗ ਨੂੰ ਮੂੰਹ ਲਾ ਕੇ ਪਾਣੀ ਪੀਤਾ, ਵੱਡੇ-ਵੱਡੇ ਘੁੱਟ ਸੁੱਟਣ ਸਾਰ ਉਸ ਨੂੰ ਆਪਣੇ ਅੰਦਰ ਸ਼ਾਂਤੀ ਪਸਰਦੀ ਜਾਪੀ, ਕਮਰੇ ਵਿਚ ਹੁੰਮਸ ਜਿਹਾ ਪਸਰਿਆ ਮਹਿਸੂਸ ਹੋਇਆ, ਬਾਰ ਖੋਲ੍ਹ ਕੇ ਬਾਹਰ ਵਿਹੜੇ ਵਿਚ ਆ ਗਿਆ।

ਤਾਰਿਆਂ ਦੀ ਠੰਢ-ਵਰਸਾਉਂਦੀ ਪਰਛਾਈ ਨਾਲ ਕੰਧਾਂ ਚਮਕ ਮਾਰ ਰਹੀਆਂ ਸਨ। ਬਾਹਰਲੇ ਵਾਤਾਵਰਣ ਨਾਲ ਉਸ ਨੂੰ ਆਪਣੇ ਅੰਦਰ ਠੰਢ ਪੈਂਦੀ ਜਾਪੀ। ਜਦੋਂ ਮੁੜ ਕੇ ਕਮਰੇ ਵਿਚ ਆਇਆ, ਗਮਧੂਰ ਰਜਾਈ ਥੱਲੇ-ਉੱਤੇ ਕਰੀ ਪਿਆ ਸੀ, ਅਮੋਲਕ ਦੇ ਦਿਮਾਗ ਵਿਚ ਉਹ ਗੱਲ ਦੋਬਾਰਾ ਉਭਰ ਆਈ, ਛੇਤੀ ਦੇ ਕੇ ਬੱਤੀ ਬੁਝਾਈ ਅਤੇ ਰਜਾਈ ਚੁੱਕ ਕੇ ਪਾਲ ਨਾਲ ਪੈ ਗਿਆ। ਸੋਚਾਂ ਦੀ ਘੋੜ-ਦੌੜ ਮੁੜ ਸਵਾਰ ਹੋ ਗਈ, ਚਿੱਤ ਨੂੰ ਅੱਚਵੀਂ ਫੇਰ ਲੱਗ ਉੱਠੀ।

**(ਬਾਕੀ ਅਗਲੇ ਅੰਕ 'ਚ)**

# ਆਰਥਕ ਮੰਦਵਾੜੇ ਦੇ ਖਤਮ ਹੋਣ ਤੋਂ ਬਾਅਦ ਬਣਾਵਾਂਗੀ ਫਿਲਮਾਂ

ਸੰਨੀ ਦਿਓਲ ਵਲੋਂ ਨਿਰਦੇਸ਼ਿਤ 'ਦਿ ਮੈਨ' ਅਤੇ ਇੰਡੋ-ਚਾਈਨੀਜ਼ ਵੈਂਚਰ 'ਡਿਜ਼ਾਇਰ' ਦੀ ਰਿਲੀਜ਼ ਦੇ ਨਾਲ-ਨਾਲ ਸ਼ਿਲਪਾ ਸ਼ੈਟੀ ਅੱਜ ਕੱਲ੍ਹ ਆਪਣੇ ਵਿਆਹ ਦੀ ਉਡੀਕ 'ਚ ਵੀ ਹੈ। ਪਿਛਲੇ ਦਿਨੀਂ ਸ਼ਿਲਪਾ ਵਲੋਂ ਲਏ ਗਏ ਫੈਸਲੇ ਉਸ ਲਈ ਬਹੁਤ ਲਾਭਦਾਇਕ ਰਹੇ ਹਨ। ਉਸ ਦਾ ਕਹਿਣਾ ਹੈ ਕਿ ਉਹ ਬੜੀ ਕਿਸਮਤ ਵਾਲੀ ਹੈ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਅਭਿਨੈ ਤੋਂ ਲੈ ਕੇ ਕ੍ਰਿਕਟ ਅਤੇ ਫਿਲਮ ਨਿਰਮਾਣ ਤੱਕ ਕਈ ਖੇਤਰਾਂ 'ਚ ਤੁਸੀਂ ਇਕੋ ਵੇਲੇ ਹੱਥ ਅਜ਼ਮਾ ਰਹੇ ਹੋ ਅਤੇ ਸਫਲਤਾ ਵੀ ਹਾਸਲ ਹੋ ਰਹੀ ਹੈ, ਆਖਰ ਇਹ ਸਭ ਕਿਵੇਂ ਸੰਭਾਲ ਲੈਂਦੇ ਹੋ? ਤਾਂ ਉਸ ਨੇ ਕਿਹਾ, ਮੈਂ ਬੜੀ ਕਿਸਮਤ ਵਾਲੀ ਹਾਂ। ਮੈਨੂੰ ਲੱਗਦਾ ਹੈ ਕਿ ਪਰਮਾਤਮਾ ਨੇ ਦੇਖਿਆ ਹੋਵੇਗਾ ਕਿ ਹੁਣ ਮੇਰੇ ਸੰਘਰਸ਼ 'ਤੇ ਰੋਕ ਲਗਾਉਣ ਦਾ ਸਮਾਂ ਆ ਚੁੱਕਾ ਹੈ। ਮੇਰਾ ਮੰਨਣਾ ਹੈ ਕਿ ਇਹ ਸਭ ਮੇਰੇ ਮਾਤਾ-ਪਿਤਾ ਤੇ ਪਰਮਾਤਮਾ ਦੀ ਮਿਹਰਬਾਨੀ ਸਦਕਾ ਹੈ। ਤੁਸੀਂ ਮੰਨੋ ਜਾ ਨਾ ਮੰਨੋ ਪਰ ਮੈਂ ਕਰਮ 'ਚ ਯਕੀਨ ਰੱਖਣ ਵਾਲਿਆਂ 'ਚ ਸ਼ਾਮਲ ਹਾਂ। ਜਦੋਂ ਤੁਸੀਂ ਬਿਜ਼ਨੈੱਸ ਕਰਦੇ ਹੋ ਤਾਂ ਤੁਹਾਨੂੰ ਆਪਣੇ ਲਈ ਕੰਮ ਕਰਨ ਵਾਲੇ ਲੋਕਾਂ 'ਤੇ ਯਕੀਨ ਕਰਨਾ ਹੀ ਪੈਂਦਾ ਹੈ। ਮੈਂ ਜ਼ਿੰਦਗੀ ਦਾ ਉਸ ਦੇ ਅਸਲ ਰੂਪ 'ਚ ਹੀ ਸਾਹਮਣਾ ਕਰਨ 'ਚ ਯਕੀਨ ਰੱਖਦੀ ਹਾਂ।



ਸ਼ਿਲਪਾ ਸ਼ੈਟੀ

ਵਿਆਹ ਬਾਰੇ ਦੱਸਦਿਆਂ ਉਸ ਨੇ ਕਿਹਾ, ਇਹ ਸੱਚ ਹੈ ਕਿ ਮੇਰਾ ਵਿਆਹ ਹੁਣ ਅਕਤੂਬਰ 'ਚ ਨਹੀਂ ਹੋ ਰਿਹਾ, ਪਰ ਮੈਂ ਤੁਹਾਨੂੰ ਇਸ ਦੀ ਅਗਲੀ ਤਰੀਕ ਨਹੀਂ ਦੱਸ ਸਕਦੀ, ਕਿਉਂਕਿ ਇਸ ਮਾਮਲੇ 'ਚ ਮੈਂ ਬਹੁਤ ਅੰਧ-ਵਿਸ਼ਵਾਸੀ ਹੋ ਗਈ ਹਾਂ।

ਆਪਣਾ ਵਿਆਹ ਟਲਣ ਪਿੱਛੇ ਕਾਰਨ ਦੱਸਦਿਆਂ ਉਸ ਨੇ ਕਿਹਾ, ਕਾਰਨ ਬਹੁਤ ਸਾਰੇ ਹਨ। ਅਸਲ 'ਚ ਜੂਹੂ ਬੀਚ 'ਤੇ 'ਫਾਰਚਿਊਨ 10' ਬਿਲਡਿੰਗ ਦੇ ਪਹਿਲੇ ਅਤੇ ਗਰਾਊਂਡ ਫਲੋਰ 'ਤੇ ਮੈਂ ਅਤੇ ਰਾਜ ਕੁੰਦਰਾ ਮਿਲ ਕੇ ਜੋ ਡਿਊਪਲੈਕਸ ਪੈਂਟ ਹਾਊਸ ਬਣਾ ਰਹੇ ਹਾਂ, ਉਹ ਅਕਤੂਬਰ ਤੱਕ ਪੂਰਾ ਨਹੀਂ ਹੋ ਸਕੇਗਾ। ਇਸ ਤੋਂ ਇਲਾਵਾ ਮੈਂ ਆਪਣੀਆਂ ਸਾਰੀਆਂ ਅਧੂਰੀਆਂ ਫਿਲਮਾਂ ਪੂਰੀਆਂ ਕਰ ਲੈਣੀਆਂ ਚਾਹੁੰਦੀ ਹਾਂ, ਕਿਉਂਕਿ ਮੈਂ ਵਿਆਹ ਤੋਂ ਬਾਅਦ ਘੱਟੋ-ਘੱਟ 4 ਮਹੀਨਿਆਂ ਤੱਕ ਕੋਈ ਕੰਮ ਨਹੀਂ ਕਰਨਾ ਚਾਹੁੰਦੀ।

ਉਸ ਨੇ ਵਿਆਹ ਬਾਰੇ ਹੋਰ ਦੱਸਦਿਆਂ ਕਿਹਾ ਕਿ ਮੈਂ ਮੁੰਬਈ 'ਚ ਮੰਗੋਲੀਅਨ ਰੀਤੀ ਰਿਵਾਜ ਨਾਲ ਵਿਆਹ ਕਰਾਂਗੀ ਅਤੇ ਬਾਅਦ 'ਚ ਮੁੰਬਈ ਅਤੇ ਲੰਡਨ 'ਚ ਰਿਸੈਪਸ਼ਨ ਕਰਾਂਗੀ। ਵਿਆਹ ਤੋਂ ਬਾਅਦ ਘਰ ਵਸਾਉਣ ਬਾਰੇ ਦੱਸਦਿਆਂ ਉਸ ਨੇ ਕਿਹਾ ਕਿ ਉਂਝ ਤਾਂ ਇਹ ਸਾਰਾ ਕੁਝ ਰਾਜ ਹੀ ਤੈਅ ਕਰਨਗੇ ਕਿ ਕਿੱਥੇ ਰਹਿਣਾ ਹੈ ਪਰ ਮੈਂ ਚਾਹੁੰਦੀ ਹਾਂ ਕਿ ਮੇਰੇ ਬੱਚੇ ਮੁੰਬਈ 'ਚ ਪਲਣ ਅਤੇ ਉਨ੍ਹਾਂ ਦੀ ਪੜ੍ਹਾਈ ਇਥੇ ਹੀ ਹੋਵੇ, ਲੰਡਨ 'ਚ ਨਹੀਂ। ਮੈਂ ਦਿਲੋਂ ਭਾਰਤੀ ਹਾਂ ਅਤੇ ਸਥਾਈ ਤੌਰ 'ਤੇ ਦੂਜੀ ਥਾਂ ਰਹਿ ਹੀ ਨਹੀਂ ਸਕਦੀ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਕੀ ਇਸ ਨਾਲ ਰਾਜ ਨੂੰ ਬਿਜ਼ਨੈੱਸ ਦੇ ਮਾਮਲੇ 'ਚ ਸਮੱਸਿਆ ਨਹੀਂ ਹੋਵੇਗੀ ਤਾਂ ਉਸ ਨੇ ਕਿਹਾ, ਮੈਂ ਅਜਿਹਾ ਨਹੀਂ ਸੋਚਦੀ। ਰਾਜ ਦੇ ਜ਼ਿਆਦਾਤਰ ਬਿਜ਼ਨੈੱਸ ਮੁੰਬਈ ਤੋਂ ਬਾਹਰ ਹਨ। (ਥੋੜ੍ਹਾ ਯੁਕ੍ਰੇਨ 'ਚ ਹੈ ਕਿਉਂਕਿ ਉਨ੍ਹਾਂ ਦਾ ਕੀਮਤੀ ਧਾਤੂਆਂ ਦਾ ਬਿਜ਼ਨੈੱਸ ਹੈ)। ਰਾਜ ਟੂਰ 'ਤੇ ਬਹੁਤ ਜਾਂਦੇ ਹਨ ਅਤੇ ਲੰਡਨ ਦੀ ਬਜਾਏ ਮੁੰਬਈ ਤੋਂ ਬਾਹਰ ਜਾਣ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀਂ ਪਵੇਗਾ।

ਜਦੋਂ ਉਸ ਨੂੰ ਪੁੱਛਿਆ ਗਿਆ ਕਿ ਤੁਸੀਂ ਵੱਡੇ ਪਰਦੇ ਤੋਂ ਲਗਭਗ ਗਾਇਬ ਹੋ ਚੁੱਕੇ ਹੋ। ਅਜਿਹਾ ਕਿਉਂ ਹੈ, ਤਾਂ ਉਸ ਨੇ ਕਿਹਾ, ਮੈਂ ਅੱਜ ਕਲ੍ਹ ਬਹੁਤ ਕੁਝ ਕਰ ਰਹੀ ਹਾਂ, ਜਿਵੇਂ ਕ੍ਰਿਕਟ, ਯੋਗਾ, ਡੀ.ਵੀ.ਡੀ. ਸਪਾ, ਪਰ ਫਿਲਮਾਂ ਮੇਰਾ ਪਹਿਲਾ ਪਿਆਰ ਰਹਿਣਗੀਆਂ। ਭਾਵੇਂ ਕਿ ਇਹ ਵੀ ਇਕ ਸੱਚ ਹੈ ਕਿ ਮੈਨੂੰ ਦਿਲਚਸਪ ਰੋਲ ਦੀ ਪੇਸ਼ਕਸ਼ ਨਹੀਂ ਹੋਈ। ਮੈਂ ਆਪਣੀ ਪਸੰਦ ਦਾ ਕੰਮ ਕਰਨਾ ਚਾਹੁੰਦੀ ਹਾਂ ਅਤੇ ਜਿਸ ਤਰ੍ਹਾਂ ਦੇ ਕੰਮ ਮੇਰੇ ਸਾਹਮਣੇ ਹਨ, ਉਹ ਮੈਨੂੰ ਪਸੰਦ ਨਹੀਂ ਹਨ।

ਇਹ ਪੁੱਛਣ 'ਤੇ ਕਿ ਕੀ ਤੁਸੀਂ ਇਸ ਕਾਰਨ ਦੁਖੀ ਹੋ ਕਿ ਅੱਜ ਕੱਲ੍ਹ ਨਿਰਮਾਤਾ ਪੁਰਾਣੀਆਂ ਅਭਿਨੇਤਰੀਆਂ ਦੀ ਬਜਾਏ ਨਵੀਆਂ ਕੁੜੀਆਂ ਨੂੰ ਪਹਿਲ ਦਿੰਦੇ ਹਨ ਤਾਂ ਉਸ ਨੇ ਕਿਹਾ, ਮੈਂ ਕਾਮੇਡੀ ਤੋਂ ਲੈ ਕੇ ਐਕਸ਼ਨ ਅਤੇ ਸੀਰੀਅਸ ਫਿਲਮਾਂ ਤੱਕ ਕੀਤੀਆਂ ਹਨ, ਪਰ ਕਦੋਂ ਤੱਕ ਕੋਈ ਇਹ ਸਭ ਕਰਦਾ ਰਹੇਗਾ। ਇਕ ਨਿਰਮਾਤਰੀ ਹੋਣ ਦੇ ਨਾਤੇ ਮੈਂ ਇਹ ਸਮਝਦੀ ਹਾਂ ਕਿ ਨਿਰਮਾਤਾ ਕਿਉਂ ਨਵੇਂ ਲੋਕਾਂ ਨੂੰ ਚੁਣਦੇ ਹਨ?

ਬਤੌਰ ਨਿਰਮਾਤਰੀ ਆਪਣੀ ਫਿਲਮ ਸ਼ੁਰੂ ਕਰਨ ਬਾਰੇ ਉਸ ਨੇ ਕਿਹਾ ਕਿ ਮੈਂ ਆਰਥਿਕ ਮੰਦਾ ਖਤਮ ਹੋਣ ਦੀ ਉਡੀਕ ਕਰ ਰਹੀ ਹਾਂ ਅਤੇ ਇਸ ਤੋਂ ਬਾਅਦ ਹੀ ਫਿਲਮ ਸ਼ੁਰੂ ਕਰਾਂਗੀ।

# ਵਤਨ ਦੀ ਮਿੱਟੀ ਨਾਲ ਜੁੜੀ ਫਿਲਮ ਹੈ 'ਆਪਣੀ ਬੋਲੀ ਆਪਣਾ ਦੇਸ'

ਪੰਜਾਬੀ ਗਾਇਕੀ, ਖਾਸ ਕਰਕੇ ਸਾਫ-ਸੁਥਰੀ ਗਾਇਕੀ ਵਿਚ ਸਰਬਜੀਤ ਚੀਮਾ ਵਲੋਂ ਪਾਏ ਯੋਗਦਾਨ ਨੂੰ ਨਾ ਅੱਜ ਦੇ ਸਮੇਂ ਵਿਚ ਘਟਾ ਕੇ ਦੇਖਿਆ ਜਾ ਸਕਦਾ ਹੈ ਅਤੇ ਨਾ ਹੀ ਭਲਕ ਦੇਖਿਆ ਜਾ ਸਕੇਗਾ। ਪਿਛਲੇ ਦੋ ਦਹਾਕਿਆਂ ਵਿਚ ਪੰਜਾਬੀ ਗਾਇਕੀ ਨੇ ਛੇ ਸੱਤ ਵਾਰ ਵੱਡੇ ਵੱਡੇ ਮੋੜ ਕੱਟੇ ਹਨ, ਪਰ ਸਰਬਜੀਤ ਚੀਮਾ ਅਡੋਲ ਖੜ੍ਹਾ ਰਿਹਾ।

ਨਾ ਵਕਤ ਨਾਲ ਸਮਝੌਤਾ ਕਰਨ ਦਾ ਖਿਆਲ ਉਸ ਦੇ ਮਨ ਵਿਚ ਆਇਆ ਤੇ ਨਾ ਹੀ ਪਿੱਛੇ ਹਟਣਾ ਉਸ ਨੇ ਠੀਕ ਸਮਝਿਆ। ਸਰਬਜੀਤ ਚੀਮਾ ਨੇ ਜਿੰਨਾ ਗਾਇਆ, ਸਾਫ-ਸੁਥਰਾ ਗਾਇਆ ਤੇ ਤਲੀ 'ਤੇ ਸਰ੍ਹੋਂ ਜਮਾਉਣ ਵਾਂਗ ਇਹ ਗੱਲ ਸਾਬਤ ਕਰ ਦਿੱਤੀ ਕਿ ਜੇ ਇਰਾਦੇ ਦ੍ਰਿੜ੍ਹ ਹੋਣ ਤੇ ਸੋਚ-ਸਾਫ ਹੋਵੇ ਤਾਂ ਚੰਗਾ ਗਾ ਕੇ ਵੀ ਸਫਲਤਾ ਹਾਸਲ ਕੀਤੀ ਜਾ ਸਕਦੀ ਹੈ।

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਪੰਜਾਬੀ ਫ਼ਿਲਮਾਂ ਦੇ ਨਿਰਮਾਣ ਦਾ ਦੌਰ ਮੁੜ ਸ਼ੁਰੂ ਹੋ ਗਿਆ ਹੈ। ਇਸੇ ਕੜੀ ਤਹਿਤ ਪਿਛੇ ਜਿਹੇ ਸਰਬਜੀਤ ਚੀਮਾ ਦੀ ਪਲੇਠੀ ਪੰਜਾਬੀ ਫਿਲਮ ਆਈ ਸੀ, 'ਪਿੰਡ ਦੀ ਕੁੜੀ।' ਉਸ ਦੀ ਇਹ ਫਿਲਮ ਵਧੀਆ ਰਹੀ, ਜਿਸ ਵਿਚ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਦੇ ਕਲਾਕਾਰਾਂ ਨੂੰ ਲਿਆ ਗਿਆ ਸੀ। ਹੁਣ ਉਸ ਦੀ ਨਵੀਂ ਫਿਲਮ ਰਿਲੀਜ਼ ਲਈ ਬਿਲਕੁਲ ਤਿਆਰ ਹੈ ਜਿਸ ਦਾ ਨਾਂ ਹੈ 'ਆਪਣੀ ਬੋਲੀ ਆਪਣਾ ਦੇਸ।' ਫਿਲਮ 28 ਅਗਸਤ ਨੂੰ ਰਿਲੀਜ਼ ਹੋਵੇਗੀ।

ਫਿਲਮ ਬਾਰੇ ਜਦੋਂ ਚੀਮੇ ਤੋਂ ਪੁੱਛਿਆ ਗਿਆ ਤਾਂ ਉਸ ਨੇ ਕਿਹਾ, 'ਪਿੰਡ ਦੀ ਕੁੜੀ' ਫਿਲਮ ਹਾਸਰਸ ਭਰਪੂਰ ਸੀ। ਪਹਿਲੀ ਫਿਲਮ ਦੇ ਬਾਵਜੂਦ ਉਸ ਨੂੰ ਦਰਸ਼ਕਾਂ ਨੇ ਚੰਗਾ ਹੁੰਗਾਰਾ ਦਿੱਤਾ ਤੇ ਮੈਨੂੰ ਇਹ ਅਹਿਸਾਸ ਹੋ ਗਿਆ ਕਿ ਜੇ ਮੈਂ ਹੋਰ ਮਿਹਨਤ ਕਰਾਂ ਤਾਂ ਪੰਜਾਬੀ ਫਿਲਮਾਂ ਵਿਚ ਕਾਮਯਾਬੀ ਕੋਈ ਔਖੀ ਗੱਲ ਨਹੀਂ। ਨਵੀਂ ਫਿਲਮ 'ਆਪਣੀ ਬੋਲੀ ਆਪਣਾ ਦੇਸ' ਨੂੰ ਮੁਕੰਮਲ ਕਰਨ 'ਤੇ ਲੰਮਾ ਸਮਾਂ ਲੱਗਾ। ਇਸ ਫਿਲਮ ਦੇ ਨਿਰਦੇਸ਼ਕ ਜਨਾਬ ਰਵਿੰਦਰ ਪੀਪਰ ਹੁਰਾਂ ਨੇ ਖੂਬ ਮਿਹਨਤ ਕੀਤੀ। ਇਸ ਫਿਲਮ ਵਿਚ ਜਿਥੇ ਇਕ ਪਾਸੇ ਪਿਆਰ ਦੀਆਂ ਫੁਹਾਰਾਂ ਚੱਲਦੀਆਂ ਹਨ, ਉਥੇ ਦੂਜੇ ਪਾਸੇ ਗੁਰਬਤ ਦੀ ਮਾਰ ਝੱਲਦੇ ਨੌਜਵਾਨਾਂ ਵਲੋਂ ਵਿਦੇਸ਼ ਉਡਾਰੀ ਭਰਨ ਤੇ ਤੀਜੇ ਪਾਸੇ ਪੰਜਾਬ ਵਿਚ ਮਾਂ ਖੇਡ ਕਬੱਡੀ ਦੇ ਉੱਚੇ ਹੁੰਦੇ ਰੁਤਬੇ ਨੂੰ ਪੇਸ਼ ਕੀਤਾ ਗਿਆ ਹੈ।

ਫਿਲਮ ਵਿਚ ਖੇਡ ਭਾਵਨਾ ਦਰਸਾਏ ਜਾਣ ਬਾਰੇ ਉਸ ਨੇ ਕਿਹਾ, ਅੱਜ ਤਕ ਪੰਜਾਬੀ ਫਿਲਮਾਂ ਵਿਚ ਜਿੰਨੇ ਵੀ ਕਬੱਡੀ ਮੈਚ ਦਿਖਾਏ ਗਏ ਹਨ, ਉਨ੍ਹਾਂ ਨੂੰ ਦੇਖ ਕੇ ਜਾਪਣ ਲੱਗ ਜਾਂਦਾ ਹੈ ਕਿ ਇਹ ਸਿਰਫ ਸ਼ੂਟਿੰਗ ਲਈ ਤਿਆਰ ਕੀਤਾ ਮੈਚ ਹੈ, ਪਰ 'ਆਪਣੀ ਬੋਲੀ ਆਪਣਾ ਦੇਸ' ਵਿਚ ਅਸਲ ਕਬੱਡੀ ਮੈਚ ਪੇਸ਼ ਕੀਤਾ ਗਿਆ ਹੈ। ਇਹ ਮੈਚ ਇੰਗਲੈਂਡ ਦੇ ਹੇਜ਼ ਸ਼ਹਿਰ ਵਿਚ ਕਰਾਇਆ ਗਿਆ, ਜਿੱਥੇ 20,000 ਤੋਂ ਵਧ ਲੋਕ ਹਾਜ਼ਰ ਸਨ।

ਫਿਲਮ ਦੀ ਕਹਾਣੀ ਬਾਰੇ ਦੱਸਦਿਆਂ ਉਸ ਨੇ ਕਿਹਾ, 'ਆਪਣੀ ਬੋਲੀ ਆਪਣਾ ਦੇਸ' ਦਰਸਾਉਂਦੀ ਹੈ ਕਿ ਸਮਝੌਤਾ ਕਰਕੇ ਬੰਦਾ ਭਾਵੇਂ ਘਰੋਂ ਕਿੰਨੀ ਦੂਰ ਕਿਉਂ ਨਾ ਚਲਾ ਜਾਵੇ, ਉਸ ਅੰਦਰੋਂ ਆਪਣੇ ਸੋਹਣੇ ਵਤਨ ਦੀ ਮਿੱਟੀ ਦੀ ਮਹਿਕ ਨਹੀਂ ਜਾਂਦੀ। ਫਿਲਮ ਵਿਚ ਸਾਡੀ ਚੰਗੀ ਭਲੀ ਸਰਦੀ ਪੁੱਜਦੀ ਫੈਮਿਲੀ ਦਿਖਾਈ ਗਈ ਹੈ, ਪਰ ਫੇਰ ਵਕਤ ਬਦਲਦਾ ਹੈ ਤੇ ਗਰੀਬੀ ਛਾਅ ਜਾਂਦੀ ਹੈ। ਇਸ ਗਰੀਬੀ ਦੀ ਦਲਦਲ ਵਿਚੋਂ ਨਿਕਲਣ ਲਈ ਹੀਰੋ ਨੂੰ ਇੰਗਲੈਂਡ ਜਾਣਾ ਪੈਂਦਾ ਹੈ। ਉਸ ਦੇ ਸੁਪਨਿਆਂ ਦੀ ਸ਼ਹਿਜ਼ਾਦੀ ਸਤਿਕਾਰ ਵੀ ਇੰਗਲੈਂਡ ਵਿਚ ਹੀ ਹੈ, ਜਿਸ ਨਾਲ ਉਥੇ ਹੀ ਪਿਆਰ ਪ੍ਰਵਾਨ ਚੜ੍ਹਦਾ ਹੈ।

ਫਿਲਮ 'ਚ ਮੇਰਾ ਕਿਰਦਾਰ ਸਾਹਿਬਦੀਪ ਦਾ ਹੈ। ਹਿੰਦੀ ਸੀਰੀਅਲਾਂ ਦੀ ਚਰਚਿਤ ਅਦਾਕਾਰਾ 'ਕਸੌਟੀ ਜ਼ਿੰਦਗੀ ਕੀ' ਫੇਮ ਸ਼ਵੇਤਾ ਤਿਵਾੜੀ ਇਸ ਫਿਲਮ ਦੀ ਹੀਰੋਇਨ ਹੈ। ਰਾਜ ਬੱਬਰ ਬਿਕਰਮਜੀਤ ਸਿੰਘ ਦੇ ਰੋਲ ਵਿਚ ਹੈ, ਜੋ ਇੰਗਲੈਂਡ ਦਾ ਵਸਨੀਕ ਹੈ ਅਤੇ ਗੁਰਪ੍ਰੀਤ ਘੁੱਗੀ ਇੰਗਲੈਂਡ ਵਿਚ ਇਕ ਰੇਡੀਓ ਜੋਕੀ ਹੈ। ਸੁਦੇਸ਼ ਲਹਿਰੀ ਨੇ ਵੀ ਕਮਾਲ ਦੀ ਐਕਟਿੰਗ ਕੀਤੀ ਹੈ।

ਫਿਲਮ ਵਿਚਲੇ ਗੀਤ-ਸੰਗੀਤ ਬਾਰੇ ਜਾਣਕਾਰੀ ਦਿੰਦਿਆਂ ਉਸ ਨੇ ਕਿਹਾ, ਇਸ ਫਿਲਮ ਵਿਚ ਕੁਲ ਸੱਤ ਗੀਤ ਹਨ। ਚਾਰ ਗੀਤ ਸੋਲੋ ਹਨ ਅਤੇ ਤਿੰਨ ਦੋਗਾਣੇ। ਇਕ ਦੋਗਾਣੇ ਵਿਚ ਮੇਰਾ ਸਾਥ ਸੁਨਿਧੀ ਚੌਹਾਨ ਨੇ ਦਿੱਤਾ ਅਤੇ ਦੋ ਗੀਤ ਰਿਚਾ ਸ਼ਰਮਾ ਨਾਲ ਗਾਏ ਹਨ। ਤਿੰਨ ਗੀਤ ਭਾਰਤ 'ਚ ਸ਼ੂਟ ਕੀਤੇ ਗਏ ਹਨ ਅਤੇ ਚਾਰ ਇੰਗਲੈਂਡ ਵਿਚ। ਫਿਲਮ ਦਾ ਸੰਗੀਤ ਅਮਨ ਹੇਅਰ ਨੇ ਤਿਆਰ ਕੀਤਾ ਹੈ ਅਤੇ ਬੈਕ ਗਰਾਊਂਡ ਸੰਗੀਤ ਸੁਰਿੰਦਰ ਸੋਢੀ ਦਾ ਹੈ।




ਫਿਲਮ ਦੇ ਯੂਨਿਟ ਅਤੇ ਹੋਰ ਤਜਰਬਿਆਂ ਬਾਰੇ ਦੱਸਦਿਆਂ ਉਸ ਨੇ ਕਿਹਾ, ਇਹ ਫਿਲਮ 60 ਦਿਨਾਂ ਵਿਚ ਸ਼ੂਟ ਕੀਤੀ ਗਈ ਹੈ। ਫਿਲਮ ਦੇ ਡਾਇਲਾਗ ਵਿਜੇ ਟੰਡਨ ਦੇ ਲਿਖੇ ਹੋਏ ਹਨ। ਕਹਾਣੀ ਮੇਰੀ ਖੁਦ ਦੀ ਹੈ। ਕੋਰੀਓਗ੍ਰਾਫੀ ਭੂਪੀ ਨੇ ਕੀਤੀ ਹੈ। ਫਿਲਮ ਦੀ 25 ਦਿਨ ਦੀ ਸ਼ੂਟਿੰਗ ਇੰਗਲੈਂਡ ਵਿਚ ਕੀਤੀ ਗਈ, 26 ਦਿਨ ਪੰਜਾਬ ਤੇ 9 ਦਿਨ ਮੁੰਬਈ ਵਿਚ। ਫਿਲਮ ਦਾ ਸੰਗੀਤ ਮਿਊਜ਼ਿਕ ਵੇਵਜ਼ ਵਲੋਂ ਰਿਲੀਜ਼ ਕੀਤਾ ਗਿਆ ਅਤੇ ਫਿਲਮ ਦਾ ਨਿਰਮਾਣ ਮਿਊਜ਼ਿਕ ਰੂਟਸ ਦੇ ਬੈਨਰ ਹੇਠ ਹੋਇਆ ਹੈ। ਅਮਰਜੀਤ ਚੀਮਾ ਅਤੇ ਭੁਪਿੰਦਰ ਸਿੰਘ ਭਿੰਦਾ ਇਸ ਫਿਲਮ ਦੇ ਪ੍ਰੋਡਿਊਸਰ ਹਨ।

## ਰਾਣੀ ਨੇ ਸਿਰਜੀ ਯਸ਼ਰਾਜ ਬੈਨਰ ਨਾਲੋਂ ਦੂਰੀ

ਰਾਣੀ ਮੁਖਰਜੀ ਅਤੇ ਯਸ਼ਰਾਜ ਕੈਂਪ ਦੀ ਦੋਸਤੀ ਬਾਰੇ ਤਾਂ ਸਭ ਨੂੰ ਜਾਣਕਾਰੀ ਹੈ ਹੀ। ਰਾਣੀ ਅਤੇ ਯਸ਼ਰਾਜ ਬੈਨਰ ਦੀ ਪੱਕੀ ਦੋਸਤੀ ਨੂੰ ਲੈ ਕੇ ਘੱਟੋ-ਘੱਟ ਬਾਲੀਵੁੱਡ 'ਚ ਤਾਂ ਕਿਸੇ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ, ਪਰ ਕੁਝ ਸੂਤਰਾਂ ਤੋਂ ਮਿਲੀਆਂ ਖ਼ਬਰਾਂ ਅਨੁਸਾਰ ਹੁਣ ਰਾਣੀ ਅਤੇ ਯਸ਼ਰਾਜ ਕੈਂਪ ਦੀ ਇਹ ਪੱਕੀ ਦੋਸਤੀ ਬਹੁਤੇ ਦਿਨ ਟਿਕਣ ਵਾਲੀ ਨਹੀਂ ਲਗਦੀ। ਖ਼ਬਰ ਹੈ ਕਿ ਯਸ਼ਰਾਜ ਕੈਂਪ ਤੋਂ ਕਿਨਾਰਾ ਕਰਨ ਵਾਲੇ ਕੁਣਾਲ ਕੋਹਲੀ ਨਾਲ ਰਾਣੀ ਮੁਖਰਜੀ ਫਿਲਮ ਕਰਨ ਦੀ ਤਿਆਰੀ 'ਚ ਹੈ। ਜਦੋਂ ਤੋਂ ਕੁਣਾਲ ਨੇ ਯਸ਼ਰਾਜ ਕੈਂਪ ਤੋਂ ਕਿਨਾਰਾ ਕੀਤਾ ਹੈ, ਉਸ ਨੂੰ ਆਪਣੇ ਸ਼ੁਰੂ ਕੀਤੇ ਪ੍ਰੋਡਕਸ਼ਨ ਤਹਿਤ ਬਣਨ ਵਾਲੀ ਫ਼ਿਲਮ ਨੂੰ ਲੈ ਕੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਅਜਿਹੇ 'ਚ ਰਾਣੀ ਦੇ ਕੁਣਾਲ ਨਾਲ ਫਿਲਮ ਕਰਨ 'ਤੇ ਉਸ ਨੂੰ ਕਾਫੀ ਰਾਹਤ ਮਿਲੀ ਹੀ ਹੋਵੇਗੀ। ਕੁਣਾਲ ਨੇ ਆਪਣੀ ਫਿਲਮ ਲਈ ਹੀਰੋ ਦਾ ਨਾਂ ਤਾਂ ਫਾਈਨਲ ਕਰ ਲਿਆ ਸੀ, ਪਰ ਉਸ ਨੂੰ ਉਸ ਦੀ ਹੀਰੋਇਨ ਦਾ ਨਾਂ ਤੈਅ ਕਰਨ ਲਈ ਪ੍ਰੇਸ਼ਾਨੀ ਪੇਸ਼ ਆ ਰਹੀ ਸੀ, ਜਿਸ ਨੂੰ ਹੁਣ ਰਾਣੀ ਨੇ ਦੂਰ ਕਰ ਦਿੱਤਾ ਹੈ।



ਖਬਰ ਹੈ ਕਿ ਰਾਣੀ ਅਤੇ ਕੁਣਾਲ ਨੇ ਇਸ ਫਿਲਮ ਬਾਰੇ ਕਾਫੀ ਵਿਚਾਰ ਕੀਤੀ ਅਤੇ ਰਾਣੀ ਨੇ ਇਸ 'ਚ ਮੁੱਖ ਕਿਰਦਾਰ ਨਿਭਾਉਣ ਲਈ ਹਾਮੀ ਭਰ ਦਿੱਤੀ ਹੈ। ਇਸ ਵੇਲੇ ਰਾਣੀ ਕੋਲ 'ਦਿਲ ਬੋਲੇ ਹੜਿੱਪਾ' ਤੋਂ ਇਲਾਵਾ ਯਸ਼ਰਾਜ ਬੈਨਰ ਦੀ ਕੋਈ ਹੋਰ ਫ਼ਿਲਮ ਨਹੀਂ ਹੈ। ਉਂਝ ਵੀ ਜਦੋਂ ਹਰ ਕੋਈ ਨਵੀਆਂ ਅਤੇ ਜਵਾਨ ਅਭਿਨੇਤਰੀਆਂ ਨੂੰ ਪਹਿਲ ਦੇ ਰਿਹਾ ਹੋਵੇ ਤਾਂ ਅਜਿਹੇ 'ਚ ਰਾਣੀ ਦਾ ਖੁਦ ਆਪਣੇ ਲਈ ਫਿਲਮਾਂ ਦਾ ਜੁਗਾੜ ਲਗਾਉਣ 'ਚ ਕਿਸੇ ਨੂੰ ਕੋਈ ਹਰਜ਼ ਵੀ ਨਹੀਂ ਹੋਣਾ ਚਾਹੀਦਾ।

## ਸ਼ਾਹਰੁਖ਼ ਖਾਨ ਦੀ ਫਿਲਮ ਲਈ 1 ਅਰਬ ਰੁਪਏ

'ਸਲੱਮਡਾਗ ਮਿਲੇਨੀਅਰ' ਦੇ ਨਿਰਮਾਤਾ ਫਾਕਸ ਸਟਾਰ ਸਟੂਡੀਓਜ਼ ਨੇ ਸ਼ਾਹਰੁਖ ਖਾਨ ਅਤੇ ਕਰਨ ਜੌਹਰ ਦੀ ਫਿਲਮ 'ਮਾਈ ਨੇਮ ਇਜ਼ ਖਾਨ' ਦੇ ਵਿਸ਼ਵ ਡਿਸਟ੍ਰੀਬਿਊਸ਼ਨਜ਼ ਖਰੀਦ ਲਏ ਹਨ। ਸੂਤਰਾਂ ਮੁਤਾਬਕ ਇਹ ਸੌਦਾ ਲਗਭਗ 1 ਅਰਬ ਰੁਪਏ 'ਚ ਕੀਤਾ ਗਿਆ ਹੈ।

ਇਸ ਸਬੰਧੀ ਮੁੰਬਈ ਦੇ ਇਕ ਹੋਟਲ 'ਚ ਇਕ ਪ੍ਰੈੱਸ ਕਾਨਫਰੰਸ ਆਯੋਜਿਤ ਕੀਤੀ ਗਈ। ਇਸ ਮੌਕੇ ਸ਼ਾਹਰੁਖ ਨੇ ਕਿਹਾ, "ਮੈਂ ਹਮੇਸ਼ਾ ਤੋਂ ਮੰਨਦਾ ਆਇਆ ਹਾਂ ਕਿ ਮੈਂ ਜੋ ਵੀ ਫਿਲਮ ਕਰਦਾ ਹਾਂ, ਉਹ ਮੇਰੇ ਲਈ ਬਹੁਤ ਅਹਿਮ ਹੁੰਦੀ ਹੈ। ਭਾਵੇਂ ਲੋਕ ਉਸ ਨੂੰ ਪਸੰਦ ਕਰਨ ਜਾਂ ਨਾ ਕਰਨ, ਆਲੋਚਕ ਉਸ ਨੂੰ ਨਕਾਰ ਦੇਣ ਜਾਂ ਵੱਡੀ ਹਿੱਟ ਸਿੱਧ ਕਰ ਦੇਣ। ਪਰ ਉਨ੍ਹਾਂ ਦਾ ਕੰਟੈਂਟ ਤੇ ਮਨੋਰੰਜਨ ਪੱਖੋਂ ਖਾਸ ਹੋਣਾ ਮੇਰੇ ਲਈ ਸਭ ਤੋਂ ਜ਼ਰੂਰੀ ਹੈ। 'ਮਾਈ ਨੇਮ ਇਜ਼ ਖਾਨ' ਇਸੇ ਦਿਸ਼ਾ 'ਚ ਸ਼ਾਇਦ ਸਭ ਤੋਂ ਵੱਡਾ, ਸਭ ਤੋਂ ਖਾਸ ਅਤੇ ਸਭ ਤੋਂ ਵਿਲਖਣ ਕਦਮ ਸਿੱਧ ਹੋਵੇਗਾ। ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਮੈਂ ਇਸ ਫਿਲਮ ਨੂੰ ਇਕ ਕਲਾਕਾਰ ਅਤੇ ਸਹਿ-ਨਿਰਮਾਤਾ ਦੇ ਤੌਰ ਤੇ ਸਫਲ ਬਣਾ ਸਕਾਂ।"



ਫਾਕਸ ਸਟਾਰ ਸਟੂਡੀਓ ਵਲੋਂ ਉਸ ਦੀ ਇਸ ਫ਼ਿਲਮ ਦੇ ਅਧਿਕਾਰ ਖਰੀਦਣ ਬਾਰੇ ਸ਼ਾਹਰੁਖ ਨੇ ਕਿਹਾ ਕਿ ਉਸ ਦੀ ਪੂਰੀ ਕੋਸ਼ਿਸ਼ ਹੋਵੇਗੀ ਕਿ ਉਸ ਨੂੰ ਇਸ ਫ਼ਿਲਮ ਤੋਂ ਨਿਰਾਸ਼ਾ ਨਾ ਹੋਵੇ। ਇਹ ਸਮਝੌਤਾ ਭਾਰਤੀ ਸਿਨੇਮਾ ਅਤੇ ਫਾਕਸ ਸਟੂਡੀਓਜ਼ ਦੀਆਂ ਫ਼ਿਲਮਾਂ ਦੇ ਭਾਰਤ 'ਚ ਡਿਸਟ੍ਰੀਬਿਊਸ਼ਨ ਅਤੇ ਪ੍ਰੋਡਕਸ਼ਨ ਲਈ ਕੁਝ ਵਧੀਆ ਹੀ ਲੈ ਕੇ ਆਵੇਗਾ।

## ਕਿਰਾਏਦਾਰਾਂ ਤੋਂ ਖਾਸੀ ਪ੍ਰੇਸ਼ਾਨ ਹੈ ਅਮੀਸ਼ਾ



ਅੱਜ ਕੱਲ੍ਹ ਅਮਿਸ਼ਾ ਪਟੇਲ ਨੂੰ ਆਪਣੇ ਪੈਂਟ ਹਾਊਸ ਨੂੰ ਕਿਰਾਏ 'ਤੇ ਦੇ ਕੇ ਕਾਫੀ ਪਛਤਾਵਾ ਮਹਿਸੂਸ ਹੋ ਰਿਹਾ ਹੈ। ਮੁੰਬਈ ਦੇ ਜੂਹੂ ਇਲਾਕੇ 'ਚ ਸਥਿਤ ਆਪਣੇ ਪੈਂਟ ਹਾਊਸ ਨੂੰ ਕਿਰਾਏ 'ਤੇ ਦੇਣ ਤੋਂ ਡੇਢ ਸਾਲ ਪਿਛੋਂ ਜਦੋਂ ਉਸ ਨੇ ਇਥੇ ਆ ਕੇ ਉਸ ਨੂੰ ਖਾਲੀ ਕਰਵਾਇਆ ਤਾਂ ਇਸ ਦੀ ਭੈੜੀ ਹਾਲਤ ਦੇਖ ਕੇ ਉਸ ਨੂੰ ਕਾਫੀ ਧੱਕਾ ਲੱਗਾ।

ਉਸ ਨੇ ਦੇਖਿਆ ਕਿ ਉਸ ਦੇ ਮਕਾਨ 'ਚ ਰਹਿਣ ਵਾਲੇ ਕਿਰਾਏਦਾਰਾਂ ਨੇ ਉਸ 'ਚ ਆਪਣੀ ਮਨਮਰਜ਼ੀ ਨਾਲ ਕਾਫੀ ਤਬਦੀਲੀਆਂ ਕਰ ਦਿੱਤੀਆਂ ਸਨ ਅਤੇ ਉਸ ਦੇ ਸਮਾਨ ਨੂੰ ਵੀ ਬਹੁਤ ਨੁਕਸਾਨ ਪਹੁੰਚਾਇਆ ਸੀ। ਜਦੋਂ ਅਮਿਸ਼ਾ ਨੇ ਇਹ ਪੈਂਟ ਹਾਊਸ ਕਿਰਾਏ 'ਤੇ ਦਿੱਤਾ ਸੀ ਤਾਂ ਇਹ ਵਧੀਆ ਹਾਲਤ 'ਚ ਸੀ। ਆਮਿਸ਼ਾ ਇਥੋਂ ਸ਼ਿਫਟ ਕਰ ਗਈ ਸੀ ਅਤੇ ਇਸ ਲਈ ਇਸ ਦੀ ਦੇਖਭਾਲ ਮੁਸ਼ਕਿਲ ਹੋ ਰਹੀ ਸੀ। ਅਜਿਹੇ 'ਚ ਉਸ ਨੇ ਇਹ ਸੋਚ ਕੇ ਇਸ ਮਕਾਨ ਨੂੰ ਕਿਰਾਏ 'ਤੇ ਚਾੜ੍ਹਿਆ ਸੀ ਕਿ ਉਸ 'ਚ ਰਹਿਣ ਵਾਲੇ ਲੋਕ ਇਸ ਦੀ ਸੰਭਾਲ ਕਰਨਗੇ, ਪਰ ਇਸ 'ਚ ਰਹਿਣ ਵਾਲੇ ਲੋਕਾਂ ਨੇ ਇਸ ਦੀ ਹਾਲਤ ਖਰਾਬ ਕਰ ਦਿੱਤੀ।

ਸੂਤਰਾਂ ਮੁਤਾਬਕ ਛੱਤ 'ਤੇ ਰੱਖਿਆ ਸਾਰਾ ਫਰਨੀਚਰ ਵੀ ਬਰਸਾਤ ਨਾਲ ਖਰਾਬ ਹੋ ਗਿਆ। ਮਹਿੰਗੇ ਕੁਸ਼ਨ ਕਵਰ ਵੀ ਛੱਤ 'ਤੇ ਬਰਸਾਤ 'ਚ ਹੀ ਛੱਡ ਦਿੱਤੇ ਗਏ ਅਤੇ ਉਹ ਵੀ ਖਰਾਬ ਹੋ ਗਏ।

ਇੰਨਾ ਹੀ ਨਹੀਂ, ਪਰਦੇ ਅਤੇ ਸੋਫਿਆਂ ਨੂੰ ਵੀ ਪਾੜ ਦਿੱਤਾ ਗਿਆ, ਟੇਬਲ ਤੋੜ ਦਿੱਤੇ ਗਏ ਅਤੇ ਏਅਰ ਕੰਡੀਸ਼ਨਰਾਂ ਦੀ ਸਰਵਸਿੰਗ ਹੀ ਨਹੀਂ ਕਰਵਾਈ ਗਈ। ਗੀਜ਼ਰ, ਲੈਂਪਸ, ਪੱਖਿਆਂ ਅਤੇ ਬਾਥਰੂਮ ਦੀਆਂ ਟੂਟੀਆਂ ਦੀ ਹਾਲਤ ਅਜਿਹੀ ਹੀ ਹੈ ਕਿ ਉਨ੍ਹਾਂ ਦੀ ਰਿਪੇਅਰ ਹੋਣੀ ਵੀ ਸੰਭਵ ਨਹੀਂ।




ਪਹਿਲਾ ਸ਼ੋਅ ਯੂਬਾ ਸਿਟੀ ਵਿਚ ਹੋਵੇਗਾ। ਆਪਣੇ ਸ਼ਹਿਰ ਵਿਚ ਸ਼ੋਅ ਬੁੱਕ ਕਰਵਾਉਣ ਲਈ ਕਾਲ ਕਰੋ:530-844-4531

ਸਾਡੀ ਬਣਨ ਵਾਲੀ ਫਿਲਮ ਅਤੇ ਗੀਤਾਂ ਦੇ ਵੀਡੀਓ ਵਿਚ ਮਾਡਲ ਵਜੋਂ ਕੰਮ ਕਰਨ ਦੇ ਚਾਹਵਾਨ ਮੁੰਡੇ-ਕੁੜੀਆਂ ਸਾਡੇ ਫੋਨ 'ਤੇ ਸੰਪਰਕ ਕਰ ਸਕਦੇ ਹਨ

**To book show in your city, call Tony @ 530-844-4531**

ਪੰਜਾਬੀ ਸਾਹਿਤ ਪਬਲੀਕੇਸ਼ਨ ਟਰਸਟ ਅਮਰੀਕਾ

**Punjabi Literature Publication Trust America (Regd.)**

**ਪੰਜਾਬੀ ਸਾਹਿਤ ਪਬਲੀਕੇਸ਼ਨ ਟਰਸਟ ਅਮਰੀਕਾ (ਰਜਿ:)**

# ਚੌਥਾ ਸਾਲਾਨਾ ਸਾਹਿਤ ਸਮਾਗਮ

## ਤਾਰੀਖ: 30 ਅਗਸਤ, 2009



*ਆਜ਼ਾਦ ਜਲੰਧਰੀ ਅਤੇ ਸਵਰਗੀ ਜੰਗ ਸਿੰਘ ਗਿਆਨੀ ਦੀ ਇਕ ਯਾਦਗਾਰੀ ਤਸਵੀਰ*

ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ, ਅਮਰੀਕਾ, ਦਾ ਚੌਥਾ ਸਾਲਾਨਾ ਸਮਾਗਮ ਪਹਿਲਾਂ ਵਾਂਗ ਇਸ ਸਾਲ ਵੀ ਬੜੇ ਉਦਮ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਉਦਮ ਟਰੱਸਟ ਦੇ ਮੈਂਬਰਾਂ ਦਾ ਹੈ ਅਤੇ ਉਤਸ਼ਾਹ ਤੁਹਾਡੇ ਸਾਰੇ ਸੱਜਣਾਂ-ਮਿੱਤਰਾਂ ਦਾ ਜੋ ਹਰੇਕ ਸਾਲ ਇਸ ਸਮਾਗਮ ਨੂੰ ਕਾਮਯਾਬ ਬਣਾਉਣ ਵਿਚ ਸਾਡੀ ਮਦਦ ਕਰਦੇ ਹਨ।

ਇਹ ਟਰੱਸਟ ਸਵਰਗਵਾਸੀ ਸਰਦਾਰ ਜੰਗ ਸਿੰਘ ਗਿਆਨੀ ਅਤੇ ਮਾਣਯੋਗ ਆਜ਼ਾਦ ਜਾਲੰਧਰੀ ਹੋਰਾਂ ਦੇ ਸਾਂਝੇ ਉਦਮ ਨਾਲ 2005 ਵਿਚ ਸਥਾਪਤ ਕੀਤਾ ਗਿਆ ਸੀ। ਇਸ ਦਾ ਮੂਲ ਮਨੋਰਥ ਇਹ ਹੈ ਕਿ ਹਰ ਸਾਲ ਪੰਜਾਬੀ ਦਾ ਪੁਰਾਣਾ ਅਤੇ ਨਵਾਂ ਸਾਹਿਤ ਛਾਪਿਆ ਜਾਵੇ। ਧਾਰਮਕ ਪੁਸਤਕਾਂ ਤੋਂ ਲੈ ਕੇ ਸਭਿਆਚਾਰਕ, ਭਾਸ਼ਾ ਅਤੇ ਆਧੁਨਿਕ ਸਾਹਿਤ ਦੀਆਂ ਪੁਸਤਕਾਂ ਛਾਪੀਆਂ ਜਾਣ। ਇਕ ਖਾਸ ਮਨੋਰਥ ਇਹ ਵੀ ਹੈ ਕਿ ਜੇ ਕੋਈ ਲੋੜਵੰਦ ਸਾਹਿਤਕਾਰ ਆਪਣੀ ਵਧੀਆ ਅਤੇ ਮੌਲਿਕ ਪੁਸਤਕ ਪੈਸੇ ਖੁਣੋਂ ਛਪਵਾ ਨਹੀਂ ਸਕਦਾ ਤਾਂ ਉਸ ਦੀ ਮਦਦ ਕੀਤੀ ਜਾਵੇ। ਇਨ੍ਹਾਂ ਮਨੋਰਥਾਂ ਨੂੰ ਪੂਰਾ ਕਰਨ ਲਈ ਟਰੱਸਟ ਹਰ ਸਾਲ ਵਧੀਆ ਪੁਸਤਕਾਂ ਛਾਪ ਕੇ ਸੱਜਣਾਂ ਮਿੱਤਰਾਂ ਅਤੇ ਖਾਸ ਕਰਕੇ ਪਾਠਕਾਂ ਨੂੰ ਭੇਂਟ ਕਰਦਾ ਹੈ। ਭਾਰਤ ਵਿਚ ਇਹ ਪੁਸਤਕਾਂ ਕਾਲਜਾਂ, ਭਾਸ਼ਾ ਵਿਭਾਗ, ਯੂਨੀਵਰਸਿਟੀਆਂ ਅਤੇ ਲਾਇਬ੍ਰੇਰੀਆਂ ਵਿਚ ਮੁਫਤ ਭੇਜੀਆਂ ਜਾਂਦੀਆਂ ਹਨ ਤਾਂ ਕਿ ਇਹ ਜ਼ਿਆਦਾ ਤੋਂ ਜ਼ਿਆਦਾ ਪਾਠਕਾਂ ਤੱਕ ਪੁੱਜ ਸਕਣ।

ਇਸ ਸਾਲ ਵੀ ਟਰੱਸਟ ਨੇ ਤਿੰਨ ਪੁਸਤਕਾਂ ਛਾਪੀਆਂ ਹਨ ਜਿਨ੍ਹਾਂ ਦੇ ਨਾਂ ਹਨ: ਬਿਰਹੜੇ (ਸੰਤੋਖ ਸਿੰਘ ਧੀਰ), ਧਾਰਮਿਕ ਅਤੇ ਇਤਿਹਾਸਕ ਕਵਿਤਾਵਾਂ (ਜੰਗ ਸਿੰਘ ਗਿਆਨੀ ਅਤੇ ਆਜ਼ਾਦ ਜਾਲੰਧਰੀ), ਅਤੇ ਗ਼ਮ-ਏ-ਹਯਾਤ (ਆਜ਼ਾਦ ਜਾਲੰਧਰੀ)।

ਇਸ ਵਾਰ ਦੇ ਸਮਾਗਮ ਵਿਚ ਇਨ੍ਹਾਂ ਪੁਸਤਕਾਂ ਦੀ ਮੂੰਹ ਦਿਖਾਈ ਕੀਤੀ ਜਾਵੇਗੀ।

### ਮੀਟਿੰਗ ਦੀ ਤਾਰੀਖ, ਥਾਂ ਅਤੇ ਸਮਾਂ

**ਤਾਰੀਖ: 30 ਅਗਸਤ, 2009 (30 August, 2009)**

ਸਮਾਂ:10 ਵਜੇ ਸਵੇਰ ਤੋਂ 4 ਵਜੇ ਸ਼ਾਮ ਤੱਕ

Raja Sweets and Indian Cuisine
31853 Alvarado Blvd.
Union City, CA. 94587,
Phone: 510-489-9100

### ਅਜੰਡਾ:

10:30 ਇਕ ਦੂਜੇ ਨਾਲ ਮਿਲਣੀ ਅਤੇ ਜਾਣ-ਪਛਾਣ
11:00 ਸਵਾਗਤ
11:15 ਟਰੱਸਟ ਦੀ ਕਾਰਗੁਜ਼ਾਰੀ ਦੀ ਰਿਪੋਰਟ
11:30 ਪੁਸਤਕਾਂ ਦੀ ਜਾਣ-ਪਛਾਣ
1:00 ਲੰਚ
2:00 ਪੁਸਤਕਾਂ ਦੀ ਮੂੰਹ ਦਿਖਾਈ ਅਤੇ ਭੇਂਟ
2:30 ਕਵੀ ਦਰਬਾਰ

**ਪ੍ਰਬੰਧਕੀ ਕਮੇਟੀ, ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ, ਅਮਰੀਕਾ**

*Healthy Bodies Health Minds !*

# SIKH SPORTS ASSOCIATION PRESENTS

# 3rd ANNUAL GAMES

# ਤੀਸਰੀਆਂ ਸਾਲਾਨਾ ਖੇਡਾਂ

## 22ND & 23RD AUGUST 2009

for registration and Question? go to www.sikhsports.com



(CALIFORNIA STATE UNIVERSITY EASY BAY,HAYWARD)

## 25800-CARLOS BEE BLVD,HAYWARD CA-94542

| | | | | |
|---|---|---|---|---|
| Track & Field | Gurcharan S Mann | 510-557-0061 | Parminder S Aujla | 916-410-0711 |
| Field Hockey | Davinder Singh | 209-564-8899 | Kamaljit S Gill | 408-499-2443 |
| Basketball | Rana S Kahlon | 510-378-8560 | Kuljit S Khunkhun | 510-364-1321 |
| Wrestling | Tarlochan S Nahal | 408-629-1958 | Kuldip S. Sidhu | 925-890-4750 |
| Volleyball | Bhupinder S Mann | 510-386-6582 | Harpaul S Rana | 510-386-8901 |
| Kabaddi | Harvinder.S Dhaliwal | 510-501-2263 | Gurdawar S. Mann | 510-468-9381 |
| Cricket | Robin Singh | 510-781-0111 | Sarabjit Singh | 510-304-9056 |
| Soccer | Jasdev Singh | 650-391-4408 | Bhupinder S Parmar | 510-305-8351 |
| Tennis | Lachman S Mangat | 510-589-6637 | Raj Singh | 510-452-7370 |
| Golf | Amarjit S. Bal | (408) 836-6898 | Lachman S. Mangat | (510) 589- 6637 |

I Design Concept 408.931.5200 I

### OUR PROUD SPONSERS :

**GRAND SPONSERS :** Sardool Singh Samra (Subway),Deep Dhindsa (Subway),Avtar Singh Heerey (Subway) , Harbinder S. Dhaliwal,Lachman Singh Mangat,Grewal Brothers Punjabi Heritage & Cultural Society ,Kuldip S Sidhu (Subway),Dalwinder S.Dhoot ,Inder S Dosanjh CMA Cash Management Account

**DIAMOND SPONSERS :** Gurcharan Singh Mann - Doaba Insurance Agency ,Anmolk Singh A & I Trucking,Harbans S Ahluwalia Collective ManagemenServices ,INC ,Tutt Brothers Destiny Transporttation INC ,Jaswinder S Gill Golden State Realty,Raja Sweets & Indian Cuisine ,Jagdish Khangura Rimpco INC Los Angles,Mission National Bank ,Dalwinder Singh Dhoot,MTC Distributing,Bhandal Bros. Trucking, INC,Rajinderpal S Dhillon,Dr. Baljit Singh, DVM,Parvinder Singh Hundal,Navdip Grewal Subway,Dr. H.S. Mangat, DDS, Inc, San Jose,Kabila Restaurant,Pritam Singh Grewal,Balbir Kaur Chahal Subway 2314,Bhagwant S Mangat,Bhupinder Singh,Chetan S Heyer,Davinder Chana , Chana Construction ,Davinder Singh,Dr. Kawaljit Singh Mann - Aborn Pet Hospital,Dr. M. K. Nijjar,Dr. Gurdeep Singh Narula ,Hajinder S Johal Simrn Trucking, INC,Hardeep S. Aulakh Union City,Harjit S Braich,Harpal Singh Rana,Harvinder Singh Dhaliwal ,HPM INC ,J & N Petroleum INC ,J &M Decorations INC,Jasdev Singh ,Lakhbir Singh - Hayward Wholesale Ice Cream, Hayward,Param Jit Singh,PC MICRO INC.COM KULWANT SINGH,Rajinder Bedi & Jagtar Singh Bedi, Fairfield,Rana Singh Kahlon,Sukhdev Singh Bainiwal,Tajinder P Singh, R K Singh, Danville PQES INC,Tarlochan Singh Nahal,Tri-Valley Medical Center INC,Gary Basrai,Valley Community Bank,Aston Development, Temple, Texas, Mr. Kenny Bhakta Pending,Kuldip S Mann, Kulwinder K Mann, Fremont,Satwinder S Khalon Monty"s 101,Manjit S Sandhu Castle Construction, INC ,Jang Singh Budesha ,Randhir Singh Bajwa,Satish K Dadral,Sawinder S Khalon,Surinder Singh Nijjar Brothers Trucking,B.R.T Trucking , Satwinder Singh,Harpreet Singh Sandhu,Maninder S Lally,Sun Deep, INC,Rajwant Singh,Jim Shedd Lucrum Builders ,Hardev S Takhar,Gurdawar Singh Maan,Dr. Rajiv R. Ahuja ,Dr. Kashmira Singh Ragi,Accurate Tax Service ,Aman Farms,Avninder Dilawari Insurance Agency,Bazaar Of India,Dr. Jasbir Singh Bedi D.D.S.,Dr. Jaswant Singh Bhatti,Dr. Shoker , Shoker Denta INC,Fairway Auto Center, INC Darsan Aujla,Harjinder Singh & Baljit Kaur,Harpreet S Chaudhary Area Fin Services ,India Palace,Inder Singh Chahal,Kash Fabrics ,KULDEEP SIDHU,Moutain Mike's Pizza,Pinder Nahal Oakley Gas & Mart,Dr. Amerjit S Sandhu,Dr. Rajiv S Ahuja,Enrique Construction Inc ,Satwinder Singh Z-Pizza,Baljit Singh Dollar City Turlock,Inderpal Aulakh Subway,Mission Peak Brokers inc,Paramjeet S Bains,Paul Singh Rai (Subway),Pupinder Singh Dhillon,Rajpal,Dr. Kuldeep Johal,Jonny Sandhu,Satbir K Kahlon, DMD, INC Silicon Dental,Jappa S Sarang Subway,Mohinder Singh Sandhu,Baljit Singh Boparai,Raghbir S Sekhom (subway),Amarjit S Sandhu (subway),Low Fare To Travel, INC ,Rajinder Singh Mangar,Avtar S Chahal,Gobind Anand,Hardial Singh & Harinder Pal Kaur,Santokh S Kahlon,Rajiv S Kohli ,Hayward Hawks ,Ajapal Singh Ahluwalia,R.K.Janmeja Singh PH.D,Nirmal Singh Sandhu,Baljit & Raj Pal Singh,Baljit S Chopra,Baljit Singh Shakon Mountain Mike Pizza,CBK INC No 2,Dr. Ajitpal Sandhu M.D. Fremont,Harjap Singh Pinol Liquor,Joginder S Nagra,Kalwant Sahota,Mohinder P. Gill,Mowry Medical Group, Ajit Pal Singh Sandhu, M.D,Nihchal, INC,Surinder Singh Purewal,Jarnail Singh ,Mani S Purewal,Rajinder Kaur ,Gurjit Singh Gill,Gurbant Singh Bal,Davinder Singh (Subway),Parmjit S Brar (Subway),J. Sachdev,Raj Palace ,Amrik S Panu,Baldev Singh Mahal,Sanford Lighting,Kuldeep S Sra,Parkash Singh,Amrik Singh Randawa,Balhar Singh,Gursevak Singh,Tara Singh,Saran Pal Singh,Gurdish Pal Singh,Balwinder Singh ,Mohan Singh Jahir,A & I Trucking ,A Business Enterprise DBA PIC AND PAC,Aman Farms,Aston Development, Temple, Texas, Mr. Kenny Bhakta,Balwinder Singh ,BB Ventures, LLC,Bhai Gurpreet Singh - Head Granth Gurdwara Sahib Fremont,Bhandal Bros. Trucking, INC,Blaine Laney - Mission National Bank San Francisco,Charanjit Singh Grewal,Davinder S.Athwal,Dilbagh Singh Cheema,Dr. Gary S Basrai Fremont Haller's Pharmacy & Medical Supplies,Dr. M. S. Kundi M.D,Dr. Mamta K. Shah D.D.S ,Gurmeet Singh Union City,Harinder P Gill,Harpaul Singh ,Inderjit Singh & Triptinder Kaur Grewal,Inderjit Singh Grewal,Jasbir Singh & Navjyoti Kaur Sidhu ,Jewal of India, INC,Joe's Texaco Service Dhoot family,Kasmir Singh Shahi Union City,Kuldip S Mann, Kulwinder K Mann, Fremont,Kuldip S Mehat,Kuldip S Sidhu - Subway, Martinez,Kuldip Singh Sidhu,Kumar Jewelers,Lord's Ice Cream and Candy,Maghar Singh ,Mander Singh - Imperial Truck Tire & Repair Inc, Hayward,Manny Kohli,Michael S. McDermott & Stefani L. McDermott,Mission Velero __ Jagjeet Singh ,MSB Capital Corp, Infinity Management,MTC Distributing,Nirmal S Sandhu,Paul Builders,Punjabi Educational and Cultural Foundation Mr. Arora,Rajinder Singh Dhillon ,Ramesh Walia California Home Loans ,Robin Singh,Rocky Singh Union City,Sandhu Brothers,Sanjay Ahuja Attonney at Law Pleasanton Sanpuran S. Goraya ,Sarwan Singh & Harmeet Kaur Sandhu,Satwant Singh,Shamsher Singh ,Sukhjeet Singh Purewal,Surinder Singh,Surinder Singh,Surinder Singh Dhindsa,Surinder Singh Nijjar,T.S. Khanna & Joggi Khanna,Tarlochan Singh Sidhu Sidhu Associate,Raj Budwal (KLOK 1170 AM )

Booth: Gurcharan Singh Mann GSMann@SikhSports.com Suggestions: Tarlochan Singh Nahal TSNahal@SikhSports.com

General Information: Harvinder Singh Dhaliwal 510-501-2263

## Donation: Sikh Sports 4430 Deer Field Way, Danville, CA 94506

Sikh Sports Association of USA is a non-profit organization

**ਖੁਸ਼ਖਬਰੀ!**

*ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।*
*ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।*

**ਖੁਸ਼ਖਬਰੀ!**

# ਯੂਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2009'

ਪਿਆਰੇ ਖੇਡ ਪ੍ਰੇਮੀਓ,

ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਯੂਨਾਈਟਿਡ ਸਪੋਰਟਸ ਕਲੱਬ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ 'ਕਬੱਡੀ ਕੱਪ-2009' ਕਰਵਾਉਣ ਜਾ ਰਿਹਾ ਹੈ ਜਿਸ ਵਿਚ ਹਰੇਕ ਆਮ ਤੇ ਖਾਸ ਨੂੰ ਬਿਨਾ ਕਿਸੇ ਰੰਗ ਨਸਲ ਜਾਂ ਭੇਦ ਭਾਵ ਤੋਂ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਹੈ ਜੀ। ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪਣਾ ਬਣਦਾ ਯੋਗਦਾਨ ਪਾ ਕੇ ਪ੍ਰਬੰਧਕਾਂ ਨੂੰ ਧੰਨਵਾਦੀ ਬਣਾਓ ਜੀ।

## 26 ਸਤੰਬਰ, 2009

### (ਦਿਨ ਸਨਿਚਰਵਾਰ)

ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)

*ਇਨਾਮਾਂ ਦੀ ਵੰਡ ਬਤੌਰ ਮੁੱਖ ਮਹਿਮਾਨ ਯੂਨੀਅਨ ਸਿਟੀ ਦੇ ਮੇਅਰ ਸ੍ਰੀ ਮਾਰਕ ਗਰੀਨ ਕਰਨਗੇ*



*ਹੋਰ ਜਾਣਕਾਰੀ ਲਈ ਕਾਲ ਕਰੋ:*

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੂਨਾਈਟਿਡ ਕਲੱਬ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼:ਸ. ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ

**ਪਲਾਟੀਨਮ ਸਪਾਂਸਰ**

**ਗਾਖਲ ਬ੍ਰਦਰਜ਼-ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ**

**ਰਾਜਾ ਸਵੀਟਸ-ਸ. ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ**

**ਗਰੈਂਡ ਸਪਾਂਸਰ:**ਦੀਦਾਰ ਸਿੰਘ ਬੈਂਸ, ਲੱਛਰ ਬ੍ਰਦਰਜ਼-ਲਾਸ ਬੇਨੋਸ, Favourite Indian Restaurant (Grand Opening Soon)-Hayward, ਨਾਜਰ ਸਿੰਘ ਸਹੋਤਾ (ਫਰਿਜਨੋ), ਟੁੱਟ ਬ੍ਰਦਰਜ਼-ਵਾਟਸਨਵਿਲ, ਦਲਵਿੰਦਰ ਸਿੰਘ ਧੂਤ, ਕੁਲਜੀਤ ਸਿੰਘ ਨਿੱਝਰ ਸੀ.ਈ.ਓ.-ਪੀ.ਸੀ. ਮਾਈਕਰੋ ਇੰਕ, ਗੁਰਚਰਨ ਸਿੰਘ ਮਾਨ-ਦੋਆਬਾ ਇੰਸ਼ੋਰੈਂਸ, ਗੁਲਭਿੰਦਰ ਸਿੰਘ (ਭਿੰਦਾ) ਗਾਖਲ, ਹਰਨੇਕ ਸਿੰਘ ਅਟਵਾਲ, ਰਘਬੀਰ ਸਿੰਘ (ਕਾਲਾ) ਗਾਖਲ-ਨਿਊ ਇੰਡੀਆ ਪੈਲੇਸ, ਲਖਵੀਰ ਸਿੰਘ (ਕਾਲਾ ਟਰੇਸੀ ਵਾਲਾ), ਜੱਸੀ ਗਿੱਲ-ਗੋਲਡਨ ਸਟੇਟ ਰਿਐਲਟੀ, ਪਾਲ ਸਹੋਤਾ, ਪ੍ਰੀਤਮ ਸਿੰਘ ਗਰੇਵਾਲ, ਦੇਵ ਅਟਵਾਲ, ਰਾਣਾ ਅਟਵਾਲ, ਜਸਪ੍ਰੀਤ ਸਿੰਘ-ਅਟਾਰਨੀ ਐਟ ਲਾਅ, ਮੰਗਲ ਸਿੰਘ ਭੰਡਾਲ, ਸੁਦਰਸ਼ਨ ਸ਼ਰਮਾ (ਮੋਗਾ ਟਾਇਰ, ਫਰਿਜ਼ਨੋ), ਜਸਵੀਰ ਸਿੰਘ ਰਾਜਾ-ਦਵਿੰਦਰ ਸਿੰਘ ਰਣੀਆ, ਸੁਰਿੰਦਰ ਸਿੰਘ ਅਟਵਾਲ, ਬਲਜੀਤ ਸਹੋਤਾ।

**ਮੁੱਖ ਸਪਾਂਸਰ:**ਅਮਰਜੀਤ ਸਿੰਘ ਸੰਘਾ, ਬਲਬੀਰ ਸਿੰਘ ਢਿੱਲੋਂ, ਕਸ਼ਮੀਰ ਸਿੰਘ ਧੁੱਗਾ, ਲਖਵੀਰ ਸਿੰਘ ਪਟਵਾਰੀ, ਸੁਖਦੇਵ ਸਿੰਘ ਬੈਣੀਵਾਲ, ਮਾਨ ਟੈਕਸ ਸਰਵਿਸ, ਕੁਲਵੰਤ ਸਿੰਘ ਖਹਿਰਾ (ਅਕਾਲੀ ਦਲ), ਕੇਸਰ ਸਿੰਘ ਗੋਸਲ, ਬਿੱਲਾ ਸੰਘੇੜਾ, ਤੀਰਥ ਗਾਖਲ, ਰਘਵੀਰ ਸਿੰਘ ਸ਼ੇਰਗਿੱਲ, ਰਾਣਾ ਕਾਹਲੋਂ (ਕਮਿਸ਼ਨਰ), ਮਹਿੰਗਾ ਸਿੰਘ ਸਰਪੰਚ, ਰਣਧੀਰ ਸਿੰਘ ਕੰਗ, ਕੁਲਵੰਤ ਸਿੰਘ ਖਹਿਰਾ (ਸਿੱਖ ਯੂਥ), ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਿਰਮਲ ਸਿੰਘ ਸੰਧੂ, ਗੁਰਜਿੰਦਰ ਪਾਲ ਰਾਏ, ਪ੍ਰੀਤਮ ਸਿੰਘ ਗਰੇਵਾਲ (ਯੋਧਾਂ ਵਾਲੇ), ਮਹਾਂ ਸਿੰਘ ਨਿੱਝਰ, ਹਰਭਜਨ ਸਿੰਘ ਬੱਲ-ਸੈਲਮਾ, ਪੀ. ਐਂਡ ਆਰ. ਟਰੱਕਿੰਗ, ਸੰਤ ਸਿੰਘ ਹੋਠੀ, ਸੰਤੋਖ ਸਿੰਘ ਝੱਜ-ਸੰਸਾਰ ਇੰਡੀਆ ਕੁਜ਼ੀਨ, ਗੁਰਬਚਨ ਸਿੰਘ ਰਾਣਾ, ਪ੍ਰੀਤਮ ਸਿੰਘ ਹਨੀ, ਤੀਰਥ ਸਿੰਘ ਸੱਲ, ਦਰਸ਼ਨ ਸਿੰਘ ਸੰਧੂ, ਦਵਿੰਦਰ ਸਿੰਘ (ਸਾਬਕਾ ਸਕੱਤਰ ਗੁਰਦੁਆਰਾ ਫਰੀਮਾਂਟ), ਕੁਲਦੀਪ ਸਿੰਘ ਧਾਲੀਵਾਲ, ਅਵਤਾਰ ਸਿੰਘ ਬੈਂਸ, ਹੈਰੀ ਗਿੱਲ (ਗਿੱਲ ਇੰਸ਼ੋਰੈਂਸ), ਸਨੀ ਗੁਰਨਾ, ਸੁਜਾਨ ਭੱਟ, ਸੰਧੂ ਬ੍ਰਦਰਜ਼ (ਨੌਨਿਹਾਲ ਕਰੰਸੀ ਐਕਸਚੇਂਜ), ਜਸਵੰਤ ਸਿੰਘ ਸਰਾਂ, ਸੰਤੋਖ ਸਿੰਘ ਤੱਖਰ, ਅਮੈਰਿਕਨ ਰਿਐਲਟੀ ਫਰੀਮਾਂਟ, ਦਰਸ਼ਨ ਸਿੰਘ ਔਜਲਾ, ਗੁਰਿੰਦਰਪਾਲ ਲਾਡੀ, ਕਸ਼ਮੀਰ ਸਿੰਘ ਥਾਂਦੀ, ਜਸਵਿੰਦਰ ਸਿੰਘ ਸੋਹਲ, ਸੁਰਜੀਤ ਸਿੰਘ ਸੋਹਲ, ਲਹਿੰਬਰ ਸਿੰਘ ਸਰਪੰਚ, ਪਾਲੀ ਮਹੇ (ਸੰਨੀ ਪੀਜ਼ਾ ਬਰੈਂਟਵੁੱਡ), ਰਾਜਾ ਨੂਰਪੁਰੀਆ, ਕਰਨੈਲ ਸਿੰਘ ਮਾਨ, ਸੀਨੀਅਰ ਸਿਟੀਜ਼ਨ-ਯੂਨੀਅਨ ਸਿਟੀ, ਸੁੱਚਾ ਰਾਮ ਭਾਰਟਾ, ਗੁਰਦੇਵ ਸਿੰਘ ਨਾਹਲ

ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ ਪਹਿਲਾ ਇਨਾਮ 5100 ਡਾਲਰ-ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਦੂਜਾ ਇਨਾਮ ਗੁਰਦੇਵ ਸਿੰਘ ਸੋਹਲ (ਸਿਧਵਾਂ ਦੋਨਾ) ਵਲੋਂ 3100 ਡਾਲਰ



*ਕਸ਼ਮੀਰ ਸਿੰਘ ਸਹੋਤਾ*



*ਗੁਰਦੇਵ ਸਿੰਘ ਸੋਹਲ*

**ਵਿਸ਼ੇਸ਼ ਸਨਮਾਨ:** *ਕਬੱਡੀ ਦੇ ਅੰਤਰ ਰਾਸ਼ਟਰੀ ਖਿਡਾਰੀ ਤੀਰਥ ਗਾਖਲ ਦਾ ਸਨਮਾਨ ਸ. ਅਮੋਲਕ ਸਿੰਘ ਗਾਖਲ ਅਤੇ ਸਮੂਹ ਨਗਰ ਨਿਵਾਸੀਆਂ ਵਲੋਂ ਕੀਤਾ ਜਾਏਗਾ।
*ਸ. ਜੌਹਨ ਸਿੰਘ ਗਿੱਲ ਵਲੋਂ ਕਬੱਡੀ ਦੇ ਤੇਜ-ਤਰਾਰ ਖਿਡਾਰੀ ਮੇਜਰ ਸਿੰਘ ਗਾਖਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।
*ਕਬੱਡੀ ਦੀ ਮਹਾਨ ਖਿਡਾਰਨ ਤੇ ਨੈਸ਼ਨਲ ਗੇਮਾਂ ਵਿਚ ਗੋਲਡ ਮੈਡਲਿਸਟ ਬੀਬੀ ਜਸਪ੍ਰੀਤ ਕੌਰ, ਜੋ ਰੀੜ੍ਹ ਦੀ ਹੱਡੀ ਵਿਚ ਸੱਟ ਲੱਗਣ ਕਾਰਨ ਅਪਾਹਜ ਹੋ ਕੇ ਬੜੇ ਸੰਘਰਸ਼ ਵਿਚੋਂ ਗੁਜ਼ਰ ਰਹੀ ਹੈ, ਦੀ ਵਿਸ਼ੇਸ਼ ਤੌਰ 'ਤੇ ਮਾਇਕ ਸਹਾਇਤਾ ਨਾਲ ਹੌਂਸਲਾ ਅਫਜ਼ਾਈ ਕੀਤੀ ਜਾਏਗੀ।
*ਖੇਡਾਂ ਵਿਚ ਪਾਏ ਯੋਗਦਾਨ ਬਦਲੇ ਸ. ਗੁਰਚਰਨ ਸਿੰਘ ਸਰਾਓ ਦਾ ਵੀ ਵਿਸ਼ੇਸ਼ ਸਨਮਨ ਕੀਤਾ ਜਾਏਗਾ।

**ਪਹੁੰਚ ਰਹੇ ਮਹਿਮਾਨ**
ਸ. ਅਮੋਲਕ ਸਿੰਘ ਜੰਮੂ
(ਸੰਪਾਦਕ ਪੰਜਾਬ ਟਾਈਮਜ਼),
ਡਾ. ਹਰਜਿੰਦਰ ਸਿੰਘ ਖਹਿਰਾ,
ਨਿੱਕ ਗਾਖਲ (ਸ਼ਿਕਾਗੋ),
ਜਗੀਰ ਸਿੰਘ ਬੈਂਸ (ਨਿਊ ਯਾਰਕ),
ਜਗੀਰ ਸਿੰਘ ਕੰਦੋਲਾ-ਕੈਨੇਡਾ

**ਮੀਡੀਆ ਸਪਾਂਸਰ**
ਪੰਜਾਬ ਟਾਈਮਜ਼
ਰੇਡੀਓ ਹਮਸਫਰ
ਰੇਡੀਓ ਗੀਤ ਸੰਗੀਤ

ਖਾਸ ਨੋਟ:ਮੇਲੇ ਦੀ ਨਿਰਪੱਖਤਾ ਲਈ ਸਾਰੇ ਅਧਿਕਾਰ ਯੂਨਾਈਟਿਡ ਕਲੱਬ ਕੋਲ ਰਾਖਵੇਂ ਹੋਣਗੇ।
ਵਿਸ਼ੇਸ਼ ਨੋਟ:ਕੋਈ ਵੀ ਲੋਕਲ ਕਲੱਬ 4 ਖਿਡਾਰੀ ਅਮਰੀਕਾ ਤੋਂ ਬਾਹਰੋਂ ਕਿਸੇ ਵੀ ਰੰਗ ਨਸਲ ਜਾਂ ਦੇਸ਼ ਤੋਂ ਪਾ ਸਕਦਾ ਹੈ।

*ਕੈਲੀਫੋਰਨੀਆ ਵਿਚ ਪਹਿਲੀ ਵਾਰ ਗੋਰਿਆਂ ਦੀ ਪੀਲ ਪੁਲਿਸ ਦੀ ਟੀਮ ਲੀਗ ਦੇ ਸਾਰੇ ਮੈਚਾਂ ਵਿਚ ਬਾਕੀ ਦੇ ਸੁਪਰ ਸਟਾਰਾਂ ਨਾਲ ਆਹਮੋ ਸਾਹਮਣੇ ਭਿੜੇਗੀ।*

# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।